**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 02, January 12th, 2013
20451 N Plum Grove Rd. Palatine, IL 60074
Ph:847-359-0746, Fax:847-705-9388

## ਬਾਦਲ ਦੀਆਂ ਝਿੜਕਾਂ ਅਸਲੀ ਕਿ ਨਕਲੀ?

### ਰਵਾਇਤੀ ਅਕਾਲੀ ਲੀਡਰਸ਼ਿਪ ਸੁਖਬੀਰ-ਬਿਕਰਮ ਜੋੜੀ ਤੋਂ ਔਖੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਲੰਧਰ ਵਿਚ ਪਰਵਾਸੀ ਪੰਜਾਬੀ ਸੰਮੇਲਨ ਦੌਰਾਨ ਕੀਤੀਆਂ ਬੇਬਾਕ ਟਿੱਪਣੀਆਂ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੀ ਖਿੱਚੋਤਾਣ ਜੱਗ ਜ਼ਾਹਿਰ ਕਰ ਦਿੱਤੀ ਹੈ। ਸ. ਬਾਦਲ ਨੇ ਜਨਤਕ ਤੌਰ 'ਤੇ ਆਪਣੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਨੂੰ ਖਰੀਆਂ ਖਰੀਆਂ ਸੁਣਾਉਣ ਤੋਂ ਬਾਅਦ ਮਾਝੇ ਦੇ ਕੱਦਾਵਰ ਆਗੂ ਤੇ ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਅੰਮ੍ਰਿਤਸਰ ਛੱਡ ਕੇ ਚੰਡੀਗੜ੍ਹ ਵਿਚ ਹਾਜ਼ਰੀ ਵਧਾਉਣ ਤੇ ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਨ ਲਈ ਕਿਹਾ ਸੀ।

ਉਂਜ, ਸਿਆਸੀ ਹਲਕਿਆਂ ਵਿਚ ਇਹ ਚਰਚਾ ਵੀ ਚੱਲ ਪਈ ਹੈ ਕਿ ਇਹ ਝਿੜਕਾਂ ਅਸਲੀ ਸਨ ਜਾਂ ਨਕਲੀ; ਕਿਉਂਕਿ ਸ. ਬਾਦਲ ਨੇ



ਸੁਖਬੀਰ ਅਤੇ ਬਿਕਰਮ ਨੂੰ ਸਰਕਾਰ ਅਤੇ ਪਾਰਟੀ ਵਿਚ ਜਿੰਨੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ, ਉਸ ਤੋਂ ਇਹੀ ਜਾਪਦਾ ਹੈ ਕਿ ਇਹ ਝਿੜਕਾਂ ਇਨ੍ਹਾਂ ਆਗੂਆਂ ਦੀ ਸਿਆਸੀ ਬੁਰਛਾਗਰਦੀ ਖਿਲਾਫ ਉਠੇ ਤੂਫਾਨ ਨੂੰ ਮੱਠਾ ਕਰਨ ਲਈ ਹੀ ਮਾਰੀਆਂ ਗਈਆਂ ਹਨ। ਜੇ ਸ. ਬਾਦਲ ਸੱਚਮੁੱਚ ਅਜਿਹਾ ਸੋਚਦੇ ਹੁੰਦੇ ਤਾਂ ਉਨ੍ਹਾਂ ਨੂੰ ਇਨ੍ਹਾਂ ਨੌਜਵਾਨ ਆਗੂਆਂ ਵੱਲੋਂ ਸ਼ਰੇਆਮ ਕੀਤੀਆਂ ਜਾ ਰਹੀਆਂ ਬੁਰਛਾਗਰਦ ਕਾਰਵਾਈਆਂ ਉਤੇ ਲਗਾਮ ਕੱਸਣੀ ਚਾਹੀਦੀ ਸੀ।

ਦੂਜੇ ਬੰਨੇ, ਸ. ਬਾਦਲ ਨੇ ਭਾਵੇਂ ਬਾਅਦ ਵਿਚ ਇਨ੍ਹਾਂ ਤਿੱਖੀਆਂ ਟਿੱਪਣੀਆਂ ਨੂੰ ਹਾਸੇ-ਖਾਤੇ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੁਫਤਗੂ ਦੌਰਾਨ ਵੀ ਉਨ੍ਹਾਂ ਸਪਸ਼ਟ ਕਰਨ ਦਾ ਯਤਨ ਕੀਤਾ ਕਿ ਉਹ ਦਿਲ ਦੀਆਂ ਹੀ ਗੱਲਾਂ ਹਨ, ਇਨ੍ਹਾਂ ਦਾ ਕੋਈ ਸਿਆਸੀ ਮਤਲਬ ਨਾ ਕੱਢਿਆ ਜਾਵੇ; ਪਰ ਸਿਆਸੀ

*(ਬਾਕੀ ਸਫਾ 6 'ਤੇ)*

## ਪੰਜਾਬ ਵਿਚ ਖਾੜਕੂਵਾਦ ਹੁਣ ਬੀਤੇ ਦੀ ਬਾਤ: ਬਾਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਖਾੜਕੂਵਾਦ ਦੇ ਮੁੜ ਸਿਰ ਚੁੱਕਣ ਦੀ ਕੋਈ ਉਮੀਦ ਨਹੀਂ। ਜ਼ਿਕਰ ਕਰਨਾ ਬਣਦਾ ਹੈ ਕਿ ਪੰਜਾਬ ਅਤੇ ਕੇਂਦਰ ਦੀਆਂ ਖੁਫੀਆ ਏਜੰਸੀਆਂ ਪੰਜਾਬ ਵਿਚ ਖਾੜਕੂ ਸਰਗਰਮੀਆਂ ਬਾਰੇ ਲਗਾਤਾਰ ਚਿਤਾਵਨੀ ਦੇ ਰਹੀਆਂ ਹਨ।

ਪਿਛਲੇ ਦਿਨੀਂ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੇ ਵੀ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਪੰਜਾਬ ਵਿਚ ਖਾੜਕੂ ਵੱਡੀਆਂ ਵਾਰਦਾਤਾਂ ਅੰਜ਼ਾਮ ਦੇਣ ਲਈ ਯਤਨਸ਼ੀਲ ਹਨ। ਇਸ ਗੱਲ ਦੀ ਪੁਸ਼ਟੀ ਲਈ ਮਾਨਸਾ ਪੁਲਿਸ ਨੇ ਕੁਝ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ ਪਰ ਉਨ੍ਹਾਂ 'ਤੇ ਭੜਕਾਊ ਪੋਸਟਰ ਲਾਉਣ ਤੋਂ ਵੱਖ ਕੋਈ ਦੋਸ਼ ਸਾਬਤ ਨਹੀਂ ਹੋ ਸਕੇ। ਦੂਜੇ ਬੰਨੇ ਪੰਜਾਬ ਦੀ ਸਿਆਸਤ ਨੂੰ ਗਹੁ ਨਾਲ ਵਾਚਣ ਵਾਲਿਆਂ ਦਾ ਕਹਿਣਾ ਹੈ ਕਿ ਖੁਫੀਆ ਏਜੰਸੀਆਂ ਖਾੜਕੂਵਾਦ ਬਾਰੇ ਵਾਰ ਵਾਰ ਇਸ ਕਰ ਕੇ ਖਬਰਾਂ ਛਪਵਾ ਰਹੀਆ ਹਨ ਤਾਂ ਕਿ ਪੰਜਾਬ ਨੂੰ ਕੋਈ ਬਹਾਨਾ ਬਣਾ ਕੇ ਇਕ ਵਾਰ ਫਿਰ ਝੰਬ ਦਿੱਤਾ ਜਾਵੇ; ਕਿਉਂਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਮਾਓਵਾਦੀਆਂ ਦੀ ਸਰਗਰਮੀਆਂ ਵਧਣ ਬਾਰੇ ਵੀ ਤੱਥ ਸਾਹਮਣੇ ਆਏ ਹਨ ਅਤੇ ਖੁਫੀਆ ਏਜੰਸੀਆਂ ਅਤੇ ਸਰਕਾਰ ਖਾੜਕੂਆਂ ਨਾਲੋਂ ਮਾਓਵਾਦੀਆਂ ਨੂੰ ਵਧੇਰੇ ਘਾਤਕ ਅਤੇ ਜਥੇਬੰਦ ਮੰਨਦੀਆਂ ਹਨ।

ਕੇਂਦਰੀ ਖੁਫੀਆ ਏਜੰਸੀਆਂ ਵਾਰ-ਵਾਰ ਚਿਤਾਵਨੀ ਦੇ ਰਹੀਆਂ ਹਨ ਕਿ ਵਿਦੇਸ਼ਾਂ ਵਿਚ ਬੈਠੇ ਗਰਮਖਿਆਲੀਏ ਪੰਜਾਬ ਵਿਚ ਵੱਡੀਆਂ ਵਾਰਦਾਤਾਂ ਕਰਨ ਦੀ ਤਾਕ ਵਿਚ ਹਨ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਉਨ੍ਹਾਂ ਦੇ ਨਿਸ਼ਾਨੇ 'ਤੇ ਹਨ ਪਰ ਸ. ਬਾਦਲ ਨੇ ਇਨ੍ਹਾਂ ਸਾਰੀਆਂ ਗੱਲਾਂ 'ਤੇ ਪੋਚਾ ਫੇਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਹੁਣ 'ਅਤਿਵਾਦ' ਦੀ

*(ਬਾਕੀ ਸਫਾ 6 'ਤੇ)*

## ਵੈਬ ਸੰਸਾਰ 'ਚ ਵੀ 'ਪੰਜਾਬ ਟਾਈਮਜ਼' ਦੀ ਚੜ੍ਹਤ

**ਸ਼ਿਕਾਗੋ:** ਸੰਸਾਰ ਭਰ ਦੀਆਂ ਵੈਬਸਾਈਟਾਂ ਬਾਰੇ ਅੰਕੜੇ ਮੁਹੱਈਆ ਕਰਨ ਵਾਲੀ ਵੈਬ ਇਨਫਰਮੇਸ਼ਨ ਸਾਈਟ www.alexa.com ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿਚ 'ਪੰਜਾਬ ਟਾਈਮਜ਼' ਦੀ ਵੈਬਸਾਈਟ ਪੜ੍ਹਨ ਦੇ ਲਿਹਾਜ਼ ਨਾਲ ਇਹ ਹੋਰ ਪੰਜਾਬੀ ਪੇਪਰਾਂ ਨਾਲੋਂ ਸਭ ਤੋਂ ਅੱਗੇ ਹੈ। ਅੰਕੜਿਆਂ ਮੁਤਾਬਕ ਸੰਸਾਰ ਭਰ ਦੀਆਂ ਸਾਈਟਾਂ 'ਚੋਂ ਇਸ ਦਾ ਨੰਬਰ 15,35,174ਵਾਂ ਹੈ। ਇਹ ਅੰਕੜੇ ਮੰਗਲਵਾਰ ਨੂੰ ਰਾਤੀਂ 9 ਵਜੇ ਦੇ ਹਨ। 'ਅਲੈਕਸਾ ਡਾਟ ਕਾਮ' ਨਾਂ ਦੀ ਇਹ ਸਾਈਟ ਸਾਰੀਆਂ ਸਾਈਟਾਂ ਦਾ ਪਲ-ਪਲ ਦਾ ਹਿਸਾਬ ਰੱਖਦੀ ਹੈ।

ਅੰਕੜਿਆਂ ਮੁਤਾਬਕ 'ਅੰਮ੍ਰਿਤਸਰ ਟਾਈਮਜ਼' ਦਾ ਨੰਬਰ 1,01,78,106ਵਾਂ, ਸ਼ੇਰੇ ਪੰਜਾਬ ਦਾ 1,48,63,288ਵਾਂ, ਪੰਜਾਬ ਮੇਲ ਦਾ 46,18,642ਵਾਂ, ਪੰਜਾਬ ਨਿਊਜ਼ ਦਾ 1,27,80341ਵਾਂ, ਸਾਡੇ ਲੋਕ ਦਾ 1,56,83675ਵਾਂ, ਆਪਣਾ ਪੰਜਾਬ ਦਾ 10,81,84271ਵਾਂ, ਪਰਦੇਸ ਨਿਊਜ਼ ਦਾ 58,54,395ਵਾਂ ਹੈ। ਕੈਨੇਡਾ ਵਾਲੀਆਂ ਮੁੱਖ ਅਖਬਾਰਾਂ 'ਅਜੀਤ ਵੀਕਲੀ' ਦਾ 13,57194ਵਾਂ ਅਤੇ 'ਹਮਦਰਦ' ਦਾ 6,90878ਵਾਂ ਨੰਬਰ ਹੈ।

ਪੰਜਾਬ ਟਾਈਮਜ਼ ਇਸ ਸਮੇਂ ਆਪਣੇ ਪ੍ਰਕਾਸ਼ਨ ਦੇ 14ਵੇਂ ਵਰ੍ਹੇ 'ਚ ਹੈ ਅਤੇ ਸ਼ਿਕਾਗੋ, ਕੈਲੀਫੋਰਨੀਆ ਤੇ ਨਿਊ ਯਾਰਕ-ਤਿੰਨ ਥਾਂਵਾਂ ਤੋਂ ਛਪਦਾ ਹੈ। ਅਮਰੀਕਾ ਤੋਂ ਛਪਦੇ ਕੋਈ 15 ਹਫਤਾਵਾਰੀ ਅਖਬਾਰਾਂ ਵਿਚੋਂ ਇਸ ਦੀ ਛਪਣ ਗਿਣਤੀ ਸਭ ਤੋਂ ਵੱਧ ਹੈ ਤੇ ਪਾਠਕਾਂ ਦੀ ਪਹਿਲੀ ਪਸੰਦ ਹੈ।

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

## ਭਾਈ ਧੂੰਦਾ ਦੀ ਕਥਾ ਫਰੀਮਾਂਟ ਗੁਰੂ ਘਰ ਨਹੀਂ ਹੋਵੇਗੀ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਵਿਚ ਪ੍ਰਚਾਰਕ ਭਾਈ ਸਰਬਜੀਤ ਸਿੰਘ ਧੂੰਦਾ ਦੀ ਕਥਾ ਨਹੀਂ ਹੋਵੇਗੀ। ਇਸ ਸਬੰਧੀ ਫੈਸਲਾ ਸਾਧ-ਸੰਗਤ ਦੀ ਮੰਗ ਉਤੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਅਤੇ ਸਿੱਖ ਪੰਚਾਇਤ ਦੇ 15 ਮੈਂਬਰਾਂ ਦੀ ਪਿਛਲੇ ਐਤਵਾਰ ਨੂੰ ਹੋਈ ਸਾਂਝੀ ਮੀਟਿੰਗ ਵਿਚ ਲਿਆ ਗਿਆ।

ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੀਟਿੰਗ ਵਿਚ ਭਾਈ ਧੂੰਦਾ ਦੀ ਕਥਾ ਕਰਵਾਉਣ ਬਾਰੇ ਵਿਚਾਰ ਕੀਤੀ ਗਈ ਪਰ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਹਾਲਾਤ ਸਾਜ਼ਗਾਰ ਨਾ ਹੋਣ ਕਰਕੇ ਮੌਜੂਦਾ ਹਾਲਾਤ ਵਿਚ ਉਨ੍ਹਾਂ ਦੀ ਕਥਾ ਦਾ ਕੋਈ ਸਮਾਗਮ ਗੁਰਦੁਆਰਾ ਸਾਹਿਬ ਵਿਚ ਨਹੀਂ ਹੋਵੇਗਾ।


Gas Station For Sale By Owner

*in Indianapolis, Indiana*

Very well maintained Sunoco Gas Station and C-Store for sale with real estate. Built in 2008, the C-Store size is 2800 sq.ft.




Monthly sales inside $95,000 includes beer & $25,000 lottery.

Gas Sales 50,000 gallons including diesel

Asking price $1,444,000.00 plus Inventory.

ਗੈਸ ਸਟੇਸ਼ਨ ਵਿਕਾਊ ਹੈ

ਸੁਨੋਕੋ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਰੀਅਲ ਐਸਟੇਟ ਸਮੇਤ ਵਿਕਾਊ ਹੈ। 2008 'ਚ ਬਣਿਆ ਸਟੋਰ ਬਹੁਤ ਹੀ ਚੰਗੀ ਹਾਲਤ ਵਿਚ। ਮਾਸਿਕ ਵਿਕਰੀ ਇਨਸਾਈਡ 95000 ਡਾਲਰ ਬੀਅਰ ਸਮੇਤ, ਲਾਟਰੀ 25000 ਡਾਲਰ, ਡੀਜ਼ਲ ਅਤੇ ਗੈਸ 50,000 ਗੈਲਨ

ਕੀਮਤ: $1,444,000.00+ਇਨਵੈਂਟਰੀ

*Contact: Harpreet Singh Sandhu*

Cell: 317-513-5649

e-mail: HDSANDHU@GMAIL.COM


# ਲਾਟਰੀ ਜਿੱਤਣ ਵਾਲੇ ਭਾਰਤੀ ਦੀ ਮੌਤ ਬਾਰੇ ਜਾਂਚ ਸ਼ੁਰੂ

**ਸ਼ਿਕਾਗੋ:** ਪਿਛਲੇ ਸਾਲ ਦਸ ਲੱਖ ਡਾਲਰ ਦੀ ਲਾਟਰੀ ਜਿੱਤਣ ਮਗਰੋਂ ਭੇਤਭਰੇ ਹਾਲਾਤ ਵਿਚ ਭਾਰਤੀ ਕਾਰੋਬਾਰੀ ਦੀ ਮੌਤ ਬਾਰੇ ਸ਼ਿਕਾਗੋ ਪੁਲਿਸ ਜਾਂਚ ਕਰ ਰਹੀ ਹੈ। ਜਿਸ ਦਿਨ ਉਸ ਨੇ ਜਿੱਤੀ ਹੋਈ ਰਕਮ ਹਾਸਲ ਕੀਤੀ ਸੀ, ਉਸ ਤੋਂ ਅਗਲੇ ਦਿਨ ਉਸ ਦੀ ਮੌਤ ਹੋ ਗਈ। 46 ਸਾਲਾ ਓਰੋਜ ਖ਼ਾਨ ਡਰਾਈਕਲੀਨਿੰਗ ਦਾ ਕਾਰੋਬਾਰ ਕਰਦਾ ਸੀ ਤੇ ਪਿਛਲੇ ਸਾਲ ਜੂਨ ਵਿਚ ਉਸ ਨੇ 10 ਲੱਖ ਡਾਲਰ ਦੀ ਇਲੀਨਾਏ ਲਾਟਰੀ ਜਿੱਤੀ ਸੀ।

ਸ਼ੁਰੂ ਵਿਚ ਕੁੱਕ ਕਾਊਂਟੀ ਮੈਡੀਕਲ ਜਾਂਚ ਆਫਿਸ ਨੇ ਕਿਹਾ ਸੀ ਕਿ ਖ਼ਾਨ ਦੀ ਮੌਤ ਕੁਦਰਤੀ ਸੀ ਤੇ ਉਨ੍ਹਾਂ ਨੇ ਉਸ ਦੀ ਮੌਤ ਪਿੱਛੇ ਕੋਈ ਵਿਸ਼ੇਸ਼ ਕਾਰਨ ਹੋਣ ਤੋਂ ਇਨਕਾਰ ਕੀਤਾ ਸੀ ਪਰ ਖ਼ਾਨ ਦੇ ਰਿਸ਼ਤੇਦਾਰਾਂ ਨੇ ਅਧਿਕਾਰੀਆਂ ਨੂੰ ਮੁੜ ਜਾਂਚ ਕਰਨ ਲਈ ਕਿਹਾ ਤਾਂ ਨਵੇਂ ਸਿਰਿਓਂ ਹੋਈ ਜਾਂਚ ਵਿਚ ਉਸ ਦੇ ਸਰੀਰ ਵਿਚ ਸਾਇਨਾਈਡ ਦੇ ਅੰਸ਼ ਮਿਲੇ ਜਿਸ ਕਰਕੇ ਪੁਲਿਸ ਹੁਣ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸ਼ਿਕਾਗੋ ਪੁਲਿਸ ਦੀ ਤਰਜਮਾਨ ਮੈਲਿਸਾ ਸਟਰੈਟਨ ਨੇ ਕਿਹਾ ਹੈ ਕਿ ਇਸ ਕੇਸ ਨੂੰ ਕਤਲ ਮੰਨ ਕੇ ਜਾਂਚ ਕੀਤੀ ਜਾ ਰਹੀ ਹੈ। ਡਾਕਟਰੀ ਰਿਪੋਰਟ ਦੇਣ ਵਾਲੇ ਦਫਤਰ ਨਾਲ ਵੀ ਰਾਬਤਾ ਰੱਖਿਆ ਜਾ ਰਿਹਾ ਹੈ।

## ਓਬਾਮਾ ਨੇ ਰਸਮੀ ਤੌਰ 'ਤੇ ਅਮਰੀਕਾ ਦੀ ਕਮਾਨ ਸੰਭਾਲੀ

**ਵਾਸ਼ਿੰਗਟਨ:** ਬਰਾਕ ਓਬਾਮਾ ਦੀ ਰਾਸ਼ਟਰਪਤੀ ਚੋਣਾਂ ਤੋਂ ਦੋ ਮਹੀਨੇ ਬਾਅਦ ਰਸਮੀ ਤੌਰ 'ਤੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਨਿਯੁਕਤੀ ਦਾ ਐਲਾਨ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਰਿਪਬਲਿਕਨ ਉਮੀਦਵਾਰ ਮਿੱਟ ਰੋਮਨੀ ਨੂੰ 206 ਦੇ ਮੁਕਾਬਲੇ 332 ਵੋਟਾਂ ਨਾਲ ਹਰਾਇਆ ਸੀ। ਸੈਨੇਟ ਦੇ ਪ੍ਰਧਾਨ ਦੀ ਹੈਸੀਅਤ ਨਾਲ ਉਪ ਰਾਸ਼ਟਰਪਤੀ ਜੋ. ਬਿਡੇਨ ਨੇ 5 ਜਨਵਰੀ ਨੂੰ ਕਾਂਗਰਸ ਦੇ ਰਸਮੀ ਸਮਾਗਮ ਦੇ ਬਾਅਦ ਇਸ ਦਾ ਐਲਾਨ ਕੀਤਾ।

ਬਿਡੇਨ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਇਲਨਾਈਸ ਰਾਜ ਦੇ ਬਰਾਕ ਓਬਾਮਾ ਨੂੰ 332 ਵੋਟ ਪ੍ਰਾਪਤ ਹੋਈਆਂ ਹਨ ਤੇ ਮੇਸਾਚੁਸੇਟਸ ਰਾਜ ਦੇ ਮਿੱਟ ਰੋਮਨੀ ਨੂੰ 206 ਵੋਟਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਲਈ ਡਿਲਵੇਅਰ ਰਾਜ ਦੇ ਜੋਸਫ ਬਿਡੇਨ ਨੂੰ 332 ਤੇ ਵਿਸਕਾਨਸਿਨ ਰਾਜ ਦੇ ਪਾਲ ਰਾਇਨ ਨੂੰ 206 ਵੋਟਾਂ ਪ੍ਰਾਪਤ ਹੋਈਆਂ ਹਨ। ਹਰੇਕ ਦਾ ਕਾਰਜਕਾਲ 20 ਜਨਵਰੀ, 2013 ਤੋਂ ਸ਼ੁਰੂ ਹੋਏਗਾ।


PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200 (209) 679-8025

E-mail: indiavisa123@yahoo.com • Fax: (510) 279-7624



Pacific Coast Law Firm P.C.

*A Professional Corporation*

2351 W. March Lane, Ste A, Stockton, CA 95207
704 I Street, Ste B, Modesto, CA 95253

(209) 475-6001

DIVORCE/FAMILY LAW
(ਡਿਵੋਰਸ ਅਤੇ ਫੈਮਿਲੀ ਲਾਅ)
* Child Custody/Visitation
* Child Support
* Spousal Support/Alimony
* Property Division
* Restraining Orders
* Guardianships

IMMIGRATION LAW (ਇਮੀਗਰੇਸ਼ਨ ਲਾਅ)
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

BANKRUPTCY
(ਬੈਂਕਰਪਸੀ)
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

WILLS, TRUSTS & ESTATES
(ਵਿਰਾਸਤ, ਟਰਸਟ ਅਤੇ ਐਸਟੇਟਸ)
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

TAX LAW (ਟੈਕਸ ਲਾਅ)
* Offers In Compromise * Payment Plans

SOCIAL SECURITY & VETERAN DISABILITY
(ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

## ਮੈਥ ਅਤੇ ਸਾਇੰਸ ਦੀ ਟਿਊਸ਼ਨ

ਐਲੀਮੈਂਟਰੀ, ਮਿਡਲ ਅਤੇ ਹੋਰ ਕਲਾਸਾਂ ਲਈ ਮੈਥ ਅਤੇ ਸਾਇੰਸ ਦੀਆਂ ਕਲਾਸਾਂ ਵਾਸਤੇ ਅਨੁਭਵੀ ਕੈਲੀਫੋਰਨੀਆ ਕਰੀਡੈਂਸ਼ੀਅਲਡ ਟੀਚਰ ਅਤੇ ਹੋਰ ਅਨੁਭਵੀ ਟਿਊਟਰ, ਜੋ ਹੋਮ ਵਰਕ ਕਰਾਉਣ ਵਿਚ ਵੀ ਮਾਹਿਰ ਹਨ।

ਸੰਪਰਕ: http://fremonttutorialhome.weebly.com/

ਫੋਨ: 510-304-1475


# ਨਵੀਂ ਇਮੀਗਰੇਸ਼ਨ ਨੀਤੀ ਤਹਿਤ ਅਮਰੀਕਾ ਛੱਡੇ ਬਗੈਰ ਗਰੀਨ ਕਾਰਡ ਲਈ ਵੇਵਰ ਮਿਲ ਸਕੇਗਾ

**ਵਾਸ਼ਿੰਗਟਨ (ਬਿਊਰੋ):** ਓਬਾਮਾ ਪ੍ਰਸ਼ਾਸਨ ਵਲੋਂ ਅਮਰੀਕੀ ਇਮੀਗਰੇਸ਼ਨ ਨੀਤੀ ਵਿਚ ਜਲਦ ਹੀ ਇਕ ਅਹਿਮ ਤਬਦੀਲੀ ਕੀਤੀ ਜਾ ਰਹੀ ਹੈ ਜਿਸ ਅਨੁਸਾਰ ਅਮਰੀਕੀ ਸ਼ਹਿਰੀਆਂ ਨੂੰ ਆਪਣੇ ਉਨ੍ਹਾਂ ਰਿਸ਼ਤੇਦਾਰਾਂ (ਪਤੀ/ਪਤਨੀ, ਬੱਚਿਆਂ ਅਤੇ ਮਾਪਿਆਂ) ਤੋਂ ਬਹੁਤਾ ਚਿਰ ਅਲੱਗ ਨਹੀਂ ਰਹਿਣਾ ਪਵੇਗਾ, ਜੋ ਕੁਝ ਖਾਸ ਹਾਲਾਤ ਵਿਚ ਅਮਰੀਕਾ ਦੇ ਕਾਨੂੰਨਨ ਰਿਹਾਇਸ਼ੀ ਬਣਨ ਲਈ ਵੀਜ਼ਾ ਲੈਣ ਦੀ ਪ੍ਰਕ੍ਰਿਆ ਵਿਚ ਹਨ। ਹੋਮਲੈਂਡ ਸਕਿਉਰਿਟੀ ਵਿਭਾਗ ਦੇ ਮੰਤਰੀ ਜੈਨਿਟ ਨੈਪਲੀਟਾਨੋ ਵਲੋਂ 2 ਜਨਵਰੀ ਨੂੰ ਕੀਤੇ ਗਏ ਐਲਾਨ ਮੁਤਾਬਕ ਨਵੇਂ ਕਾਨੂੰਨ ਰਾਹੀਂ ਇਕ ਅਜਿਹੀ ਪ੍ਰਕ੍ਰਿਆ ਕਾਇਮ ਕੀਤੀ ਗਈ ਹੈ ਜਿਸ ਤਹਿਤ ਕੁਝ ਖਾਸ ਵਿਅਕਤੀਆਂ ਨੂੰ ਆਪਣੇ ਮੁਲਕ ਵਿਚ ਜਾ ਕੇ ਇਮੀਗਰਾਂਟ ਵੀਜ਼ਾ ਲੈਣ ਲਈ ਇੰਟਰਵਿਊ ਦੇਣ ਵਾਸਤੇ ਅਮਰੀਕਾ ਤੋਂ ਬਾਹਰ ਜਾਣ ਤੋਂ ਪਹਿਲਾਂ ਆਰਜੀ ਤੌਰ 'ਤੇ ਗੈਰਕਾਨੂੰਨੀ ਰਿਹਾਇਸ਼ ਦੀ ਇਜਾਜ਼ਤ ਮਿਲ ਸਕੇਗੀ। ਇਹ ਪ੍ਰਕ੍ਰਿਆ ਆਉਂਦੀ 4 ਮਾਰਚ ਤੋਂ ਲਾਗੂ ਹੋਵੇਗੀ।

ਮੰਤਰੀ ਨੈਪਲੀਟਾਨੋ ਅਨੁਸਾਰ ਇਸ ਨਵੇਂ ਕਾਨੂੰਨ ਤਹਿਤ ਕਾਇਮ ਕੀਤੀ ਗਈ ਪ੍ਰਕ੍ਰਿਆ ਉਸ ਸਮੇਂ ਨੂੰ ਘਟਾਵੇਗੀ ਜਿਸ ਲਈ ਕਿ ਅਮਰੀਕੀ ਸ਼ਹਿਰੀਆਂ ਨੂੰ ਇਮੀਗਰਾਂਟ ਵੀਜ਼ਾ ਲੈਣ ਦੀ ਪ੍ਰਕ੍ਰਿਆ ਵਿਚ ਪਏ ਆਪਣੇ ਨੇੜਲੇ ਰਿਸ਼ਤੇਦਾਰਾਂ ਤੋਂ ਅਲੱਗ ਰਹਿਣਾ ਪੈਂਦਾ ਹੈ।

ਮੌਜੂਦਾ ਕਾਨੂੰਨ ਅਨੁਸਾਰ ਜਿਹੜੇ ਪ੍ਰਵਾਸੀ ਇਕ ਸਾਲ ਤੱਕ ਅਮਰੀਕਾ ਵਿਚ ਗੈਰਕਾਨੂੰਨੀ ਰਹੇ ਸਨ, ਉਨ੍ਹਾਂ ਨੂੰ ਕਾਨੂੰਨੀ ਵੀਜ਼ਾ ਹਾਸਲ ਕਰਕੇ ਅਮਰੀਕਾ ਵਿਚ ਆਪਣੇ ਪਰਿਵਾਰ ਪਾਸ ਪਹੁੰਚਣ ਲਈ 3 ਸਾਲ ਦਾ ਇੰਤਜ਼ਾਰ ਕਰਨਾ ਪੈਂਦਾ ਸੀ। ਇਸੇ ਤਰ੍ਹਾਂ ਜਿਹੜੇ ਲੋਕ ਇਕ ਸਾਲ ਤੋਂ ਵੱਧ ਸਮੇਂ ਤੱਕ ਅਮਰੀਕਾ ਵਿਚ ਰਹੇ ਸਨ, ਨੂੰ 10 ਸਾਲ ਤਕ ਦਾ ਇੰਤਜ਼ਾਰ ਕਰਨਾ ਪੈਂਦਾ ਸੀ। ਇਸ ਕਾਨੂੰਨ ਦਾ ਮਨੋਰਥ ਅਮਰੀਕੀ ਸ਼ਹਿਰੀਆਂ ਲਈ ਮੁਸ਼ਕਲਾਂ ਘਟਾਉਣਾ ਹੈ।

ਮੌਜੂਦਾ ਕਾਨੂੰਨ ਅਨੁਸਾਰ ਅਮਰੀਕੀ ਸ਼ਹਿਰੀਆਂ ਦੇ ਜਿਹੜੇ ਨਜ਼ਦੀਕੀ ਰਿਸ਼ਤੇਦਾਰ ਅਮਰੀਕਾ ਵਿਚ ਰਹਿੰਦਿਆਂ ਇਥੋਂ ਦੇ ਸਥਾਈ ਕਾਨੂੰਨੀ ਰਿਹਾਇਸ਼ੀ ਬਣਨ ਲਈ ਆਪਣਾ ਸਟੇਟਸ ਅਡਜਸਟ ਕਰਨ ਦੇ ਯੋਗ ਨਹੀਂ ਹਨ ਅਤੇ ਅਮਰੀਕਾ ਵਿਚ ਛੇ ਮਹੀਨੇ ਤੋਂ ਵੱਧ ਗੈਰਕਾਨੂੰਨੀ ਤੌਰ 'ਤੇ ਰਹਿ ਚੁਕੇ ਹਨ, ਉਨ੍ਹਾਂ ਨੂੰ ਅਮਰੀਕਾ ਛੱਡ ਕੇ ਆਪਣੇ ਦੇਸ਼ ਪਰਤ ਕੇ ਕਾਨੂੰਨੀ ਵੀਜ਼ਾ ਹਾਸਲ ਕਰਨ ਉਪਰੰਤ ਵਾਪਸ ਅਮਰੀਕਾ ਆਉਣ ਲਈ ਵੇਵਰ ਹਾਸਲ ਕਰਨੀ ਪੈਂਦੀ ਸੀ। ਮੌਜੂਦਾ ਵੇਵਰ ਪ੍ਰਕ੍ਰਿਆ ਵਿਚ ਨਜ਼ਦੀਕੀ ਰਿਸ਼ਤੇਦਾਰ ਆਪਣੇ ਦੇਸ਼ ਵਾਪਸ ਪਰਤ ਕੇ ਇਮੀਗਰਾਂਟ ਵੀਜ਼ੇ ਲਈ ਇੰਟਰਵਿਊ ਦੇਣ ਅਤੇ ਵਿਦੇਸ਼ ਵਿਭਾਗ ਤੋਂ ਇਹ ਨਿਰਨਾ ਮਿਲਣ ਤੱਕ ਕਿ ਸਬੰਧਤ ਵਿਅਕਤੀ ਅਮਰੀਕਾ ਵਿਚ ਦਾਖਲ ਹੋਣ ਦੇ ਅਯੋਗ ਹੈ, ਵੇਵਰ ਅਰਜੀ ਨਹੀਂ ਦੇ ਸਕਦੇ। ਆਰਜੀ ਤੌਰ 'ਤੇ ਕਾਨੂੰਨੀ ਵੇਵਰ ਹਾਸਲ ਕਰਨ ਲਈ ਅਰਜੀ ਦੇਣ ਵਾਲਾ ਅਮਰੀਕੀ ਸ਼ਹਿਰੀ ਦਾ ਨਜ਼ਦੀਕੀ ਰਿਸ਼ਤੇਦਾਰ ਹੋਣਾ ਚਾਹੀਦਾ ਹੈ ਅਤੇ ਉਹ ਇਹ ਸਾਬਤ ਕਰ ਸਕੇ ਕਿ ਵੇਵਰ ਤੋਂ ਇਨਕਾਰ ਹੋਣ 'ਤੇ ਉਸ ਦੇ ਅਮਰੀਕੀ ਸ਼ਹਿਰੀ ਪਰਿਵਾਰ ਨੂੰ ਭਾਰੀ ਦਿੱਕਤਾਂ ਆ ਸਕਦੀਆਂ ਹਨ। ਆਰਜੀ ਤੌਰ 'ਤੇ ਗੈਰਕਾਨੂੰਨੀ ਰਹਿਣ ਦੀ ਇਜਾਜ਼ਤ ਵਾਸਤੇ ਅਰਜੀ ਲਈ ਨਵੀਂ ਪ੍ਰਕ੍ਰਿਆ ਹੇਠ ਇਮੀਗਰੇਸ਼ਨ ਵਿਭਾਗ ਵਲੋਂ ਇਕ ਨਵਾਂ ਆਈ-601ਏ ਫਾਰਮ ਛਾਪਿਆ ਜਾਵੇਗਾ।

ਅਮਰੀਕੀ ਸ਼ਹਿਰੀਆਂ ਦੇ ਗੈਰਕਾਨੂੰਨੀ ਰਹਿੰਦੇ ਰਿਸ਼ਤੇਦਾਰਾਂ ਨੂੰ ਨਵੇਂ ਕਾਨੂੰਨ ਤਹਿਤ ਇਮੀਗਰੇਸ਼ਨ ਵੀਜ਼ਾ ਪ੍ਰਕ੍ਰਿਆ ਲਈ ਅਮਰੀਕਾ ਛੱਡ ਕੇ ਜਾਣਾ ਪਵੇਗਾ ਪਰ ਇਮੀਗਰਾਂਟ ਵੀਜ਼ੇ ਵਾਸਤੇ ਇੰਟਰਵਿਊ ਦੇਣ ਲਈ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਉਹ ਆਰਜੀ ਛੋਟ (ਵੇਵਰ) ਵਾਸਤੇ ਅਰਜੀ ਦੇ ਸਕਣਗੇ। ਜਿਹੜੇ ਵਿਅਕਤੀ ਆਈ-601ਏ ਫਾਰਮ ਰਾਹੀਂ ਅਰਜੀ ਦਿੰਦੇ ਹਨ, ਉਨ੍ਹਾਂ ਨੂੰ ਵਿਦੇਸ਼ ਵਿਭਾਗ ਦੇ ਨੈਸ਼ਨਲ ਵੀਜ਼ਾ ਸੈਂਟਰ ਨੂੰ ਇਹ ਸੂਚਨਾ ਦੇਣੀ ਪਵੇਗੀ ਕਿ ਉਹ ਇਮੀਗਰੇਸ਼ਨ ਵਿਭਾਗ ਤੋਂ ਆਰਜੀ ਵੇਵਰ ਲੈ ਰਹੇ ਹਨ ਜਾਂ ਲੈਣਗੇ।

ਇਸ ਵੇਲੇ ਇਹ ਹਾਲਤ ਹੈ ਕਿ ਕੁਝ ਅਮਰੀਕੀ ਨਾਗਰਿਕਾਂ ਦੇ ਮਾਪਿਆਂ ਤੇ ਪਤੀ/ਪਤਨੀ ਨੂੰ ਗਰੀਨ ਕਾਰਡ ਲਈ ਅਰਜ਼ੀ ਦੇਣ ਲਈ ਆਪਣੇ ਗ੍ਰਹਿ ਦੇਸ਼ ਜਾਣਾ ਪੈਂਦਾ ਸੀ ਕਿਉਂਕਿ ਉਨ੍ਹਾਂ ਲਈ ਗਰੀਨ ਕਾਰਡ ਲਈ ਵੇਵਰ ਜ਼ਰੂਰੀ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ ਅਮਰੀਕੀ ਨਾਗਰਿਕ ਪਰਿਵਾਰ ਤੋਂ ਕਈ ਸਾਲਾਂ ਤੱਕ ਵੱਖਰੇ ਰਹਿਣਾ ਪੈਂਦਾ ਸੀ ਜਦੋਂ ਤੱਕ ਕਿ ਉਨ੍ਹਾਂ ਦੀਆਂ ਵੇਵਰ ਅਰਜ਼ੀਆਂ ਦੀ ਪ੍ਰਕ੍ਰਿਆ ਚਲ ਰਹੀ ਹੁੰਦੀ ਹੈ। ਹੁਣ ਓਬਾਮਾ ਪ੍ਰਸ਼ਾਸਨ ਦੀ ਨਵੀਂ ਨੀਤੀ ਤਹਿਤ ਜਿਨ੍ਹਾਂ ਨੂੰ ਆਪਣੇ ਗਰੀਨ ਕਾਰਡ ਲਈ ਵੇਵਰ ਦੀ ਲੋੜ ਹੈ ਉਹ ਇਨ੍ਹਾਂ ਵੇਵਰ ਅਰਜ਼ੀਆਂ ਦੀ ਪ੍ਰਕ੍ਰਿਆ ਦੇ ਮੁਕੰਮਲ ਹੋਣ ਤੱਕ ਆਪਣੇ ਪਰਿਵਾਰਾਂ ਨਾਲ ਅਮਰੀਕਾ ਵਿਚ ਹੀ ਰਹਿ ਸਕਣਗੇ।

## ਕੇਂਦਰ ਤੇ ਰਾਜ ਸਰਕਾਰਾਂ ਦੀਆਂ 270 ਵੈਬਸਾਈਟਾਂ ਹੈਕ

**ਚੰਡੀਗੜ੍ਹ:** ਭਾਰਤ ਵਿਚ ਇੰਟਰਨੈੱਟ ਠੱਗਾਂ ਦੀ ਫੁਰਤੀ ਅੱਗੇ ਕੰਪਿਊਟਰਾਂ ਵਿਚ ਡਾਟਾ ਦੀ ਸੁਰੱਖਿਆ ਲਈ ਪਾਏ ਜਾਂਦੇ ਐਂਟੀ-ਵਾਇਰਸ ਸਾਫਟਵੇਅਰ ਵੀ ਹੱਥ ਖੜ੍ਹੇ ਕਰ ਰਹੇ ਹਨ। ਇੰਟਰਨੈਟ 'ਤੇ ਠੱਗੀਆਂ ਮਾਰਨ ਵਾਲੇ ਮਾਹਿਰ ਪੇਸ਼ੇਵਰ ਸਿਰਫ਼ ਆਮ ਲੋਕਾਂ ਨੂੰ ਹੀ ਨਹੀਂ ਬਲਕਿ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਾ ਰਹੇ ਹਨ।

ਨਾਮੀ ਕੰਪਿਊਟਰ ਵਾਇਰਸ ਰੋਕੂ ਕੰਪਨੀ 'ਨੌਰਟਨ' ਨੇ ਖੁਲਾਸਾ ਕੀਤਾ ਹੈ ਕਿ ਇੰਟਰਨੈਟ ਠੱਗ ਹੁਣ ਤੱਕ ਕੇਂਦਰ ਤੇ ਰਾਜ ਸਰਕਾਰਾਂ ਦੀਆਂ 270 ਵੈਬਸਾਈਟਾਂ ਹੈਕ ਕਰ ਚੁੱਕੇ ਹਨ।


## Wanted Indian Cook

For Indian restaurant in Midland, Texas
Should be responsible & reliable
Good pay, Accommodation also be available.

**Contact: 432-271-0341**

## ਕੁਕ/ਤੰਦੂਰੀਏ ਦੀ ਲੋੜ ਹੈ

ਮਿਡਲੈਂਡ, ਟੈਕਸਸ ਵਿਚ ਭਾਰਤੀ ਰੈਸਟੋਰੈਂਟ ਲਈ
ਕੁਕ/ਤੰਦੂਰੀਏ ਦੀ ਲੋੜ ਹੈ
ਜੋ ਜ਼ਿੰਮੇਵਾਰ ਅਤੇ ਭਰੋਸੇਯੋਗ ਹੋਵੇ
ਚੰਗੀ ਤਨਖਾਹ ਅਤੇ ਰਿਹਾਇਸ਼ ਵੀ ਮਿਲ ਸਕਦੀ ਹੈ

**ਸੰਪਰਕ ਕਰੋ: 432-271-0341**

## Are You Tired Of All Treatments?
### Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

## Buy or Sell
*House, Liquor Store, Gas Station etc.*

**In Bay Area & Central Valley**

* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com
**Fax: 510-490-9703**

MISSIONPEAK BROKERS, INC. PEAK OF EXCELLENCE
REALTOR MLS

**46560 Fremont Blvd., Suite#111, Fremont, CA 94538**

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
### National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

# ਪਹੁੰਚ ਪਰਵਾਸੀ

## ਸਰਕਾਰ ਦੀ ਸੰਜੀਦਗੀ ਖੋਲ੍ਹ ਸਕਦੀ ਹੈ ਰਾਹ

*ਕਈ ਸਾਲਾਂ ਤੋਂ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਨਿਵੇਸ਼ ਲਈ ਪ੍ਰੇਰ ਰਹੀ ਹੈ, ਪਰ ਅਜੇ ਤੱਕ ਪੂਣੀ ਵਿਚੋਂ ਪਹਿਲੀ ਤੰਦ ਵੀ ਨਹੀਂ ਨਿਕਲੀ। ਇਸ ਦਾ ਵੱਡਾ ਕਾਰਨ ਤਾਂ ਇਹੀ ਹੈ ਪੱਛਮੀ ਦੇਸ਼ਾਂ ਅਤੇ ਪੰਜਾਬ ਦੇ ਮਾਹੌਲ ਵਿਚਕਾਰ ਬਹੁਤ ਜ਼ਿਆਦਾ ਫਰਕ ਹੈ। ਹੁਣ ਤੱਕ ਜਿੰਨੇ ਵੀ ਪਰਵਾਸੀਆਂ ਨੇ ਪੰਜਾਬ ਵਿਚ ਨਿਵੇਸ਼ ਦਾ ਯਤਨ ਕੀਤਾ, ਉਹ ਆਖਰਕਾਰ ਮਾੜੇ ਪ੍ਰਬੰਧਾਂ ਤੋਂ ਮਾਰ ਖਾ ਕੇ ਵਾਪਸ ਚਲੇ ਗਏ। ਹੁਣੇ ਹੁਣੇ ਜਲੰਧਰ ਵਿਚ ਹੋਏ ਪਰਵਾਸੀ ਪੰਜਾਬੀ ਸੰਮੇਲਨ ਵਿਚ ਸਰਕਾਰ ਨੇ ਬੜੇ ਵਾਅਦੇ ਕੀਤੇ ਹਨ। ਜੇ ਸਰਕਾਰ ਇਸ ਪਾਸੇ ਪੂਰੀ ਸੰਜੀਦਗੀ ਨਾਲ ਧਿਆਨ ਦੇਵੇ ਤਾਂ ਕੋਈ ਕਾਰਨ ਨਹੀਂ ਕਿ ਪਰਵਾਸੀ ਬਣੇ ਪੰਜਾਬੀ, ਪੰਜਾਬ ਵਿਚ ਨਾ ਆਉਣ; ਉਹ ਤਾਂ ਸਗੋਂ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਤਿਆਰ-ਬਰ-ਤਿਆਰ ਹਨ।*




# ਪਰਵਾਸੀ ਪੰਜਾਬੀਆਂ ਨਾਲ ਵਾਅਦਿਆਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਲਈ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਦੇ ਮਾਮਲੇ ਘੋਖਣ ਤੇ ਸੁਲਝਾਉਣ ਲਈ ਉਚ ਪੱਧਰੀ ਕਮੇਟੀ ਕਾਇਮ ਕਰਨ ਦਾ ਐਲਾਨ ਕੀਤਾ ਜਿਸ ਵਿਚ ਸੂਬੇ ਦੇ ਪੰਜ ਸੀਨੀਅਰ ਕੈਬਨਿਟ ਮੰਤਰੀ ਅਤੇ ਏਨੀ ਹੀ ਗਿਣਤੀ ਵਿਚ ਵਿਸ਼ਵ ਭਰ ਵਿਚ ਵਸਦੇ ਪਰਵਾਸੀ ਪੰਜਾਬੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ। ਇਸ ਕਮੇਟੀ ਵੱਲੋਂ ਪਰਵਾਸੀ ਪੰਜਾਬੀਆਂ ਦੀ ਸਰਵਪੱਖੀ ਭਲਾਈ ਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਵਾਲੀ ਨਾਲ ਸਬੰਧਤ ਵੱਖ-ਵੱਖ ਪੱਧਰ 'ਤੇ ਲਏ ਗਏ ਫੈਸਲੇ ਫੌਰੀ ਲਾਗੂ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਜਾਵੇਗਾ।

ਪਰਵਾਸੀ ਪੰਜਾਬੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਤੈਅ ਸਮੇਂ ਵਿਚ ਲਾਗੂ ਕੀਤਾ ਜਾਵੇਗਾ। ਸ. ਬਾਦਲ ਨੇ ਆਖਿਆ ਕਿ ਸੂਬਾ ਸਰਕਾਰ ਵਲੋਂ ਫਰਜ਼ੀ ਵਿਆਹਾਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਕੰਪਲਸਰੀ ਰਜਿਸਟ੍ਰੇਸ਼ਨ ਆਫ਼ ਮੈਰਿਜ ਐਕਟ ਰਾਹੀਂ ਕਾਨੂੰਨ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਧੋਖੇਬਾਜ਼ ਟਰੈਵਲ ਏਜੰਟਾਂ ਨੂੰ ਨੱਥ ਪਾਉਣ ਲਈ ਮਨੁੱਖੀ ਸਮਗਲਿੰਗ ਰੋਕੂ ਐਕਟ ਹੋਂਦ ਵਿਚ ਲਿਆਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੀ ਜਾਇਦਾਦ ਤੇ ਮਾਲਕੀ ਹੱਕਾਂ ਦੀ ਹਿਫਾਜ਼ਤ ਲਈ ਪੰਜਾਬ ਅਰਬਨ ਰੈਂਟ ਕੰਟਰੋਲ ਐਕਟ ਵਿੱਚ ਵੀ ਤਰਮੀਮ ਕੀਤੀ ਹੈ।



ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਭਵਿੱਖ ਵਿਚ ਪਰਵਾਸੀ ਪੰਜਾਬੀ ਆਪਣੀ ਵੱਖ-ਵੱਖ ਥਾਈਂ ਜਾਇਦਾਦ ਨੂੰ ਵਾਰ ਵਾਰ ਖਾਲੀ ਕਰਵਾ ਸਕਣਗੇ ਜਦਕਿ ਮੌਜੂਦਾ ਕਾਨੂੰਨ ਤਹਿਤ ਇਕ ਜਾਇਦਾਦ ਨੂੰ ਇੱਕ ਵਾਰ ਹੀ ਖਾਲੀ ਕਰਵਾਇਆ ਜਾ ਸਕਦਾ ਹੈ। ਸ. ਬਾਦਲ ਨੇ ਕਿਹਾ ਕਿ ਇਕ ਜ਼ਿਲ੍ਹੇ ਵਿਚ ਸਥਿਤ ਜਾਇਦਾਦ ਦੀ ਪਾਵਰ ਆਫ਼ ਅਟਾਰਨੀ ਦੀ ਤਸਦੀਕ ਦੀ ਅਥਾਰਟੀ ਸਬੰਧਤ ਡਿਪਟੀ ਕਮਿਸ਼ਨਰ ਕੋਲ ਹੋਵੇਗੀ। ਜੇਕਰ ਜਾਇਦਾਦ ਦੋ ਜ਼ਿਲ੍ਹਿਆਂ ਵਿਚ ਹੈ ਤਾਂ ਇਸ ਦੀ ਤਸਦੀਕ ਡਵੀਜ਼ਨਲ ਕਮਿਸ਼ਨਰ ਕਰੇਗਾ। ਜੇਕਰ ਜਾਇਦਾਦ ਦੋ ਤੋਂ ਵੱਧ ਜ਼ਿਲ੍ਹਿਆਂ ਵਿਚ ਹੈ ਤਾਂ ਪਾਵਰ ਆਫ਼ ਅਟਾਰਨੀ ਦੀ ਤਸਦੀਕ ਦੀ ਅਥਾਰਟੀ ਵਿੱਤ ਕਮਿਸ਼ਨਰ ਮਾਲ ਕੋਲ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨਾਲ ਸਬੰਧਤ ਸ਼ਿਕਾਇਤਾਂ ਦਾ ਛੇਤੀ ਨਿਬੇੜਾ ਕਰਨ ਲਈ ਤਿੰਨ ਹੋਰ ਐਨਆਰਆਈਜ਼ ਪੁਲਿਸ ਸਟੇਸ਼ਨ ਕਾਇਮ ਕੀਤੇ ਜਾਣਗੇ ਜਿਸ ਨਾਲ ਸੂਬੇ ਵਿਚ ਐਨਆਰਆਈਜ਼ ਥਾਣਿਆਂ ਦੀ ਗਿਣਤੀ 11 ਹੋ ਜਾਵੇਗੀ। ਸ. ਬਾਦਲ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਦੇ ਅਦਾਲਤੀ ਮਾਮਲਿਆਂ ਦੇ ਨਿਬੇੜੇ ਲਈ ਇਕ ਫ਼ਾਸਟ ਟਰੈਕ ਅਦਾਲਤ ਸਥਾਪਤ ਕੀਤੀ ਜਾਵੇਗੀ। ਅਦਾਲਤ ਦੇ ਗਠਨ ਲਈ ਰਸਮੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਪਰਵਾਸੀ ਪੰਜਾਬੀ ਵਿਰੁੱਧ ਥਾਣੇ ਵਿਚ ਆਉਂਦੀ ਕਿਸੇ ਵੀ ਸ਼ਿਕਾਇਤ ਦੀ ਪੜਤਾਲ ਡੀਐਸਪੀ ਰੈਂਕ ਦਾ ਪੁਲਿਸ ਅਫਸਰ ਕਰੇਗਾ। ਪਰਵਾਸੀਆਂ ਦੀ ਮੰਗ ਪ੍ਰਵਾਨ ਕਰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਐਨਆਰਆਈ ਵਿਰੁੱਧ ਸਿੱਧਾ ਮਾਮਲਾ ਦਰਜ ਨਹੀਂ ਕੀਤਾ ਜਾਵੇਗਾ।

### ਨਵੀਂ ਨੀਤੀ

*ਪੰਜ ਕੈਬਨਿਟ ਮੰਤਰੀਆਂ ਅਤੇ ਪੰਜ ਪਰਵਾਸੀ ਪੰਜਾਬੀਆਂ ਦੀ ਕਮੇਟੀ ਬਣੇਗੀ*

*ਤਿੰਨ ਵਿਸ਼ੇਸ਼ ਫਾਸਟ ਟਰੈਕ ਅਦਾਲਤਾਂ ਬਣਨਗੀਆਂ*

*ਮੋਗਾ, ਜਲੰਧਰ ਤੇ ਲੁਧਿਆਣਾ ਵਿਚ ਚਾਰ ਹੋਰ ਵਿਸ਼ੇਸ਼ ਥਾਣੇ ਬਣਨਗੇ*

*ਕੇਸਾਂ ਦੀ ਪੁਣ-ਛਾਣ ਡੀ.ਐਸ.ਪੀ. ਖੁਦ ਕਰੇਗਾ*

*ਆਈ.ਜੀ. (ਐਨ.ਆਰ.ਆਈ.) ਦੀ ਅਗਵਾਈ ਵਿਚ ਪੁਲਿਸ ਟੀਮ ਹਰ ਛੇ ਮਹੀਨੇ ਬਾਅਦ ਵਿਦੇਸ਼ ਜਾਵੇਗੀ*

*ਸਿੰਗਲ ਵਿੰਡੋ ਕਲੀਅਰੈਂਸ ਹੋਵੇਗੀ*

*ਐਨ.ਆਰ.ਆਈਜ਼ ਦੀਆਂ ਜਾਇਦਾਦਾਂ ਖਾਲੀ ਕਰਵਾਉਣ ਲਈ ਅਰਬਨ ਰੈਂਟ ਕੰਟਰੋਲ ਐਕਟ ਬਣੇਗਾ*

# ਸੁਖਬੀਰ ਬਾਦਲ ਤੇ ਬਿਕਰਮ ਨੂੰ ਪਈਆਂ ਝਿੜਕਾਂ

**ਜਲੰਧਰ:** ਪਰਵਾਸੀ ਪੰਜਾਬੀ ਸੰਮੇਲਨ ਵਿਚ ਵੱਡੇ ਬਾਦਲ ਪ੍ਰਕਾਸ਼ ਸਿੰਘ ਬਾਦਲ ਨੇ ਛੋਟਿਆਂ ਨੂੰ ਝਿੜਕਦਿਆਂ ਉਨ੍ਹਾਂ ਸੰਭਲਣ ਦੀ ਸਲਾਹ ਦਿੱਤੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਟਕਸਾਲੀ ਅਕਾਲੀ ਆਗੂਆਂ ਦੀ ਸ਼ਲਾਘਾ ਕਰਦਿਆਂ ਸਟੇਜ ਉੱਪਰ ਖੜ੍ਹੇ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਉਪਰ ਤਨਜ਼ਾਂ ਕੱਸਣੀਆਂ ਸ਼ੁਰੂ ਕਰ ਦਿੱਤੀਆਂ। ਸ. ਬਾਦਲ ਨੇ ਲੰਮੇ ਸਿਆਸੀ ਜੀਵਨ ਵਿਚ ਆਪਣੀਆਂ ਕੱਟੀਆਂ ਜੇਲ੍ਹਾਂ ਦਾ ਵਰਨਣ ਕਰਦਿਆਂ ਸ. ਬਲਵਿੰਦਰ ਸਿੰਘ ਭੂੰਦੜ, ਸ. ਸੁਖਦੇਵ ਸਿੰਘ ਢੀਂਡਸਾ ਤੇ ਸ. ਅਜੀਤ ਸਿੰਘ ਕੋਹਾੜ ਦਾ ਨਾਂ ਲੈ ਕੇ ਕਿਹਾ ਕਿ ਅਜਿਹੇ ਨੇਤਾਵਾਂ ਨੇ ਜੇਲ੍ਹਾਂ ਕੱਟੀਆਂ ਤੇ ਕੁਰਬਾਨੀਆਂ ਕੀਤੀਆਂ ਹਨ ਪਰ ਨਾਲ ਅਕੇਵੇਂ ਭਰੇ ਲਹਿਜ਼ੇ ਵਿਚ ਸ. ਮਜੀਠੀਆ ਵੱਲ ਹੱਥ ਕਰਕੇ ਕਿਹਾ ਕਿ ਆਹ ਹੁਣ ਮੁਫ਼ਤ ਵਿਚ ਹੀ ਕਬਜ਼ਾ ਕਰਨ ਨੂੰ ਫਿਰਦੇ ਨੇ। ਨਾਲ ਹੀ ਸ. ਬਾਦਲ ਨੇ ਮਜੀਠੀਆ ਨੂੰ ਸੁਆਲ ਕੱਢ ਮਾਰਿਆ ਕਿ ਤੁਸੀਂ ਪਾਰਟੀ ਲਈ ਕਦੇ ਜੇਲ੍ਹ ਗਏ ਹੋ? ਸ. ਬਾਦਲ ਦਾ ਇਹ ਰੰਗ ਦੇਖ ਕੇ ਇਕ ਵਾਰ ਤਾਂ ਅਸ਼ਾਂਤ ਜਿਹੀ ਚੁੱਪ ਪਸਰ ਗਈ ਪਰ ਝੱਟ ਹੀ ਸ. ਬਾਦਲ ਨੇ ਗੱਲ ਬਦਲਦਿਆਂ ਪਰਵਾਸੀ ਪੰਜਾਬੀਆਂ ਨੂੰ ਹਸਾਉਣ ਵਾਲੀਆਂ ਕੁਝ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆ। ਪਰ ਸਮਾਗਮ ਦੀ ਸਮਾਪਤੀ ਤੋਂ ਬਾਅਦ ਸ. ਬਾਦਲ ਦੀਆਂ ਕੀਤੀਆਂ ਟਿੱਪਣੀਆਂ ਉੱਪਰ ਖੂਬ ਚਰਚਾ ਹੁੰਦੀ ਰਹੀ।

ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਲਈ ਮੁੱਖ ਮੁੱਦਾ ਵਿਕਾਸ ਤੇ ਕਾਰਗੁਜ਼ਾਰੀ ਹੋਣ ਦੀ ਵਕਾਲਤ ਕੀਤੀ ਜਾ ਰਹੀ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਜਿੱਤ ਲਈ ਮੁੱਖ ਗੱਲ ਤਾਂ ਲੋਕਾਂ ਦਾ ਭਰੋਸਾ ਜਿੱਤਣ ਦੀ ਹੁੰਦੀ ਹੈ ਤੇ ਇਸ ਵਾਸਤੇ ਬੜਾ ਕੁਝ ਕਰਨਾ ਪੈਂਦਾ ਹੈ। ਮੁੱਖ ਮੰਤਰੀ ਵੱਲੋਂ ਸੰਮੇਲਨ ਵਿਚ ਇਹ ਗੱਲ ਆਖੇ ਜਾਣ ਤੋਂ ਸਾਰੇ ਸਿਆਸੀ ਹਲਕੇ ਹੈਰਾਨ ਰਹਿ ਗਏ।

# ਕੈਪਟਨ ਨੇ ਪਰਵਾਸੀਆਂ ਨੂੰ ਸੁਚੇਤ ਕੀਤਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪਰਵਾਸੀ ਪੰਜਾਬੀਆਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਗੱਲਾਂ ਵਿਚ ਨਾ ਆਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਯਾਦ ਦਿਵਾਇਆ ਕਿ ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਇਹ ਵਾਅਦੇ ਪੰਜ ਸਾਲ ਪਹਿਲਾਂ ਵੀ ਕਰ ਚੁੱਕੇ ਹਨ ਪਰ ਜ਼ਮੀਨੀ ਪੱਧਰ 'ਤੇ ਕੁਝ ਵੀ ਨਹੀਂ ਕੀਤਾ ਗਿਆ।

ਉਨ੍ਹਾਂ ਪੰਜਾਬ ਸਰਕਾਰ ਦੀ ਪੋਲ ਖੋਲ੍ਹਦਿਆਂ ਕਿਹਾ ਕਿ ਉੱਪ ਮੁੱਖ ਮੰਤਰੀ ਪਰਵਾਸੀ ਪੰਜਾਬੀਆਂ ਸਾਹਮਣੇ ਦਿਖਾਵੇ ਕਰਕੇ ਸਚਾਈ ਤੋਂ ਮੂੰਹ ਨਹੀਂ ਮੋੜ ਸਕਦੇ ਕਿਉਂਕਿ ਸੂਬੇ ਸਿਰ ਚੜ੍ਹਿਆ ਕਰਜ਼ਾ ਕੰਟਰੋਲ ਤੋਂ ਬਾਹਰ ਹੋ ਚੁੱਕਿਆ ਹੈ। ਜੇਕਰ ਸੁਖਬੀਰ ਬਾਦਲ ਸਮਝਦੇ ਹਨ ਕਿ ਪੰਜ ਤਾਰਾ ਹੋਟਲ ਵਿਚ ਭਾਸ਼ਣ ਦੇ ਕੇ ਉਹ ਸੱਚਾਈ ਛੁਪਾ ਸਕਦੇ ਹਨ ਤਾਂ ਇਹ ਉਨ੍ਹਾਂ ਦੀ ਵੱਡੀ ਭੁੱਲ ਹੈ ਕਿਉਂਕਿ ਪਰਵਾਸੀ ਪੰਜਾਬੀ ਪੂਰੇ ਪੰਜਾਬ ਵਿਚ ਘੁੰਮਦੇ ਹਨ ਤੇ ਸੂਬੇ ਦੀ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਵਾਅਦੇ ਕਰਨ ਵਿਚ ਮੋਹਰੀ ਹਨ ਪਰ ਮੰਗਾਂ ਪੂਰੀਆਂ ਕਰਨ ਵਿਚ ਬਹੁਤ ਪਿੱਛੇ ਹਨ। ਕੈਪਟਨ ਨੇ ਗੰਭੀਰ ਦੋਸ਼ ਲਾਇਆ ਕਿ ਜੇਕਰ ਸੁਖਬੀਰ ਬਾਦਲ ਨੇ ਪੰਜਾਬ ਦੇ ਹਾਲਾਤ 'ਤੇ ਆਪਣੀ ਪਾਰਟੀ ਦੇ ਵਰਕਰਾਂ ਵੱਲੋਂ ਕੀਤੀ ਜਾ ਰਹੀ ਗੁੰਡਾਗਰਦੀ ਪ੍ਰਤੀ ਅੱਖਾਂ ਬੰਦ ਕਰ ਰੱਖੀਆਂ ਹਨ ਤਾਂ ਇਸ ਦਾ ਇਹ ਅਰਥ ਨਹੀਂ ਕਿ ਸਭ ਕੁਝ ਠੀਕ ਹੈ।

# ਪਰਵਾਸੀਆਂ ਨੂੰ ਪੰਜਾਬ ਵਿਚ ਖੁੱਲ੍ਹ ਕੇ ਨਿਵੇਸ਼ ਕਰਨ ਦਾ ਸੱਦਾ

**ਜਲੰਧਰ:** ਪਰਵਾਸੀ ਪੰਜਾਬੀ ਸੰਮੇਲਨ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਭਰੋਸਾ ਪੈਦਾ ਕਰਨ ਤੇ ਪੂੰਜੀ ਨਿਵੇਸ਼ ਲਈ ਉਤਸ਼ਾਹਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੜੇ ਜ਼ੋਰ ਨਾਲ ਕਿਹਾ ਕਿ ਆਪਣੇ ਵੱਲੋਂ ਕਹੇ ਗਏ ਇਕ-ਇਕ ਸ਼ਬਦ 'ਤੇ ਅਮਲ ਕਰਨ ਲਈ ਪ੍ਰਤੀਬੱਧ ਹਨ।

ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਪੂੰਜੀ ਨਿਵੇਸ਼ ਕਰਨ ਲਈ ਪ੍ਰੇਰਿਆ ਤੇ ਇਥੇ ਹਰ ਤਰ੍ਹਾਂ ਦੀ ਸਹੂਲਤ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਉਹ ਪਰਵਾਸੀ ਪੰਜਾਬੀਆਂ ਲਈ ਸਿੰਗਲ ਵਿੰਡੋ ਪ੍ਰਣਾਲੀ ਤਾਂ ਕੀ ਸਗੋਂ ਸਹੂਲਤਾਂ ਦੇ ਦਰਵਾਜ਼ੇ ਖੋਲ੍ਹ ਦੇਣਗੇ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਸਿਹਤ ਸਹੂਲਤਾਂ ਤੇ ਸਿੱਖਿਆ ਦੇ ਬਿਹਤਰ ਪ੍ਰਬੰਧ ਤੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਪੂੰਜੀ ਨਿਵੇਸ਼ ਕਰਨ ਦੀ ਅਪੀਲ ਕੀਤੀ।

ਸ. ਬਾਦਲ ਨੇ ਪੰਜਾਬ ਦੀ ਮਾੜੀ ਆਰਥਕ ਹਾਲਤ ਦਾ ਸਾਰਾ ਭਾਂਡਾ ਕੇਂਦਰ ਸਰਕਾਰ ਸਿਰ ਭੰਨ੍ਹਿਆ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਇਹ ਯਕੀਨ ਦਿਵਾਉਣ ਦਾ ਯਤਨ ਕੀਤਾ ਕਿ ਜੇ ਪੰਜਾਬ ਵਿਚ ਵਿਕਾਸ ਨਹੀਂ ਹੋ ਰਿਹਾ ਤਾਂ ਇਸ ਦਾ ਜ਼ਿੰਮੇਵਾਰ ਕੇਂਦਰ ਹੈ ਨਾ ਕਿ ਰਾਜ ਸਰਕਾਰ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਦੇਸ਼ ਦਾ ਅਨਾਜ ਭੰਡਾਰ ਭਰਦੇ ਹਨ ਫਿਰ ਵੀ 35 ਹਜ਼ਾਰ ਕਰੋੜ ਦੇ ਕਰਜ਼ੇ ਥੱਲੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਹੋ ਰਿਹਾ ਹੈ ਕਿਉਂਕਿ ਫਸਲਾਂ ਦੇ ਭਾਅ ਤੈਅ ਕਰਨ ਦਾ ਅਧਿਕਾਰ ਕੇਂਦਰ ਕੋਲ ਹੈ।

### ਉਲਟਾ ਯੂਗਾਂਡਾ ਵਿਚ ਨਿਵੇਸ਼ ਦਾ ਸੱਦਾ

**ਜਲੰਧਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਰਾ ਜ਼ੋਰ ਲਾਇਆ ਕਿ ਪਰਵਾਸੀ ਪੰਜਾਬੀ ਇਥੇ ਪੂੰਜੀ ਨਿਵੇਸ਼ ਕਰਨ ਪਰ ਸੰਮੇਲਨ ਦੌਰਾਨ ਯੂਗਾਂਡਾ ਦੇ ਮੈਂਬਰ ਪਾਰਲੀਮੈਂਟ ਪਰਮਿੰਦਰ ਸਿੰਘ ਮਰਵਾਹਾ ਉਲਟਾ ਪੰਜਾਬੀਆਂ ਨੂੰ ਯੂਗਾਂਡਾ ਵਿਚ ਪੂੰਜੀ ਨਿਵੇਸ਼ ਕਰਨ ਦਾ ਸੱਦਾ ਦੇ ਗਏ। ਯੂਗਾਂਡਾ ਦੇ ਹੀ ਜੰਮਪਲ ਪਰਮਿੰਦਰ ਸਿੰਘ ਮਰਵਾਹਾ ਨੇ ਦੱਸਿਆ ਕਿ ਉਹ ਜਿਸ ਹਲਕੇ ਤੋਂ ਮੈਂਬਰ ਪਾਰਲੀਮੈਂਟ ਬਣੇ ਹਨ, ਉਥੇ ਇਕ ਵੀ ਪੰਜਾਬੀ ਨਹੀਂ ਰਹਿੰਦਾ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ ਬਾਅਦ ਕਰਵਾਏ ਜਾਣ ਵਾਲੇ ਪਰਵਾਸੀ ਪੰਜਾਬੀ ਸੰਮੇਲਨ ਦੇ ਵਿਚਲੇ ਸਮੇਂ ਦੌਰਾਨ ਵੀ ਪਰਵਾਸੀ ਪੰਜਾਬੀਆਂ ਨਾਲ ਤਾਲਮੇਲ ਰੱਖਿਆ ਜਾਵੇਗਾ। ਤਾਲਮੇਲ ਦੀ ਘਾਟ ਕਾਰਨ ਹੀ ਜ਼ਿਆਦਾ ਸਮੱਸਿਆਵਾਂ ਪੈਦਾ ਹੋਈਆਂ ਹਨ। ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਉਨ੍ਹਾਂ ਨੂੰ ਸਾਲ ਵਿਚ ਦੋ ਵਾਰ ਬਾਹਰ ਭੇਜਿਆ ਜਾਵੇਗਾ ਤਾਂ ਜੋ ਉਹ ਉਥੇ ਜਾ ਕੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਜਾਣ ਸਕਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਆਪਣੀ ਅਗਵਾਈ ਹੇਠ ਇਕ ਉੱਚ ਪੱਧਰੀ ਕਮੇਟੀ ਬਣਾਈ ਜਾਵੇਗੀ ਜਿਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਮੰਤਰੀ ਵੀ ਹੋਣਗੇ ਤੇ ਪਰਵਾਸੀ ਪੰਜਾਬੀਆਂ ਨੂੰ ਵੀ ਇਸ ਦੇ ਮੈਂਬਰ ਬਣਾਇਆ ਜਾਵੇਗਾ। ਇਹ ਕਮੇਟੀ ਹਰ ਚਾਰ ਮਹੀਨਿਆਂ ਬਾਅਦ ਪਰਵਾਸੀ ਪੰਜਾਬੀ ਮਾਮਲਿਆਂ ਨੂੰ ਰੀਵਿਊ ਕਰਿਆ ਕਰੇਗੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸਿਆਸੀ ਵਰੋਧੀਆਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ 'ਤੇ ਕਿਸੇ ਤਰ੍ਹਾਂ ਦਾ ਭਰੋਸਾ ਨਾ ਕਰਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਅੰਦਰ ਪੂੰਜੀ ਨਿਵੇਸ਼ ਕਰਨ ਦੇ ਇਸ ਸਮੇਂ ਸਭ ਤੋਂ ਵਧੀਆ ਮੌਕੇ ਹਨ। ਸਾਲ 2013 ਤੱਕ ਸੂਬੇ ਅੰਦਰ ਬਿਜਲੀ ਸਰਪਲੱਸ ਹੋ ਜਾਵੇਗੀ।

ਐਨ.ਆਰ.ਆਈ. ਮਾਮਲਿਆਂ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਬੜੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੈਬਸਾਈਟ ਤਿਆਰ ਕਰ ਰਹੀ ਜਿਹੜੀ ਕਿ ਦੋ ਮਹੀਨਿਆਂ ਤੱਕ ਮੁਕੰਮਲ ਹੋ ਜਾਵੇਗੀ।

# ਪਰਵਾਸੀ ਪੰਜਾਬੀਆਂ ਦੇ ਤੌਖਲੇ ਬਰਕਰਾਰ



**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਰਵਾਸੀਆਂ ਨੂੰ ਸੂਬੇ ਵਿਚ ਸੁਰੱਖਿਅਤ ਮਾਹੌਲ ਦੇਣ ਦੀ ਕੀਤੀ ਪੇਸ਼ਕਸ਼ ਦੇ ਬਾਵਜੂਦ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੇ ਮਨਾਂ ਵਿਚ ਜਾਇਦਾਦਾਂ ਦੇ ਖੁੱਸਣ ਦਾ ਤੌਖਲਾ ਬਰਕਰਾਰ ਹੈ। ਸ. ਬਾਦਲ ਨੇ ਪਰਵਾਸੀ ਪੰਜਾਬੀ ਸੰਮੇਲਨ ਦੇ ਪਹਿਲੇ ਦਿਨ ਐਨ.ਆਰ.ਆਈਜ਼. ਦੀਆਂ ਜਾਇਦਾਦਾਂ ਸੁਰੱਖਿਅਤ ਕਰਨ ਲਈ ਸਖ਼ਤ ਕਾਨੂੰਨ ਬਣਾਉਣ ਤੇ ਪੁਲਿਸ ਨੂੰ ਨੱਥ ਪਾਉਣ ਦਾ ਐਲਾਨ ਕੀਤਾ।

ਉਨ੍ਹਾਂ ਸਰਕਾਰ ਵੱਲੋਂ ਸੂਬੇ ਵਿਚ ਵਿਕਾਸ ਦੀ ਗਤੀ ਤੇਜ਼ ਕਰਨ ਤੇ ਭਵਿੱਖ ਦੇ ਪੰਜਾਬ ਦੀ ਸੁਪਨਮਈ ਤਸਵੀਰ ਵੀ ਪਰਵਾਸੀਆਂ ਦੇ ਸਾਹਮਣੇ ਪੇਸ਼ ਕੀਤੀ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਬੋਲਣ ਤੋਂ ਬਾਅਦ ਵਿਦੇਸ਼ਾਂ ਵਿਚਲੇ ਜਨ ਪ੍ਰਤੀਨਿਧੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਰਵਾਸੀਆਂ ਦੀ ਭਲਾਈ ਤੇ ਉਨ੍ਹਾਂ ਦੇ ਖਦਸ਼ਿਆਂ ਨੂੰ ਦੂਰ ਕਰਨ ਲਈ ਐਲਾਨ ਤਾਂ ਬਹੁਤ ਕਰ ਦਿੱਤੇ ਪਰ ਇਹ ਅਸਰਦਾਰ ਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਇਨ੍ਹਾਂ ਨੁਮਾਇੰਦਿਆਂ ਨੇ ਪੁਲਿਸ ਵੱਲੋਂ ਪਰਵਾਸੀਆਂ ਵਿਰੁੱਧ ਕੇਸ ਦਰਜ ਕਰਕੇ ਫਿਰ ਭਗੌੜੇ ਕਰਾਰ ਦੇਣ ਦਾ ਮਾਮਲਾ ਜ਼ੋਰਸ਼ੋਰ ਨਾਲ ਚੁੱਕਿਆ।

ਕੈਨੇਡਾ ਦੇ ਅਲਬਰਟਾ ਰਾਜ ਦੀ ਅਸੈਂਬਲੀ ਦੇ ਮੈਂਬਰ ਪੀਟਰ ਸੰਧੂ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਐਨ.ਆਰ.ਆਈਜ਼. ਵਿਰੁੱਧ ਮਾਮਲੇ ਦਰਜ ਕਰਨਾ ਆਮ ਵਰਤਾਰਾ ਬਣਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸੂਬੇ ਦੇ ਕਈ ਰਾਜਸੀ ਆਗੂ ਵੀ ਸ਼ਾਮਲ ਹਨ। ਉਨ੍ਹਾਂ ਇਸ ਰੁਝਾਨ ਨੂੰ ਠੱਲ੍ਹ ਪਾਉਣ ਦੀ ਮੰਗ ਕੀਤੀ। ਇਸ ਪਰਵਾਸੀ ਨੁਮਾਇੰਦੇ ਨੇ ਕਿਹਾ ਕਿ ਅਦਾਲਤਾਂ ਵੱਲੋਂ ਭਗੌੜੇ ਕਰਾਰ ਦਿੱਤੇ ਪਰਵਾਸੀਆਂ (ਪੀ.ਓਜ਼.) ਦੀ ਸੂਚੀ ਦਾ ਰੀਵੀਊ ਕੀਤਾ ਜਾਣਾ ਜ਼ਰੂਰੀ ਹੈ ਕਿਉਂਕਿ ਬਹੁ-ਗਿਣਤੀ ਪਰਵਾਸੀ ਬੇਕਸੂਰ ਹੁੰਦੇ ਹੋਏ ਵੀ ਪੰਜਾਬ ਵਿਚ ਪੁਲਿਸ ਕੇਸਾਂ ਦਾ ਸਾਹਮਣਾ ਕਰ ਰਹੇ ਹਨ ਤੇ ਆਪਣੇ ਮੁਲਕ ਨਹੀਂ ਆ ਰਹੇ।

ਕੈਨੇਡਾ ਦੇ ਹੀ ਇਕ ਹੋਰ ਨੁਮਾਇੰਦੇ ਦਰਸ਼ਨ ਸਿੰਘ ਕੰਗ ਨੇ ਕਿਹਾ ਕਿ ਐਫਆਰਆਈ ਪਰਵਾਸੀਆਂ ਵਿਰੁੱਧ ਇਕ ਵੱਡਾ ਸੰਦ ਬਣ ਚੁੱਕੀ ਹੈ। ਉਨ੍ਹਾਂ ਮੰਗ ਕੀਤੀ ਕਿ ਪਰਵਾਸੀਆਂ ਵਿਰੁੱਧ ਆਉਂਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਕੋਈ ਵਿਸ਼ੇਸ਼ ਜੁਡੀਸ਼ਲ ਅਥਾਰਟੀ ਬਣਨੀ ਚਾਹੀਦੀ ਹੈ। ਉਨ੍ਹਾਂ ਨੇ ਕਾਲੀਆਂ ਸੂਚੀਆਂ ਦੀ ਸਮੀਖਿਆ ਕਰਨ ਦੀ ਗੱਲ ਵੀ ਕਹੀ। ਡਰਬੀ ਦੇ ਕੌਂਸਲਰ ਸਚਿਨ ਗੁਪਤਾ ਦਾ ਕਹਿਣਾ ਸੀ ਕਿ ਵਿਦੇਸ਼ਾਂ ਵਿਚ ਬਹੁਗਿਣਤੀ ਪੰਜਾਬੀ ਜ਼ਮੀਨਾਂ ਖੁੱਸਣ ਦੀਆਂ ਸਮੱਸਿਆਵਾਂ ਬਿਆਨ ਕਰਦੇ ਹਨ। ਕੇ.ਸੀ. ਮੋਹਨ ਨੇ ਵੀ ਸੁਖਬੀਰ ਬਾਦਲ ਨੂੰ ਆਪਣੇ ਬੋਲਾਂ 'ਤੇ ਅਮਲ ਕਰਨ ਲਈ ਕਿਹਾ। ਨਿਊਜ਼ੀਲੈਂਡ ਦੀ ਪਾਰਲੀਮੈਂਟ ਦੇ ਮੈਂਬਰ ਕਮਲਜੀਤ ਬਖ਼ਸ਼ੀ ਨੇ ਕਿਹਾ ਕਿ ਪਰਵਾਸੀਆਂ ਦੀਆਂ ਜ਼ਮੀਨਾਂ 'ਤੇ ਪੰਜਾਬ ਵਿਚ ਕਬਜ਼ੇ ਹੋਣ ਤੇ ਉਨ੍ਹਾਂ ਦੀ ਜਾਇਦਾਦ ਵਿਕਣ ਦੀਆਂ ਸ਼ਿਕਾਇਤਾਂ ਅਕਸਰ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਖ਼ਤ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਹੈ ਜਿਸ ਤੋਂ ਕੁਝ ਆਸ ਤਾਂ ਬੱਝੀ ਹੈ।

# ਭਗੌੜੇ ਕਰਾਰ ਪਰਵਾਸੀਆਂ ਨੂੰ ਰਾਹਤ ਮਿਲਣੀ ਔਖੀ

ਚੰਡੀਗੜ੍ਹ: ਪੰਜਾਬ ਦੀਆਂ ਅਦਾਲਤਾਂ ਵੱਲੋਂ ਭਗੌੜੇ ਕਰਾਰ ਦਿੱਤੇ ਗਏ ਪਰਵਾਸੀ ਭਾਰਤੀਆਂ ਨੂੰ ਰਾਹਤ ਦਿਵਾਉਣਾ ਸਰਕਾਰ ਲਈ ਵੱਡੀ ਚੁਣੌਤੀ ਬਣ ਗਿਆ ਹੈ। ਸੂਤਰਾਂ ਅਨੁਸਾਰ ਪਰਵਾਸੀ ਭਾਰਤੀਆਂ ਖ਼ਿਲਾਫ਼ ਸੂਬੇ ਦੀਆਂ ਅਦਾਲਤਾਂ ਵਿਚ ਚੱਲ ਰਹੇ ਵੱਖ ਵੱਖ 844 ਮੁਕੱਦਮਿਆਂ ਵਿਚੋਂ 47 ਕੇਸ ਹੀ ਅਜਿਹੇ ਹਨ ਜਿਨ੍ਹਾਂ ਵਿਚ ਰਾਹਤ ਮਿਲਣ ਦੀ ਉਮੀਦ ਹੈ। ਇਹ ਵੀ ਉਸ ਤਰ੍ਹਾਂ ਦੇ ਕੇਸ ਹਨ ਜਿਨ੍ਹਾਂ ਵਿਚ ਮੁਲਜ਼ਮਾਂ ਦੀ ਜਾਂ ਤਾਂ ਮੌਤ ਹੋ ਚੁੱਕੀ ਹੈ ਤੇ ਜਾਂ ਫਿਰ ਸਹਿ ਮੁਲਜ਼ਮ ਅਦਾਲਤ ਵੱਲੋਂ ਬਰੀ ਕੀਤੇ ਜਾ ਚੁੱਕੇ ਹਨ।

ਐਨ.ਆਰ.ਆਈ. ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲੀਸ ਦੇ ਐਨ.ਆਰ.ਆਈ. ਵਿੰਗ ਨੇ ਪਰਵਾਸੀਆਂ ਦਾ ਅਦਾਲਤੀ ਕੇਸਾਂ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਤਾਂ ਕੀਤੀ ਹੈ ਪਰ ਅਦਾਲਤੀ ਪ੍ਰਕਿਰਿਆ ਨੇ ਪੁਲਿਸ ਦੇ ਹੱਥ ਬੰਨ੍ਹ ਦਿੱਤੇ ਹਨ। ਪੰਜਾਬ ਦੇ ਇਕ ਹਜ਼ਾਰ ਤੋਂ ਵੱਧ ਅਜਿਹੇ ਪਰਵਾਸੀ ਭਾਰਤੀ ਹਨ ਜਿਨ੍ਹਾਂ ਨੂੰ ਅਦਾਲਤਾਂ ਵੱਲੋਂ ਭਗੌੜੇ ਕਰਾਰ ਦਿੱਤਾ ਹੋਇਆ ਹੈ। ਪੰਜਾਬ ਪੁਲੀਸ ਵੱਲੋਂ ਖਾੜਕੂ ਸਰਗਰਮੀਆਂ ਵਾਲੇ ਪਰਵਾਸੀਆਂ ਦੀ ਵੱਖਰੀ ਸੂਚੀ ਬਣਾਈ ਗਈ ਹੈ। ਉਨ੍ਹਾਂ ਦੀ ਗਿਣਤੀ 200 ਦੇ ਕਰੀਬ ਦੱਸੀ ਜਾਂਦੀ ਹੈ।

ਇਹ ਪਰਵਾਸੀ ਆਪਣੇ ਵਤਨ ਫੇਰਾ ਪਾਉਣ ਲਈ ਲੰਮੇ ਸਮੇਂ ਤੋਂ ਜੱਦੋ-ਜਹਿਦ ਕਰ ਰਹੇ ਹਨ ਪਰ ਕਾਨੂੰਨੀ ਤੌਰ 'ਤੇ ਕੋਈ ਰਾਹਤ ਨਹੀਂ ਮਿਲ ਰਹੀ। ਸਾਲ 2008 ਵਿਚ ਕਰਵਾਏ ਪਰਵਾਸੀ ਭਾਰਤੀ ਸੰਮੇਲਨ ਦੌਰਾਨ ਵੀ ਇਹ ਮੁੱਦਾ ਉੱਠਿਆ ਸੀ ਤੇ ਉਸ ਸਮੇਂ ਭਗੌੜੇ ਪਰਵਾਸੀਆਂ ਦੇ ਕੇਸਾਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਐਨ.ਆਰ.ਆਈ. ਥਾਣੇ ਬਣਨ ਤੇ ਕੇਸਾਂ ਦੀ ਸਹੀ ਤਫ਼ਤੀਸ਼ ਹੋਣ ਕਾਰਨ ਬੇਕਸੂਰ ਪਰਵਾਸੀਆਂ ਵਿਰੁੱਧ ਮਾਮਲੇ ਦਰਜ ਨਹੀਂ ਹੋਏ। ਪੁਲਿਸ ਲਈ 844 ਕੇਸਾਂ ਦੀ ਗੁੰਝੀ ਸੁਲਝਾਉਣੀ ਮੁਸ਼ਕਲ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪੁਲਿਸ ਵੱਲੋਂ ਹੀ ਅਦਾਲਤੀ ਪ੍ਰਕਿਰਿਆ ਰਾਹੀਂ ਪਰਵਾਸੀਆਂ ਨੂੰ ਭਗੌੜੇ ਕਰਾਰ ਦਿਵਾਇਆ ਗਿਆ ਹੈ ਤੇ ਹੁਣ ਅਦਾਲਤਾਂ ਵਿਚ ਕੇਸਾਂ ਨੂੰ ਗਲਤ ਠਹਿਰਾਉਣਾ ਕੋਈ ਸੌਖਾ ਕੰਮ ਨਹੀਂ। ਪੰਜਾਬ ਸਰਕਾਰ ਨੂੰ ਪਰਵਾਸੀਆਂ ਵੱਲੋਂ ਜਿਹੜੀਆਂ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ 50 ਫੀਸਦੀ ਦੇ ਕਰੀਬ ਮਾਮਲੇ ਜ਼ਮੀਨਾਂ ਜਾਇਦਾਦਾਂ ਨਾਲ ਸਬੰਧਤ ਹੁੰਦੇ ਹਨ। ਇਸੇ ਤਰ੍ਹਾਂ 10 ਫੀਸਦੀ ਮਾਮਲੇ ਵਿਆਹਾਂ ਨਾਲ ਸਬੰਧਤ ਹੁੰਦੇ ਹਨ ਜਦੋਂਕਿ 40 ਫੀਸਦੀ ਦੇ ਕਰੀਬ ਹੋਰ ਅਪਰਾਧਿਕ ਮਾਮਲਿਆਂ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ।

# ਜਾਇਦਾਦ ਦੱਬਣ ਲਈ ਸਰਕਾਰੀ ਸ਼ਹਿ!

**ਚੰਡੀਗੜ੍ਹ:** ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਦੀ ਸ਼ਹਿ 'ਤੇ ਕੁਝ ਅਕਾਲੀ ਆਗੂਆਂ, ਪੁਲਿਸ ਅਫ਼ਸਰਾਂ ਤੇ ਗੁੰਡਾ ਅਨਸਰਾਂ ਦਾ ਗੱਠਜੋੜ ਪੰਜਾਬ ਵਿਚ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਜਾਇਦਾਦਾਂ 'ਤੇ ਧੱਕੇ ਨਾਲ ਕਬਜ਼ੇ ਕਰਕੇ ਜਾਅਲੀ ਕਾਗਜ਼ਾਂ ਸਹਾਰੇ ਉਨ੍ਹਾਂ ਨੂੰ ਆਪਣੇ ਨਾਂ ਕਰਵਾ ਰਹੇ ਹਨ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਤੇ ਮਜੀਠਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਲਾਲੀ ਮਜੀਠੀਆ ਨਾਲ ਪੱਤਰਕਾਰਾਂ ਸਾਹਮਣੇ ਆਏ ਕੁਝ ਪਰਵਾਸੀ ਪੰਜਾਬੀਆਂ ਦੇ ਰਿਸ਼ਤੇਦਾਰਾਂ ਨੇ ਉਕਤ ਦੋਸ਼ ਲਾਉਂਦਿਆਂ ਕੁਝ ਤੱਥ ਤੇ ਸਬੂਤ ਪੇਸ਼ ਕੀਤੇ ਕਿ ਬੀਤੇ ਦਿਨੀਂ ਲੁਧਿਆਣਾ ਵਿਚ ਜੋ ਪੁਲਿਸ ਅਧਿਕਾਰੀ ਮੰਡ ਦੀ ਅਕਾਲੀ ਆਗੂ ਸੰਨੀ ਜੌਹਰ ਤੇ ਉਸ ਦੇ ਸਾਥੀਆਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ, ਦਰਅਸਲ ਉਸ ਪਿੱਛੇ ਕਾਰਨ ਪਰਵਾਸੀ ਪੰਜਾਬੀ ਹੁੰਦਲ ਭਰਾਵਾਂ ਦੀ ਦੱਬੀ ਗਈ ਕਰੋੜਾਂ ਰੁਪਏ ਦੀ ਜ਼ਮੀਨ ਸੀ।

ਪਰਵਾਸੀ ਪੰਜਾਬੀ ਹਰਦਿਆਲ ਸਿੰਘ ਹੁੰਦਲ ਤੇ ਵਰਿੰਦਰ ਸਿੰਘ ਹੁੰਦਲ ਦੇ ਨਜ਼ਦੀਕੀ ਰਿਸ਼ਤੇਦਾਰ ਸੁਖਵਿੰਦਰ ਸਿੰਘ ਸੋਹੀ ਤੇ ਗੁਰਵਰਿੰਦਰ ਸਿੰਘ ਗਿੱਲ ਵੀ ਹਾਜ਼ਰ ਸਨ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਤੇ ਪੰਜਾਬ ਵਿਚ ਅਕਾਲੀ ਆਗੂਆਂ ਤੇ ਪੁਲਿਸ ਅਫ਼ਸਰਾਂ ਵੱਲੋਂ ਪਰਵਾਸੀ ਪੰਜਾਬੀਆਂ ਦੀਆਂ ਦੱਬੀਆਂ ਗਈਆਂ ਜਾਇਦਾਦਾਂ ਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ ਤਾਂ ਬਹੁਤ ਵੱਡੇ ਖੁਲਾਸੇ ਹੋਣਗੇ।

## ਸਰਕਾਰ ਵੀ ਪੂਰੀ ਤਰ੍ਹਾਂ ਗੰਭੀਰ ਨਹੀਂ

**ਚੰਡੀਗੜ੍ਹ:** ਰਾਜ ਸਰਕਾਰ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਜਿਸ ਪਿੰਡ ਦੇ 20 ਪਰਿਵਾਰਾਂ ਦੇ ਬੰਦੇ ਵਿਦੇਸ਼ ਵਿਚ ਰਹਿ ਰਹੇ ਹਨ, ਉਸ ਪਿੰਡ ਵਿਚ ਐਨ.ਆਰ.ਆਈ. ਪਰਿਵਾਰ ਦੇ ਕਿਸੇ ਬੰਦੇ ਨੂੰ ਨੰਬਰਦਾਰ ਨਿਯੁਕਤ ਕੀਤਾ ਜਾਵੇਗਾ ਤਾਂ ਜੋ ਜਾਇਦਾਦ ਨਾਲ ਸਬੰਧਤ ਮਾਮਲਿਆਂ ਨੂੰ ਘਟਾਇਆ ਜਾਵੇ। ਮਾਲ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿਚ ਹੁਣ ਤੱਕ 38 ਪਿੰਡਾਂ ਵਿਚ ਹੀ ਐਨ.ਆਰ.ਆਈ. ਨੰਬਰਦਾਰ ਨਿਯੁਕਤ ਕੀਤੇ ਜਾ ਸਕੇ ਹਨ।

ਇਨ੍ਹਾਂ ਵਿਚ 35 ਨਵਾਂ ਸ਼ਹਿਰ ਜ਼ਿਲ੍ਹੇ ਤੇ ਤਿੰਨ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਨਿਯੁਕਤ ਕੀਤੇ ਗਏ ਹਨ।ਜਲੰਧਰ, ਕਪੂਰਥਲਾ, ਲੁਧਿਆਣਾ ਤੇ ਮੋਗਾ ਜ਼ਿਲ੍ਹਿਆਂ ਵਿਚੋਂ ਵੀ ਵੱਡੀ ਗਿਣਤੀ ਵਿਅਕਤੀ ਵਿਦੇਸ਼ਾਂ ਵਿਚ ਰਹਿ ਰਹੇ ਹਨ ਪਰ ਇਨ੍ਹਾਂ ਜ਼ਿਲ੍ਹਿਆਂ ਦੇ ਇਕ ਵੀ ਪਿੰਡ ਵਿਚ ਐਨ.ਆਰ.ਆਈ. ਨੰਬਰਦਾਰ ਨਿਯੁਕਤ ਨਹੀਂ ਕੀਤਾ ਗਿਆ। ਇਸ ਤਰ੍ਹਾਂ ਸਰਕਾਰ ਨੇ ਜ਼ਿਲ੍ਹਾ ਮਾਲ ਅਫਸਰਾਂ ਨੂੰ ਮਾਲ ਅਦਾਲਤਾਂ ਦੇ ਮੁਖੀ ਲਾਇਆ ਗਿਆ ਹੈ ਪਰ ਜ਼ਿਲ੍ਹਾ ਮਾਲ ਅਫ਼ਸਰਾਂ ਦੀਆਂ ਅੱਧੀਆਂ ਅਸਾਮੀਆਂ ਖ਼ਾਲੀ ਪਈਆਂ ਹਨ।

## ਪੁਲਿਸ ਨੇ ਵੀ ਜਾਰੀ ਕੀਤੀ ਵੈਬਸਾਈਟ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਆਈ. ਜੀ. ਦੀ ਅਗਵਾਈ ਹੇਠ ਕਾਇਮ ਕੀਤੇ ਐਨ. ਆਰ. ਆਈ. ਸੈੱਲ ਨੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਹਾਸਲ ਕਰਨ ਤੇ ਨਿਬੇੜਨ ਲਈ ਵੱਖਰੀ ਵੈੱਬਸਾਈਟ ਕਾਇਮ ਕੀਤੀ ਹੈ ਜਿਸ ਨੂੰ ਚਾਲੂ ਕਰਨ ਦੀ ਰਸਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਦਾ ਕੀਤੀ। ਆਈ.ਜੀ. ਗੁਰਪ੍ਰੀਤ ਦਿਓ ਨੇ ਵੈੱਬਸਾਈਟ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਸਰਕਾਰ ਨੇ ਅੱਠ ਐਨ.ਆਰ.ਆਈ. ਥਾਣੇ ਵੀ ਖੋਲ੍ਹੇ ਹਨ।

## ਪਰਵਾਸੀਆਂ ਦੀਆਂ ਸ਼ਿਕਾਇਤਾਂ ਹੋਈਆਂ ਦੁਗਣੀਆਂ

ਜਲੰਧਰ: ਪਰਵਾਸੀ ਪੰਜਾਬੀਆਂ ਬਾਰੇ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੀ ਆਈ. ਜੀ. ਗੁਰਪ੍ਰੀਤ ਕੌਰ ਦਿਓ ਦੀ ਅਗਵਾਈ ਵਿਚ ਬਣਾਏ ਐਨ.ਆਰ.ਆਈ. ਸੈੱਲ ਨੂੰ ਮਿਲਣ ਵਾਲੀਆਂ ਸ਼ਿਕਾਇਤਾਂ ਸਾਲ 2012 ਵਿਚ ਦੁੱਗਣੀਆਂ ਹੋ ਗਈਆਂ ਤੇ ਇਨ੍ਹਾਂ ਵਿਚੋਂ 81 ਫ਼ੀਸਦੀ ਸ਼ਿਕਾਇਤਾਂ ਦਾ ਨਿਬੇੜਾ ਕਰ ਦਿੱਤਾ ਗਿਆ ਹੈ। ਆਈ. ਜੀ. ਦਿਓ ਨੇ ਦੱਸਿਆ ਕਿ ਸਾਲ 2011 ਵਿਚ 571 ਸ਼ਿਕਾਇਤਾਂ ਮਿਲੀਆਂ ਸਨ ਜਦਕਿ 2012 ਵਿਚ ਮਿਲੀਆਂ ਸ਼ਿਕਾਇਤਾਂ ਦੀ ਗਿਣਤੀ 1169 ਸੀ।

ਕੁਲ ਮਿਲਾ ਕੇ ਸਾਰੇ ਥਾਣਿਆਂ ਤੇ ਜ਼ਿਲ੍ਹਿਆਂ ਵਿਚ ਸਾਲ 2011 'ਚ ਦੋ ਹਜ਼ਾਰ ਤੇ ਸਾਲ 2012 ਵਿਚ ਤਿੰਨ ਹਜ਼ਾਰ ਸ਼ਿਕਾਇਤਾਂ ਆਈਆਂ। ਉਨ੍ਹਾਂ ਦੱਸਿਆ ਕਿ ਮਿਲਣ ਵਾਲੀਆਂ ਕੁੱਲ ਸ਼ਿਕਾਇਤਾਂ ਵਿਚ 10 ਫ਼ੀਸਦੀ ਦੇ ਕਰੀਬ ਮਾਮਲੇ ਵਿਆਹ-ਸ਼ਾਦੀ ਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਪੁੱਜਣ ਵਾਲੀਆਂ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਹੁੰਦੀ ਹੈ ਤੇ ਵੱਖ-ਵੱਖ ਥਾਵਾਂ ਨੂੰ ਭੇਜੀਆਂ ਜਾਣ ਵਾਲੀਆਂ ਸ਼ਿਕਾਇਤਾਂ ਉੱਪਰ ਹੋਣ ਵਾਲੀ ਕਾਰਵਾਈ ਬਾਰੇ ਦਫ਼ਤਰ ਵੱਲੋਂ ਜਾਣਕਾਰੀ ਹਾਸਲ ਕਰਕੇ ਪੀੜਤਾਂ ਨੂੰ ਭੇਜੀ ਜਾਂਦੀ ਹੈ।

# ਕੈਨੇਡਾ ਵਿਚ ਨਸਲੀ ਵਿਤਕਰਾ ਨਹੀਂ: ਟਿਮ ਉੱਪਲ

**ਚੰਡੀਗੜ੍ਹ:** ਕੈਨੇਡਾ ਸਰਕਾਰ ਵਿਚ ਪਹਿਲੇ ਪਗੜੀਧਾਰੀ ਸਿੱਖ ਮੰਤਰੀ ਟਿਮ ਉੱਪਲ ਨੇ ਕਿਹਾ ਕਿ ਕੈਨੇਡਾ ਪਰਵਾਸੀਆਂ ਦੇ ਦੇਸ਼ ਵਜੋਂ ਜਾਣਿਆ ਜਾਂਦਾ ਹੈ ਤੇ ਉੱਥੇ ਨਸਲੀ ਵਿਤਕਰੇ ਦੀ ਕੋਈ ਸੰਭਾਵਨਾ ਨਹੀਂ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਵੱਖ ਵੱਖ ਦੇਸ਼ਾਂ ਦੇ ਲੋਕ ਵਸੇ ਹੋਏ ਹਨ। ਉੱਥੇ ਖ਼ਾਸ ਕਰਕੇ ਚੀਨ, ਫਿਲਪੀਨਜ਼ ਤੇ ਭਾਰਤ ਆਦਿ ਦੇਸ਼ਾਂ ਦੇ ਲੋਕਾਂ ਦੀ ਗਿਣਤੀ ਵੱਧ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਕੈਨੇਡਾ ਦੇ ਵਪਾਰ, ਨੌਕਰੀਆਂ ਤੇ ਸਿਆਸਤ ਵਿਚ ਚੰਗੀ ਹੋਂਦ ਬਣਾ ਲਈ ਹੈ ਪਰ ਕੈਨੇਡੀਅਨ ਨਾਗਰਿਕ ਮਿਹਨਤੀ ਪੰਜਾਬੀਆਂ ਨੂੰ ਈਰਖਾ ਭਾਵਨਾ ਨਾਲ ਨਹੀਂ ਸਗੋਂ ਉਤਸ਼ਾਹੀ ਨਜ਼ਰਾਂ ਨਾਲ ਦੇਖਦੇ ਹਨ।

ਕੈਨੇਡਾ ਸਰਕਾਰ ਵਿਚ ਡੈਮੋਕ੍ਰੇਟਿਕ ਰਿਫਾਰਮਜ਼ ਦੇ ਮੰਤਰੀ ਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਟਿਮ ਉੱਪਲ ਨੇ ਆਪਣੀ ਮਿਸਾਲ ਦਿੰਦਿਆਂ ਕਿਹਾ ਕਿ ਗੋਰਿਆਂ ਦੇ ਗੜ੍ਹ ਵਾਲੇ ਹਲਕੇ ਸ਼ੇਰਵੁੱਡ ਪਾਰਕ ਐਡਮਿੰਟਨ ਵਿਚੋਂ ਪੂਰੀ ਤਰ੍ਹਾਂ ਇਕ ਸਿੱਖੀ ਸਰੂਪ ਵਾਲੇ ਪਰਵਾਸੀ ਪੰਜਾਬੀ ਦਾ ਜਿੱਤਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਕੈਨੇਡਾ ਵਿਚ ਨਸਲੀ ਵਿਤਕਰੇਬਾਜ਼ੀ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਰੌਚਕ ਤੱਥ ਸਾਂਝਾ ਕਰਦਿਆਂ ਦੱਸਿਆ ਕਿ ਜਦੋਂ ਉਹ ਸਾਲ 2000 ਤੇ 2004 ਦੀਆਂ ਸੰਸਦ ਮੈਂਬਰ ਦੀਆਂ ਚੋਣਾਂ ਵਿਚੋਂ ਦੋ ਵਾਰ ਹਾਰੇ ਸਨ ਤਾਂ ਉਨ੍ਹਾਂ ਦੇ ਸਹਿਯੋਗੀਆਂ ਨੇ ਤੀਜੀ ਚੋਣ ਕਲੀਨਸ਼ੇਵਨ ਹੋ ਕੇ ਲੜਨ ਦੀ ਸਲਾਹ ਦਿੱਤੀ ਪਰ ਉਨ੍ਹਾਂ ਨੇ ਸਿੱਖੀ ਸਰੂਪ ਵਿਚ ਹੀ ਚੋਣ ਲੜਨ ਦਾ ਫੈਸਲਾ ਕੀਤਾ ਸੀ ਤੇ 2008 ਵਿਚ ਉਹ ਸੰਸਦ ਮੈਂਬਰ ਬਣੇ। ਮਗਰੋਂ ਸਟੀਫਨ ਹਾਰਪਰ ਦੀ ਸਰਕਾਰ ਵਿਚ ਮੰਤਰੀ ਬਣੇ।

## ਸਰਕਾਰ ਪਰਵਾਸੀ ਮੀਡੀਆ 'ਤੇ ਮਿਹਰਬਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀ ਭਾਰਤੀ ਸੰਮੇਲਨ ਦੌਰਾਨ ਪਰਵਾਸੀ ਪੰਜਾਬੀ ਮੀਡੀਆ ਨੂੰ ਵਿਸ਼ੇਸ਼ ਤੌਰ 'ਤੇ ਮਾਨਤਾ ਦੇਣ ਦਾ ਐਲਾਨ ਕੀਤਾ ਹੈ। ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਛਪਣ ਵਾਲੇ ਪੰਜਾਬੀ ਅਖ਼ਬਾਰਾਂ ਦੇ ਸੰਪਾਦਕਾਂ ਤੇ ਪ੍ਰਤੀਨਿਧੀਆਂ ਨੂੰ ਉਹ ਸਾਰੀਆਂ ਸਹੂਲਤਾਂ ਤੇ ਮਾਨਤਾ ਦੇ ਕਾਰਡ ਜਾਰੀ ਕੀਤੇ ਜਾਣਗੇ ਜਿਸ ਤਰ੍ਹਾਂ ਦੀ ਸਹੂਲਤ ਪੰਜਾਬ ਤੋਂ ਪ੍ਰਕਾਸ਼ਿਤ ਹੋਣ ਵਾਲੇ ਅਖ਼ਬਾਰਾਂ ਨੂੰ ਦਿੱਤੀ ਜਾਂਦੀ ਹੈ।

ਇਸ ਮੌਕੇ ਪਰਵਾਸੀ ਮੀਡੀਆ ਦਾ ਵਿਸ਼ੇਸ਼ ਸੈਸ਼ਨ ਵੀ ਰੱਖਿਆ ਗਿਆ। ਇਸ ਸੈਸ਼ਨ ਦੌਰਾਨ ਵਿਦੇਸ਼ਾਂ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰਾਂ ਦੇ ਸੰਪਾਦਕਾਂ ਤੇ ਮਾਲਕਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਅਮਰ ਸਿੰਘ ਭੁੱਲਰ, ਦਲਜੀਤ ਸਿੰਘ ਸਰਾਂ, ਗੁਰਮਿੰਦਰ ਧਾਲੀਵਾਲ, ਗੁਰਬਲਿੰਦਰ ਸੰਧੂ ਤੇ ਜਗਦੀਸ਼ ਗਰੇਵਾਲ ਨੇ ਵਿਚਾਰ ਰੱਖੇ।

## ਮਜੀਠੀਏ ਦਾ ਦਬਕਾ

**ਚੰਡੀਗੜ੍ਹ:** ਪਰਵਾਸੀ ਪੰਜਾਬੀਆਂ ਨੇ ਇਕ ਗੱਲ ਸਪਸ਼ਟ ਕੀਤੀ ਕਿ ਉਨ੍ਹਾਂ ਨੂੰ ਦਬਕਾ ਮਾਰ ਕੇ ਇੱਥੇ ਬੁਲਾਇਆ ਗਿਆ ਹੈ। ਇਕ ਪਰਵਾਸੀ ਨੁਮਾਇੰਦੇ ਨੇ ਕਿਹਾ ਕਿ ਉਹ ਬਿਕਰਮ ਮਜੀਠੀਆ ਦੇ ਫੋਨ ਕਰਨ 'ਤੇ ਹੀ ਇਥੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਦਾ ਦਬਕਾ ਬਹੁਤ ਮਾੜਾ ਹੈ ਜਿਸ ਕਰਕੇ ਨਾ ਆਉਣ ਦਾ ਸੁਆਲ ਹੀ ਨਹੀਂ ਸੀ। ਇਸੇ ਤਰ੍ਹਾਂ ਕਈ ਹੋਰ ਪ੍ਰਤੀਨਿਧੀਆਂ ਨੇ ਵੀ ਕਿਹਾ ਕਿ ਉਹ ਮਜੀਠੀਆ ਵੱਲੋਂ ਉਨ੍ਹਾਂ ਨੂੰ ਖੁਦ ਕੀਤੇ ਫੋਨਾਂ ਕਰਕੇ ਹੀ ਪਹੁੰਚੇ ਹਨ। ਬੇਸ਼ੱਕ ਇਸ ਸਮੇਂ ਉਹ ਮਜੀਠੀਆ ਦੀ ਵਡਿਆਈ ਕਰ ਰਹੇ ਸਨ ਪਰ ਨਾਲ ਹੀ ਇਹ ਵੀ ਦੱਸ ਗਏ ਕਿ ਉਹ ਮਜੀਠੀਆ ਦੇ ਦਬਕੇ ਤੋਂ ਡਰਦੇ ਮਾਰੇ ਇਥੇ ਪਹੁੰਚੇ ਹਨ।

# ਗਦਰੀਆਂ ਨੂੰ ਭੁੱਲ ਹੀ ਗਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੇ ਮਾਣ-ਸਨਮਾਨ ਲਈ ਪਰਵਾਸੀ ਭਾਰਤੀ ਸੰਮੇਲਨ ਕਰਵਾਇਆ ਹੈ ਪਰ ਇਸ ਸੰਮੇਲਨ ਵਿਚ ਗਦਰੀ ਬਾਬਿਆਂ ਨੂੰ ਬੁਰੀ ਤਰ੍ਹਾਂ ਭੁਲਾਈ ਰੱਖਿਆ। ਗਦਰੀ ਬਾਬੇ ਉਹ ਪਰਵਾਸੀ ਭਾਰਤੀ ਸਨ ਜਿਨ੍ਹਾਂ ਨੇ ਡਾਲਰਾਂ ਤੇ ਪੌਂਡਾਂ ਦਾ ਮੋਹ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ ਜੰਗ ਲੜੀ ਸੀ। ਇਨ੍ਹਾਂ ਗਦਰੀਆਂ ਵਿਚ 50 ਫੀਸਦੀ ਪੰਜਾਬੀ ਹੀ ਸਨ।

ਸਾਲ 2013 ਗਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ ਜਿਸ ਨੂੰ ਕੁਝ ਲੋਕਪੱਖੀ ਜਥੇਬੰਦੀਆਂ ਵਿਸ਼ਵ ਪੱਧਰ 'ਤੇ ਮਨਾ ਰਹੀਆਂ ਹਨ। ਕੇਂਦਰ ਸਰਕਾਰ ਦੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰਾਲੇ ਨੇ ਵੀ ਪਰਵਾਸੀ ਭਾਰਤੀ ਦਿਵਸ ਮੌਕੇ ਗਦਰੀਆਂ ਨੂੰ ਵਿਸ਼ੇਸ਼ ਸ਼ਰਧਾਂਜਲੀ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ ਪਰ ਪੰਜਾਬ ਸਰਕਾਰ ਇਨ੍ਹਾਂ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਭੁੱਲ ਬੈਠੀ ਹੈ। ਪੰਜਾਬ ਸਰਕਾਰ ਨੇ ਐਨਆਰਆਈ ਸੰਮੇਲਨ ਵਿਚ ਕਿਸੇ ਵੀ ਗਦਰੀ ਬਾਬੇ ਦੇ ਰਿਸ਼ਤੇਦਾਰਾਂ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਬੁਲਾਇਆ।

ਕੋਲਕਾਤਾ ਵਿਚ ਗਦਰ ਲਹਿਰ ਨੂੰ ਸਮਰਪਿਤ ਯਾਦਗਾਰ 2011 ਵਿਚ ਬਣਾਈ ਜਾ ਚੁੱਕੀ ਹੈ ਪਰ ਪੰਜਾਬ ਸਰਕਾਰ ਅਜੇ ਤੱਕ ਕੋਈ ਯਾਦਗਾਰ ਬਣਾਉਣ ਜਾਂ ਇਸ ਬਾਰੇ ਕੋਈ ਪ੍ਰੋਗਰਾਮ



ਸ਼ੁਰੂ ਕਰਨ ਦਾ ਫੈਸਲਾ ਨਹੀਂ ਲੈ ਸਕੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਨੂੰ ਬਿਲਕੁਲ ਭੁਲਾਈ ਬੈਠੀ ਹੈ। ਉਂਜ ਮੀਡੀਆ ਵਿਚ ਅਲੋਚਨਾ ਹੋਣ ਕਰਕੇ ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀ ਸੰਮੇਲਨ ਦੌਰਾਨ ਗ਼ਦਰੀ ਦੇਸ਼ ਭਗਤਾਂ ਨੂੰ ਵੀ ਯਾਦ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸੰਬੋਧਨ ਤੋਂ ਬਾਅਦ ਕਿਹਾ ਕਿ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਗਦਰੀਆਂ ਨੇ ਮੁਲਕ ਨੂੰ ਆਜ਼ਾਦ ਕਰਾਉਣ ਲਈ 100 ਸਾਲ ਪਹਿਲਾਂ ਗਦਰ ਲਹਿਰ ਦੀ ਸ਼ੁਰੂਆਤ ਕੀਤੀ ਸੀ। ਇਸ ਲਈ ਇਨ੍ਹਾਂ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਜਾਣੀ ਚਾਹੀਦੀ ਸੀ। ਸਮੂਹ ਇਕੱਤਰਤਾ ਨੇ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ।

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵੱਡੇ ਬਾਦਲ ਦੀਆਂ ਝਿੜਕਾਂ ਅਸਲੀ ਕਿ ਨਕਲੀ?

*(ਸਫਾ ਇਕ ਦੀ ਬਾਕੀ)*

ਮਾਹਿਰਾਂ ਮੁਤਾਬਕ ਰਵਾਇਤੀ ਅਕਾਲੀ ਲੀਡਰਸ਼ਿਪ ਦਾ 'ਸੁਖਬੀਰ ਮਾਰਕਾ ਸਿਆਸਤ' ਵਿਚ ਦਮ ਘੁਟ ਰਿਹਾ ਹੈ। ਇਸ ਤੱਥ ਦੀ ਪੁਸ਼ਟੀ ਉਸ ਦਿਨ ਵੀ ਹੋਈ ਸੀ ਜਦੋਂ ਵਿਧਾਨ ਸਭਾ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਸ਼ਰੇਆਮ ਗਾਲਾਂ ਕੱਢੀਆਂ ਜਾ ਰਹੀਆਂ ਤਾਂ ਸ. ਬਾਦਲ ਬੋਲਣ ਲਈ ਉਠਣ ਹੀ ਲੱਗੇ ਸਨ ਕਿ ਪਰ ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਰੋਕ ਦਿੱਤਾ ਸੀ।

ਸਿਆਸੀ ਮਾਹਿਰਾਂ ਮੁਤਾਬਕ ਹੁਣ ਭਾਵੇਂ ਭਲਾ ਵੇਲਾ ਲੰਘ ਚੁੱਕਾ ਹੈ ਪਰ ਸ. ਬਾਦਲ ਵੱਲੋਂ ਖੁੱਲ੍ਹੇਆਮ ਰਵਾਇਤੀ ਅਕਾਲੀ ਪੈਂਤੜਾ ਮੱਲਣ ਨਾਲ ਇਕ ਵਾਰ ਅਕਾਲੀ ਸਿਆਸਤ ਅੰਦਰ ਹਲਚਲ ਜ਼ਰੂਰ ਪੈਦਾ ਹੋ ਗਈ ਹੈ। ਸ. ਸੁਖਬੀਰ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ ਤੇ ਸਾਰੀਆਂ ਪ੍ਰਸ਼ਾਸਕੀ ਲਗਾਮਾਂ ਆਪਣੇ ਹੱਥ ਕਰ ਲੈਣ ਅਤੇ ਸ. ਬਿਕਰਮ ਸਿੰਘ ਮਜੀਠੀਆ ਦੇ ਨਵੀਂ ਸਰਕਾਰ ਵਿਚ ਹਾਵੀ ਹੋਣ ਤੋਂ ਬਾਅਦ ਸਾਹਮਣੇ ਆਏ ਨਤੀਜਿਆਂ ਨਾਲ ਟਕਸਾਲੀ ਆਗੂ ਹੱਕੇ-ਬੱਕੇ ਰਹਿ ਗਏ ਹਨ। ਉਂਜ, ਇਨ੍ਹਾਂ ਵਿਚੋਂ ਕੋਈ ਵੀ ਕਦੀ ਕੁਝ ਨਹੀਂ ਬੋਲਿਆ। ਕੁਝ ਆਗੂਆਂ ਨੇ ਤਾਂ ਭਾਣਾ ਮੰਨਦਿਆਂ ਆਪੋ-ਆਪਣੇ ਧੀਆਂ-ਪੁੱਤਾਂ ਲਈ ਥਾਂਵਾਂ ਰਾਖਵੀਆਂ ਕਰਵਾ ਲਈਆਂ।

ਯਾਦ ਰਹੇ ਕਿ ਪਿਛਲੇ ਇਕ ਦਹਾਕੇ ਤੋਂ ਇਸ ਸਬੰਧੀ ਜੱਦੋਜਹਿਦ ਚੱਲ ਰਹੀ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਰਵਾਇਤੀ ਲੀਡਰਸ਼ਿਪ ਪੂਰੀ ਤਰ੍ਹਾਂ ਹਾਸ਼ੀਏ ਉੱਪਰ ਧੱਕੀ ਗਈ ਹੈ। ਇਸ ਨੇ ਕਦੀ ਵੀ ਅਗਲੀ ਪੀੜ੍ਹੀ ਨਾਲ ਟੱਕਰ ਲੈਣ ਦੀ ਹਿੰਮਤ ਨਾ ਵਿਖਾਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਕਦਰਾਂ ਕੀਮਤਾਂ ਅਤੇ ਸਿਆਸੀ ਸਿਧਾਂਤ 'ਤੇ ਸੁਖਬੀਰ ਦੀ ਮਨਮਰਜ਼ੀ ਵਾਲੀ ਸਿਆਸਤ ਭਾਰੂ ਹੋ ਗਈ ਜਿਸ ਕਰ ਕੇ ਪਾਰਟੀ ਵਿਚ ਜਰਾਇਮ ਪੇਸ਼ਾ ਤੇ ਵਪਾਰਕ ਬਿਰਤੀਆਂ ਵਾਲੇ ਉਹ ਲੋਕ ਧੜਾਧੜ ਸ਼ਾਮਲ ਹੋ ਗਏ ਜੋ ਸਰਕਾਰੀ ਸਰਪ੍ਰਸਤੀ ਹੇਠ ਰਾਤੋ-ਰਾਤ ਅਮੀਰ ਬਣਨਾ ਲੋਚਦੇ ਸਨ।

ਉਂਜ, ਸ. ਪ੍ਰਕਾਸ਼ ਸਿੰਘ ਬਾਦਲ ਨੇ ਤਿੱਖੀਆਂ ਟਿੱਪਣੀਆਂ ਕਰ ਕੇ ਸੰਕੇਤ ਦਿੱਤਾ ਕਿ ਰਵਾਇਤੀ ਅਕਾਲੀ ਸਿਆਸਤ ਦੇ ਦਿਨ ਅਜੇ ਪੁੱਗੇ ਨਹੀਂ ਤੇ ਉਹ ਖੁਦ ਇਸ ਸਿਆਸਤ ਦੇ ਥੰਮ ਬਣ ਕੇ ਖੜ੍ਹੇ ਹਨ। ਸ. ਬਾਦਲ ਨੇ ਅਕਾਲੀ ਦਲ ਦੇ ਆਜ਼ਾਦੀ, ਜਮਹੂਰੀਅਤ ਤੇ ਲੋਕ ਹਮਾਇਤੀ ਸੰਘਰਸ਼ਾਂ ਦਾ ਬਿਆਨ ਕਰ ਕੇ ਸੁਖਬੀਰ ਮਾਡਲ ਵਾਲੀ ਸਿਆਸਤ 'ਤੇ ਵਾਰ ਕੀਤਾ। ਉਨ੍ਹਾਂ ਟਕਸਾਲੀ ਆਗੂਆਂ ਵੱਲੋਂ ਕੈਦਾਂ ਕੱਟਣ ਤੇ ਕੁਰਬਾਨੀਆਂ ਨੂੰ ਸਾਹਮਣੇ ਲਿਆ ਕੇ ਸੁਖਬੀਰ-ਮਜੀਠੀਆ ਜੋੜੀ ਨੂੰ ਵੰਗਾਰਿਆ ਤੇ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਦੀ ਅਕਾਲੀ ਦਲ ਨੂੰ ਭਲਾ ਕੀ ਦੇਣ ਹੈ? ਸ. ਬਾਦਲ ਨੇ ਪੰਜਾਬ ਦੀ ਚਕਾਚੌਂਧ ਤਸਵੀਰ ਦਿਖਾਉਣ ਦੀ ਰਣਨੀਤੀ ਨੂੰ ਰੱਦ ਕਰਦਿਆਂ ਸਾਹਮਣੇ ਖੜ੍ਹੀਆਂ ਸ਼ਹਿਰੀ ਵਿਕਾਸ, ਦਰਿਆਈ ਪਾਣੀਆਂ ਦੇ ਗੰਧਲਣ, ਕਿਸਾਨੀ ਸੰਕਟ ਨੂੰ ਪਰਵਾਸੀ ਪੰਜਾਬੀਆਂ ਅੱਗੇ ਰੱਖਿਆ।

ਸ. ਬਾਦਲ ਭਾਵੇਂ ਇਸ ਨੂੰ ਐਵੇਂ ਦਿਲ ਦੀਆਂ ਗੱਲਾਂ ਕਰਾਰ ਦੇ ਰਹੇ ਹਨ ਪਰ ਗੰਭੀਰ ਸਿਆਸੀ ਹਲਕਿਆਂ ਵਿਚ ਸ. ਬਾਦਲ ਦੇ ਭਾਸ਼ਣ ਨੂੰ ਸੋਚੀ-ਸਮਝੀ ਕਾਰਵਾਈ ਕਰਾਰ ਦਿੱਤਾ ਜਾ ਰਿਹਾ ਹੈ। ਸ. ਬਾਦਲ ਦੇ ਲੰਬੇ ਸਿਆਸੀ ਸਫਰ ਨੂੰ ਜਾਣਨ ਵਾਲਿਆਂ ਦਾ ਕਹਿਣਾ ਹੈ ਕਿ ਉਹ ਕਦੇ ਵੀ ਕਿਸੇ ਮਾਮਲੇ ਵਿਚ ਤੱਤ-ਭੜੱਤਾ ਪ੍ਰਤੀਕਰਮ ਨਹੀਂ ਦਿੰਦੇ ਤੇ ਨਾ ਹੀ ਤੈਸ਼ ਵਿਚ ਆ ਕੇ ਕਦੇ ਗੱਲ ਕਰਦੇ ਹਨ। ਉਨ੍ਹਾਂ ਦੀ ਕਹੀ ਗੱਲ ਪਿੱਛੇ ਡੂੰਘਾ ਅਨੁਭਵ ਤੇ ਅਰਥ ਹੁੰਦਾ ਹੈ। ਸਮਝਿਆ ਜਾ ਰਿਹਾ ਹੈ ਕਿ ਪਿਛਲੇ ਸਮੇਂ ਵਿਚ ਨਵੀਂ ਪੀੜ੍ਹੀ ਹੱਥ ਆਈ ਪਾਰਟੀ ਤੇ ਸਰਕਾਰ ਦੀ ਵਾਗਡੋਰ ਦੀ ਕਾਰਗੁਜ਼ਾਰੀ ਤੋਂ ਵੀ ਸ. ਬਾਦਲ ਕਾਫੀ ਫਿਕਰਮੰਦ ਹਨ; ਖਾਸ ਕਰ ਪਿਛਲੇ ਦਿਨਾਂ ਵਿਚ ਵਾਪਰੀਆਂ ਘਟਨਾਵਾਂ ਤੇ ਸਮੁੱਚੀ ਰਵਾਇਤੀ ਅਕਾਲੀ ਲੀਡਰਸ਼ਿਪ ਦੇ ਹਾਸ਼ੀਏ ਉੱਪਰ ਚਲੇ ਜਾਣ ਤੋਂ ਉਹ ਕਾਫੀ ਖਫ਼ਾ ਹਨ।

ਪਿਛਲੇ ਦਿਨਾਂ ਵਿਚ ਕੁਝ ਅਹਿਮ ਕਾਂਗਰਸ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਬਾਅਦ ਅਹਿਮ ਅਹੁਦੇ ਦੇਣ ਦਾ ਟਕਸਾਲੀ ਅਕਾਲੀ ਆਗੂਆਂ ਤੇ ਵਰਕਰਾਂ ਨੇ ਬੜਾ ਬੁਰਾ ਮਨਾਇਆ ਹੈ। ਕਈਆਂ ਨੇ ਸ. ਬਾਦਲ ਤੱਕ ਪਹੁੰਚ ਕਰਕੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਹੈ। ਪਿਛਲੇ ਸਾਲਾਂ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ. ਬਾਦਲ ਆਪਣੀ ਵਿਰਾਸਤ ਅੱਗੇ ਦੇਣ ਲਈ ਯਤਨਸ਼ੀਲ ਹਨ ਪਰ ਨਾਲ ਦੀ ਨਾਲ ਉਹ ਆਪ ਵੀ ਕਮਾਨ ਇੰਨੀ ਛੇਤੀ ਛੱਡਣ ਦਾ ਮਨ ਨਹੀਂ ਬਣਾ ਰਹੇ। ਨਵੇਂ ਆਏ ਸੰਕੇਤਾਂ ਨੇ ਇਕ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਰਾਜ ਦੀ ਵਾਗਡੋਰ ਅਜੇ ਸ. ਬਾਦਲ ਦੇ ਹੀ ਹੱਥ ਰਹੇਗੀ।

## ਕਸੂਤਾ ਫਸਿਆ ਬਾਪੂ ਆਸਾਰਾਮ

**ਨਵੀਂ ਦਿੱਲੀ:** ਧਾਰਮਿਕ ਆਗੂ ਬਾਪੂ ਆਸਾ ਰਾਮ ਵੱਲੋਂ ਦਿੱਲੀ ਸਮੂਹਿਕ ਬਲਾਤਕਾਰ ਕਾਂਡ ਬਾਰੇ ਪੇਸ਼ ਕੀਤੇ ਵਿਚਾਰਾਂ ਨੇ ਵਿਵਾਦ ਛੇੜ ਦਿੱਤਾ ਹੈ। ਉਨ੍ਹਾਂ ਕਥਾ ਦੌਰਾਨ ਔਰਤ ਨੂੰ ਅਬਲਾ ਕਿਹਾ ਤੇ ਬਲਾਤਕਾਰ ਪੀੜਤ ਨੂੰ ਵੀ ਦੋਸ਼ੀ ਠਹਿਰਾਇਆ।



ਉਨ੍ਹਾਂ ਕਿਹਾ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ। ਉਨ੍ਹਾਂ ਨਸੀਹਤ ਦਿੱਤੀ ਕਿ ਜੇ ਪੀੜਤ ਕੁੜੀ ਨੇ ਸਰਸਵਤੀ ਮੰਤਰ ਦਾ ਗਾਇਨ ਕੀਤਾ ਹੁੰਦਾ, ਕਿਸੇ ਮੁਲਜ਼ਮ ਨੂੰ ਧਰਮ ਦਾ ਭਰਾ ਕਹਿ ਕੇ ਛੱਡਣ ਲਈ ਵਾਸਤਾ ਪਾਇਆ ਹੁੰਦਾ ਤੇ ਬਾਕੀ ਮੁਲਜ਼ਮਾਂ ਦੇ ਪੈਰ ਫੜ ਕੇ ਅਬਲਾ ਹੋਣ ਤਰਲੇ ਪਾਏ ਹੁੰਦੇ ਤਾਂ ਉਸ ਨਾਲ ਐਨਾ ਭਿਆਨਕ ਕਾਰਾ ਨਹੀਂ ਵਾਪਰਨਾ ਸੀ। ਇਨ੍ਹਾਂ ਵਿਚਾਰਾਂ ਦੀ ਕਈ ਧਾਰਮਿਕ, ਰਾਜਸੀ ਤੇ ਸਮਾਜਿਕ ਆਗੂਆਂ ਨੇ ਸਖ਼ਤ ਅਲੋਚਨਾ ਕੀਤੀ ਹੈ। ਕਈ ਥਾਈਂ ਉਨ੍ਹਾਂ ਖਿਲਾਫ਼ ਪ੍ਰਦਰਸ਼ਨ ਵੀ ਹੋਏ।

## ਪਟਕਾ ਬੰਨ੍ਹ ਕੇ ਆਏ ਵਿਦਿਆਰਥੀ ਨੂੰ ਕਾਲਜ 'ਚੋਂ ਕੱਢਿਆ

**ਪੈਰਿਸ:** ਫਰਾਂਸ ਵਿਚ ਇਕ ਹੋਰ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਨੂੰ ਕਾਲਜ ਵਿਚੋਂ ਉਸ ਸਮੇਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ, ਜਦੋਂ ਉਹ ਕੇਸਕੀ ਬੰਨ੍ਹ ਕੇ ਪੜ੍ਹਨ ਲਈ ਵਿਦਿਅਕ ਅਦਾਰੇ ਅੰਦਰ ਦਾਖ਼ਲ ਹੋਇਆ। ਉਸ ਨੇ ਕਾਲਜ ਦੇ ਪ੍ਰਿੰਸੀਪਲ ਨੂੰ ਮਿਲ ਕੇ ਯੂ.ਐਨ.ਓ. ਦੇ ਨਵੇਂ ਆਏ ਫ਼ੈਸਲੇ ਦੀ ਕਾਪੀ ਉਨ੍ਹਾਂ ਨੂੰ ਦਿਖਾਈ ਜਿਸ ਵਿਚ ਯੂ.ਐਨ.ਓ. ਨੇ ਫਿਰ ਫਰਾਂਸ ਸਰਕਾਰ ਨੂੰ ਇਸ ਮਸਲੇ 'ਤੇ ਗੌਰ ਕਰਨ ਲਈ ਤੇ ਮੁੜ ਵਿਚਾਰਨ ਲਈ ਹਦਾਇਤ ਕੀਤੀ ਸੀ। ਪ੍ਰਿੰਸੀਪਲ ਨੇ ਇਸ ਫ਼ੈਸਲੇ ਨੂੰ ਮੰਨਣ ਤੋਂ ਕੋਰੀ ਨਾਂਹ ਕਰਦਿਆਂ ਕਿਹਾ ਕਿ ਅਜੇ ਤੱਕ ਫਰਾਂਸ ਸਰਕਾਰ ਵੱਲੋਂ ਕੋਈ ਆਦੇਸ਼ ਜਾਰੀ ਨਹੀਂ ਹੋਏ ਹਨ ਜਦੋਂ ਤੱਕ ਫਰਾਂਸ ਸਰਕਾਰ ਦਸਤਾਰ ਮਸਲੇ ਦੇ ਸਬੰਧ ਵਿਚ ਕੋਈ ਸੋਧ ਬਿੱਲ ਪਾਸ ਨਹੀਂ ਕਰਦੀ, ਉਦੋਂ ਤੱਕ ਸਿੱਖ ਵਿਦਿਆਰਥੀ ਵਿੱਦਿਅਕ ਅਦਾਰਿਆਂ ਵਿਚ ਪਟਕਾ ਜਾਂ ਛੋਟੀ ਦਸਤਾਰ ਬੰਨ੍ਹ ਕੇ ਦਾਖਲ ਨਹੀਂ ਹੋ ਸਕਦੇ।

## ਡਾ. ਮਨਮੋਹਨ ਸਿੰਘ ਵੱਲੋਂ ਪਰਵਾਸੀ ਭਾਰਤੀਆਂ ਨੂੰ ਨਿਵੇਸ਼ ਦਾ ਸੱਦਾ

**ਕੋਚੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਦੇਸ਼ ਦੇ ਵਿਕਾਸ ਲਈ ਅੱਗੇ ਆਉਣ ਤੇ ਇਥੇ ਨਿਵੇਸ਼ ਕਰਨ। ਡਾ. ਮਨਮੋਹਨ ਸਿੰਘ ਨੇ 11ਵੇਂ ਪਰਵਾਸੀ ਭਾਰਤੀ ਦਿਵਸ ਸੰਮੇਲਨ ਦਾ ਉਦਘਾਟਨ ਕਰਦਿਆਂ ਕਿਹਾ ਕਿ ਜਾਗਰੂਕ ਹੋ ਰਹੀ ਜਨਤਾ ਦੀਆਂ ਇੱਛਾਵਾਂ ਵਧ ਰਹੀਆਂ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵਿਦੇਸ਼ਾਂ ਵਿਚ ਵਸੇ ਭਾਰਤੀ ਭਾਈਚਾਰੇ ਨੂੰ ਉਨ੍ਹਾਂ ਦੇ ਯਤਨਾਂ ਵਿਚ ਸਰਕਾਰ ਦੀ ਮਦਦ ਦਾ ਭਰੋਸਾ ਦਿੰਦਿਆਂ ਭਾਰਤ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।



ਪ੍ਰਵਾਸੀ ਭਾਰਤੀ ਸੰਮੇਲਨ ਵਿਚ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਭਾਰਤੀ ਮੂਲ ਦੇ ਲੋਕ ਹਿੱਸਾ ਲੈ ਰਹੇ ਹਨ। ਸੰਮੇਲਨ ਦੇ ਮੁੱਖ ਮਹਿਮਾਨ ਮਾਰੀਸ਼ਸ ਦੇ ਰਾਸ਼ਟਰਪਤੀ ਰਾਜਕੇਸ਼ਵਰ ਪਰਯਾਗ ਹਨ। ਪ੍ਰਧਾਨ ਮੰਤਰੀ ਨੇ ਪਰਵਾਸੀ ਭਾਰਤੀਆਂ ਨੂੰ ਕਿਹਾ ਕਿ ਪਿਛਲੇ ਦੋ ਦਹਾਕਿਆਂ ਵਿਚ ਵਧੀਆ ਆਰਥਿਕ ਪ੍ਰਦਰਸ਼ਨ ਤੇ ਵਿਆਪਕ ਪੱਧਰ 'ਤੇ ਤਬਦੀਲੀ ਦੇ ਬਾਵਜੂਦ ਦੇਸ਼ ਸਾਹਮਣੇ ਗਰੀਬੀ, ਸਮਾਨਤਾ, ਨਿਰੰਤਰਤਾ ਬਣਾਈ ਰੱਖਣ ਤੇ ਮੌਕੇ ਮੁਹੱਈਆ ਕਰਵਾਉਣ ਵਰਗੀਆਂ ਚੁਣੌਤੀਆਂ ਅਜੇ ਵੀ ਖੜ੍ਹੀਆਂ ਹਨ। ਡਾ. ਸਿੰਘ ਨੇ ਕਿਹਾ ਕਿ ਸਰਕਾਰ ਦੂਸਰੇ ਦੇਸ਼ਾਂ ਵਿਚ ਵਸੇ ਭਾਰਤੀਆਂ ਦੇ ਨਾਲ ਸਬੰਧ ਗੂੜ੍ਹੇ ਕਰਨ ਲਈ ਸਾਰੇ ਸੰਭਵ ਯਤਨ ਕਰੇਗੀ, ਉਨ੍ਹਾਂ ਦੇ ਹਿੱਤਾਂ ਨੂੰ ਮਹੱਤਵ ਦੇਵੇਗੀ ਤੇ ਉਨ੍ਹਾਂ ਨੂੰ ਭਾਰਤ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਹਿੱਸੇਦਾਰੀ ਲਈ ਸੱਦਾ ਵੀ ਦੇਵੇਗੀ।

## ਪੰਜਾਬ ਵਿਚ ਖਾੜਕੂਵਾਦ ਹੁਣ ਬੀਤੇ ਦੀ ਬਾਤ: ਬਾਦਲ

*(ਸਫਾ ਇਕ ਦੀ ਬਾਕੀ)*

ਹਮਾਇਤ ਨਹੀਂ ਕਰਨਗੇ ਤੇ ਕੋਈ ਵੀ ਲਹਿਰ ਜਨਤਾ ਦੇ ਸਹਿਯੋਗ ਬਿਨਾਂ ਪੈਰ ਨਹੀਂ ਲਾ ਸਕਦੀ। ਲੋਕ ਗਰਮਖਿਆਲੀਆਂ ਨੂੰ ਮੂੰਹ ਨਹੀਂ ਲਾ ਰਹੇ, ਇਹ ਗੱਲ ਉਨ੍ਹਾਂ ਨੂੰ ਵੀ ਪਤਾ ਹੈ। ਉਂਜ ਵੀ, ਕਿਸੇ ਵੀ ਸੂਬੇ ਵਿਚ ਅਤਿਵਾਦ ਦੀ ਇੱਕਾ ਦੁੱਕਾ ਘਟਨਾ ਵਾਪਰ ਜਾਣ ਨੂੰ ਅਤਿਵਾਦ ਦੀ ਆਮਦ ਨਹੀਂ ਕਿਹਾ ਜਾ ਸਕਦਾ।

ਸ. ਬਾਦਲ ਨੇ ਪੁਲਿਸ ਮੁਖੀ ਦੇ ਖਦਸ਼ਿਆਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਿਸ ਮੁਖੀ ਨੇ ਖਾੜਕੂਵਾਦ ਬਾਰੇ ਬਿਆਨ ਸੁਖਬੀਰ-ਬਿਕਰਮ ਜੋੜੀ ਦੀ ਸਿਆਸੀ ਬੁਰਛਾਗਰਦੀ ਬਾਰੇ ਚੱਲ ਰਹੀ ਚਰਚਾ ਤੋਂ ਧਿਆਨ ਲਾਂਭੇ ਕਰਨ ਲਈ ਦਿੱਤਾ ਸੀ।

# ਮਨੁੱਖਾਂ 'ਤੇ ਦਵਾਈਆਂ ਦੀ ਪਰਖ ਰੋਕਣ ਦਾ ਹੁਕਮ

**ਨਵੀਂ ਦਿੱਲੀ:** ਬਹੁਕੌਮੀ ਕੰਪਨੀਆਂ ਵੱਲੋਂ ਦਵਾਈਆਂ ਦੀ ਕੀਤੀ ਜਾਂਦੀ ਗ਼ੈਰ-ਕਾਨੂੰਨੀ ਪਰਖ 'ਤੇ ਸ਼ਿਕੰਜਾ ਕੱਸਣ ਵਿਚ ਢਿੱਲਮੱਠ ਕਰ ਰਹੀ ਕੇਂਦਰ ਸਰਕਾਰ ਤੋਂ ਸੁਪਰੀਮ ਕੋਰਟ ਕਾਫੀ ਖਫ਼ਾ ਨਜ਼ਰ ਆ ਰਹੀ ਹੈ। ਅਦਾਲਤ ਨੇ ਇਸ ਮਸਲੇ ਨੂੰ ਲੈ ਕੇ ਕੇਂਦਰ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ ਹੈ ਕਿ ਇਸ ਨਾਲ ਕੀਮਤੀ ਮਨੁੱਖੀ ਜਾਨਾਂ ਜਾ ਰਹੀਆਂ ਹਨ, ਇਸ ਕਰਕੇ ਸਰਕਾਰ ਆਪਣੀ ਜ਼ਿੰਮੇਵਾਰੀ ਸਮਝੇ ਤੇ ਕਾਰਵਾਈ ਕਰੇ।

ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਦੇਸ਼ ਵਿਚ ਬਹੁਕੌਮੀ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਮਨੁੱਖਾਂ 'ਤੇ ਦਵਾਈਆਂ ਦੀ ਗ਼ੈਰ-ਕਾਨੂੰਨੀ ਪਰਖ ਵੱਡੀ ਤਬਾਹੀ ਮਚਾ ਰਹੀ ਹੈ। ਕੇਂਦਰ ਸਰਕਾਰ ਅਜਿਹੇ ਰੈਕਟਾਂ ਨੂੰ ਨੱਥ ਪਾਉਣ ਵਿਚ ਅਸਫ਼ਲ ਰਹੀ ਹੈ। ਸਰਕਾਰ ਦੀ ਨਾਕਾਮੀ 'ਤੇ ਗਿਲਾ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਦਵਾਈਆਂ ਦੀਆਂ ਸਾਰੀਆਂ ਪਰਖਾਂ ਕੇਂਦਰੀ ਸਿਹਤ ਸਕੱਤਰ ਦੀ ਨਿਗਰਾਨੀ ਹੇਠ ਹੀ ਕੀਤੀਆਂ ਜਾਣ। ਅਦਾਲਤ ਨੇ ਕੇਂਦਰ ਸਰਕਾਰ ਨੂੰ ਨਸੀਹਤ ਦਿੱਤੀ ਕਿ ਦੇਸ਼ ਦੇ ਨਾਗਰਿਕਾਂ ਦੀ ਸਿਹਤ ਸੁਰੱਖਿਆ ਦਾ ਜ਼ਿੰਮਾ ਉਨ੍ਹਾਂ ਦੇ ਸਿਰ ਹੈ। ਬੈਂਚ ਨੇ ਸਪੱਸ਼ਟ ਕੀਤਾ ਕਿ ਗ਼ੈਰ-ਕਾਨੂੰਨੀ ਪਰਖਾਂ 'ਤੇ ਹਰ ਹੀਲੇ ਰੋਕ ਲੱਗਣੀ ਚਾਹੀਦੀ ਹੈ ਤੇ ਲੋਕਾਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਸਰਕਾਰ ਨੂੰ ਝਾੜ ਪਾਉਂਦਿਆਂ ਅਦਾਲਤ ਨੇ ਕਿਹਾ ਕਿ ਉਹ ਇਸ ਕਾਰੇ ਨੂੰ ਨੱਥ ਪਾਉਣ ਵਿਚ ਨਾਕਾਮ ਰਹੀ ਹੈ। ਅਦਾਲਤ ਨੇ ਕਿਹਾ ਕਿ ਇਹ ਬੜੀ ਦੁੱਖ ਦੀ ਗੱਲ ਹੈ ਕਿ ਬਹੁਕੌਮੀ ਕੰਪਨੀਆਂ ਦੇਸ਼ ਦੇ ਬੱਚਿਆਂ ਨੂੰ ਬਲੀ ਦਾ ਬੱਕਰਾ ਬਣਾ ਰਹੀਆਂ ਹਨ। ਅਦਾਲਤ ਨੇ ਕਿਹਾ ਕਿ ਮਾਮਲਾ ਇੰਨਾ ਗੰਭੀਰ ਹੈ ਤੇ ਸਰਕਾਰ ਸਿਰਫ਼ ਨਿਯਮਾਂ ਦਾ ਖਰੜਾ ਵਿਖਾ ਰਹੀ ਹੈ। ਬੈਂਚ ਨੇ ਇਸ ਬਾਰੇ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਮੇਟੀ ਤੇ ਕਮਿਸ਼ਨ ਬਣਾਉਣੇ ਬੜੇ ਸੌਖੇ ਹਨ।

ਇਸ ਸਭ ਲੋਕਾਂ ਦਾ ਧਿਆਨ ਮੁੱਦਿਆਂ ਤੋਂ ਹਟਾਉਣ ਲਈ ਕੀਤਾ ਜਾਂਦਾ ਹੈ ਪਰ ਇਸ ਨਾਲ ਮਰੇ ਹੋਏ ਲੋਕਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ।

ਜ਼ਿਕਰਯੋਗ ਹੈ ਕਿ ਗ਼ੈਰ ਸਰਕਾਰੀ ਸੰਸਥਾ ਜਿਸ ਵੱਲੋਂ ਪਟੀਸ਼ਨ ਪਾਈ ਗਈ ਹੈ, ਦਾ ਦਾਅਵਾ ਹੈ ਕਿ ਕੰਪਨੀਆਂ ਵੱਲੋਂ 3300 ਮਰੀਜ਼ਾਂ 'ਤੇ ਦਵਾਈਆਂ ਦੀ ਪਰਖ ਕੀਤੀ ਗਈ ਹੈ। ਇਸ ਕੰਮ ਵਿਚ 15 ਸਰਕਾਰੀ ਡਾਕਟਰ ਸ਼ਾਮਲ ਹਨ। ਇਸ ਤੋਂ ਇਲਾਵਾ 40 ਪ੍ਰਾਈਵੇਟ ਡਾਕਟਰ ਵੀ ਇਸ ਕੰਮ ਵਿਚ ਸ਼ਾਮਲ ਹਨ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਦਵਾਈਆਂ ਦੀ ਪਰਖ 233 ਮਾਨਸਿਕ ਅਪਾਹਜਾਂ ਤੇ 1833 ਬੱਚਿਆਂ 'ਤੇ ਕੀਤੀ ਗਈ ਹੈ। ਇਸ ਲਈ 5.5 ਕਰੋੜ ਰੁਪਏ ਸਿਰਫ਼ ਸਰਕਾਰੀ ਡਾਕਟਰਾਂ ਨੂੰ ਦਿੱਤੇ ਗਏ। ਇਨ੍ਹਾਂ ਪਰਖਾਂ ਦੌਰਾਨ 2008 ਵਿਚ 288, 2009 ਵਿਚ 637 ਤੇ 2010 ਵਿਚ 597 ਮੌਤਾਂ ਹੋਈਆਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸ਼੍ਰੋਮਣੀ ਕਮੇਟੀ ਕੁੰਭ ਦੇ ਮੇਲੇ ਵਿਚ ਲੰਗਰ ਲਾਉਣ ਲਈ ਦ੍ਰਿੜ੍ਹ

**ਚੰਡੀਗੜ੍ਹ:** ਸੰਗਤਾਂ ਵੱਲੋਂ ਭਾਵੇਂ ਵਿਰੋਧ ਕੀਤਾ ਜਾ ਰਿਹਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਤਰ ਪ੍ਰਦੇਸ਼ ਵਿਚ ਕੁੰਭ ਦੇ ਮੇਲੇ 'ਤੇ ਸਿੱਖ ਇਤਿਹਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਲੰਗਰ ਲਾਇਆ ਜਾ ਰਿਹਾ ਹੈ। ਉਥੇ ਪ੍ਰਸ਼ਾਸਨ ਤੋਂ ਇਸ ਮੰਤਵ ਲਈ ਇਕ ਹਜ਼ਾਰ ਗਜ਼ ਥਾਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਨੇ ਕਈ ਸਿੱਖ ਜਥੇਬੰਦੀਆਂ ਵੱਲੋਂ ਕੁੰਭ ਦੇ ਮੇਲੇ 'ਤੇ ਪ੍ਰਦਰਸ਼ਨੀ ਤੇ ਲੰਗਰ ਲਾਉਣ ਦੇ ਕੀਤੇ ਜਾ ਰਹੇ ਵਿਰੋਧ ਨੂੰ ਬੇਤੁਕਾ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਧਰਮ ਸਰਬੱਤ ਦਾ ਭਲਾ ਮੰਗਦਾ ਹੈ ਤੇ ਆਪਣੇ ਧਰਮ ਬਾਰੇ ਹੋਰਾਂ ਲੋਕਾਂ ਨੂੰ ਜਾਣਕਾਰੀ ਦੇਣਾ ਕੋਈ ਗਲਤ ਨਹੀਂ।

ਉਨ੍ਹਾਂ ਇਹ ਵੀ ਕਿਹਾ ਕਿ ਕਮੇਟੀ ਵੱਲੋਂ ਇਹ ਕੰਮ ਦਸ ਕੁ ਦਿਨਾਂ ਦੇ ਸਮੇਂ ਲਈ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਇਹੋ ਚਾਹੁੰਦੀ ਹੈ ਕਿ ਸਿੱਖ ਧਰਮ ਬਾਰੇ ਵੱਧ ਤੋਂ ਵੱਧ ਪ੍ਰਚਾਰ ਹੋਵੇ ਤੇ ਇਸ ਧਰਮ ਵਿਚਲੀਆਂ ਲਾਸਾਨੀ ਕੁਰਬਾਨੀਆਂ ਬਾਰੇ ਹੋਰ ਲੋਕਾਂ ਨੂੰ ਵੀ ਜਾਣਕਾਰੀ ਮਿਲੇ। ਉਧਰ, ਕੁਝ ਸਿੱਖ ਜਥੇਬੰਦਆਂ ਨੇ ਮਤਾ ਪਾਸ ਕਰਕੇ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੁੰਭ ਮੇਲੇ ਵਿਚ ਸ਼ਾਮਲ ਹੋਣ ਦੇ ਫੈਸਲੇ 'ਤੇ ਤੁਰੰਤ ਰੋਕ ਲਗਾਈ ਜਾਵੇ।

ਇਸ ਸਿੱਖ ਵਿਰੋਧੀ ਫ਼ੈਸਲੇ ਨੂੰ ਮੰਦਭਾਗਾ ਤੇ ਸਿੱਖ ਪਛਾਣ ਨੂੰ ਖੋਰਾ ਲਾਉਣ ਵਾਲਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਤੇ ਪੰਥਕ ਆਗੂ ਭਾਈ ਹਰਦੀਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਵੀ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਿੰਦੂ ਸਮਾਜ ਨੂੰ ਕੁੰਭ ਮੇਲੇ ਵਿਚ ਸ਼ਾਮਲ ਹੋਣਾ ਮੁਬਾਰਕ ਹੈ ਕਿਉਂਕਿ ਇਹ ਉਨ੍ਹਾਂ ਦਾ ਵਿਸ਼ਵਾਸ ਹੈ ਪਰ ਉਹ ਹਿੰਦੂ ਨਹੀਂ ਹਨ ਤੇ ਨਾ ਹੀ ਸ਼੍ਰੋਮਣੀ ਕਮੇਟੀ ਹਿੰਦੂ ਸੰਸਥਾ ਹੈ।

ਭਾਈ ਹਰਦੀਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਕੰਮ ਚਲਾਊ ਕਮੇਟੀ ਨੇ ਆਨੰਦਪੁਰ ਸਾਹਿਬ ਦੀ ਮੀਟਿੰਗ ਵਿਚ ਮਤਾ ਪਾਸ ਕਰਕੇ ਅਲਾਹਾਬਾਦ ਵਿਖੇ ਕੁੰਭ ਮੇਲੇ ਵਿਚ ਸ਼ਾਮਲ ਹੋਣ ਦਾ ਬੇਸਮਝੀ ਭਰਿਆ ਫ਼ੈਸਲਾ ਕੀਤਾ ਹੈ। ਮੀਟਿੰਗ ਵਿਚ ਹਾਜ਼ਰ ਕੁਝ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਸੀ ਪਰ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਮੈਂਬਰਾਂ ਨੂੰ ਦੱਸਿਆ ਗਿਆ ਕਿ ਇਹ ਪਾਰਟੀ ਹਾਈ ਕਮਾਂਡ ਦਾ ਹੁਕਮ ਹੈ ਤਾਂ ਸਾਰਿਆਂ ਨੇ ਚੁੱਪੀ ਧਾਰ ਲਈ।

# ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਤੋਂ ਜਵਾਬ ਤਲਬ

**ਨਵੀਂ ਦਿੱਲੀ:** ਉਮਰ ਕੈਦ ਭੁਗਤ ਰਹੇ ਕੈਦੀਆਂ ਵੱਲੋਂ ਇਹ ਮਾਮਲਾ ਉਠਾਏ ਜਾਣ ਕਿ ਉਮਰ ਕੈਦ ਦਾ ਮਤਲਬ ਸਿਰਫ਼ 20 ਸਾਲ ਕੈਦ ਹੈ, ਬਾਰੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ, ਨਾਭਾ ਤੇ ਪਟਿਆਲਾ ਜੇਲ੍ਹਾਂ ਦੇ ਸੁਪਰਡੈਂਟਾਂ ਦਾ ਪੱਖ ਜਾਨਣ ਦੇ ਲਈ ਨੋਟਿਸ ਜਾਰੀ ਕੀਤਾ ਹੈ।

ਸੀਨੀਅਰ ਵਕੀਲ ਬਲਵੰਤ ਸਿੰਘ ਮਲਿਕ ਦੀ ਦਲੀਲ ਕਿ ਉਸ ਦਾ ਮੁਵੱਕਲ ਲਾਲ ਸਿੰਘ ਉਰਫ਼ ਮਨਜੀਤ ਸਿੰਘ ਜੁਲਾਈ 2012 ਤੋਂ ਬਾਅਦ ਵੀ ਜੇਲ੍ਹ ਵਿਚ ਬੰਦ ਹੈ, 'ਤੇ ਸੁਪਰੀਮ ਕੋਰਟ ਦੇ ਬੈਂਚ ਨੇ ਨਾਭਾ ਜੇਲ੍ਹ ਤੇ ਪਟਿਆਲਾ ਜੇਲ੍ਹ ਦੇ ਸੁਪਰਡੈਂਟਾਂ ਨੂੰ ਨੋਟਿਸ ਜਾਰੀ ਕੀਤੇ ਹਨ। ਮਨਜੀਤ ਸਿੰਘ ਨੂੰ ਟਾਡਾ ਅਧੀਨ ਜਨਵਰੀ 1997 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸ੍ਰੀ ਮਲਿਕ ਨੇ ਅਦਾਲਤ ਨੂੰ ਦੱਸਿਆ ਕਿ ਉਮਰ ਕੈਦ ਵੀਹ ਸਾਲ ਤਕ ਕੈਦ ਹੀ ਹੈ। ਇਸ ਤੋਂ ਬਾਅਦ ਬੇਨਤੀਕਾਰ ਨੂੰ ਹੋਰ ਸਮਾਂ ਕੈਦ ਵਿਚ ਰੱਖਣ ਦਾ ਰਾਜ ਸਰਕਾਰ ਨੂੰ ਕੋਈ ਹੱਕ ਨਹੀਂ ਹੈ।


**Short Sale Specialist**

**Selling HUD homes anywhere in California**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707


# ਪੰਜਾਬ ਸਰਕਾਰ ਨੂੰ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ ਆਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੂਕਾ ਲਹਿਰ (1871) ਦੇ ਸ਼ਹੀਦਾਂ ਦੇ ਵਾਰਸਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਵਾਲੀਆਂ ਸਹੂਲਤਾਂ ਦੇਣ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਇਸ ਲਹਿਰ ਦੇ ਸ਼ਹੀਦਾਂ ਨੂੰ 2008 ਵਿਚ ਹੀ ਆਜ਼ਾਦੀ ਲਹਿਰ ਦਾ ਹਿੱਸਾ ਮੰਨਿਆ ਹੈ। ਉਸ ਤੋਂ ਬਾਅਦ ਇਸ ਲਹਿਰ ਦੇ ਸ਼ਹੀਦਾਂ ਦੀ ਪਛਾਣ ਬਾਰੇ ਸਰਕਾਰੀ ਪੱਧਰ 'ਤੇ ਕੋਈ ਸੂਚੀ ਜਾਰੀ ਨਹੀਂ ਕੀਤੀ ਗਈ।

ਲਹਿਰ ਨੂੰ ਆਜ਼ਾਦੀ ਦੇ ਛੇ ਦਹਾਕਿਆਂ ਬਾਅਦ ਮਾਨਤਾ ਮਿਲਣ ਤੇ ਫਿਰ ਸ਼ਹੀਦਾਂ ਦੀ ਪਛਾਣ ਨਾ ਹੋਣ ਕਾਰਨ ਦੇਸ਼ ਲਈ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਰਕਾਰ ਵੱਲੋਂ ਕੋਈ ਵੀ ਸਹੂਲਤ ਨਹੀਂ ਦਿੱਤੀ ਗਈ। ਆਜ਼ਾਦੀ ਘੁਲਾਟੀਏ ਵਿਭਾਗ ਦਾ ਕਹਿਣਾ ਹੈ ਕਿ ਇਸ ਲਹਿਰ ਦੇ ਸ਼ਹੀਦਾਂ ਦੀ ਪਛਾਣ ਤੇ ਉਨ੍ਹਾਂ ਦੇ ਵਾਰਿਸਾਂ ਦੀ ਖੋਜ ਕਰਨਾ ਵੱਡਾ ਕਾਰਜ ਹੈ। ਇਸ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਕਮੇਟੀ ਕਾਇਮ ਕੀਤੀ ਹੈ। ਕਮੇਟੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਦੇਣ ਲਈ ਹੁਕਮ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਦੇਸ਼ ਅੰਦਰ ਅੰਗਰੇਜ਼ੀ ਹਕੂਮਤ ਨੇ ਮਾਲੇਰਕੋਟਲਾ ਵਿਚ 66 ਕੂਕਿਆਂ ਨੂੰ ਤੋਪਾਂ ਦੇ ਮੂਹਰੇ ਬੰਨ੍ਹ ਕੇ ਉਡਾ ਦਿੱਤਾ ਸੀ। ਇਸੇ ਤਰ੍ਹਾਂ ਰਾਏਕੋਟ ਤੇ ਅੰਮ੍ਰਿਤਸਰ ਵਿੱਚ ਕੂਕਿਆਂ ਨੇ ਜਦੋਂ ਕੁਝ ਬੁੱਚੜਾਂ ਨੂੰ ਕਤਲ ਕਰ ਦਿੱਤਾ ਸੀ ਤਾਂ ਅੰਗਰੇਜ ਹਕੂਮਤ ਨੇ ਲੁਧਿਆਣਾ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਇਸ ਲਹਿਰ ਕੇ ਕਈ ਸਰਗਰਮ ਆਗੂਆਂ ਨੂੰ ਜਨਤਕ ਤੌਰ 'ਤੇ ਫਾਂਸੀ ਦਿੱਤੀ ਸੀ। ਕੂਕਾ ਲਹਿਰ ਦੇਸ਼ ਦੀ ਜੰਗ ਏ ਆਜ਼ਾਦੀ ਦਾ ਅਹਿਮ ਹਿੱਸਾ ਮੰਨੇ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਸ ਲਹਿਰ ਨੂੰ ਮਾਨਤਾ ਨਹੀਂ ਦਿੱਤੀ ਸੀ। ਇਹ ਤੱਥ ਇਤਿਹਾਸਕ ਖੋਜਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵੱਲੋਂ ਲੜੀ ਗਈ ਲੰਮੀ ਕਾਨੂੰਨੀ ਲੜਾਈ ਦੌਰਾਨ ਸਾਹਮਣੇ ਆਏ ਸਨ।

ਪ੍ਰੋ.ਵੜੈਚ ਨੇ ਸਰਕਾਰ ਵੱਲੋਂ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੇ ਸ਼ਹੀਦਾਂ ਦੀ ਪਛਾਣ ਲਈ ਕਮੇਟੀਆਂ ਗਠਿਤ ਕਰਨ ਨੂੰ ਬੇਤੁਕੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਲ 2011 ਦੌਰਾਨ ਨਾ ਸਿਰਫ਼ ਇਨ੍ਹਾਂ ਲਹਿਰਾਂ ਦੇ ਸ਼ਹੀਦਾਂ ਦੀ ਬਲਕਿ ਹੋਰ ਆਜ਼ਾਦੀ ਲਹਿਰਾਂ ਦੇ ਸ਼ਹੀਦਾਂ ਦੀ ਪ੍ਰਮਾਣਿਤ ਸੂਚੀ ਜੋ ਇੰਡੀਅਨ ਕੌਂਸਲ ਆਫ਼ ਹਿਸਟੌਰੀਕਲ ਰਿਸਰਚ ਵੱਲੋਂ ਤਿਆਰ ਕਰਕੇ ਪ੍ਰਕਾਸ਼ਿਤ ਕੀਤੀ ਗਈ ਹੈ, ਵਿਚ ਹਰੇਕ ਸ਼ਹੀਦ ਬਾਰੇ ਸੰਖੇਪ ਵੇਰਵਿਆਂ ਦੇ ਨਾਲ ਹੀ ਉਸ ਦਸਤਾਵੇਜ ਦਾ ਵੀ ਜ਼ਿਕਰ ਹੈ ਜਿਸ ਦੇ ਆਧਾਰ ਤੇ ਸਬੰਧਤ ਨਾਂ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਡਾਇਰੈਕਟਰੀ ਦੇ ਆਧਾਰ 'ਤੇ ਸ਼ਹੀਦਾਂ ਦੇ ਵਾਰਿਸਾਂ ਦੀ ਪਛਾਣ ਸਹਿਜੇ ਹੀ ਹੋ ਸਕਦੀ ਹੈ।

# ਵਿਦਿਆਰਥੀ 'ਤੇ ਹਮਲਾ ਕਰਨ ਵਾਲੇ ਨੂੰ ਸੱਤ ਸਾਲ ਦੀ ਕੈਦ

**ਲੰਡਨ:** ਆਪਣੀ ਸਾਥੀ ਮੁਟਿਆਰ ਨੂੰ ਬਚਾਉਂਦੇ ਯੂਨੀਵਰਸਿਟੀ ਦੇ ਵਿਦਿਆਰਥੀ 'ਤੇ ਮਾਰੂ ਹਮਲਾ ਕਰਨ ਵਾਲੇ ਏਸ਼ੀਆਈ ਮੂਲ ਦੇ ਅੱਲ੍ਹੜ ਲੜਕੇ ਨੂੰ ਅਦਾਲਤ ਨੇ ਸੱਤ ਸਾਲ ਦੀ ਸਜ਼ਾ ਸੁਣਾਈ ਹੈ। ਇਸ ਲੜਕੇ ਨੇ ਪੀੜਤ 'ਤੇ ਚਾਕੂ ਨਾਲ ਕਈ ਵਾਰ ਕੀਤੇ। 17 ਸਾਲਾ ਗੁਰਜੋਤ ਸਿੰਘ ਮੁੰਡਿਆਂ ਦੇ ਇਕ ਗਰੋਹ ਦਾ ਹਿੱਸਾ ਸੀ ਜਿਨ੍ਹਾਂ ਵਿਚੋਂ ਕੁਝ ਤਾਂ ਸਿਰਫ 14 ਸਾਲ ਦੀ ਉਮਰ ਦੇ ਸਨ।

ਇਸ ਗਰੋਹ ਨੇ ਐਡਵਰਡ ਵੋਸ 'ਤੇ ਪੰਜ ਵਾਰੀ ਤਿੱਖੇ ਵਾਰ ਕੀਤੇ। ਬਰਮਿੰਘਮ ਦੇ ਗੁਰਜੋਤ ਸਿੰਘ ਨੇ ਇਸੇ ਸ਼ਹਿਰ ਵਿਚ ਫਸਟ ਈਅਰ ਦੇ 19 ਸਾਲਾ ਵੋਸ 'ਤੇ ਪੰਜ ਵਾਰੀ ਵਾਰ ਕਰਕੇ ਮੌਤ ਦੇ ਮੂੰਹ ਵਿਚ ਧੱਕਣ ਦਾ ਯਤਨ ਕੀਤਾ।

# ਸਕੇ ਭਰਾਵਾਂ ਨੂੰ ਕੁੱਟ-ਕੁੱਟ ਕੇ ਮਾਰਿਆ

**ਫ਼ਿਰੋਜ਼ਪੁਰ:** ਬਜ਼ੁਰਗ ਮਾਪਿਆਂ ਦਾ ਆਸਰਾ ਦੋ ਨੌਜਵਾਨ ਸਕੇ ਭਰਾਵਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਝਗੜੇ ਦਾ ਕਾਰਨ ਜਨਮ ਦਿਨ ਪਾਰਟੀ ਵਿਚ ਲੱਗੇ ਡੀ.ਜੇ. 'ਤੇ ਮਨਪਸੰਦ ਗੀਤ ਲਾਉਣ ਸਮੇਂ ਮਾਮੂਲੀ ਤਕਰਾਰ ਸੀ। ਪੁਲਿਸ ਥਾਣਾ ਘੱਲ ਖੁਰਦ ਅਧੀਨ ਪੈਂਦੇ ਪਿੰਡ ਢੀਂਡਸਾ ਵਿਚ 31 ਦਸੰਬਰ ਦੀ ਰਾਤ ਨੂੰ ਗੁਰਭੇਜ ਸਿੰਘ ਉਰਫ ਭੇਜਾ ਦੇ ਘਰ ਲੜਕੇ ਦੇ ਜਨਮ ਦਿਨ ਪਾਰਟੀ ਚਲ ਰਹੀ ਸੀ ਜਿਸ ਵਿਚ ਪ੍ਰਦੀਪ ਸਿੰਘ ਪ੍ਰੇਟੀ, ਨਵਨੀਤ ਸਿੰਘ ਲਵਲੀ ਪੁੱਤਰ ਲਖਵਿੰਦਰ ਸਿੰਘ ਉਰਫ ਪੱਪਾ ਵਾਸੀ ਪਿੰਡ ਢੀਂਡਸਾ ਤੇ ਜੀਵਨ ਸਿੰਘ ਵਗੈਰਾ ਗਏ ਹੋਏ ਸਨ।

ਸਮਾਗਮ ਦੌਰਾਨ ਚਲੇ ਸ਼ਰਾਬ, ਮੀਟ ਦੇ ਦੌਰ ਉਪਰੰਤ ਲੱਗੇ ਡੀ.ਜੇ. 'ਤੇ ਭੰਗੜਾ ਪਾਉਣ ਸਮੇਂ ਮਨਪਸੰਦ ਗੀਤ ਲਾਉਣ ਨੂੰ ਲੈ ਕੇ ਜੀਵਨ ਸਿੰਘ ਤੇ ਪੈਂਟੀ ਤੇ ਲਵਲੀ ਵਿਚ ਖੜਕ ਗਈ। ਲੋਕਾਂ ਵੱਲੋਂ ਵਿਚ ਪੈ ਕੇ ਮਾਮਲਾ ਨਿਬੇੜ ਦੇਣ 'ਤੇ ਇਕ ਵਾਰ ਤਾਂ ਲੜਾਈ-ਝਗੜਾ ਸ਼ਾਂਤ ਹੋ ਗਿਆ ਪਰ ਬਾਅਦ ਵਿਚ ਫਿਰ ਲੜਾਈ ਹੋਈ ਜਿਸ ਦੌਰਾਨ ਦੋ ਭਰਾਵਾਂ ਪ੍ਰਦੀਪ ਸਿੰਘ ਉਰਫ ਪੈਂਟੀ ਉਮਰ 21 ਸਾਲ ਤੇ ਨਵਨੀਤ ਸਿੰਘ ਉਰਫ ਲਵਲੀ ਉਮਰ 17 ਸਾਲ ਨੂੰ ਗੰਭੀਰ ਸੱਟਾਂ ਲੱਗੀਆਂ।

ਬਾਅਦ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦੋਵਾਂ ਨੌਜਵਾਨਾਂ ਦੀ ਮੌਤ ਹੋ ਗਈ। ਪੁਲਿਸ ਨੇ ਜਰਨੈਲ ਸਿੰਘ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਜੀਵਨ ਪੁੱਤਰ ਪੱਪੀ, ਸੇਵਕ ਪੁੱਤਰ ਜੰਗੀਰ ਸਿੰਘ, ਗੋਲੂ ਪੁੱਤਰ ਜੰਗੀਰ, ਕੀਪਾ ਪੁੱਤਰ ਪ੍ਰੇਮ, ਘੀਟੂ ਚੱਕੀ ਵਾਲਾ ਖਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




# ਪਾਣੀ ਵੰਡ ਰਿਪੇਰੀਅਨ ਸਿਧਾਂਤ ਮੁਤਾਬਕ ਹੋਵੇ: ਬਾਦਲ



**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪਾਣੀਆਂ ਬਾਰੇ ਕੌਮੀ ਨੀਤੀ ਵਿਚ ਕੋਈ ਤਬਦੀਲੀ ਸੰਵਿਧਾਨਕ ਧਾਰਾਵਾਂ ਤੇ ਵਿਸ਼ਵ ਪੱਧਰ ਉਤੇ ਪ੍ਰਵਾਨਤ ਰਿਪੇਰੀਅਨ ਸਿਧਾਂਤ ਮੁਤਾਬਕ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦਾ ਵਿਸ਼ਾ ਸੂਬਿਆਂ ਦਾ ਵਿਸ਼ਾ ਹੈ ਤੇ ਸੂਬਿਆਂ ਨੂੰ ਇਸ ਬਾਰੇ ਕਾਨੂੰਨ ਬਣਾਉਣ ਦੇ ਸਾਰੇ ਅਧਿਕਾਰ ਹਾਸਲ ਹਨ।ਸੰਵਿਧਾਨ ਵਿਚ ਮਿਲੇ ਅਧਿਕਾਰਾਂ ਨੂੰ ਕਿਸੇ ਤਰ੍ਹਾਂ ਵੀ ਕਮਜ਼ੋਰ ਨਹੀਂ ਕੀਤਾ ਜਾਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਇਸ ਸੰਵੇਦਨਸ਼ੀਲ ਮੁੱਦੇ ਨੂੰ ਠੀਕ ਢੰਗ ਨਾਲ ਹੱਲ ਨਾ ਕੀਤੇ ਜਾਣ ਕਰਕੇ ਦੇਸ਼ ਨੂੰ ਪਹਿਲਾਂ ਹੀ ਕਈ ਟਕਰਾਵਾਂ ਤੇ ਝਗੜਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਪ੍ਰਵਾਨਤ ਕੌਮਾਂਤਰੀ ਕਾਨੂੰਨਾਂ ਅਨੁਸਾਰ ਹੱਲ ਨਾ ਕੀਤੇ ਜਾਣ ਕਾਰਨ ਪੰਜਾਬ ਨੂੰ ਸੰਤਾਪ ਭੁਗਤਣਾ ਪਿਆ ਹੈ। ਇਸ ਦਾ ਸੇਕ ਕੇਂਦਰ ਸਰਕਾਰ ਨੂੰ ਵੀ ਪਹੁੰਚਿਆ ਹੈ। ਸ. ਬਾਦਲ ਨੇ ਵਾਟਰ ਟੈਰਿਫ ਪ੍ਰਣਾਲੀ, ਪਾਣੀ ਲਈ ਦਰਾਂ ਤੈਅ ਕਰਨ, ਵਾਟਰ ਰੈਗੂਲੇਟਰੀ ਅਥਾਰਿਟੀ ਬਣਾਉਣ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਇਹ ਸਾਰੇ ਮਾਮਲੇ ਸੂਬਿਆਂ ਉੱਤੇ ਛੱਡ ਦੇਣੇ ਚਾਹੀਦੇ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਦਰਿਆਈ ਪਾਣੀਆਂ ਬਾਰੇ ਇਕਜੁੱਟ ਯੋਜਨਾਬੰਦੀ ਕਰਨ ਦੇ ਹੱਕ ਵਿਚ ਨਹੀਂ ਹੈ। ਸਿੰਚਾਈ ਕਮਿਸ਼ਨ ਦੀ 1972 ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਅਨੁਸਾਰ ਪੰਜਾਬ ਦਾ ਇੰਡਸ ਡਰੇਨਜ਼ ਬੇਸਿਨ ਵਿਚ ਰਾਜਸਥਾਨ ਨਾਲੋਂ ਤਿੰਨ ਗੁਣਾ ਵੱਧ ਤੇ ਹਰਿਆਣਾ ਨਾਲੋਂ ਪੰਜ ਗੁਣਾ ਵੱਧ ਹਿੱਸਾ ਹੈ ਪਰ ਪੰਜਾਬ ਨੂੰ ਰਾਵੀ ਬਿਆਸ ਦੇ ਪਾਣੀਆਂ ਵਿਚੋਂ ਸਿਰਫ 25 ਫੀਸਦੀ ਹਿੱਸਾ ਤੇ ਰਾਜਸਥਾਨ ਨੂੰ 50 ਫੀਸਦੀ ਤੇ ਹਰਿਆਣਾ ਨੂੰ 25 ਫੀਸਦੀ ਹਿੱਸਾ ਦਿੱਤਾ ਗਿਆ ਹੈ।

## ਸੂਬਿਆਂ ਦੇ ਹੱਕ ਮਾਰਨ ਦਾ ਕੋਈ ਇਰਾਦਾ ਨਹੀਂ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਣੀਆਂ ਦੀ ਵਰਤੋਂ ਬਾਰੇ ਕੌਮੀ ਕਾਨੂੰਨੀ ਢਾਂਚਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕੇਂਦਰ ਦਾ ਸੂਬਿਆਂ ਦੇ ਅਧਿਕਾਰਾਂ ਉਤੇ ਕਬਜ਼ਾ ਕਰਨ ਦਾ ਕੋਈ ਇਰਾਦਾ ਨਹੀਂ ਹੈ। ਇਥੇ ਪਾਣੀ ਸੋਮਿਆਂ ਬਾਰੇ ਕੌਮੀ ਕੌਂਸਲ ਦੀ ਛੇਵੀਂ ਮੀਟਿੰਗ ਦੇ ਉਦਘਾਟਨੀ ਭਾਸ਼ਣ ਵਿਚ ਉਨ੍ਹਾਂ ਕਿਹਾ ਕਿ ਪਾਣੀ ਸੂਬਿਆਂ ਦਾ ਵਿਸ਼ਾ ਹੈ ਤੇ ਸੰਵਿਧਾਨ ਜਿਹੜੇ ਅਧਿਕਾਰਾਂ ਦੀ ਗਾਰੰਟੀ ਕਰਦਾ ਹੈ, ਕੇਂਦਰ ਸਰਕਾਰ ਕਿਸੇ ਵੀ ਤਰੀਕੇ ਨਾਲ ਖੋਹਣ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਕਿਹਾ ਉਹ ਪਾਣੀ ਦੀ ਸਹੀ ਵਰਤੋਂ ਦੇ ਸੰਦਰਭ ਵਿਚ ਕੌਮੀ ਕਾਨੂੰਨੀ ਢਾਂਚਾ ਬਣਾਉਣ ਦੇ ਹੱਕ ਵਿਚ ਹਨ। ਦੇਸ਼ ਵਿਚ ਪਾਣੀ ਦੀ ਘਾਟ ਹੈ ਤੇ ਇਸ ਕਰਕੇ ਪਾਣੀ ਦੀ ਸੰਕੋਚ ਨਾਲ ਵਰਤੋਂ ਕਰਨੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਰਾਜਨੀਤਕ, ਵਿਚਾਰਧਾਰਕ ਅਤੇ ਖੇਤਰੀ ਹੱਦਬੰਦੀਆਂ ਤੋਂ ਉਪਰ ਉਠ ਕੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਲਈ ਆਪਣੀ ਪਹੁੰਚ ਨੂੰ ਬੁਨਿਆਦੀ ਤੌਰ 'ਤੇ ਬਦਲਣ ਦੀ ਲੋੜ ਹੈ। 12ਵੀਂ ਪੰਜ ਸਾਲਾ ਯੋਜਨਾ ਵਿਚ ਪਾਣੀ ਦੀ ਸਮੱਸਿਆ ਨੂੰ ਵੱਡੀ ਚੁਣੌਤੀ ਵਜੋਂ ਦਰਜ ਕੀਤਾ ਗਿਆ ਹੈ। ਇਨ੍ਹਾਂ ਸਮੱਸਿਆਵਾਂ ਨੂੰ ਕੇਂਦਰ ਤੇ ਸੂਬਿਆਂ ਨੂੰ ਮਿਲ ਕੇ ਹੱਲ ਕਰਨ ਦੀ ਜ਼ਰੂਰਤ ਹੈ।

## ਹਰਿਆਣਾ ਨੂੰ ਪਾਣੀ ਦੇ ਮੁੱਦੇ 'ਤੇ ਇਨਸਾਫ ਨਹੀਂ ਮਿਲਿਆ: ਹੁੱਡਾ



ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਵਜੂਦ ਹਰਿਆਣਾ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਲਈ ਪਾਣੀ ਨਹੀਂ ਮਿਲ ਰਿਹਾ ਤੇ ਰਾਵੀ ਬਿਆਸ ਟ੍ਰਿਬਿਊਨ ਦਾ ਐਵਾਰਡ ਪਿਛਲੇ 25 ਸਾਲ ਤੋਂ ਪ੍ਰਕਾਸ਼ਤ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੂਬੇ ਨਾਲ ਪਾਣੀ ਦੇ ਮੁੱਦੇ 'ਤੇ ਇਨਸਾਫ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਤੋਂ ਇਲਾਵਾ ਆਮ ਲੋਕਾਂ ਲਈ ਵੀ ਪਾਣੀ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ ਜਿਸ ਬਾਰੇ ਸਾਰਥਕ ਕਦਮ ਚੁੱਕਣੇ ਬਹੁਤ ਜ਼ਰੂਰੀ ਹਨ। ਇਸ ਬਾਰੇ ਸੂਬਿਆਂ ਦੇ ਹੱਕਾਂ ਦਾ ਖਿਆਲ ਰੱਖਣ ਦੀ ਵੀ ਅਹਿਮ ਲੋੜ ਹੈ।

# ਬਾਲ ਮੌਤ ਦਰ ਘਟੀ

**ਚੰਡੀਗੜ੍ਹ:** ਨਵੇਂ ਸਾਲ ਦੇ ਮੌਕੇ ਉੱਤੇ ਪੰਜਾਬ ਨੂੰ ਸਿਹਤ ਦੇ ਮਾਮਲੇ ਵਿਚ ਖੁਸ਼ਖ਼ਬਰੀ ਹਾਸਲ ਹੋਈ ਹੈ। ਪੰਜਾਬ ਨੂੰ ਸਾਲ 2009 ਤੋਂ 2011 ਦੌਰਾਨ ਬਾਲ ਮੌਤ ਦਰ ਘਟਾਉਣ ਵਿਚ ਕਾਮਯਾਬੀ ਹਾਸਲ ਕਰਨ ਸਦਕਾ ਕੇਂਦਰ ਵੱਲੋਂ 106.71 ਕਰੋੜ ਰੁਪਏ ਦੀ ਵਿਸ਼ੇਸ਼ ਰਕਮ ਦਿੱਤੀ ਜਾ ਰਹੀ ਹੈ। ਵੱਡਿਆਂ ਸੂਬਿਆਂ ਦੇ ਮਾਮਲੇ ਵਿਚ ਪੰਜਾਬ ਬਾਲ ਮੌਤ ਦਰ (ਆਈ.ਐਮ.ਆਰ.) ਸਬੰਧੀ ਤੀਜੇ ਨੰਬਰ ਉੱਤੇ ਰਿਹਾ ਹੈ। ਇਸ ਮੁਤੱਲਕ ਪਹਿਲੇ ਨੰਬਰ ਉੱਤੇ ਤਾਮਿਲਨਾਡੂ ਤੇ ਦੂਜੇ ਉੱਤੇ ਮਹਾਰਾਸ਼ਟਰ ਰਹੇ ਹਨ ਜਿਨ੍ਹਾਂ ਨੂੰ ਤਰਤੀਬਵਾਰ 168.19 ਕਰੋੜ ਤੇ 133.08 ਕਰੋੜ ਰੁਪਏ ਦਿੱਤੇ ਜਾਣਗੇ। ਹਰਿਆਣਾ ਨੂੰ ਇਸ ਸਬੰਧੀ 12.22 ਕਰੋੜ, ਹਿਮਾਚਲ ਪ੍ਰਦੇਸ਼ ਨੂੰ 16.41 ਕਰੋੜ ਤੇ ਗੁਜਰਾਤ ਨੂੰ 15.36 ਕਰੋੜ ਰੁਪਏ ਮਿਲਣਗੇ। ਛੋਟੇ ਸੂਬਿਆਂ ਵਿਚੋਂ ਮਨੀਪੁਰ ਨੂੰ ਸਭ ਤੋਂ ਵੱਧ 358.49 ਕਰੋੜ ਤੇ ਸਿੱਕਮ ਨੂੰ 150.37 ਕਰੋੜ ਰੁਪਏ ਮਿਲਣਗੇ। ਕੇਂਦਰ ਨੇ ਬਾਲ ਮੌਤ ਦਰ ਘਟਾਉਣ ਸਬੰਧੀ ਸੂਬਿਆਂ ਨੂੰ ਹੱਲਾਸ਼ੇਰੀ ਦੇਣ ਵਾਸਤੇ 1500 ਕਰੋੜ ਰੁਪਏ ਰੱਖੇ ਸਨ। ਇਹ ਰਕਮ ਕਾਰਗੁਜ਼ਾਰੀ ਦੇ ਆਧਾਰ ਉੱਤੇ ਦਿੱਤੀ ਜਾਵੇਗੀ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿਚ ਬਾਲ ਮੌਤ ਦਰ 2009 ਦੇ ਇਕ ਹਜ਼ਾਰ ਪਿੱਛੇ 38 ਮੌਤਾਂ ਤੋਂ ਘਟ ਕੇ 2011 ਵਿਚ ਇਕ ਹਜ਼ਾਰ ਪਿੱਛੇ 30 ਰਹਿ ਗਈ। ਪੰਜਾਬ ਨੇ ਲਗਾਤਾਰ ਦੋ ਸਾਲਾਂ 2010 ਤੇ 2011 ਦੌਰਾਨ ਚਾਰ-ਚਾਰ ਅੰਕਾਂ ਦੀ ਕਮੀ ਕੀਤੀ। ਇਸ ਬਾਰੇ ਚਾਲੂ ਸਾਲ ਦੇ ਅੰਕੜੇ ਹਾਸਲ ਨਹੀਂ ਹੋ ਸਕੇ।

# ਤੀਜੇ ਵਿਸ਼ਵ ਕਬੱਡੀ ਕੱਪ ਵਿਚ ਵੱਡਾ ਘਾਲਾਮਾਲਾ: ਖੇੜਾ

**ਜਲੰਧਰ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਹਾਲ ਹੀ ਵਿਚ ਕਰਵਾਏ ਗਏ ਤੀਜੇ ਵਿਸ਼ਵ ਕਬੱਡੀ ਕੱਪ ਵਿਚ ਵੱਡੇ ਪੱਧਰ 'ਤੇ ਘਾਲਾ-ਮਾਲਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਸੋਸ਼ਲਿਸਟ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣ 'ਤੇ ਵਿਸ਼ਵ ਕਬੱਡੀ ਕੱਪ ਦੌਰਾਨ ਕਰੋੜਾਂ ਦਾ ਘੁਟਾਲਾ ਸਾਹਮਣੇ ਆ ਸਕਦਾ ਹੈ। ਪਾਰਟੀ ਨੇ ਪੰਜਾਬ ਦੇ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਤੁਰੰਤ ਜਾਂਚ ਕਰਵਾਉਣ। ਸੋਸ਼ਲਿਸਟ ਪਾਰਟੀ ਦੇ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ ਤੇ ਬਲਵੰਤ ਸਿੰਘ ਖੇੜਾ ਨੇ ਦਾਅਵਾ ਕੀਤਾ ਕਿ ਵਿਸ਼ਵ ਕਬੱਡੀ ਕੱਪ ਵਿਚ ਵੱਡੇ ਪੱਧਰ 'ਤੇ ਘੁਟਾਲਾ ਹੋਇਆ ਹੈ।




ਸ. ਖੇੜਾ ਮੁਤਾਬਕ ਇਸ ਵਿਸ਼ਵ ਕੱਪ ਦੌਰਾਨ ਪੰਜਾਬ ਸਕੱਤਰੇਤ ਤੇ ਜ਼ਿਲ੍ਹਾ ਦਫ਼ਤਰ 15 ਦਿਨ ਬੰਦ ਕਿਉਂ ਰਹੇ। ਪੁਲਿਸ ਪ੍ਰਸ਼ਾਸਨ ਆਮ ਜਨਤਾ ਦੀ ਰੱਖਿਆ ਦੀ ਜ਼ਿੰਮੇਵਾਰੀ ਛੱਡ ਕੇ ਕਬੱਡੀ ਕੱਪ ਦੇ ਦੁਆਲੇ ਰਿਹਾ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਕੀਤਾ ਜਾਵੇ ਕਿ ਜਿਹੜੇ ਖਿਡਾਰੀ ਭਾਰਤੀ ਟੀਮ ਵੱਲੋਂ ਖੇਡੇ ਸਨ, ਉਹ ਕਿਸ ਸਰਕਾਰੀ ਸੰਸਥਾ ਨੇ ਚੁਣੇ ਸਨ? ਆਗੂਆਂ ਨੇ ਇਹ ਵੀ ਸਵਾਲ ਕੀਤਾ ਕਿ ਭਾਰਤੀ ਟੀਮ ਵੱਲੋਂ ਕਬੱਡੀ ਖੇਡਣ ਵਾਲੇ ਖਿਡਾਰੀਆਂ ਦੀ ਟਰਾਈਲ ਕਿਥੇ ਹੋਏ ਸਨ? ਉਨ੍ਹਾਂ ਕਿਹਾ ਕਿ ਵਿਦੇਸ਼ਾਂ ਤੋਂ ਆਏ ਖਿਡਾਰੀ ਵੀ ਸਿਰਫ ਕਲੱਬਾਂ ਵੱਲੋਂ ਆਏ ਸਨ, ਉਨ੍ਹਾਂ ਦੀ ਕੋਈ ਕੌਮੀ ਹੋਂਦ ਨਹੀਂ ਸੀ। ਜੇ ਇਸ ਸਭ ਦੀ ਜਾਂਚ ਕੀਤੀ ਜਾਵੇ ਤਾਂ ਸਿੱਧ ਹੋ ਜਾਵੇਗਾ ਕਿ ਵਿਸ਼ਵ ਕਬੱਡੀ ਮੈਚ ਪੰਜਾਬ ਕਬੱਡੀ ਮੈਚ ਵੀ ਨਹੀਂ ਸਨ। ਇਹ ਸਿਰਫ ਅਕਾਲੀ ਦਲ ਨੇ ਜਨਤਾ ਨੂੰ ਬੇਵਕੂਫ ਬਣਾਇਆ ਹੈ। ਖੇੜਾ ਨੇ ਕਿਹਾ ਕਿ ਇਸ ਬਾਰੇ ਉਹ ਭਾਰਤ ਦੇ ਰਾਸ਼ਟਰਪਤੀ ਨੂੰ ਵੀ ਪੱਤਰ ਰਾਹੀਂ ਜਾਣਕਾਰੀ ਦੇਣਗੇ।

# ਸ਼ੇਰ-ਏ-ਪੰਜਾਬ ਦੀ ਹਵੇਲੀ ਨੂੰ ਖ਼ਤਰਾ ਬਰਕਰਾਰ

**ਅੰਮ੍ਰਿਤਸਰ:** ਲੋਕ ਸਭਾ ਵਿਚ ਭਾਰਤੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਪਾਕਿਸਤਾਨ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਜਿਸ ਜੱਦੀ ਹਵੇਲੀ ਨੂੰ ਸੁਰੱਖਿਅਤ ਐਲਾਨਦਿਆਂ ਉਸ ਨੂੰ ਨੁਕਸਾਨ ਪਹੁੰਚਾਏ ਜਾਣ ਦੀਆਂ ਖ਼ਬਰਾਂ ਦਾ ਖੰਡਨ ਕੀਤਾ ਸੀ ਪਰ ਮੀਡੀਆ ਰਿਪੋਰਟਾਂ ਅਨੁਸਾਰ ਇਸ ਇਤਿਹਾਸਕ ਹਵੇਲੀ ਨੂੰ ਖ਼ਤਰਾ ਹੈ। ਹਵੇਲੀ ਦੀ ਮੌਜੂਦਾ ਹਾਲਤ ਦੀਆਂ ਨਸ਼ਰ ਕੀਤੀਆਂ ਤਸਵੀਰਾਂ ਵਿਚ ਹਵੇਲੀ ਦਾ ਢਾਹਿਆ ਗਿਆ ਅਗਲਾ ਪੂਰਾ ਹਿੱਸਾ ਸਪੱਸ਼ਟ ਤੌਰ 'ਤੇ ਵਿਖਾਈ ਦੇ ਰਿਹਾ ਹੈ।



ਇਸ ਦੇ ਨਾਲ ਹੀ ਤਸਵੀਰਾਂ ਵਿਚ ਹਵੇਲੀ ਵਿਚ ਕੁਝ ਲੋਕ ਜੂਆ ਖੇਡਦੇ ਹੋਏ ਤੇ ਹਵੇਲੀ ਵਿਚ ਨਾਜਾਇਜ਼ ਤੌਰ 'ਤੇ ਬਣਾਈ ਗਈ ਪਾਰਕਿੰਗ ਵੀ ਵਿਖਾਈ ਦੇ ਰਹੀ ਹੈ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਵਿਦੇਸ਼ ਰਾਜ ਮੰਤਰੀ ਵੱਲੋਂ ਬਿਨਾਂ ਜਾਂਚ-ਪੜਤਾਲ ਤੋਂ ਜਾਰੀ ਕੀਤੇ ਹਵਾਈ ਬਿਆਨ ਨਾਲ ਜਿੱਥੇ ਪਾਕਿਸਤਾਨੀ ਭੂ-ਮਾਫ਼ੀਆ ਨੂੰ ਕਲੀਨ ਚਿੱਟ ਮਿਲੀ ਹੈ, ਉਥੇ ਕੇਂਦਰ ਸਰਕਾਰ ਨੇ ਇਸ ਬਿਆਨ ਦੀ ਮਾਰਫ਼ਤ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਲਈ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਗਾਰਾਂ ਦਾ ਹੋਣਾ ਜਾਂ ਨਾ ਹੋਣਾ ਕੋਈ ਮਹੱਤਤਾ ਨਹੀਂ ਰੱਖਦਾ। 10 ਜਨਵਰੀ, 2012 ਨੂੰ ਗੁਜਰਾਂਵਾਲਾ ਸਥਿਤ ਸ਼ੇਰ-ਏ-ਪੰਜਾਬ ਦੀ ਉਪਰੋਕਤ ਹਵੇਲੀ ਨੂੰ ਕਮਰਸ਼ੀਅਲ ਪਲਾਜ਼ਾ ਬਣਾਉਣ ਹਿੱਤ ਪਾਕਿਸਤਾਨੀ ਭੂ-ਮਾਫ਼ੀਆ ਵੱਲੋਂ ਮੁਸਲਿਮ ਲੀਗ ਦੇ ਵਿਧਾਇਕ ਦੀ ਸ਼ਹਿ 'ਤੇ ਢਾਹੇ ਜਾਣ ਦਾ ਕੰਮ ਸ਼ੁਰੂ ਕੀਤਾ ਗਿਆ। ਭਾਰਤੀ ਮੀਡੀਆ ਵਿੱਚ ਇਹ ਮਾਮਲਾ ਆਉਣ ਤੋਂ ਬਾਅਦ ਸਮਾਂ ਰਹਿੰਦਿਆਂ ਪਾਕਿਸਤਾਨੀ ਅਧਿਕਾਰੀਆਂ ਨੂੰ ਇਸ ਮਾਮਲੇ ਤੋਂ ਜਾਣੂ ਕਰਵਾਇਆ ਜਿਸ ਨਾਲ ਚਾਰ-ਪੰਜ ਘੰਟਿਆਂ ਦੇ ਅੰਦਰ ਹੀ ਪਾਕਿਸਤਾਨ ਸਰਕਾਰ ਨੇ ਪੁਲਿਸ ਤੇ ਸੈਨਾ ਦੀ ਸਾਂਝੀ ਕਾਰਵਾਈ ਨਾਲ ਹਵੇਲੀ ਦਾ ਵੱਡਾ ਹਿੱਸਾ ਢਹਿ ਜਾਣ ਤੋਂ ਬਚਾ ਲਿਆ। ਸੂਤਰਾਂ ਅਨੁਸਾਰ ਜੂਨ 2011 ਵਿਚ ਲੋਕ ਸਭਾ ਮੈਂਬਰ ਰਾਜੀਵ ਸ਼ੁਕਲਾ ਨੇ ਵੀ ਉਪਰੋਕਤ ਹਵੇਲੀ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਗੁਜਰਾਂਵਾਲਾ ਸਥਿਤ ਹਵੇਲੀ ਵਿਚੋਂ ਪੁਲਿਸ ਥਾਣਾ ਹਟਵਾਇਆ ਜਾਵੇ।

# ਇਕ ਸਦੀ ਬਾਅਦ ਹੋਵੇਗੀ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਸ਼ਨਾਖ਼ਤ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਜੱਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਹੀਦਾਂ ਦੀ ਸੂਚੀ ਤਿਆਰ ਕਰਨ ਦੇ ਕੀਤੇ ਗਏ ਫੈਸਲੇ ਨਾਲ ਮੁੜ ਆਸ ਬੱਝੀ ਹੈ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਹਿਮ ਸਥਾਨ ਰੱਖਦੇ ਜੱਲ੍ਹਿਆਂਵਾਲਾ ਬਾਗ ਕਾਂਡ ਦੇ ਸਮੂਹ ਸ਼ਹੀਦਾਂ ਦੀ ਅੰਤਿਮ ਤੇ ਪੱਕੀ ਸੂਚੀ ਤਿਆਰ ਹੋ ਜਾਵੇਗੀ। ਇਸ ਨਾਲ ਨਵੀਂ ਪੀੜ੍ਹੀ ਨੂੰ 13 ਅਪਰੈਲ, 1919 ਨੂੰ ਸ਼ਹੀਦ ਹੋਏ ਲੋਕਾਂ ਬਾਰੇ ਸਹੀ ਜਾਣਕਾਰੀ ਮਿਲ ਸਕੇਗੀ।

ਜੱਲ੍ਹਿਆਂਵਾਲਾ ਬਾਗ ਦੇ ਗੋਲੀ ਕਾਂਡ ਤੋਂ 94 ਸਾਲ ਬਾਅਦ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਸ਼ਹੀਦਾਂ ਦੀ ਸ਼ਨਾਖ਼ਤ ਕਰਨ ਦਾ ਫੈਸਲਾ ਲਿਆ ਗਿਆ ਹੈ ਜਿਨ੍ਹਾਂ ਦੇਸ਼ ਦੇ ਆਜ਼ਾਦੀ ਅੰਦੋਲਨ ਦੌਰਾਨ 1919 ਦੀ ਵਿਸਾਖੀ ਮੌਕੇ ਕੁਰਬਾਨੀਆਂ ਦਿੱਤੀਆਂ। ਪੰਜਾਬ ਸਰਕਾਰ ਵੱਲੋਂ ਮੁੱਖ ਸਕੱਤਰ ਪੰਜਾਬ ਦੀ ਅਗਵਾਈ ਵਿਚ ਅੱਠ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।



ਕਮੇਟੀ ਆਪਣੀ ਰਿਪੋਰਟ ਰਾਜ ਸਰਕਾਰ ਨੂੰ ਤਿੰਨ ਮਹੀਨਿਆਂ ਵਿਚ ਦੇਵੇਗੀ ਤੇ ਕਮੇਟੀ ਵੱਲੋਂ ਜੱਲ੍ਹਿਆਂਵਾਲਾ ਬਾਗ ਗੋਲੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਵਿਅਕਤੀਆਂ ਤੇ ਉਨ੍ਹਾਂ ਦੇ ਵਾਰਸਾਂ ਦੀ ਪਛਾਣ ਤੇ ਪਤਾ ਲਾਉਣ ਤੋਂ ਇਲਾਵਾ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ ਕਿ ਰਾਜ ਸਰਕਾਰ ਹੁਣ 94 ਸਾਲ ਬਾਅਦ ਸ਼ਹੀਦ ਹੋਣ ਵਾਲਿਆਂ ਦੇ ਵਾਰਸਾਂ ਨੂੰ ਕੀ ਮੁਆਵਜ਼ਾ, ਪੈਨਸ਼ਨ ਜਾਂ ਦੂਜੀਆਂ ਸਹੂਲਤਾਂ ਦੇ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਵੀ 13 ਦਸੰਬਰ, 2008 ਨੂੰ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ ਸਕੀਮ ਹੇਠ ਲੈਣ ਦਾ ਫੈਸਲਾ ਲਿਆ ਸੀ ਜਦੋਂਕਿ ਦੂਜੇ ਆਜ਼ਾਦੀ ਘੁਲਾਟੀਆਂ ਨੂੰ ਇਹ ਪੈਨਸ਼ਨ 1980 ਤੋਂ ਮਿਲ ਰਹੀ ਹੈ।

ਇਸ ਘਟਨਾ ਨੂੰ ਵਾਪਰਿਆਂ ਤਕਰੀਬਨ 94 ਸਾਲ ਹੋ ਗਏ ਹਨ ਪਰ ਹੁਣ ਤੱਕ ਇਸ ਕਾਂਡ ਦੇ ਸ਼ਹੀਦਾਂ ਦੀ ਪੱਕੀ ਸੂਚੀ ਤਿਆਰ ਨਹੀਂ ਹੋ ਸਕੀ। ਇਸ ਵੇਲੇ ਸ਼ਹੀਦਾਂ ਬਾਰੇ ਕਈ ਸੂਚੀਆਂ ਹਨ ਜਿਨ੍ਹਾਂ ਵਿੱਚ ਵੱਖੋ-ਵੱਖਰੇ ਅੰਕੜੇ ਹਨ। ਜ਼ਿਲ੍ਹਾ ਪ੍ਰਸ਼ਾਸਨ ਕੋਲ ਮੌਜੂਦ ਸੂਚੀ ਵਿਚ ਵੀ 501 ਸ਼ਹੀਦਾਂ ਦਾ ਜ਼ਿਕਰ ਹੈ। ਇਹ ਸੂਚੀ 1921 ਵਿਚ ਅੰਗਰੇਜ਼ ਪ੍ਰਸ਼ਾਸਨ ਵੱਲੋਂ ਤਿਆਰ ਕੀਤੀ ਗਈ ਸੀ ਜਦਕਿ ਜੱਲ੍ਹਿਆਂਵਾਲਾ ਬਾਗ ਸ਼ਹੀਦ ਮੈਮੋਰੀਅਲ ਟਰਸੱਟ ਦੀ ਸੂਚੀ ਵਿਚ ਸ਼ਹੀਦਾਂ ਦੀ ਗਿਣਤੀ 388 ਹੈ।

ਇਸੇ ਤਰ੍ਹਾਂ ਜੱਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸੰਮਤੀ ਦੀ ਸੂਚੀ ਵਿਚ ਸ਼ਹੀਦਾਂ ਦੀ ਗਿਣਤੀ 464 ਦੱਸੀ ਗਈ ਹੈ। ਇਸ ਤੋਂ ਇਲਾਵਾ ਵੀ ਦੇਸ਼ ਵਿਚ ਇਸ ਬਾਰੇ ਕੁਝ ਹੋਰ ਸੂਚੀਆਂ ਹਨ ਜਿਨ੍ਹਾਂ ਵਿਚ ਸ਼ਹੀਦਾਂ ਦੇ ਅੰਕੜੇ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਪਹਿਲਾਂ ਵੀ ਪੱਕੀ ਸੂਚੀ ਤਿਆਰ ਕਰਨ ਲਈ ਯਤਨ ਸ਼ੁਰੂ ਹੋਏ ਸਨ ਤੇ ਉਸ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਸਾਰੀਆਂ ਸੂਚੀਆਂ ਵਿਚ ਸ਼ਾਮਲ ਇਕੋ ਜਿਹੇ ਨਾਂ ਵਾਲੇ ਸ਼ਹੀਦਾਂ ਨੂੰ ਬਿਨਾਂ ਵਿਵਾਦ ਸੂਚੀ ਵਿਚ ਸ਼ਾਮਲ ਕਰ ਲਿਆ ਜਾਵੇ ਤੇ ਵੱਖ-ਵੱਖ ਨਾਵਾਂ ਵਾਲੇ ਸ਼ਹੀਦਾਂ ਬਾਰੇ ਪੜਤਾਲ ਕੀਤੀ ਜਾਵੇ ਪਰ ਕੋਈ ਅੰਤਿਮ ਨਿਰਣਾ ਨਾ ਹੋਣ ਕਾਰਨ ਇਹ ਕਾਰਜ ਵਿਚਾਲੇ ਹੀ ਰਹਿ ਗਿਆ ਸੀ।

ਜੱਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸੰਮਤੀ ਦੇ ਪ੍ਰਧਾਨ ਭੂਸ਼ਣ ਬਹਿਲ ਨੇ ਆਖਿਆ ਕਿ ਸੰਮਤੀ ਵੱਲੋਂ ਪੱਕੀ ਤੇ ਅੰਤਿਮ ਸੂਚੀ ਤਿਆਰ ਕਰਨ ਲਈ ਪਿਛਲੇ ਕਈ ਸਾਲਾਂ ਤੋਂ ਯਤਨ ਕੀਤੇ ਜਾ ਰਹੇ ਸਨ ਪਰ ਹੁਣ ਸੂਬਾ ਸਰਕਾਰ ਵੱਲੋਂ ਕੀਤੇ ਗਏ ਫੈਸਲੇ ਨਾਲ ਇਨ੍ਹਾਂ ਯਤਨਾਂ ਨੂੰ ਬੂਰ ਪਵੇਗਾ। ਸ੍ਰੀ ਬਹਿਲ ਦੇ ਦਾਦਾ ਐਡਵੋਕੇਟ ਲਾਲਾ ਹਰੀ ਰਾਮ ਵੀ 13 ਅਪਰੈਲ, 1919 ਨੂੰ ਜੱਲ੍ਹਿਆਂਵਾਲਾ ਬਾਗ ਵਿਖੇ ਵਾਪਰੇ ਹਾਦਸੇ ਸਮੇਂ ਸ਼ਾਮਲ ਸਨ। ਉਹ ਉਥੇ ਹੋਏ ਜਲਸੇ ਵਿਚ ਜਥਾ ਲੈ ਕੇ ਸ਼ਾਮਲ ਹੋਏ ਸਨ। ਇਸ ਜਲਸੇ 'ਤੇ ਉਸ ਵੇਲੇ ਜਨਰਲ ਡਾਇਰ ਵੱਲੋਂ ਅੰਨ੍ਹੇਵਾਹ ਗੋਲੀ ਚਲਾਈ ਗਈ ਸੀ ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਸਨ ਅਤੇ ਜ਼ਖ਼ਮੀ ਹੋ ਗਏ ਸਨ।

## Matrimonials

**ਕੰਨਿਆ ਦੀ ਲੋੜ ਹੈ**

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600 E-Mail Tigerjatt@gmail.com

**ਵਰ ਦੀ ਲੋੜ ਹੈ**

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਹਿਰ 1:00 ਤੋਂ ਰਾਤ 11:30 ਤੱਕ ਫੋਨ ਕਰੋ।


## ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ ਦੇ ਪਰਿਵਾਰਾਂ ਦਾ ਸਨਮਾਨ

**ਅੰਮ੍ਰਿਤਸਰ:** ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਦੀ ਹੱਤਿਆ ਦੇ ਦੋਸ਼ ਹੇਠ 24 ਸਾਲ ਪਹਿਲਾਂ ਫਾਂਸੀ ਚਾੜ੍ਹੇ ਗਏ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਅਕਾਲ ਤਖ਼ਤ ਸਾਹਿਬ ਵਿਖੇ 24ਵੀਂ ਬਰਸੀ ਮਨਾਈ ਗਈ। ਇਸ ਮੌਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ।

ਗੌਰਤਲਬ ਹੈ ਕਿ ਸਤਵੰਤ ਸਿੰਘ ਤੇ ਕੇਹਰ ਸਿੰਘ ਨੇ ਆਪਣੇ ਸਾਥੀਆਂ ਸਮੇਤ 30 ਅਕਤੂਬਰ, 1984 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਦੇ ਰੋਸ ਵਜੋਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਇਨ੍ਹਾਂ ਦੋਵਾਂ ਨੂੰ ਬਾਅਦ ਵਿਚ ਫਾਂਸੀ ਦਿੱਤੀ ਗਈ ਸੀ। ਬਰਸੀ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਤਵੰਤ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਮੈਂਬਰ ਗ਼ੈਰ ਹਾਜ਼ਰ ਸਨ। ਇਸ ਮੌਕੇ ਕੋਈ ਭਾਸ਼ਣ ਵੀ ਨਹੀਂ ਹੋਇਆ, ਸਿਰਫ ਅਰਦਾਸ ਕੀਤੀ ਗਈ ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਹਰਬੰਸ ਸਿੰਘ ਮੱਲੀ, ਅਮਲਾ ਤੇ ਸੰਗਤਾਂ ਸ਼ਾਮਲ ਹੋਈਆਂ। ਇਸ ਸਬੰਧੀ ਸ੍ਰੀ ਕੰਵਰਪਾਲ ਸਿੰਘ ਨੇ ਆਖਿਆ ਕਿ ਅੱਜ ਸਿੱਖ ਕੌਮ ਵਲੋਂ ਦੋਵਾਂ 'ਸ਼ਹੀਦਾਂ' ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ।


*To Advertise with Punjab Times*

***Call: 847-359-0746***

***punjabtimesusa.com***


## ਪ੍ਰੋ. ਦਰਸ਼ਨ ਸਿੰਘ ਖਾਲਸਾ ਵੱਲੋਂ ਪੰਥਕ ਜਥੇਬੰਦੀ ਕਾਇਮ

ਚੰਡੀਗੜ੍ਹ: ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਸਾਬਕਾ ਜਥੇਦਾਰ ਤੇ ਪ੍ਰਸਿੱਧ ਰਾਗੀ ਪ੍ਰੋ. ਦਰਸ਼ਨ ਸਿੰਘ ਖਾਲਸਾ 'ਗੁਰੂ ਗ੍ਰੰਥ ਦਾ ਖਾਲਸਾ ਪੰਥ' ਨਵੀਂ ਪੰਥਕ ਜਥੇਬੰਦੀ ਬਣਾ ਕੇ ਸਿਆਸਤ ਵਿਚ ਸਰਗਰਮ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਪਲੇਟਫਾਰਮ ਰਾਹੀਂ ਅਕਾਲ ਤਖ਼ਤ ਤੇ ਸਿੱਖ ਧਰਮ 'ਤੇ ਕਾਇਮ ਹੋਏ ਸਿਆਸਤ ਦੇ ਗਲਬੇ ਨੂੰ ਉਖੇੜਨ ਦੀ ਮੁਹਿੰਮ ਚਲਾਈ ਜਾਵੇਗੀ।

ਪ੍ਰੋ. ਖਾਲਸਾ ਨੇ ਖਾਲਸਾ ਪੰਚਾਇਤ ਦੇ ਮੁਖੀ ਰਾਜਿੰਦਰ ਸਿੰਘ ਖਾਲਸਾ, ਸਾਬਕਾ ਆਈ.ਏ.ਐਸ. ਅਧਿਕਾਰੀ ਗੁਰਤੇਜ ਸਿੰਘ, ਜਰਨੈਲ ਸਿੰਘ ਤੇ ਮਨਜੀਤ ਸਿੰਘ ਦੀ ਮੌਜੂਦਗੀ ਵਿਚ ਨਵੀਂ ਜਥੇਬੰਦੀ ਦੀ ਸਥਾਪਨਾ ਦਾ ਐਲਾਨ ਕੀਤਾ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਅੱਜ ਸਿੱਖ ਜਗਤ ਵਿਚ ਇਹ ਭੁਲੇਖਾ ਹੈ ਕਿ ਜਥੇਦਾਰ ਹੀ ਅਕਾਲ ਤਖ਼ਤ ਹੈ ਜਦਕਿ ਜਥੇਦਾਰ ਅਕਾਲ ਤਖ਼ਤ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਕ ਸਿਆਸੀ ਪਾਰਟੀ ਵੱਲੋਂ ਅਕਾਲ ਤਖ਼ਤ ਉਪਰ ਨਿਯੁਕਤ ਕੀਤੇ ਜਥੇਦਾਰ, ਸਿਆਸੀ ਪ੍ਰਭਾਵ ਹੇਠ ਗੁਰਮਤਿ ਵਿਰੋਧੀ ਹੁਕਮਨਾਮੇ ਜਾਰੀ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਲਈ ਅਜਿਹੇ ਕਿਸੇ ਵੀ ਆਦੇਸ਼ ਨੂੰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅਜਿਹੇ ਆਦੇਸ਼ਾਂ ਮੰਨਣ ਨਾਲ ਪੰਥ ਵਿਰੋਧੀ ਤਾਕਤਾਂ ਦੇ ਹੱਥ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਵਰਤਾਰੇ ਦੌਰਾਨ ਸਿਆਸੀ ਤੇ ਪੰਥ ਵਿਰੋਧੀ ਸ਼ਕਤੀਆਂ ਤੋਂ ਅਕਾਲ ਤਖ਼ਤ ਨੂੰ ਆਜ਼ਾਦ ਕਰਵਾਉਣਾ ਸਮੇਂ ਦੀ ਲੋੜ ਹੈ।ਅਕਾਲ ਤਖ਼ਤ ਅੰਮ੍ਰਿਤਸਰ ਦੇ ਸਾਬਕਾ ਜਥੇਦਾਰ ਨੇ ਕਿਹਾ ਕਿ ਪਿਛਲੇ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਨ੍ਹਾਂ ਵਿਰੁੱਧ ਜਾਰੀ ਕੀਤੇ ਹੁਕਮਨਾਮੇ ਨੂੰ ਉਹ ਬਿਲਕੁਲ ਨਹੀਂ ਮੰਨਦੇ ਕਿਉਂਕਿ ਇਹ ਹੁਕਮਨਾਮਾ ਸਿਆਸੀ ਦਬਾਅ ਹੇਠ ਇਕ ਤਰਫਾ ਤੌਰ 'ਤੇ ਜਾਰੀ ਕੀਤਾ ਗਿਆ ਸੀ। ਨਵੀਂ ਬਣਾਈ ਜਥੇਬੰਦੀ ਦੇ ਪ੍ਰੋ. ਦਰਸ਼ਨ ਸਿੰਘ ਪ੍ਰਧਾਨ ਹੋਣਗੇ ਤੇ ਗੁਰਤੇਜ ਸਿੰਘ ਤੇ ਰਾਜਿੰਦਰ ਸਿੰਘ ਖਾਲਸਾ ਨੂੰ ਇਸ ਦਾ ਉਪ ਪ੍ਰਧਾਨ ਬਣਾਇਆ ਗਿਆ ਹੈ। ਜਥੇਬੰਦੀ ਦਾ ਕੰਮਕਾਜ ਕੇਂਦਰੀ ਪੰਚਾਇਤ ਚਲਾਵੇਗੀ ਤੇ ਇਸ ਦੀਆਂ ਦੁਨੀਆਂ ਭਰ ਵਿੱਚ ਇਕਾਈਆਂ ਕਾਇਮ ਕੀਤੀਆਂ ਜਾਣਗੀਆਂ। ਇਸ ਮੁਹਿੰਮ ਲਈ ਮਿਆਰੀ ਸਾਹਿਤ ਵੀ ਤਿਆਰ ਕਰਵਾਉਣ ਦੀ ਰਣਨੀਤੀ ਬਣਾਈ ਗਈ ਹੈ।

ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਇਹ ਜਥੇਬੰਦੀ ਗੈਰ-ਸਿਆਸੀ ਹੋਵੇਗੀ ਤੇ ਉਹ ਖੁਦ ਭਾਵੇਂ ਚੋਣਾਂ ਵਿਚ ਹਿੱਸਾ ਨਹੀਂ ਲੈਣਗੇ ਪਰ ਸਿਆਸੀ ਖੇਤਰ ਵਿਚ ਚੰਗੀਆਂ ਸ਼ਖ਼ਸੀਅਤਾਂ ਦੀ ਹਮਾਇਤ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਜਥੇਬੰਦੀ ਬਣਾਉਣ ਦੀ ਲੋੜ ਇਸ ਲਈ ਪਈ ਹੈ ਕਿ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਕਰਮਕਾਂਡਾਂ ਦੀ ਜਿਲ੍ਹਣ ਵਿਚੋਂ ਕੱਢ ਕੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ ਪਰ ਹੁਣ ਪੰਥਕ ਵਿਰੋਧੀ ਤਾਕਤਾਂ ਗੁਰਮਤਿ ਵਿਚਾਰਧਾਰਾ ਨੂੰ ਅਨਮਤਿ ਨਾਲ ਰਲਗਡ ਕਰਨ ਲਈ ਯਤਨਸ਼ੀਲ ਹਨ। ਗੁਰੂ ਗ੍ਰੰਥ ਸਾਹਿਬ ਉਪਰ ਪੂਰਨ ਸ਼ਰਧਾ ਤੇ ਭਰੋਸਾ ਰੱਖਣ ਵਾਲਿਆਂ ਦੇ ਵਿਸ਼ਵਾਸ਼ ਨੂੰ ਥਿੜਕਾਉਣ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਕਾਲ ਤਖ਼ਤ ਨੂੰ ਸਿਆਸੀ ਤੇ ਪੰਥ ਵਿਰੋਧੀ ਸ਼ਕਤੀਆਂ ਤੋਂ ਆਜ਼ਾਦ ਕਰਵਾਉਣ ਲਈ ਮੁਹਿੰਮ ਚਲਾਈ ਜਾਵੇ।

## ਮੁਕੇਸ਼ ਅੰਬਾਨੀ ਸੰਸਾਰ ਦੇ 18ਵੇਂ ਅਮੀਰ

**ਹਿਊਸਟਨ:** ਭਾਰਤੀ ਉਦਯੋਗਪਤੀ ਮੁਕੇਸ਼ ਅੰਬਾਨੀ ਦੁਨੀਆ ਦੇ 18ਵੇਂ ਸਭ ਤੋਂ ਅਮੀਰ ਵਿਅਕਤੀ ਹਨ ਜਿਨ੍ਹਾਂ ਦੀ ਨਿੱਜੀ ਜਾਇਦਾਦ 2012 ਵਿਚ 24.7 ਅਰਬ ਡਾਲਰ ਰਹੀ। ਬਲੂਮਬਰਗ ਬਿਲਿਅਨੇਅਰਸ ਇੰਡੈਕਸ ਅਨੁਸਾਰ ਮੈਕਸੀਕੋ ਦੇ ਉਦਯੋਗਪਤੀ ਕਾਰਲਸ ਸਲਿਮ 2012 ਵਿਚ



ਮੁਕੇਸ਼ ਅੰਬਾਨੀ

ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਰਹੇ ਜਿਨ੍ਹਾਂ ਦੀ ਨਿੱਜੀ ਜਾਇਦਾਦ 70 ਅਰਬ ਡਾਲਰ ਤੋਂ ਜ਼ਿਆਦਾ ਰਹੀ। ਉਥੇ ਰਿਲਾਇੰਸ ਇੰਡਸਟ੍ਰੀਜ਼ ਦੇ ਮੁਖੀ 55 ਸਾਲਾ ਅੰਬਾਨੀ ਲਗਾਤਾਰ ਛੇਵੇਂ ਸਾਲ ਵਿਸ਼ਵ ਦੇ ਸਭ ਤੋਂ ਅਮੀਰ ਭਾਰਤੀ ਬਣੇ ਰਹੇ ਤੇ ਉਹ 19ਵੇਂ ਸਥਾਨ ਤੋਂ ਇਕ ਸਥਾਨ ਉਪਰ 18ਵੇਂ ਸਥਾਨ 'ਤੇ ਪਹੁੰਚ ਗਏ ਜਦਕਿ ਉਨ੍ਹਾਂ ਦੀ ਨਿੱਜੀ ਜਾਇਦਾਦ 21 ਅਰਬ ਡਾਲਰ ਤੋਂ ਵਧ ਕੇ 24.7 ਅਰਬ ਡਾਲਰ ਪਹੁੰਚ ਗਈ।


**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545 London $250**



**Prince's Barber Shop**

**37477 Fremont Blvd, suite C, Fremont, CA 94536**

***Men & Children's Hair Cut***

*Threading *Custom Text

*Men's Facials *Hair Coler

*Custom Designing *Shave &

*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Friday 9am to 8pm**
**Sat- Sunday- 8am to 8pm**
**(Tuesday 9am to 4pm)**



**Cell: (510)-677-9942**

**Shop: (510)-505-9605**



**MRP TRAVEL**

*Lowest International and Domestic Fares*

A·R·C **FLY ANY AIRLINE OF YOUR CHOICE** IATA

***Providing the lowest Airfare, Cruise and Travel Packages to Asia, Africa, Europe, the Middle East and North America***

**408-929-8005**

**E-mail:mrptravel@gmail.com**
**2123 Port Way, San Jose, CA 95133**

***CST: 2097308-40***

***Passport & Visa services also available***



***India Vacation tour package also available.***

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



FARMERS INSURANCE GROUP Symbol of Superior Service

**FARMERS**

**ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ**

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬੱਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



**ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ**

Radio Chann Pardesi

ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ

**ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ**

tunein market iPhone

ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ

**RADIO CHANN PARDESI**

ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579

https://www.facebook.com/ChannPardesiRadio Email : info@channpardesi.com

**www.channpardesi.com**

# ਅਸ਼ਲੀਲ ਗਾਇਕੀ ਵਿਰੁੱਧ ਚੁਫੇਰਿਓਂ ਆਵਾਜ਼ ਬੁਲੰਦ




*ਇਸਤਰੀ ਜਾਗ੍ਰਿਤੀ ਮੰਚ ਵੱਲੋਂ ਲੁਧਿਆਣਾ ਵਿਚ ਗਾਇਕ ਦਿਲਜੀਤ ਦੇ ਘਰ ਦੇ ਬਾਹਰ ਕੀਤੇ ਵਿਖਾਵੇ ਦੀ ਫਾਈਲ ਫੋਟੋ।*

**ਜਲੰਧਰ:** ਗਾਇਕ ਹਨੀ ਸਿੰਘ ਦੁਆਰਾ ਗਾਏ ਅਸ਼ਲੀਲ ਗਾਣਿਆਂ ਅਤੇ ਹੋਰ ਕਈ ਗਾਇਕਾਂ ਵੱਲੋਂ ਗੀਤਾਂ ਰਾਹੀਂ ਪਰੋਸੀ ਜਾ ਰਹੀ ਅਸ਼ਲੀਲਤਾ ਖਿਲਾਫ ਲਾਵਾ ਫੁੱਟ ਪਿਆ ਹੈ। ਇਨ੍ਹਾਂ ਗਾਇਕਾਂ ਖਿਲਾਫ ਮੁਹਿੰਮ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਸੀ ਅਤੇ ਹੁਣ ਪੰਜਾਬ ਦੀਆਂ ਸਮਾਜਕ ਤੇ ਧਾਰਮਿਕ ਸੰਸਥਾਵਾਂ ਸੜਕਾਂ 'ਤੇ ਉਤਰ ਆਈਆਂ ਹਨ।

ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਜਲੰਧਰ ਵਿਚ ਪੰਜਾਬ ਪ੍ਰੈੱਸ ਕਲੱਬ ਦੇ ਸਾਹਮਣੇ ਚੌਕ ਵਿਚ ਪ੍ਰਦਰਸ਼ਨ ਕਰ ਕੇ ਗਾਇਕ ਹਨੀ ਸਿੰਘ ਦਾ ਪੁਤਲਾ ਸਾੜਿਆ ਅਤੇ ਅਸ਼ਲੀਲ ਗੀਤ ਗਾਉਣ ਵਾਲਿਆਂ ਵਿਰੁੱਧ ਨਾਅਰੇਬਾਜ਼ੀ ਕਰ ਕੇ ਸਰਕਾਰ ਤੋਂ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਰੋਸ ਪ੍ਰਗਟ ਕੀਤਾ ਕਿ ਇਕ ਪਾਸੇ ਦਿੱਲੀ ਵਿਚ ਸਮੂਹਿਕ ਜਬਰ ਜਨਾਹ ਦੀ ਸ਼ਿਕਾਰ ਹੋਈ ਲੜਕੀ ਦੀ ਮੌਤ ਨੂੰ ਲੈ ਕੇ ਸਾਰਾ ਦੇਸ਼ ਸੋਗ ਵਿਚ ਡੁਬਿਆ ਹੋਇਆ ਹੈ, ਦੂਜੇ ਪਾਸੇ ਗਾਇਕ ਹਨੀ ਸਿੰਘ ਵੱਲੋਂ ਗੀਤਾਂ 'ਚ ਅਸ਼ਲੀਲਤਾ ਪਰੋਸੀ ਜਾ ਰਹੀ ਹੈ। ਦਿਲਜੀਤ , ਜੈਜ਼ੀ ਬੀ. ਅਤੇ ਹੋਰ ਗਇਕ ਵੀ ਅਸ਼ਲੀਲ ਤੇ ਭੜਕਾਊ ਗਾਣੇ ਗਾ ਰਹੇ ਹਨ ਅਤੇ ਸਿੱਖੀ ਦੇ ਧਾਰਮਿਕ ਚਿੰਨ੍ਹ ਖੰਡਾ ਕਿਰਪਾਨ ਆਦਿ ਦੀ ਵਰਤੋਂ ਕਰ ਰਹੇ ਹਨ।

ਹੁਣ ਸਾਰੇ ਸੰਗਠਨਾਂ ਨੇ ਇਹ ਫੈਸਲਾ ਕੀਤਾ ਹੈ ਕਿ ਉਹ ਨਾ ਤਾਂ ਅਸ਼ਲੀਲ ਗਾਣਿਆਂ ਦੇ ਸਟੇਜ ਸ਼ੋਅ ਹੋਣ ਦੇਣਗੇ ਅਤੇ ਨਾ ਹੀ ਅਜਿਹੀਆਂ ਫ਼ਿਲਮਾਂ ਲੱਗਣ ਦੇਣਗੇ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਵੀ ਮੰਗ ਕੀਤੀ ਕਿ ਅਜਿਹਾ ਗਲਤ ਪ੍ਰਚਾਰ ਅਤੇ ਸਿੱਖੀ ਅਤੇ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਕਰਨ ਵਾਲੇ ਗਾਇਕਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

## ਇਕੱਲਾ ਮੈਂ ਹੀ ਦੋਸ਼ੀ ਨਹੀਂ: ਹਨੀ ਸਿੰਘ

**ਨਵੀਂ ਦਿੱਲੀ:** ਤਾਬੜ-ਤੋੜ ਹਮਲਿਆਂ ਨਾਲ ਖਾਮੋਸ਼ ਹੋਏ ਰੈਪਰ ਹਨੀ ਸਿੰਘ ਨੇ ਆਖਰਕਾਰ ਮੂੰਹ ਖੋਲ੍ਹਦਿਆਂ ਕਿਹਾ ਹੈ ਕਿ ਅਸ਼ਲੀਲ ਗਾਣਿਆਂ ਲਈ ਉਹ ਇਕੱਲਾ ਦੋਸ਼ੀ ਨਹੀਂ ਹੈ। ਉਸ ਦੇ ਵਿਰੋਧੀ ਗਾਇਕ ਉਸ ਦੀ ਸਫਲਤਾ ਤੋਂ ਸੜਦੇ ਹਨ, ਇਹ ਲੋਕ ਹੀ ਹੁਣ ਉਸ ਖਿਲਾਫ ਮੁਹਿੰਮ ਚਲਾ ਰਹੇ ਹਨ। ਉਸ ਨੇ ਇਹ ਵੀ ਆਖਿਆ ਹੈ ਕਿ ਹੁਣ ਉਸ ਨੇ ਆਪਣਾ ਕੰਮ-ਕਾਰ ਠੀਕ ਕਰ ਲਿਆ ਹੈ। ਹੁਣ ਉਸ ਦਾ ਸੰਗੀਤ ਐਨ ਵੱਖਰੀ ਤਰ੍ਹਾਂ ਦਾ ਆ ਰਿਹਾ ਹੈ।

## ਲੋਕੋ ਹੁਣ ਤਾਂ ਉਠੋ!

**ਲੁਧਿਆਣਾ:** ਦੋ ਸਾਲਾਂ ਤੋਂ ਲੱਚਰ ਗਾਇਕੀ ਖ਼ਿਲਾਫ਼ ਲੜ ਰਹੀ ਜਥੇਬੰਦੀ ਇਸਤਰੀ ਜਾਗ੍ਰਿਤੀ ਮੰਚ ਨੇ ਹਨੀ ਸਿੰਘ ਖਿਲਾਫ ਕਾਰਵਾਈ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਹੋਰ ਗਾਇਕਾਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਖਿਲਾਫ ਵੀ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਜਥੇਬੰਦੀ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਹੁਣ ਤਾਂ ਆਪਣੀਆਂ ਅੱਖਾਂ ਤੋਂ ਪੱਟੀਆ ਉਤਾਰ ਦੇਣ ਅਤੇ ਸਭਿਆਚਾਰ ਦੇ ਨਾਂ ਉਤੇ ਗੰਦ ਪਾਉਣ ਵਾਲਿਆਂ ਨੂੰ ਮੂੰਹ ਨਾ ਲਾਉਣ।

ਇਸੇ ਦੌਰਾਨ ਉੱਘੇ ਕਲਾਕਾਰਾਂ, ਸ਼ਾਇਰਾਂ, ਨਾਟਕਕਾਰਾਂ, ਸਭਿਆਚਾਰਕ ਕਾਰਕੁਨਾਂ ਨੇ ਵੀ ਲੋਕਾਂ ਨੂੰ ਇਨ੍ਹਾਂ ਬੁਰਛੇ ਗਾਇਕਾਂ ਖਿਲਾਫ ਆਪਣਾ ਵਿਰੋਧ ਦਰਜ ਕਰਵਾਇਆ ਹੈ। ਪੰਜਾਬੀ ਕਵੀ ਸੁਰਜੀਤ ਪਾਤਰ ਨੇ ਕਿਹਾ ਹੈ ਕਿ ਕਲਾ ਦਾ ਅਰਥ ਮਨੁੱਖੀ ਜ਼ਿੰਦਗੀ ਨੂੰ ਸੂਖਮ ਭਾਵੀ ਬਣਾ ਕੇ ਹੋਰ ਸੋਹਣਾ ਬਣਾਉਣਾ ਹੈ। ਇਨ੍ਹਾਂ ਸਮਿਆਂ ਵਿਚ ਮਾੜੀ ਗੱਲ ਇਹ ਹੋਈ ਹੈ ਕਿ ਇੰਟਰਨੈੱਟ ਅਤੇ ਯੂਟਿਊਬ ਰਾਹੀਂ ਲੱਚਰਤਾ ਡਰਾਇੰਗ ਰੂਮਾਂ ਤਕ ਪਹੁੰਚ ਚੁੱਕੀ ਹੈ। ਇਸ ਖ਼ਿਲਾਫ਼ ਹੁਣ ਨਵੇਂ ਮੁਹਾਂਦਰੇ ਵਾਲੀ ਲਹਿਰ ਸਿਰਜਣ ਦੀ ਲੋੜ ਹੈ। ਔਰਤ ਤੇ ਮਰਦ ਦੇ ਰਿਸ਼ਤੇ ਨੂੰ ਨੰਗੇਜ ਤਕ ਸੀਮਤ ਕਰ ਦੇਣਾ ਅਸਹਿ ਹੈ।

ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਕਿ ਇਨ੍ਹਾਂ ਸਮਿਆਂ ਵਿਚ ਜਦੋਂ ਹਵਾ ਪਲੀਤ ਹੋ ਚੁੱਕੀ ਹੈ, ਪਾਣੀ ਪਲੀਤ ਹੋ ਚੁੱਕਾ ਹੈ, ਵਾਤਾਵਰਣ ਪਲੀਤ ਹੋ ਚੁੱਕਾ ਹੈ ਤਾਂ ਸਿਰਫ ਇਕ ਵਿਰਾਸਤ ਹੀ ਬਚੀ ਸੀ ਜਿਸ ਵਿਚੋਂ ਕੱਚੇ ਦੁੱਧ ਵਰਗੀ ਸੁੱਚੀ ਮਹਿਕ ਆਉਂਦੀ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਕੁਝ ਗਾਇਕ, ਗੀਤਕਾਰਾਂ ਤੇ ਕੰਪਨੀਆਂ ਨੇ ਪੰਜਾਬੀ ਸਭਿਆਚਾਰ 'ਤੇ ਮਿਥ ਕੇ ਧਾਵਾ ਬੋਲਿਆ ਹੋਇਆ ਹੈ।

ਪੰਜਾਬੀ ਸਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਕਿ ਸਿਰਫ ਗਾਇਕ ਹੀ ਨਹੀਂ, ਲੱਚਰ ਗੀਤ ਲਈ ਗੀਤਕਾਰ, ਸੰਗੀਤਕਾਰ, ਵੀਡੀਓ ਡਾਇਰੈਕਟਰ, ਕੈਸੇਟ ਕੰਪਨੀ ਤੇ ਟੀ.ਵੀ. ਚੈਨਲ ਬਰਾਬਰ ਦੇ ਭਾਈਵਾਲ ਹਨ।

### ਮੀਡੀਆ ਨੇ ਪੂਰਾ ਸਾਥ ਨਹੀਂ ਦਿੱਤਾ : ਸੰਘਾ

**ਚੰਡੀਗੜ੍ਹ:** ਇਸਤਰੀ ਜਾਗ੍ਰਿਤੀ ਮੰਚ ਦੀ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੇ ਕਿਹਾ ਹੈ ਕਿ ਉਹ ਲੱਚਰ ਗਾਇਕੀ ਖਿਲਾਫ ਮੁਹਿੰਮ ਚਲਾ ਰਹੇ ਹਨ, ਇਸ ਪ੍ਰਸੰਗ ਵਿਚ ਮੀਡੀਆ ਨੇ ਸਾਥ ਤਾਂ ਦਿੱਤਾ ਹੈ, ਪਰ ਪੂਰਾ ਸਾਥ ਨਹੀਂ ਦਿੱਤਾ ਹੈ। ਉਨ੍ਹਾਂ ਉਜਰ ਕੀਤਾ ਕਿ ਅਖਬਾਰਾਂ ਵਾਲੇ ਲੀਡਰਾਂ ਦੇ ਥੋਥੇ ਬਿਆਨ ਤਾਂ ਪੂਰੀ ਅਹਿਮੀਅਤ ਨਾਲ ਛਾਪਦੇ ਹਨ ਪਰ ਮੰਚ ਦੀਆਂ ਸਰਗਰਮੀਆਂ ਨੂੰ ਲੋਕਲ ਐਡੀਸ਼ਨਾਂ ਵਿਚ ਹੀ ਸੁੱਟ ਦਿੱਤਾ ਜਾਂਦਾ ਹੈ। ਅਜਿਹੀਆਂ ਸਰਗਰਮੀਆਂ ਤਾਂ ਪੂਰੇ ਪੰਜਾਬ ਤੱਕ ਜਾਣੀਆਂ ਚਾਹੀਦੀਆਂ।

# ਪੰਜ ਸਾਲ ਬਾਅਦ ਵੀ ਲਾਗੂ ਨਾ ਹੋਇਆ ਰਾਜ ਭਾਸ਼ਾ ਸੋਧ ਕਾਨੂੰਨ

**ਚੰਡੀਗੜ੍ਹ:** ਛੇ ਸਾਲ ਪਹਿਲਾਂ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਪੰਜਾਬ ਦੀ ਕਮਾਨ ਸੰਭਾਲੀ ਸੀ ਤਾਂ ਉਨ੍ਹਾਂ ਨੇ ਮਾਂ-ਬੋਲੀ ਨੂੰ ਮਾਣ-ਸਨਮਾਣ ਦੇਣ ਦੇ ਵੱਡੇ ਦਾਅਵੇ ਕੀਤੇ ਸਨ ਪਰ ਮਾਂ ਬੋਲੀ ਪ੍ਰਤੀ ਬਾਦਲ ਦੇ ਇਸ ਹੇਜ ਦਾ ਪਾਜ ਜਲਦ ਹੀ ਖੁੱਲ੍ਹ ਗਿਆ ਹੈ। ਇਸ ਵੇਲੇ ਮਾਂ ਬੋਲੀ ਪੰਜਾਬੀ ਦੀ ਸਭ ਤੋਂ ਜ਼ਿਆਦਾ ਬੇਕਦਰੀ ਮੰਤਰੀਆਂ ਦੇ ਦਫਤਰਾਂ ਵਿਚ ਹੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਵਿਧਾਨ ਸਭਾ ਵਿਚ ਰਾਜ ਭਾਸ਼ਾ ਸੋਧ ਕਾਨੂੰਨ-2008 ਪਾਸ ਕਰਵਾਇਆ ਸੀ ਤਾਂ ਉਨ੍ਹਾਂ ਜਜ਼ਬਾਤੀ ਹੁੰਦਿਆਂ ਕਿਹਾ ਸੀ ਕਿ ਮਾਂ ਬੋਲੀ ਪੰਜਾਬੀ ਨੂੰ ਸੂਬੇ ਵਿਚ ਪੂਰੀ ਤਰ੍ਹਾਂ ਲਾਗੂ ਕਰਨ ਲਈ ਇਹ ਫੈਸਲਾ ਲੈ ਕੇ ਉਨ੍ਹਾਂ ਨੂੰ ਧੁਰ ਅੰਦਰੋਂ ਸਕੂਨ ਮਿਲਿਆ ਹੈ ਜਦਕਿ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੇ ਵਿਭਾਗ ਵਿਚ ਅਧਿਕਾਰੀਆਂ ਤੇ ਮੁਲਾਜ਼ਮਾਂ ਦੀਆਂ 51 ਫੀਸਦੀ ਅਸਾਮੀਆਂ ਖਾਲੀ ਹੋਣ ਕਾਰਨ ਇਹ ਕਾਨੂੰਨ ਹਾਲੇ ਤੱਕ ਵੀ ਆਪਣੇ ਮਨੋਰਥ ਨੂੰ ਸਰ ਨਹੀਂ ਕਰ ਸਕਿਆ।

ਅਸਲੀਅਤ ਇਹ ਹੈ ਕਿ ਭਾਸ਼ਾ ਵਿਭਾਗ ਪੰਜਾਬ ਦੇ ਖੁਦ ਸਟਾਫ ਦੀ ਘਾਟ ਨਾਲ ਉਲਝੇ ਹੋਣ ਕਾਰਨ ਨਵੇਂ ਵਰ੍ਹੇ 2013 ਦੌਰਾਨ ਵੀ ਸੂਬੇ ਵਿਚ ਮਾਂ ਬੋਲੀ ਨੂੰ ਬਣਦਾ ਥਾਂ ਮਿਲਣ ਦੇ ਆਸਾਰ ਮੱਧਮ ਹਨ।ਪੰਜਾਬ ਵਿਧਾਨ ਸਭਾ ਵੱਲੋਂ ਚਾਰ ਸਾਲ ਪਹਿਲਾਂ ਬਣਾਏ 'ਰਾਜ ਭਾਸ਼ਾ ਸੋਧ ਕਾਨੂੰਨ-2008' ਦੇ ਬਾਵਜੂਦ ਭਾਸ਼ਾ ਵਿਭਾਗ ਦੀਆਂ ਕੁੱਲ 411 ਅਸਾਮੀਆਂ ਵਿਚੋਂ 208 (51 ਫੀਸਦ) ਖਾਲੀ ਹਨ ਤੇ ਪਿਛਲੇ ਢਾਈ ਦਹਾਕਿਆਂ ਦੌਰਾਨ ਪੰਜਾਬੀਆਂ ਦੀ ਮਾਂ ਬੋਲੀ ਨੂੰ ਪ੍ਰਸਾਰਨ ਵਾਲੇ ਇਸ ਵਿਭਾਗ ਵਿਚ ਨਾਂਮਾਤਰ ਹੀ ਭਰਤੀ ਹੋਈ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਤੋਂ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਇਸ ਵਿਭਾਗ ਦੇ ਧੁਰੇ ਵਜੋਂ ਜਾਣੇ ਜਾਂਦੇ ਖੋਜ ਸਹਾਇਕਾਂ ਦੀਆਂ 92 ਫੀਸਦ ਤੇ ਸਹਾਇਕ ਡਾਇਰੈਕਟਰਾਂ, ਜ਼ਿਲ੍ਹਾ ਭਾਸ਼ਾ ਅਫਸਰਾਂ, ਸੰਪਾਦਕਾਂ, ਸੈਕਸ਼ਨ ਅਡੀਟਰਾਂ ਤੇ ਸੇਲ ਅਫਸਰਾਂ ਦੀਆਂ 62 ਫੀਸਦੀ ਅਸਾਮੀਆਂ ਖਾਲੀ ਹਨ।ਰਾਜ ਦੇ ਬਹੁਤੇ ਜ਼ਿਲ੍ਹੇ ਜਿਥੇ ਜ਼ਿਲ੍ਹਾ ਭਾਸ਼ਾ ਅਫਸਰਾਂ ਤੋਂ ਸੱਖਣੇ ਹਨ, ਉਥੇ ਕੰਪਿਊਟਰ/ਡਾਟਾ ਐਂਟਰੀ ਅਪ੍ਰੇਟਰਾਂ ਦੀਆਂ 100 ਫੀਸਦੀ ਅਸਾਮੀਆਂ ਹੀ ਖਾਲੀ ਹੋਣ ਕਾਰਨ ਮਾਂ ਬੋਲੀ ਦੇ ਵਿਕਾਸ ਲਈ ਨਵੇਂ ਪ੍ਰਾਜੈਕਟ ਤਿਆਰ ਕਰਨ ਦੀ ਕੋਈ ਸੰਭਾਵਨਾ ਨਹੀਂ। ਸਾਲ 1987 ਤੋਂ ਬਾਅਦ ਭਾਸ਼ਾ ਵਿਭਾਗ ਵਿਚ ਰੈਗੂਲਰ ਤੌਰ 'ਤੇ ਕੋਈ ਭਰਤੀ ਨਹੀਂ ਹੋਈ। ਮਹਿਜ਼ ਤਰਸ ਦੇ ਆਧਾਰ 'ਤੇ ਹੀ ਉਂਗਲਾਂ 'ਤੇ ਗਿਣਨ ਜੋਗੇ ਕੁਝ ਮੁਲਾਜ਼ਮ ਭਰਤੀ ਕੀਤੇ ਗਏ ਹਨ ਜਿਸ ਕਾਰਨ ਵਿਭਾਗ ਵਿਚ ਜਾਇੰਟ ਡਾਇਰੈਕਟਰ ਦੀਆਂ ਦੋ ਅਸਾਮੀਆਂ ਵਿਚੋਂ ਇਕ ਖਾਲੀ ਹੈ।

ਇਸੇ ਤਰ੍ਹਾਂ ਡਿਪਟੀ ਡਾਇਰੈਕਟਰਾਂ ਦੀਆਂ ਛੇ ਅਸਾਮੀਆਂ ਵਿਚੋਂ ਚਾਰ ਅਸਾਮੀਆਂ ਖਾਲੀ ਪਈਆਂ ਹਨ। ਸਹਾਇਕ ਡਾਇਰੈਕਟਰਾਂ, ਜ਼ਿਲ੍ਹਾ ਭਾਸ਼ਾ ਅਫਸਰਾਂ, ਸੰਪਾਦਕਾਂ, ਸੈਕਸ਼ਨ ਅਡੀਟਰਾਂ ਤੇ ਸੇਲ ਅਫਸਰਾਂ ਦੀਆਂ ਕੁੱਲ ਮਨਜ਼ੂਰਸ਼ੁਦਾ 26 ਅਸਾਮੀਆਂ ਵਿਚੋਂ ਕੇਵਲ 10 ਉਪਰ ਹੀ ਅਧਿਕਾਰੀ ਤਾਇਨਾਤ ਹਨ। ਖੋਜ ਅਫਸਰਾਂ ਦੀਆਂ 40 ਅਸਾਮੀਆਂ 'ਚੋਂ 13 ਅਸਾਮੀਆਂ ਖਾਲੀ ਹਨ ਜਦਕਿ ਖੋਜ ਸਹਾਇਕਾਂ ਦੀਆਂ 60 ਅਸਾਮੀਆਂ ਵਿਚੋਂ ਸਿਰਫ ਪੰਜ ਉਪਰ ਹੀ ਅਧਿਕਾਰੀ ਤਾਇਨਾਤ ਹਨ। ਚਿੱਤਰਕਾਰਾਂ ਦੀਆਂ ਦੋ ਤੇ ਟੇਪ ਰਿਕਾਰਡਿਸਟ ਦੀ ਇਕ ਮਨਜ਼ੂਰਸ਼ੁਦਾ ਅਸਾਮੀਆਂ ਵੀ ਲੰਮੇ ਅਰਸੇ ਤੋਂ ਖਾਲੀ ਪਈਆਂ ਹਨ।

ਹੈਰਾਨੀਜਨਕ ਅੰਕੜਿਆਂ ਅਨੁਸਾਰ ਭਾਸ਼ਾ ਵਿਭਾਗ ਵਿਚ ਕੰਪਿਊਟਰ ਤੇ ਡਾਟਾ ਐਂਟਰੀ ਅਪ੍ਰੇਟਰਾਂ ਦੀਆਂ ਸਾਰੀਆਂ 23 ਅਸਾਮੀਆਂ ਖਾਲੀ ਹਨ। ਸੁਪਰਡੈਂਟ ਗਰੇਡ-1 ਦੀ ਇਕਲੌਤੀ ਅਸਾਮੀ ਵੀ ਖਾਲੀ ਪਈ ਹੈ। ਖੋਜ ਇੰਸਟਰਕਟਰਾਂ ਦੀਆਂ ਵੀ ਦੋਵੇਂ ਮਨਜ਼ੂਰਸ਼ੁਦਾ ਅਸਾਮੀਆਂ ਖਾਲੀ ਹਨ ਜਦਕਿ ਇੰਸਟਰਕਟਰਾਂ ਦੀਆਂ ਕੁੱਲ 24 ਅਸਾਮੀਆਂ ਵਿਚੋਂ 10 ਖਾਲੀ ਪਈਆਂ ਹਨ। ਸੀਨੀਅਰ ਸਹਾਇਕਾਂ ਦੀਆਂ ਕੁੱਲ 35 ਅਸਾਮੀਆਂ ਵਿਚੋਂ 43 ਫੀਸਦੀ ਤੇ ਕਲਰਕਾਂ ਦੀਆਂ ਕੁੱਲ 33 ਅਸਾਮੀਆਂ ਵਿਚੋਂ 79 ਫੀਸਦੀ ਅਸਾਮੀਆਂ ਖਾਲੀ ਹਨ। ਹੋਰ ਤਾਂ ਹੋਰ ਸੇਵਾਦਾਰਾਂ ਦੀਆਂ ਕੁੱਲ 65 ਅਸਾਮੀਆਂ ਵਿਚੋਂ 12 ਤੇ ਸਵੀਪਰ-ਕਮ-ਚੌਕੀਦਾਰ ਦੀਆਂ 22 ਅਸਾਮੀਆਂ ਵਿਚੋਂ 13 ਅਸਾਮੀਆਂ ਖਾਲੀ ਪਈਆਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਇਸ ਕਾਨੂੰਨ ਦੀ ਧਾਰਾ 8-ਡੀ (1) ਵਿਚੋਂ 'ਲਗਾਤਾਰ' ਸ਼ਬਦ ਹਟਾ ਕੇ ਧਾਰਾ 8-ਬੀ ਤੇ 8-ਸੀ ਖ਼ਤਮ ਕਰਕੇ ਰਾਜ ਦੇ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਕਰਨ ਲਈ ਪੰਜਾਬੀ ਰਾਜ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕਰਨ ਦੀ ਮੰਗ ਕਰਦੀ ਆ ਰਹੀ ਹੈ।

## ਲੇਖਕਾਂ ਵੱਲੋਂ ਸੰਘਰਸ਼ ਦੀ ਧਮਕੀ



ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਜਦੋਂ ਭਾਸ਼ਾ ਵਿਭਾਗ ਦਾ ਢਾਂਚਾ ਹੀ ਉਖੜਿਆ ਪਿਆ ਹੈ ਤਾਂ ਫਿਰ ਮਾਂ ਬੋਲੀ ਨੂੰ ਬਣਦੀ ਥਾਂ ਮਿਲਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਰਾਜ ਵਿਚ ਸਰਕਾਰੀ ਬੋਰਡਾਂ ਤੇ ਮੀਲ ਪੱਥਰਾਂ ਵਿਚੋਂ ਪੰਜਾਬੀ ਗਾਇਬ ਹੈ ਕਈ ਜ਼ਿਲ੍ਹਿਆਂ ਵਿਚ ਕੋਈ ਭਾਸ਼ਾ ਦਫਤਰ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਨਾਂਹਪੱਖੀ ਵਤੀਰੇ ਵਿਰੁੱਧ ਸਭਾ ਅਗਲੇ ਵਰ੍ਹੇ ਸੰਘਰਸ਼ ਛੇੜੇਗੀ। ਉਧਰ ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਬਲਬੀਰ ਕੌਰ ਨੇ ਕਿਹਾ ਕਿ ਵਿਭਾਗ ਵਿਚਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀਆਂ ਅਸਾਮੀਆਂ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐਸਸੀ) ਤੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (ਐਸਐਸਐਸ ਬੋਰਡ) ਨੂੰ ਲਿਖਿਆ ਗਿਆ ਹੈ।

## ਚੀਨ ਵੱਲੋਂ 45 ਦੇਸ਼ਾਂ ਲਈ ਵੀਜ਼ਾ ਮੁਕਤ ਟਰਾਂਜ਼ਿਟ ਨੀਤੀ ਲਾਗੂ

**ਪੇਇਚਿੰਗ:** ਨਵੇਂ ਸਾਲ ਤੋਂ ਹੁਣ 45 ਦੇਸ਼ਾਂ ਦੇ ਲੋਕ ਚੀਨ ਦੇ ਪੇਇਚਿੰਗ ਤੇ ਸ਼ੰਘਾਈ ਵਿਚ 72 ਘੰਟੇ ਲਈ ਵੀਜ਼ਾ ਮੁਕਤ ਪੜਾਅ ਕਰ ਸਕਣਗੇ। ਇਸ ਫੈਸਲੇ ਦਾ ਮੰਤਵ ਇੱਥੇ ਹਵਾਈ ਅੱਡਿਆਂ 'ਤੇ ਲੰਮਾ ਸਮਾਂ ਰੁਕਦੇ ਜਹਾਜ਼ਾਂ ਦੇ ਯਾਤਰੀਆਂ ਨੂੰ ਆਕਰਸ਼ਿਤ ਕਰਨਾ ਤੇ ਉਨ੍ਹਾਂ ਨੂੰ ਚੀਨ ਦੀਆਂ ਮੰਡੀਆਂ ਵਿਚ ਖਰੀਦਦਾਰੀ ਦੇ ਮੌਕੇ ਦੇਣਾ ਹੈ।

ਮੁਕਤ ਵੀਜ਼ਾ ਨੀਤੀ ਵਿਸ਼ੇਸ਼ ਤੌਰ 'ਤੇ ਅਮਰੀਕਾ, ਜਪਾਨ ਤੇ ਯੂਰਪੀ ਮੁਲਕਾਂ ਲਈ ਰੱਖੀ ਗਈ ਹੈ ਤੇ ਚੀਨ ਦੇ ਨਾਲ ਲੱਗਦੇ ਗੁਆਂਢੀਆਂ ਭਾਰਤ, ਪਾਕਿਸਤਾਨ ਜਾਂ ਕਿਸੇ ਦੱਖਣੀ ਮੁਲਕ ਲਈ ਇਹ ਲਾਗੂ ਨਹੀਂ ਹੋਵੇਗੀ।

## ਪਰਮਜੀਤ ਕੌਰ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਬਣੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਮਜੀਤ ਕੌਰ ਲਾਂਡਰਾ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਤੇ ਦੋ ਹੋਰ ਮਹਿਲਾਵਾਂ ਨੂੰ ਕਮਿਸ਼ਨ ਦੀਆਂ ਮੈਂਬਰਾਂ ਨਿਯੁਕਤ ਕੀਤਾ ਹੈ। ਬੀਬੀ ਲਾਂਡਰਾ ਪਿਛਲੇ ਵਰ੍ਹੇ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਮੁਹਾਲੀ ਹਲਕੇ ਤੋਂ ਚੁਣੇ ਗਏ ਸਨ।

ਰਾਜਨੀਤੀ ਤੇ ਸਮਾਜ ਭਲਾਈ ਦੇ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਮੰਨੇ ਜਾ ਰਹੇ ਹਨ। ਉਨ੍ਹਾਂ ਵਕਾਲਤ ਦੀ ਪੜ੍ਹਾਈ ਵੀ ਕੀਤੀ ਹੋਈ ਹੈ। ਉਹ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਕਰੀਬੀ ਮੰਨੇ ਜਾਂਦੇ ਹਨ। ਇਸ ਅਸਾਮੀ ਲਈ ਕਈ ਨਾਮਵਰ ਮਹਿਲਾਵਾਂ ਵੱਲੋਂ ਭੱਜ ਨੱਠ ਕੀਤੀ ਜਾ ਰਹੀ ਸੀ। ਇਹ ਨਿਯੁਕਤੀਆਂ 3 ਸਾਲਾਂ ਦੇ ਸਮੇਂ ਲਈ ਕੀਤੀਆਂ ਗਈਆਂ ਹਨ।

## ਸੁਪਰੀਮ ਕੋਰਟ ਵੱਲੋਂ ਚੁਰਾਸੀ ਦੇ ਪੀੜਤਾਂ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਵਿਚ ਸਿੱਖ ਕਤਲੇਆਮ ਦੀ ਮਾਰ ਝੱਲਣ ਵਾਲੇ ਤਕਰੀਬਨ 200 ਪਰਿਵਾਰਾਂ ਦੇ ਚੰਡੀਗੜ੍ਹ ਵਿਚ ਮੁੜ ਵਸੇਬੇ ਲਈ ਨਿਊਯਾਰਕ ਆਧਾਰਤ ਜਥੇਬੰਦੀ ਸਿੱਖਜ਼ ਫਾਰ ਜਸਟਿਸ ਵੱਲੋਂ ਪਾਈ ਪਟੀਸ਼ਨ ਰੱਦ ਕਰ ਦਿੱਤੀ ਹੈ। ਉਂਝ, ਜਸਟਿਸ ਜੀ ਐਸ ਸਿੰਘਵੀ ਤੇ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਸਪਸ਼ਟ ਕੀਤਾ ਕਿ ਦੰਗਾ ਪੀੜਤ ਪਰਿਵਾਰ ਆਪਣੀਆਂ ਮੁਸ਼ਕਲਾਂ ਹੱਲ ਕਰਵਾਉਣ ਲਈ ਆਜ਼ਾਦ ਹਨ। ਜਥੇਬੰਦੀ ਵੱਲੋਂ ਸੀਨੀਅਰ ਵਕੀਲ ਕਾਲਿਨ ਮਾਨਸਲਵੀਜ਼ ਨੇ ਕਿਹਾ ਕਿ ਇਨ੍ਹਾਂ ਦੰਗਾ ਪੀੜਤ ਪਰਿਵਾਰਾਂ ਨੂੰ ਤਿੰਨ ਲੱਖ ਰੁਪਏ ਦੀ ਰਾਹਤ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਦਿੱਤਾ ਗਿਆ। ਪਟੀਸ਼ਨ ਵਿਚ ਪੀੜਤ ਪਰਿਵਾਰਾਂ ਲਈ ਜੰਮੂ-ਕਸ਼ਮੀਰ ਵਿਚ ਅਤਿਵਾਦ ਤੋਂ ਪੀੜਤ ਕਸ਼ਮੀਰੀ ਪੰਡਤ ਪਰਿਵਾਰਾਂ ਦੀ ਤਰਜ਼ 'ਤੇ ਮੁੜ ਵਸੇਬਾ ਪੈਕੇਜ ਦੀ ਮੰਗ ਕੀਤੀ ਗਈ ਸੀ। ਇਸ 'ਤੇ ਬੈਂਚ ਨੇ ਕਿਹਾ ਕਿ ਇਹ ਬਿਲਕੁਲ ਇਕ ਵਿਦੇਸ਼ੀ ਜਥੇਬੰਦੀ ਹੈ ਤੇ ਉਸ ਦੇ ਮੈਂਬਰ ਵੀ ਭਾਰਤੀ ਨਹੀਂ ਹਨ। ਉਨ੍ਹਾਂ ਕਿਹਾ ਕਿ ਉਂਜ ਪੀੜਤਾਂ ਨੂੰ ਆਪਣੀਆਂ ਮੁਸ਼ਕਲਾਂ ਉਠਾਉਣ ਦਾ ਯਕੀਨਨ ਹੱਕ ਹੈ। ਸ੍ਰੀ ਮਾਨਸਲਵੀਜ਼ ਨੇ ਕਿਹਾ ਕਿ ਇਕ ਜਥੇਬੰਦੀ ਨੇ ਕੌਮਾਂਤਰੀ ਪੱਧਰ 'ਤੇ ਇਹੋ ਜਿਹੇ ਕਈ ਕੇਸ ਉਠਾਏ ਹਨ ਤੇ ਇਸੇ ਲਈ ਉਹ ਇਸ ਦੀ ਪੈਰਵੀ ਕਰਨ ਲਈ ਰਾਜ਼ੀ ਹੋਏ ਸਨ। ਜਿਰ੍ਹਾ ਦੌਰਾਚ ਬੈਂਚ ਨੇ ਇਹ ਵੀ ਜਾਣਨਾ ਚਾਹਿਆ ਕਿ ਕੀ ਇਹ ਜਥੇਬੰਦੀ 1980ਵਿਆਂ ਵਿਚ ਪੰਜਾਬ ਵਿਚ ਅਤਿਵਾਦ ਦੀਆਂ ਸਰਗਰਮੀਆਂ ਵਿਚ ਵੀ ਸ਼ਾਮਲ ਰਹੀ ਸੀ।



# ਬਾਦਲ ਖਿਲਾਫ ਕੇਸ ਦੀ ਸੁਣਵਾਈ 29 ਨੂੰ

**ਮਿਲਵਾਕੀ (ਬਿਊਰੋ):** ਮਨੁੱਖੀ ਅਧਿਕਾਰ ਸੰਸਥਾ 'ਸਿੱਖਸ ਫਾਰ ਜਸਟਿਸ' ਅਤੇ ਕੁਝ ਹੋਰ ਧਿਰਾਂ ਵਲੋਂ ਕੀਤੇ ਗਏ ਇਕ ਕੇਸ ਵਿਚ ਅਮਰੀਕੀ ਫੈਡਰਲ ਜੱਜ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਦੀ ਐਵੀਡੈਂਸ਼ੀਅਰੀ (ਸਬੂਤਾਂ ਸਬੰਧੀ) ਸੁਣਵਾਈ ਲਈ 29 ਜਨਵਰੀ ਦੀ ਤਰੀਕ ਨਿਸਚਿਤ ਕੀਤੀ ਹੈ। ਇਹ ਤਰੀਕ ਜੱਜ ਰੁਡੌਲਫ ਟੀ ਰਾਂਡਾ ਨੇ ਇਸਤਗਾਸਾ ਧਿਰ ਦੀ 14 ਦਸੰਬਰ ਦੀ ਅਰਜ਼ੀ ਦੇ ਆਧਾਰ 'ਤੇ ਤੈਅ ਕੀਤੀ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਅਦਾਲਤ ਦੇ ਅਧਿਕਾਰ ਖੇਤਰ ਦੇ ਮੁਢਲੇ ਮੁੱਦਿਆਂ ਦਾ ਹੱਲ ਕੀਤਾ ਜਾਵੇ ਤੇ ਭਾਰਤ ਵਿਚ ਰਹਿੰਦੇ ਇਸਤਗਾਸਾ ਧਿਰ ਦੇ ਪਰਿਵਾਰਕ ਮੈਂਬਰਾਂ ਨੂੰ ਬਾਦਲ ਦੇ ਏਜੰਟਾਂ ਵਲੋਂ ਮਿਲਦੀਆਂ ਧਮਕੀਆਂ ਦੇ ਮੱਦੇਨਜ਼ਰ ਅਦਾਲਤੀ ਸੁਰੱਖਿਆ ਦਿੱਤੀ ਜਾਵੇ।

ਇਥੇ ਦਸਣਯੋਗ ਹੈ ਕਿ ਮੁੱਖ ਮੰਤਰੀ ਬਾਦਲ ਦੀ ਤਰਫੋਂ ਕੇਸ ਦੀ ਪੈਰਵਾਈ ਕਰ ਰਹੀ ਲਾਅ ਫਰਮ ਮਾਈਕਲ ਬੈਸਟ ਨੇ ਅਮਰੀਕੀ ਡਿਪਲੋਮੈਟਿਕ ਸਿਕਿਉਰਟੀ ਸਰਵਿਸ ਦੇ ਵਿਸ਼ੇਸ਼ ਏਜੰਟਾਂ ਵਲੋਂ ਦਿੱਤੇ ਹਲਫੀਆ ਬਿਆਨਾਂ, ਜਿਨ੍ਹਾਂ ਵਿਚ ਦਾਅਵਾ ਕੀਤਾ ਗਿਆ ਸੀ ਕਿ 9 ਅਗਸਤ 2012 ਨੂੰ ਸ. ਬਾਦਲ ਓਕ ਕ੍ਰੀਕ ਹਾਈ ਸਕੂਲ ਵਿਚ ਮੌਜੂਦ ਨਹੀਂ ਸੀ, ਦੇ ਆਧਾਰ 'ਤੇ ਇਸ ਕੇਸ ਨੂੰ ਖਾਰਜ ਕਰਨ ਦੀ ਮੰਗ ਕੀਤੀ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਅਨੁਸਾਰ ਐਵੀਡੈਂਸੀਅਰੀ ਸੁਣਵਾਈ ਦੌਰਾਨ ਇਸਤਗਾਸਾ ਧਿਰ ਮੁੱਖ ਮੰਤਰੀ ਬਾਦਲ ਦੇ ਉਸ ਦਾਅਵੇ ਨੂੰ ਚੁਣੌਤੀ ਦੇਵੇਗੀ ਜਿਸ ਵਿਚ ਕਿਹਾ ਗਿਆ ਹੈ ਕਿ ਉਹ 9 ਅਗਸਤ ਨੂੰ ਮਿਲਵਾਕੀ ਵਿਚ ਬੋਲਟਰ ਸੁਪਰ ਸਟੋਰ ਵਿਚ ਸੀ ਨਾ ਕਿ ਓਕ ਕ੍ਰੀਕ ਸਕੂਲ ਵਿਚ ਜਿਥੇ ਕਿ ਵਿਸਕਾਨਸਿਨ ਗੁਰਦੁਆਰਾ ਗੋਲੀਕਾਂਡ ਦੇ ਸਿਖ ਪੀੜਤਾਂ ਦੀ ਯਾਦ ਵਿਚ ਇਕ ਸਮਾਰੋਹ ਕਰਵਾਇਆ ਜਾ ਰਿਹਾ ਸੀ। ਸ. ਬਾਦਲ ਦੇ ਇਸ ਦਾਅਵੇ ਨੂੰ ਝੂਠਲਾਉਣ ਲਈ ਇਸਤਗਾਸਾ ਧਿਰ ਸੰਘੀ ਅਦਾਲਤ ਨੂੰ ਉਹ ਸਾਰੇ ਸਬੂਤ ਤੇ ਗਵਾਹ ਪੇਸ਼ ਕਰੇਗੀ ਜੋ ਇਹ ਸਾਬਤ ਕਰਨਗੇ ਕਿ 9 ਅਗਸਤ ਨੂੰ ਮੁੱਖ ਮੰਤਰੀ ਬਾਦਲ ਨੂੰ ਕ੍ਰਿਸਟੋਫਰ ਜੀ ਕਰੈਟੋਚਵਿਲ, ਜੋ ਕਿ ਸਟੇਟ ਪ੍ਰੋਸੈਸਿੰਗ ਸਰਵਿਸ ਦੇ ਇਕ ਪੇਸ਼ੇਵਰ ਪ੍ਰੋਸੈਸ ਸਰਵਰ ਹਨ, ਨੇ ਓਕ ਕ੍ਰੀਕ ਹਾਈ ਸਕੂਲ ਵਿਸਕਾਨਸਿਨ ਵਿਖੇ ਨਿੱਜੀ ਤੌਰ 'ਤੇ ਸੰਮਨ ਤਾਮੀਲ ਕਰਵਾਏ ਸਨ।

ਸਿਖਸ ਫਾਰ ਜਸਟਿਸ ਨੇ ਇਸ ਕੇਸ ਨੂੰ ਲੜਨ ਲਈ ਉਘੇ 'ਪਾਵਿਚ ਲਾਅ ਗਰੁੱਪ' ਨੂੰ ਹਾਇਰ ਕੀਤਾ ਹੈ ਜੋ ਕਿ ਅਮਰੀਕੀ ਸੁਪਰੀਮ ਕੋਰਟ ਵਿਚ ਯਹੂਦੀਆਂ ਦੇ ਕਤਲੇਆਮ ਦੇ ਪੀੜਤਾਂ ਦੀ ਪੈਰਵਾਈ ਕਰ ਰਿਹਾ ਹੈ।

ਅਟਾਰਨੀ ਪੰਨੂ ਅਨੁਸਾਰ ਜੱਜ ਰਾਂਡਾ ਵਲੋਂ ਤਸ਼ਦਦ ਦੇ ਪੀੜਤਾਂ ਦੀ ਸੁਣਵਾਈ ਦੇ ਹੁਕਮ ਦੇਣਾ ਮੁੱਖ ਮੰਤਰੀ ਬਾਦਲ ਦੀ ਪੰਜਾਬ ਵਿਚ ਸਿੱਖਾਂ ਖਿਲਾਫ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਵਿਚ ਸ਼ਾਮਿਲ ਪੁਲਿਸ ਫੋਰਸ ਨੂੰ ਬਚਾਉਣ ਅਤੇ ਉਸ ਦੀ ਅਗਵਾਈ ਕਰਨ ਵਿਚ ਨਿਭਾਈ ਭੂਮਿਕਾ ਦੇ ਖਿਲਾਫ ਮੁਆਵਜ਼ਾ ਤੇ ਨੁਕਸਾਨ ਪੂਰਤੀ ਦੀ ਮੰਗ ਵੱਲ ਇਕ ਅਹਿਮ ਕਦਮ ਹੈ।

ਇਥੇ ਇਹ ਵੀ ਦਸਣਯੋਗ ਹੈ ਕਿ ਮੁੱਖ ਮੰਤਰੀ ਬਾਦਲ ਦੇ ਖਿਲਾਫ ਅਮਰੀਕੀ ਸੰਘੀ ਅਦਾਲਤ ਵਿਚ ਏਲੀਅਨ ਟੋਰਟਸ ਕਲੇਮਸ ਐਕਟ ਅਤੇ ਟਾਰਚਰ ਵਿਕਟਿਮਸ ਪ੍ਰੋਟੈਕਸ਼ਨ ਐਕਟ ਤਹਿਤ ਪੰਜਾਬ ਵਿਚ ਸਿੱਖ ਭਾਈਚਾਰੇ ਖਿਲਾਫ ਲਗਾਤਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਤਸ਼ਦਦ, ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਹਤਿਆਵਾਂ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਤੇ ਹਿਰਾਸਤੀ ਤਸ਼ਦਦ ਦੇ ਦੋਸ਼ਾਂ ਅਧੀਨ ਕੇਸ ਦਾਇਰ ਕੀਤਾ ਗਿਆ ਹੈ। ਇਸ ਕੇਸ ਵਿਚ ਇਸਤਗਾਸਾ ਧਿਰ ਵਿਚ ਸਿਖਸ ਫਾਰ ਜਸਟਿਸ, ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਐਸ ਏ ਡੀ (ਅੰਮ੍ਰਿਤਸਰ) ਤੇ ਕਈ ਉਹ ਲੋਕ ਸ਼ਾਮਿਲ ਹਨ ਜਿਹੜੇ ਬਾਦਲ ਦੇ ਸ਼ਾਸਨ ਵਿਚ ਤਸ਼ਦਦ ਦਾ ਸ਼ਿਕਾਰ ਹੋਏ ਹਨ।

# ਯਗਾਂਤਰ ਆਸ਼ਰਮ ਨੂੰ ਖੁੱਲ੍ਹਾ ਰੱਖਣ ਬਾਰੇ ਪ੍ਰਧਾਨ ਮੰਤਰੀ ਦੇ ਐਲਾਨ ਦਾ ਸਵਾਗਤ

**ਸੈਕਰਾਮੈਂਟੋ (ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ, ਅਮਰੀਕਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸੈਨ ਫਰਾਂਸਿਸਕੋ ਵਿਚ ਗਦਰੀ ਬਾਬਿਆਂ ਦੀ ਯਾਦਗਾਰ ਯੁਗਾਂਤਰ ਆਸ਼ਰਮ ਨੂੰ ਲਾਇਬਰੇਰੀ ਅਤੇ ਮਿਊਜ਼ੀਅਮ ਬਣਾਉਣ ਦਾ ਐਲਾਨ ਕੀਤੇ ਜਾਣ ਦਾ ਸਵਾਗਤ ਕੀਤਾ ਹੈ ਅਤੇ ਇਸ ਫੈਸਲੇ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਚੀ ਵਿਚ ਪਰਵਾਸੀ ਭਾਰਤੀ ਸੰਮੇਲਨ ਦੌਰਾਨ 8 ਜਨਵਰੀ ਨੂੰ ਇਸ ਸਬੰਧੀ ਐਲਾਨ ਕਰਨ ਦੇ ਨਾਲ ਹੀ ਗਦਰ ਲਹਿਰ ਦੀ ਸ਼ਤਾਬਦੀ 'ਤੇ ਇਕ ਡਾਕ ਟਿਕਟ ਵੀ ਜਾਰੀ ਕੀਤੀ। ਇਸ ਪਰਵਾਸੀ ਭਾਰਤੀ ਸੰਮੇਲਨ ਵਿਚ 110 ਦੇਸ਼ਾਂ ਤੋਂ ਕੋਈ 2500 ਲੋਕ ਹਾਜ਼ਰ ਹੋਏ।

ਗਦਰ ਮੈਮੋਰੀਅਲ ਫਾਊਂਡੇਸ਼ਨ ਅਮਰੀਕਾ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਕਰਵਾਉਣ ਵਾਲੀਆਂ ਹੋਰ ਜਥੇਬੰਦੀਆਂ ਨੇ ਇਸ ਸਭ ਦਾ ਸਵਾਗਤ ਕਰਦਿਆਂ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਦਿੱਲੀ ਵਿਚ ਗਦਰ ਲਹਿਰ ਨਾਲ ਸਬੰਧਤ ਢੁਕਵੀਂ ਯਾਦਗਾਰ ਬਣਾਉਣ ਬਾਰੇ ਵੀ ਜਲਦ ਐਲਾਨ ਕੀਤਾ ਜਾਵੇ। ਇਹ ਗਦਰ ਲਹਿਰ ਦੀ 2013 'ਚ ਮਨਾਈ ਜਾ ਰਹੀ ਸ਼ਤਾਬਦੀ ਮੌਕੇ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਜ਼ਿਕਰਯੋਗ ਹੈ ਕਿ ਇਨ੍ਹਾਂ ਜਥੇਬੰਦੀਆਂ ਨੇ ਯੁਗਾਂਤਰ ਆਸ਼ਰਮ ਨੂੰ ਲਾਇਬਰੇਰੀ ਅਤੇ ਮਿਊਜ਼ੀਅਮ ਬਣਾ ਕੇ ਇਸ ਨੂੰ ਰੋਜ਼ ਖੁੱਲ੍ਹਾ ਰੱਖਣ ਦੀ ਮੰਗ ਨੂੰ ਲੈ ਕੇ ਚਿਰਾਂ ਤੋਂ ਮੁਹਿੰਮ ਚਲਾਈ ਹੋਈ ਸੀ। ਯੁਗਾਂਤਰ ਆਸ਼ਰਮ 3 ਜਨਵਰੀ ਤੋਂ ਆਮ ਲੋਕਾਂ ਲਈ ਖੋਲ੍ਹਿਆ ਜਾ ਚੁਕਾ ਹੈ।


**HELP WANTED**

**We need a couple for managing & housekeeping a small motel in Tulare county (CA). Must be able to speak English. Good salary, free accommodation.**

ਟੁਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।

ਸੰਪਰਕ ਕਰੋ: ਅਮਰੀਕ ਭੰਡਾਲ

ਫੋਨ: 559-380-8888

**ਗ੍ਰੰਥੀ ਸਿੰਘ ਦੀ ਲੋੜ ਹੈ**

ਨਾਰਥ ਕੈਰੋਲਾਈਨਾ ਦੇ ਦੁਰਹਮ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਲਈ ਗ੍ਰੰਥੀ ਸਿੰਘ ਦੀ ਲੋੜ ਹੈ। ਗ੍ਰੰਥੀ ਸਿੰਘ ਕਥਾ, ਕੀਰਤਨ ਕਰ ਸਕਦਾ ਹੋਵੇ ਅਤੇ ਬੱਚਿਆਂ ਨੂੰ ਕੀਰਤਨ ਅਤੇ ਦਸਤਾਰਾਂ ਸਜਾਉਣਾ ਸਿਖਾਉਣ ਵਿਚ ਮੁਹਾਰਤ ਰੱਖਦਾ ਹੋਵੇ।

ਸੰਪਰਕ ਕਰੋ:

ਫੋਨ 919-949-6497, 252-218-6700

**Liquor Store For Sale**

*In Reno, Nevada*

ਲਿੱਕਰ ਸਟੋਰ ਵਿਕਾਊ ਹੈ

ਰੀਨੋ, ਨੇਵਾਡਾ ਡਾਊਨ ਟਾਊਨ ਵਿਚ ਕਸੀਨੋ ਸਾਹਮਣੇ ਲਿੱਕਰ ਸਟੋਰ ਵਿਕਾਊ ਹੈ।

ਸੇਲ $50,000 ਮਾਸਿਕ

ਮੋਟਲ, ਅਪਾਰਟਮੈਂਟ ਅਤੇ ਕਸੀਨੋ ਦੇ ਐਨ ਸਾਹਮਣੇ

ਗੁਡਵਿਲ $200,000

ਰੈਂਟ $3500 ਮਹੀਨਾ

ਸੰਪਰਕ ਕਰੋ:

ਦੀਪ 775-815-9884

*To Advertise with Punjab Times*

*Call: 847-359-0746*

*punjabtimesusa.com*

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੁਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**

**D.H.M.S** (30 years of experience)

Ex Homeopathic MedicalOfficer Pb. Govt.

Ex Distt. Homeopathic Officer Pb. Govt.

Member NCH

5790 W. Vartikian Avenue, Fresno CA 93722

**e-mail: drpskhaira@gmail.com**

Working under state law SB 577



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi

Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268

732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 12 ਜਨਵਰੀ 2013*

# ਪੰਜਾਬ ਅਤੇ ਪਰਵਾਸ

ਪਰਵਾਸ ਬੁਨਿਆਦੀ ਤੌਰ 'ਤੇ ਰੁਜ਼ਗਾਰ ਅਤੇ ਰੋਜ਼ੀ-ਰੋਟੀ ਨਾਲ ਜੁੜਿਆ ਮਸਲਾ ਹੈ ਅਤੇ ਇਸ ਦਾ ਬੰਦੇ ਨਾਲ ਰਿਸ਼ਤਾ ਮੁੱਢ-ਕਦੀਮ ਤੋਂ ਹੈ। ਇਸ ਦੌਰਾਨ ਪਰਵਾਸ ਵੱਖ ਵੱਖ ਰੂਪਾਂ ਵਿਚੋਂ ਗੁਜ਼ਰਦਿਆਂ ਹੁਣ ਜਿਸ ਮੁਕਾਮ ਉਤੇ ਪੁੱਜ ਗਿਆ ਹੈ, ਉਸ ਨਾਲ ਜ਼ਿੰਦਗੀ ਦੇ ਬਹੁਤ ਸਾਰੇ ਹੋਰ ਪੱਖ ਵੀ ਜੁੜ ਗਏ ਹਨ। ਆਪਣੇ ਪੰਜਾਬ ਨਾਲ ਸਬੰਧਤ ਪੱਖਾਂ ਦੀ ਹੀ ਗੱਲ ਕਰੀਏ ਤਾਂ 21ਵੀਂ ਸਦੀ ਤੱਕ ਪਹੁੰਚਦਿਆਂ, ਪਰਵਾਸ ਅਤੇ ਪੰਜਾਬ ਇਕ ਸਿੱਕੇ ਦੇ ਦੋ ਪਾਸੇ ਜਾਪਣ ਲੱਗ ਪਏ ਹਨ। ਪੰਜਾਬੀ ਬੰਦੇ ਲਈ ਵਿਦੇਸ਼ਾਂ ਵੱਲ ਪਰਵਾਸ ਦੇ ਮਾਅਨੇ ਹੁਣ ਬਹੁਤ ਵਿਰਾਟ ਹੋ ਚੁੱਕੇ ਹਨ। ਪੰਜਾਬੀਆਂ ਲਈ ਪਰਵਾਸ ਹੁਣ ਰੋਜ਼ੀ-ਰੋਟੀ ਤੋਂ ਰਤਾ ਕੁ ਅਗਾਂਹ ਨਿਕਲ ਗਿਆ ਹੈ; ਕੁਝ ਕੁ ਤਬਕਿਆਂ ਲਈ ਤਾਂ ਜ਼ਰੂਰ ਹੀ। ਇਕ ਗੱਲ ਹੋਰ ਵੀ ਹੈ, ਹੁਣ ਤੱਕ ਇਹ ਪਰਵਾਸ ਇਕ ਪਾਸੜ ਅਮਲ ਰਿਹਾ ਹੈ। ਇਹ ਇਕੱਲੇ ਪੰਜਾਬ ਹੀ ਨਹੀਂ, ਸਗੋਂ ਸੰਸਾਰ ਵਿਚ ਜਿੱਥੇ ਕਿਤੇ ਵੀ ਇਹ ਅਮਲ ਚੱਲ ਰਿਹਾ ਹੈ, ਉਸ ਬਾਰੇ ਇਹੀ ਸੱਚ ਹੈ। ਪਰਵਾਸੀਆਂ ਦੀ ਵਾਪਸੀ ਦੀਆਂ ਮਿਸਾਲਾਂ ਉਂਗਲਾਂ 'ਤੇ ਗਿਣਨ ਜੋਗੀਆਂ ਹਨ। ਇਨ੍ਹਾਂ ਵਿਚੋਂ ਇਕ, ਨਿੱਗਰ ਅਤੇ ਬੇਮਿਸਾਲ ਮਿਸਾਲ ਪੰਜਾਬ ਨਾਲ ਸਬੰਧਤ ਹੈ ਜਦੋਂ 20ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਕੈਨੇਡਾ-ਅਮਰੀਕਾ ਗਏ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਖਾਤਰ ਦੇਸ਼ ਵੱਲ ਵਹੀਰਾਂ ਘੱਤ ਲਈਆਂ ਸਨ। ਇਹ ਉਹ ਦੇਸ਼ ਭਗਤ ਗਦਰੀ ਸਨ ਜੋ ਵਿਦੇਸ਼ ਕਮਾਈ ਕਰਨ ਗਏ ਸਨ, ਪਰ ਆਜ਼ਾਦੀ ਖਾਤਰ ਵਾਪਸ ਵਤਨ ਵੱਲ ਚੱਲ ਪਏ। ਇੱਦਾਂ ਦਾ ਵੇਰਵਾ ਸੰਸਾਰ ਇਤਿਹਾਸ ਵਿਚ ਵਿਰਲਾ ਹੀ ਹੈ।

ਜਲੰਧਰ ਵਿਚ ਹਾਲ ਹੀ ਵਿਚ ਹੋਇਆ ਪੰਜਾਬੀ ਪਰਵਾਸੀ ਜਲਸਾ ਅਤੇ ਇਸ ਤੋਂ ਪਹਿਲਾਂ ਹੋਏ ਅਜਿਹੇ ਸਮਾਗਮ ਪਰਵਾਸੀਆਂ ਨੂੰ ਗਦਰੀਆਂ ਵਾਲਾ ਇਤਿਹਾਸ ਦੁਹਰਾਉਣ ਦਾ ਹੀ ਸੱਦਾ ਹੈ। ਫਰਕ ਸਿਰਫ ਇੰਨਾ ਹੈ ਕਿ ਉਦੋਂ ਗਦਰੀਆਂ ਨੇ ਆਪਣੇ ਵਤਨ ਦੀ ਮਾੜੀ ਹਾਲਤ ਬਾਰੇ ਖੁਦ ਮਹਿਸੂਸ ਕੀਤਾ ਸੀ; ਹੁਣ ਪਰਵਾਸੀਆਂ ਨੂੰ ਇਹ ਜਚਾਇਆ ਜਾ ਰਿਹਾ ਹੈ ਕਿ ਪੰਜਾਬ ਵਿਚ ਨਿਵੇਸ਼ ਲਈ ਹਾਲਾਤ ਬਹੁਤ ਸਾਜ਼ਗਾਰ ਹਨ। ਇਉਂ ਬਿਨਾਂ ਸ਼ੱਕ, ਆਰਥਿਕਤਾ ਦਾ ਮੁੱਦਾ ਸੁੱਤੇ-ਸਿੱਧ ਹੀ ਨਾਲ ਜੁੜ ਗਿਆ ਹੈ। ਗਦਰੀਆਂ ਵੇਲੇ ਅਜਿਹਾ ਨਹੀਂ ਸੀ। ਖੈਰ! ਪਰਵਾਸੀਆਂ ਦੇ ਪੰਜਾਬ ਵਿਚ ਨਿਭਾਏ ਜਾਣ ਵਾਲੇ ਅਹਿਮ ਰੋਲ ਬਾਰੇ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ। ਇਸ ਨੂੰ ਇਹ ਵੀ ਸੂਹ ਹੈ ਕਿ ਇਹ ਪਰਵਾਸੀ, ਪੰਜਾਬ ਵਿਚ ਨਿਵੇਸ਼ ਲਈ ਵੀ ਤਿਆਰ ਹਨ। ਮਸਲਾ ਹੁਣ ਉਹ ਮਾਹੌਲ ਸਿਰਜਣ ਦਾ ਹੈ ਜਿਸ ਬਾਰੇ ਭਾਸ਼ਣਾਂ ਵਿਚ ਬਥੇਰਾ ਜ਼ਿਕਰ ਹੁੰਦਾ ਹੈ। ਉਂਜ, ਅਜੇ ਤੱਕ ਇਕ ਵੀ ਅਜਿਹੀ ਮਿਸਾਲ ਕਾਇਮ ਨਹੀਂ ਹੋਈ ਕਿ ਕਿਸੇ ਪਰਵਾਸੀ ਨੇ ਕੋਈ ਕਾਰਜ ਅਰੰਭਿਆ ਹੋਵੇ, ਅਤੇ ਬਿਨਾਂ ਦਿੱਕਤ ਇਸ ਨੂੰ ਸਿਰੇ ਚਾੜ੍ਹਨ ਵਿਚ ਸਫਲਤਾ ਮਿਲੀ ਹੋਵੇ। ਇਸ ਮਾਮਲੇ ਵਿਚ ਪਰਵਾਸੀਆਂ ਦਾ ਸਭ ਤੋਂ ਵੱਡਾ ਉਜਰ ਲਾਲ ਫੀਤਾਸ਼ਾਹੀ ਬਾਰੇ ਰਿਹਾ ਹੈ। ਸਰਕਾਰੀ ਅਫਸਰ ਅਤੇ ਮੁਲਾਜ਼ਮ ਇਨ੍ਹਾਂ ਪਰਵਾਸੀਆਂ ਨੂੰ ਜਿੰਨਾ ਖੱਜਲ ਕਰਦੇ ਅਤੇ ਲੁੱਟਦੇ ਹਨ, ਇਸ ਦੀ ਮਿਸਾਲ ਲੱਭਣੀ ਔਖੀ ਹੈ। ਇਸ ਦਾ ਅਸਲ ਕਾਰਨ ਤਾਂ ਉਹ ਬੁਨਿਆਦੀ ਢਾਂਚਾ ਹੈ ਜਿਸ 'ਚ ਅੱਜ ਸਭ ਕਠਪੁਤਲੀਆਂ ਵਾਂਗ ਨੱਚ ਰਹੇ ਹਨ ਪਰ ਪਰਵਾਸੀਆਂ ਲਈ ਨਿਵੇਸ਼ ਖਾਤਰ ਰਾਹ ਬਣਾਉਣੇ ਆਖਰਕਾਰ ਸਰਕਾਰ ਦਾ ਹੀ ਕੰਮ ਹੈ। ਇਹ ਸਭ ਗੱਲਾਂ ਪਰਵਾਸੀ ਸਮਾਗਮ ਵਿਚ ਉਭਰ ਕੇ ਆਈਆਂ ਹਨ ਅਤੇ ਸਮਾਗਮ ਵਿਚ ਪੁੱਜੇ ਪਰਵਾਸੀਆਂ ਨੇ ਬਾਕਾਇਦਾ ਸਟੇਜ ਤੋਂ ਇਹ ਗੱਲਾਂ ਸਾਂਝੀਆਂ ਵੀ ਕੀਤੀਆਂ।

ਅਜਿਹੇ ਹਾਲਾਤ ਵਿਚ ਮੀਡੀਆ ਦਾ ਰੋਲ ਅਹਿਮ ਹੁੰਦਾ ਹੈ ਅਤੇ ਇਹ ਕੜੀ ਦਾ ਕੰਮ ਕਰ ਸਕਦਾ ਹੈ। ਅਫਸੋਸ ਕਿ ਸਰਕਾਰ ਨੇ ਇਸ ਪਾਸੇ ਅਜੇ ਪਹਿਲੀ ਪੂਣੀ ਵੀ ਨਹੀਂ ਕੱਤੀ। ਦੂਜੇ ਬੰਨੇ, ਪੰਜਾਬੀ ਮੀਡੀਆ ਵੀ ਪੇਸ਼ੇਵਰ ਪਹੁੰਚ ਅਪਨਾਉਣ ਦੀ ਥਾਂ, ਬਹੁਤ ਉਰੇ ਉਰੇ ਹੀ ਸਰਕਾਰ ਦੇ ਦਰਬਾਰ ਵਿਚ ਮੱਥਾ ਟੇਕ ਦਿੰਦਾ ਹੈ। ਇਉਂ ਸਰਕਾਰ ਨਾਲ ਮੱਥਾ ਲਾਉਣ ਵਾਲਾ ਅਮਲ ਵਿਚਾਲਿਉਂ ਟੁੱਟ ਜਾਂਦਾ ਹੈ। ਮੁੱਖ ਧਾਰਾ ਵਾਲਾ ਪੰਜਾਬੀ ਮੀਡੀਆ ਇਸ ਰਾਹ ਪਿਆ ਹੋਇਆ ਹੈ ਅਤੇ ਪਰਵਾਸੀ ਮੀਡੀਆ ਦੀ ਝਾਕ ਵੀ ਇਹੀ ਜਾਪਦੀ ਹੈ। ਸਮਾਗਮ ਦੌਰਾਨ ਪਰਵਾਸੀ ਮੀਡੀਆ ਨਾਲ ਸਬੰਧਤ ਕੁਝ ਕਾਰਿੰਦਿਆਂ ਦੀ ਸਰਗਰਮੀ ਨੇ ਇਹ ਚੁਗਲੀ ਕਰ ਵੀ ਦਿੱਤੀ ਹੈ। ਇਹੀ ਉਹ ਮੋੜ ਹੈ ਜਿਸ ਉਤੇ ਪਹੁੰਚ ਕੇ ਮੀਡੀਆ ਆਪਣਾ ਮਿਸ਼ਨ ਭੁੱਲ ਕੇ ਮਾਇਆ ਦੇ ਰਾਹ ਪੈ ਜਾਂਦਾ ਰਿਹਾ ਹੈ। ਮੀਡੀਆ ਲਈ ਮਾਇਆ, ਬਿਨਾਂ ਸ਼ੱਕ, ਵੱਡੀ ਲੋੜ ਹੈ, ਪਰ ਇਹ ਮਸਲਾ ਸੀਮਾ ਦੇ ਅੰਦਰ ਅੰਦਰ ਹੀ ਨਜਿੱਠਿਆ ਜਾਣਾ ਚਾਹੀਦਾ ਹੈ। ਇਸ ਮਾਮਲੇ ਵਿਚ ਗਦਰੀ ਮਿਸਾਲ ਬਣ ਸਕਦੇ ਹਨ ਅਤੇ ਰਾਹ ਦਸੇਰੇ ਵੀ। ਮੀਡੀਆ ਅਤੇ ਮਿਸ਼ਨ ਦੇ ਜਿਹੜੇ ਦਾਈਏ ਇਨ੍ਹਾਂ ਗਦਰੀਆਂ ਨੇ ਬੰਨ੍ਹੇ ਸਨ, ਉਨ੍ਹਾਂ ਨੂੰ ਗਾਡੀਰਾਹ ਬਣਾਉਣ 'ਤੇ ਜ਼ੋਰ ਹੋਣਾ ਚਾਹੀਦਾ ਹੈ।

ਸਰਕਾਰ ਭਾਵੇਂ ਪਰਵਾਸੀ ਸਮਾਗਮ ਦੌਰਾਨ ਗਦਰੀਆਂ ਨੂੰ ਭੁੱਲ ਹੀ ਗਈ ਸੀ, ਪਰ ਜੇ ਪੰਜਾਬ ਅਤੇ ਪਰਵਾਸ ਦੀਆਂ ਗਲਵੱਕੜੀਆਂ ਪੁਆਉਣੀਆਂ ਹਨ ਤਾਂ ਫਿਲਹਾਲ ਪਰਵਾਸੀਆਂ ਖਾਤਰ ਮਾਹੌਲ ਸਾਜ਼ਗਾਰ ਬਣਾਉਣਾ ਤਰਜੀਹ ਹੋਣੀ ਚਾਹੀਦੀ ਹੈ। ਇਹੀ ਇਨ੍ਹਾਂ ਗਦਰੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਆਏ ਸਾਲ ਪਰਵਾਸੀਆਂ ਦੀਆਂ ਸ਼ਿਕਾਇਤਾਂ ਵਧ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਸ਼ਿਕਾਇਤਾਂ ਜਾਇਦਾਦਾਂ ਉਤੇ ਕਬਜ਼ੇ ਨਾਲ ਸਬੰਧਤ ਹਨ। ਜ਼ਾਹਿਰ ਹੈ ਕਿ ਜਿੰਨਾ ਚਿਰ ਪਰਵਾਸੀਆਂ ਦੀਆਂ ਲੋੜਾਂ-ਥੁੜਾਂ ਵੱਲ ਉਚੇਚਾ ਧਿਆਨ ਨਹੀਂ ਦਿੱਤਾ ਜਾਂਦਾ, ਅਜਿਹੇ ਪਰਵਾਸੀ ਸਮਾਗਮਾਂ ਦੀ ਕੋਈ ਸਾਰਥਿਕਤਾ ਨਹੀਂ ਬਣਨੀ। ਖੁਦ ਪਰਵਾਸੀ ਪੰਜਾਬੀ ਆਪਣੀ ਮਿੱਟੀ ਨਾਲ ਜੁੜਨ ਲਈ ਅਹੁਲ ਰਹੇ ਹਨ ਅਤੇ ਉਨ੍ਹਾਂ ਨੇ ਵੱਖ ਵੱਖ ਮੌਕਿਆਂ 'ਤੇ ਅਜਿਹੀਆਂ ਭਾਵਨਾਵਾਂ ਜ਼ਾਹਿਰ ਵੀ ਕੀਤੀਆਂ ਹਨ। ਹੁਣ ਲੋੜ ਇਨ੍ਹਾਂ ਭਾਵਨਾਵਾਂ ਦੀ ਕਦਰ ਕਰਨ ਅਤੇ ਇਸ ਸਬੰਧੀ ਨੀਤੀਆਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਹੈ। ਜਿੰਨਾ ਚਿਰ ਇਸ ਹਕੀਕਤ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ, ਪਰਨਾਲਾ ਉਥੇ ਦਾ ਉਥੇ ਹੀ ਰਹਿਣਾ ਹੈ। ਅਜਿਹੇ ਸਮਾਗਮਾਂ ਦੀ ਸਾਰਥਿਕਤਾ ਹੁਣ ਇਸ ਨੁਕਤੇ 'ਤੇ ਕੇਂਦਰਿਤ ਹੋਵੇਗੀ ਕਿ ਸਰਕਾਰ ਪਰਵਾਸੀਆਂ ਨੂੰ ਵਤਨ ਵਾਪਸੀ ਲਈ ਕਿੰਨਾ ਕੁ ਯਕੀਨ ਦਿਵਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਰੇ ਦਾ ਮੁੱਲ?*

ਸਿਆਸੀ ਢਾਲ ਜਦ ਮਿਲਦੀ ਏ ਗੁੰਡਿਆਂ ਨੂੰ, ਫਿਰ ਬਦਮਾਸ਼ਾਂ ਦਾ ਹੌਸਲਾ ਖੁੱਲ੍ਹ ਜਾਂਦਾ।
ਦਸ ਨੰਬਰੀਏ ਫਿਰਨ ਬੇਖੌਫ਼ ਹੋ ਕੇ, ਲਹੂ ਕਿਸੇ ਬੇਦੋਸ਼ੇ ਦਾ ਡੁੱਲ੍ਹ ਜਾਂਦਾ।
ਚੋਰ ਕੁੱਤੀ ਵੀ ਆਪਸ 'ਚ ਰਲੇ ਦਿਸਦੇ, ਦੀਵਾ ਆਸ ਦਾ ਉਦੋਂ ਹੋ ਗੁੱਲ ਜਾਂਦਾ।
ਘਰੇ ਪਹੁੰਚਿਆ ਮੰਤਰੀ ਲੈ ਲਾਮ ਲਸ਼ਕਰ, ਹਰ ਕੋਈ ਦੇਖ ਕੇ ਖੁਸ਼ੀ 'ਚ ਫੁੱਲ ਜਾਂਦਾ।
ਲੋਈ ਲਹੇ, ਈਮਾਨ ਖਾਮੋਸ਼ ਹੋ ਗਏ, ਚੰਦ ਛਿੱਲੜਾਂ ਪਿੱਛੇ ਹੀ ਭੁੱਲ ਜਾਂਦਾ।
ਆਵੇ 'ਆਫਰ' ਸਰਕਾਰ ਤੋਂ ਨੌਕਰੀ ਦੀ, ਮਰਿਆ ਜੀਅ ਵੀ ਟੱਬਰ ਦਾ ਭੁੱਲ ਜਾਂਦਾ!

# ਧਰਮ ਅਤੇ ਪੰਜਾਬ ਦੀ ਸਿਆਸਤ

**ਗੁਰਬਖ਼ਸ਼ ਸਿੰਘ ਸੋਢੀ**

ਪੰਜਾਬ ਵਿਚ ਇਕ ਹੋਰ ਪੰਥਕ ਜਥੇਬੰਦੀ ਬਣਾਉਣ ਦਾ ਐਲਾਨ ਹੋ ਗਿਆ ਹੈ। ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਖਾਲਸਾ ਨੇ 'ਗੁਰੂ ਗ੍ਰੰਥ ਦਾ ਖਾਲਸਾ ਪੰਥ' ਦੇ ਨਾਂ ਹੇਠ ਨਵੀਂ ਜਥੇਬੰਦੀ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਜਥੇਬੰਦੀ ਰਾਹੀਂ ਅਕਾਲ ਤਖਤ ਤੇ ਸਿੱਖ ਧਰਮ ਉਤੇ ਸਿਆਸਤ ਦਾ ਗਲਬਾ ਉਖੇੜਨ ਦੀ ਮੁਹਿੰਮ ਚਲਾਈ ਜਾਵੇਗੀ। ਸਿੱਖ ਜਗਤ ਵਿਚ ਪਏ ਇਸ ਭੁਲੇਖੇ ਕਿ ਜਥੇਦਾਰ ਹੀ ਅਕਾਲ ਤਖ਼ਤ ਹੈ, ਬਾਰੇ ਚੇਤਨਾ ਮੁਹਿੰਮ ਚਲਾਉਣ ਬਾਰੇ ਵੀ ਕਿਹਾ ਗਿਆ ਹੈ। ਪ੍ਰੋ. ਸਾਹਿਬ ਮੁਤਾਬਕ ਸਿਰਫ ਜਥੇਦਾਰ ਹੀ ਅਕਾਲ ਤਖਤ ਨਹੀਂ ਹੈ, ਸੰਗਤ ਨੂੰ ਹੁਣ ਇਹ ਦੱਸਣ ਦੀ ਬਹੁਤ ਲੋੜ ਹੈ।

ਪ੍ਰੋ. ਦਰਸ਼ਨ ਸਿੰਘ ਨਵੀਂ ਬਣਾਈ ਜਥੇਬੰਦੀ ਦੇ ਪ੍ਰਧਾਨ ਹੋਣਗੇ। ਸਾਬਕਾ ਆਈ.ਏ.ਐਸ.



*ਪ੍ਰੋ. ਦਰਸ਼ਨ ਸਿੰਘ ਖਾਲਸਾ*

ਅਫਸਰ ਗੁਰਤੇਜ ਸਿੰਘ ਤੇ ਖਾਲਸਾ ਪੰਚਾਇਤ ਦੇ ਮੁਖੀ ਰਾਜਿੰਦਰ ਸਿੰਘ ਖਾਲਸਾ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਉਂਜ, ਇਸ ਜਥੇਬੰਦੀ ਨੂੰ ਗੈਰ-ਸਿਆਸੀ ਰੱਖਣ ਬਾਰੇ ਵੀ ਕਿਹਾ ਗਿਆ ਹੈ। ਉਹ ਖੁਦ ਭਾਵੇਂ ਚੋਣਾਂ 'ਚ ਹਿੱਸਾ ਨਹੀਂ ਲੈਣਗੇ ਪਰ ਸਿਆਸੀ ਖੇਤਰ ਦੀਆਂ ਚੰਗੀਆਂ ਸ਼ਖ਼ਸੀਅਤਾਂ ਦੀ ਹਮਾਇਤ ਕੀਤੀ ਜਾਵੇਗੀ। ਚੇਤੇ ਰਹੇ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਦਸਮ ਗ੍ਰੰਥ ਅਤੇ ਨਾਨਕਸ਼ਾਹੀ ਕੈਲੰਡਰ ਦੇ ਮੁੱਦੇ ਉਤੇ ਛਿੜੇ ਵਿਵਾਦ ਤੋਂ ਬਾਅਦ ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕ ਦਿੱਤਾ ਸੀ। ਇਸ ਬਾਰੇ ਪ੍ਰੋ. ਸਾਹਿਬ ਦਾ ਕਹਿਣਾ ਸੀ ਕਿ ਉਹ ਪਿਛਲੇ ਸਮੇਂ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਉਨ੍ਹਾਂ ਵਿਰੁਧ ਜਾਰੀ ਕੀਤੇ ਹੁਕਮਨਾਮੇ ਨੂੰ ਨਹੀਂ ਮੰਨਦੇ, ਕਿਉਂਕਿ ਇਹ ਸਿਆਸੀ ਦਬਾਅ ਹੇਠ ਤੇ ਇੱਕਤਰਫਾ ਜਾਰੀ ਕੀਤਾ ਗਿਆ ਸੀ। ਇਸ ਬਾਰੇ ਜਦੋਂ ਉਹ ਆਪਣਾ ਪੱਖ ਰੱਖਣ ਅਕਾਲ ਤਖਤ ਗਏ ਸਨ ਤਾਂ ਜਥੇਦਾਰ ਨੇ ਉਨ੍ਹਾਂ ਦੀ ਸੁਣਵਾਈ ਕਰਨੀ ਵੀ ਜ਼ਰੂਰੀ ਨਹੀਂ ਸੀ ਸਮਝੀ।

ਉਂਜ, ਇਕ ਨੁਕਤਾ ਤਾਂ ਐਨ ਸਪਸ਼ਟ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਨਾਲ ਜੁੜੀਆਂ ਤਕਰੀਬਨ ਸਾਰੀਆਂ ਅਹਿਮ ਧਾਰਮਿਕ ਸੰਸਥਾਵਾਂ 'ਤੇ ਸਿਆਸੀ ਗਲਬਾ ਕਾਇਮ ਕੀਤਾ ਹੋਇਆ ਹੈ। ਇਸ ਗਲਬੇ ਨੂੰ ਤੋੜਨ ਲਈ ਗਾਹੇ-ਬਗਾਹੇ ਯਤਨ ਵੀ ਹੁੰਦੇ ਰਹੇ ਹਨ, ਪਰ ਅਜੇ ਤੱਕ ਕਿਸੇ ਨੂੰ ਵੀ ਸਫਲਤਾ ਨਹੀਂ ਮਿਲੀ। ਅਸਲ 'ਚ ਅਜੋਕੀ ਸਿੱਖ ਸਿਆਸਤ ਵਿਚ ਧਰਮ ਤੇ ਸਿਆਸਤ ਇੰਨੇ ਕੋਝੇ ਢੰਗ ਨਾਲ ਰਲਗੱਡ ਹੋ ਗਏ ਹਨ ਕਿ ਮੀਰੀ-ਪੀਰੀ ਦਾ ਸਿਧਾਂਤ ਕਿਤੇ ਦੂਰ ਦੀ ਗੱਲ ਹੋ ਕੇ ਰਹਿ ਗਿਆ ਹੈ। ਹੁਣ ਤਾਂ ਹਾਲ ਇਹ ਹੈ ਕਿ ਸਿਆਸਤ ਚਲਾਉਣ ਲਈ ਧਰਮ ਦਾ ਸਹਾਰਾ ਲਿਆ ਜਾ ਰਿਹਾ ਹੈ।

ਇਕ ਹੋਰ ਨੁਕਤਾ ਵੀ ਹੈ ਕਿ ਹੁਣ ਤੱਕ ਜਿੰਨੀਆਂ ਵੀ ਜਥੇਬੰਦੀਆਂ, ਧੜਿਆਂ ਜਾਂ ਸੰਸਥਾਵਾਂ ਨੇ ਬਾਦਲ ਦਲ ਦਾ ਵਿਰੋਧ ਕੀਤਾ ਹੈ, ਉਨ੍ਹਾਂ ਦਾ ਮੁੱਖ ਏਜੰਡਾ ਵੀ ਧਰਮ ਦੀ ਥਾਂ ਸਿਆਸਤ ਹੀ ਰਿਹਾ ਹੈ। ਇਸ ਤਰ੍ਹਾਂ ਦੀ ਕੋਈ ਮਿਸਾਲ ਨਹੀਂ ਕਿ ਧਾਰਮਿਕ ਆਗੂਆਂ ਨੇ ਸਿਆਸੀ ਆਗੂਆਂ ਨੂੰ ਰਣ ਮੈਦਾਨ ਵਿਚ ਵੰਗਾਰਿਆ ਹੋਵੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖੁਦ ਵੀ ਮੰਨਦੇ ਸਨ ਅਤੇ ਉਨ੍ਹਾਂ ਦੇ ਸਮਰਥਕ ਵੀ ਕਿ ਉਹ ਬੁਨਿਆਦੀ ਤੌਰ 'ਤੇ ਸਿਆਸੀ ਨਹੀਂ, ਸਗੋਂ ਧਾਰਮਿਕ ਆਗੂ ਸਨ, ਪਰ ਉਨ੍ਹਾਂ ਨੇ ਵੀ ਧਾਰਮਿਕ ਪਿੜ ਮੱਲਣ ਦੀ ਥਾਂ ਸਿਆਸਤ ਨੂੰ ਹੀ ਪਹਿਲ ਦਿੱਤੀ ਸੀ ਅਤੇ ਆਖਰ ਗੱਲ ਕਿਤੇ ਦੀ ਕਿਤੇ ਪਹੁੰਚ ਗਈ। ਬਾਅਦ 'ਚ ਕੁਝ ਖਾੜਕੂ ਧਿਰਾਂ ਨੇ ਵੀ ਬਾਦਲਾਂ ਨੂੰ ਵੰਗਾਰਨ ਦਾ ਤਹੱਈਆ ਕੀਤਾ ਤੇ ਮੁਹਿੰਮਾਂ ਵੀ ਚਲਾਈਆਂ, ਪਰ ਉਨ੍ਹਾਂ ਵੀ ਸਿਆਸਤ ਨੂੰ ਹੀ ਆਪਣਾ ਪਿੜ ਬਣਾਇਆ ਤੇ ਬੁਰੀ ਤਰ੍ਹਾਂ ਮਾਰ ਵੀ ਖਾਧੀ। ਧਾਰਮਿਕ ਮੁਹਿੰਮਾਂ 'ਤੇ ਚੜ੍ਹਨ ਦੀ ਗੱਲ ਸ਼ਾਇਦ ਉਨ੍ਹਾਂ ਕਦੀ ਸੋਚੀ ਜਾਂ ਗੌਲੀ ਨਹੀਂ। ਸਿੱਟੇ ਵਜੋਂ ਡੇਰਾਵਾਦੀਆਂ ਲਈ ਰਾਹ ਮੋਕਲਾ ਹੁੰਦਾ ਗਿਆ ਹੈ।

ਇਸ ਸਿਲਸਿਲੇ 'ਚ ਸੰਸਾਰ ਪੱਧਰ ਦੀ ਇਕ ਜਾਨਦਾਰ ਮਿਸਾਲ ਹੈ ਜਦੋਂ ਕਿਸੇ ਨੇ ਧਰਮ 'ਚ ਸਿਆਸਤ ਦੇ ਦਖਲ ਨੂੰ ਨੰਗੇ ਧੜ ਲਲਕਾਰਿਆ ਹੋਵੇ। ਇਹ ਜਰਮਨੀ ਦਾ ਪਾਦਰੀ ਫ੍ਰੈਡਰਿਕ ਗੁਸਤਾਵ ਐਮਿਲ ਮਾਰਟਿਨ ਨਿਮੋਲਰ (14 ਜਨਵਰੀ 1892-6 ਮਾਰਚ 1984) ਸੀ ਜੋ ਹੁਣ ਪਾਦਰੀ ਨਿਮੋਲਰ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਵਧੇਰੇ ਪਛਾਣ ਉਸ ਦੀ ਅਮਰ ਹੋ ਗਈ ਕਵਿਤਾ 'ਜਦੋਂ ਉਹ ਮੇਰੇ ਲਈ ਆਏ...' ਨਾਲ ਹੈ। ਇਹ ਅਸਲ ਵਿਚ ਕਵਿਤਾ ਨਹੀਂ ਸੀ ਅਤੇ ਨਾ ਹੀ ਨਿਮੋਲਰ ਕਵੀ ਸੀ। ਇਹ ਤਾਂ ਉਸ ਦਾ ਇਕ ਬਿਆਨ ਸੀ ਜੋ ਇੰਨਾ ਜ਼ੋਰਦਾਰ ਹੋ ਨਿਬੜਿਆ ਕਿ ਛੇਤੀ ਹੀ ਹਰ ਪਾਸੇ ਮਸ਼ਹੂਰ ਹੋ ਗਿਆ। ਇਸ ਬਿਆਨ ਦੀਆਂ ਸਤਰਾਂ ਇਉਂ ਹਨ:

ਸਭ ਤੋਂ ਪਹਿਲਾਂ ਉਹ ਕਮਿਊਨਿਸਟਾਂ ਲਈ ਆਏ।
ਮੈਂ ਕੁਝ ਨਹੀਂ ਬੋਲਿਆ, ਕਿਉਂਕਿ ਮੈਂ ਕਮਿਊਨਿਸਟ ਨਹੀਂ ਸਾਂ।
ਇਸ ਤੋਂ ਬਾਅਦ ਉਹ ਸੋਸ਼ਲਿਸਟਾਂ ਲਈ ਆਏ।
ਮੈਂ ਫਿਰ ਵੀ ਕੁਝ ਨਹੀਂ ਬੋਲਿਆ, ਕਿਉਂਕਿ ਮੈਂ ਸੋਸ਼ਲਿਸਟ ਨਹੀਂ ਸਾਂ।
ਮਗਰੋਂ ਉਹ ਟਰੇਡ ਯੂਨੀਅਨਿਸਟਾਂ ਲਈ ਆਏ।
ਮੈਂ ਫਿਰ ਕੁਝ ਨਹੀਂ ਬੋਲਿਆ, ਕਿਉਂਕਿ ਮੈਂ ਟਰੇਡ ਯੂਨੀਅਨਿਸਟ ਨਹੀਂ ਸਾਂ।
ਫਿਰ ਉਹ ਮੇਰੇ ਲਈ ਆਏ
ਤੇ ਉਦੋਂ ਕੋਈ ਨਹੀਂ ਸੀ ਬਚਿਆ
ਜੋ ਮੇਰੇ ਲਈ ਬੋਲਦਾ।

ਮਾਰਟਿਨ ਨਿਮੋਲਰ ਦੀ ਇਹ 'ਕਵਿਤਾ' ਬਹੁਤ ਮਸ਼ਹੂਰ ਹੋਈ। ਇਕ ਲਿਹਾਜ ਨਾਲ ਇਹ ਸੰਸਾਰ ਭਰ ਦੇ ਜੁਝਾਰੂਆਂ ਲਈ ਸਿਆਸੀ ਬਿਆਨ ਹੀ ਹੋ ਨਿਬੜੀ ਅਤੇ ਸਿਆਸੀ ਜ਼ੁਲਮਾਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲਿਆਂ ਲਈ ਹਥਿਆਰ ਬਣ ਗਈ। ਮਾਰਟਿਨ ਨਿਮੋਲਰ ਬੁਨਿਆਦੀ ਰੂਪ ਵਿਚ ਕਮਿਊਨਿਸਟ-ਵਿਰੋਧੀ ਸੀ ਅਤੇ ਉਸ ਨੇ ਡਟ ਕੇ ਹਿਟਲਰ ਦੀ ਕੌਮਪ੍ਰਸਤੀ ਦੀ ਹਮਾਇਤ ਕੀਤੀ ਸੀ ਪਰ ਜਦੋਂ ਹਿਟਲਰ ਨੇ ਸਟੇਟ ਦੀ ਧਰਮ 'ਤੇ ਸਰਦਾਰੀ ਦੀ ਗੱਲ ਕੀਤੀ ਤਾਂ ਨਿਮੋਲਰ ਛੇਤੀ ਹੀ ਹਿਟਲਰ ਵਿਰੁਧ ਡਟ ਗਿਆ ਅਤੇ ਇਕ ਧਾਰਮਿਕ ਜਥੇਬੰਦੀ ਦਾ ਲੀਡਰ ਹੋ ਨਿਬੜਿਆ।

ਪਾਦਰੀ ਨਿਮੋਲਰ 1916-17 ਵਿਚ ਲੜਾਕੂ ਜਹਾਜ਼ ਯੂ-73 ਦਾ ਨੇਵੀਗੇਸ਼ਨ ਅਫਸਰ ਸੀ ਅਤੇ ਪਾਦਰੀ ਉਹ ਪਹਿਲੇ ਸੰਸਾਰ ਯੁੱਧ ਤੋਂ ਬਾਅਦ ਬਣਿਆ ਸੀ। ਉਹ 1910 'ਚ ਇੰਪੀਰੀਅਲ ਜਰਮਨ ਨੇਵੀ ਵਿਚ ਭਰਤੀ ਹੋਇਆ ਤੇ 4 ਸਾਲ ਬਾਅਦ ਹੀ 1914 ਵਿਚ ਪਹਿਲੀ ਸੰਸਾਰ ਜੰਗ ਛਿੜ ਗਈ। ਜੰਗ ਖਤਮ ਹੋਣ ਤੋਂ ਬਾਅਦ ਨਿਮੋਲਰ ਤੇ ਹੋਰ ਕਮਾਂਡਰਾਂ ਨੂੰ ਯੂ-ਬੋਟਾਂ ਇੰਗਲੈਂਡ ਲਿਜਾਉਣ ਦੇ ਹੁਕਮ ਕੀਤੇ ਗਏ ਪਰ ਨਿਮੋਲਰ ਅਤੇ ਕੁਝ ਹੋਰਾਂ ਨੇ ਇਹ ਹੁਕਮ ਮੰਨਣ ਤੋਂ ਸਾਫ਼ ਨਾਂਹ ਕਰ ਦਿੱਤੀ। ਸਿੱਟੇ ਵਜੋਂ ਉਸ ਨੂੰ ਫੌਜ ਵਿਚੋਂ ਕੱਢ ਦਿੱਤਾ। 1920 ਵਿਚ ਉਸ ਨੇ ਪਾਦਰੀ ਬਣਨ ਦਾ ਫੈਸਲਾ ਕੀਤਾ ਤੇ ਮਿਊਨਸਟਰ ਯੂਨੀਵਰਸਿਟੀ 'ਚ ਧਾਰਮਿਕ ਸਿੱਖਿਆ ਲੈਣੀ ਅਰੰਭ ਕਰ ਦਿੱਤੀ।

ਅਸਲ ਵਿਚ ਨਿਮੋਲਰ ਦੀਆਂ ਸਿਆਸੀ ਹਮਦਰਦੀਆਂ ਜਨਵਰੀ 1934 ਵਿਚ ਬਦਲਣੀਆਂ ਸ਼ੁਰੂ ਹੋਈਆਂ। ਉਦੋਂ ਨਿਮੋਲਰ ਅਤੇ ਦੋ ਹੋਰ ਉਘੇ ਪਾਦਰੀ, ਚਰਚ ਉਤੇ ਵਧ ਰਹੇ ਸਟੇਟ/ਸਿਆਸਤ ਦੇ ਪ੍ਰਭਾਵ ਬਾਰੇ ਵਿਚਾਰ-ਚਰਚਾ ਕਰਨ ਲਈ ਅਡੋਲਫ ਹਿਟਲਰ ਨੂੰ ਮਿਲੇ ਸਨ। ਮੀਟਿੰਗ ਦਾ ਕੋਈ ਸਿੱਟਾ ਨਾ ਨਿਕਲਿਆ ਅਤੇ ਉਸ ਨੇ ਨਾਜ਼ੀ ਸਟੇਟ ਨੂੰ ਤਾਨਾਸ਼ਾਹ ਸਟੇਟ ਐਲਾਨ ਦਿੱਤਾ। ਇਸ ਤੋਂ ਬਾਅਦ ਉਸ ਨੇ ਧਾਰਮਿਕ ਮਾਮਲਿਆਂ ਵਿਚ ਸਟੇਟ ਦੇ ਦਖਲ ਖਿਲਾਫ਼ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ 1934 ਤੋਂ ਲੈ ਕੇ 1937 ਤੱਕ ਉਸ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ। ਜੁਲਾਈ 1937 ਨੂੰ ਉਸ ਨੂੰ ਗੈਸਤਾਪੋ (ਖੁਫੀਆ ਪੁਲਿਸ) ਨੇ ਮੁੜ ਗ੍ਰਿਫ਼ਤਾਰ ਕਰ ਲਿਆ ਅਤੇ ਬਰਲਿਨ ਦੀ ਜੇਲ੍ਹ ਵਿਚ ਸਾਢੇ ਸੱਤ ਮਹੀਨੇ ਡੱਕੀ ਰੱਖਿਆ। ਇਸ ਦੌਰਾਨ ਉਸ ਖਿਲਾਫ਼ ਕੋਈ ਸੁਣਵਾਈ ਨਹੀਂ ਕੀਤੀ ਗਈ ਅਤੇ ਉਸ ਨੂੰ ਰੱਖਿਆ ਵੀ ਇਕੱਲਿਆਂ ਹੀ ਗਿਆ। ਫਰਵਰੀ 1938 ਵਿਚ ਉਸ ਨੂੰ ਸਟੇਟ ਅਤੇ ਪਾਰਟੀ ਉਤੇ ਹਮਲਿਆਂ ਖਿਲਾਫ਼ ਕਾਨੂੰਨ ਤਹਿਤ 7 ਮਹੀਨੇ ਦੀ ਸਜ਼ਾ ਸੁਣਾਈ ਗਈ। ਉਹ ਭਾਵੇਂ ਸਾਢੇ ਸੱਤ ਮਹੀਨੇ ਪਹਿਲਾਂ ਹੀ ਜੇਲ੍ਹ ਵਿਚ ਕੱਟ ਚੁੱਕਾ ਸੀ ਪਰ ਉਸ ਨੂੰ ਛੱਡਿਆ ਨਹੀਂ ਗਿਆ। ਉਸ ਨੂੰ ਮਗਰੋਂ ਵੀ ਨਜ਼ਰਬੰਦ ਰੱਖਿਆ ਗਿਆ। ਫਿਰ ਗੈਸਤਾਪੋ ਉਸ ਨੂੰ ਤਿਰੋਲ (ਆਸਟਰੀਆ) ਲੈ ਗਈ। ਇਸ ਤਰ੍ਹਾਂ 7 ਸਾਲ ਦੀ ਕੈਦੀ ਪਿਛੋਂ 1944 'ਚ ਉਸ ਨੂੰ ਅਮਰੀਕੀ ਫੌਜੀ ਨੇ ਤਿਰੋਲ ਤੋਂ ਰਿਹਾ ਕਰਵਾਇਆ।

ਰਿਹਾਈ ਤੋਂ ਬਾਅਦ 1947 ਵਿਚ ਉਸ ਨੂੰ



*ਪਾਦਰੀ ਮਾਰਟਿਨ ਨਿਮੋਲਰ*

'ਹੇਜ਼ਨ ਨਾਸੋ ਲੂਥਰਨ ਚਰਚ' ਦਾ ਪ੍ਰਧਾਨ ਥਾਪਿਆ ਗਿਆ। ਉਸ ਨੇ ਨਾਜ਼ੀਆਂ ਵੱਲੋਂ ਮਨੁੱਖਤਾ ਖਿਲਾਫ਼ ਕੀਤੇ ਅਪਰਾਧਾਂ ਦੀ ਮੁਆਫ਼ੀ ਲਈ ਸੰਸਾਰ ਭਰ ਦਾ ਦੌਰਾ ਕੀਤਾ। 1950ਵਿਆਂ ਦੇ ਮੱਧ ਤੱਕ ਪਹੁੰਚਦਿਆਂ ਨਿਮੋਲਰ ਪੈਸੀਫਿਸਟ (ਅਮਨ ਦੂਤ) ਬਣ ਗਿਆ। ਉਸ ਨੇ ਕਈ ਕੌਮਾਂਤਰੀ ਸੰਸਥਾਵਾਂ ਲਈ ਕੰਮ ਕੀਤਾ। ਇਨ੍ਹਾਂ ਵਿਚ ਕੌਮਾਂਤਰੀ ਅਮਨ ਲਈ ਸਰਗਰਮ 'ਵਰਡ ਕੌਂਸਲ ਆਫ਼ ਚਰਚਜ਼' ਸ਼ਾਮਲ ਹੈ।

ਪਾਦਰੀ ਨਿਮੋਲਰ ਦੀ ਇਹ ਲੰਮੀ ਕਹਾਣੀ ਸੁਣਾਉਣ ਦਾ ਮਤਲਬ ਇਹੀ ਹੈ ਕਿ ਇਸ ਤਰ੍ਹਾਂ ਦੀ ਸੁਰ ਅਤੇ ਸਰਗਰਮੀ ਪੰਜਾਬ ਵਿਚ ਕਿਤੇ ਸੁਣਾਈ ਨਹੀਂ ਦਿੱਤੀ ਜਿਸ ਤੋਂ ਧਰਮ ਦੇ ਮਾਮਲਿਆਂ ਵਿਚ ਸਿਆਸਤ ਦੇ ਦਖਲ ਖਿਲਾਫ ਬੁਲੰਦ ਹੋਈ ਆਵਾਜ਼ ਬਾਰੇ ਕੋਈ ਸੂਹ ਮਿਲਦੀ ਹੋਵੇ। ਹੁਣ ਤਾਂ ਸਗੋਂ ਪੰਜਾਬ ਵਿਚ ਧਰਮ ਦਾ ਬਹੁਤ ਬੁਰੀ ਤਰ੍ਹਾਂ ਸਿਆਸੀਕਰਨ ਹੋ ਚੁੱਕਾ ਹੈ। ਧਰਮ ਦੇ ਇਸ ਸਿਆਸੀਕਰਨ ਨੂੰ ਟੁੱਕਣ ਲਈ ਪਾਦਰੀ ਮਾਰਟਿਨ ਨਿਮੋਲਰ ਕੋਈ ਰਾਹ ਦਿਖਾ ਸਕਦਾ ਹੈ।

ਹੁਣ ਦੇਖਣਾ ਇਹ ਹੈ ਕਿ ਪ੍ਰੋ. ਦਰਸ਼ਨ ਸਿੰਘ ਇਸ ਰਾਹ ਉਤੇ ਕਿੰਨੀ ਕਾਮਯਾਬੀ ਅਤੇ ਕਿੰਨਿਆਂ ਨੂੰ ਨਾਲ ਲੈ ਕੇ ਚੱਲਦੇ ਹਨ। ਮੀਰੀ-ਪੀਰੀ ਦਾ ਸਿਧਾਂਤ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਨੇ ਆਪਣੇ ਪਿਤਾ, ਪੰਜਵੇਂ ਪਾਤਸ਼ਾਹ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਲਿਆਂਦਾ ਸੀ। ਜਦੋਂ ਉਨ੍ਹਾਂ 11 ਜੂਨ 1606 ਨੂੰ ਗੁਰਗੱਦੀ ਸੰਭਾਲੀ ਤਾਂ ਦੋ ਤਲਵਾਰਾਂ ਪਹਿਨੀਆਂ-ਇਕ ਮੀਰੀ ਤੇ ਇਕ ਪੀਰੀ ਦੀ। ਉਸ ਵੇਲੇ ਗੁਰੂ ਸਾਹਿਬ ਨੇ ਸਿੱਖੀ ਉਤੇ ਹੋ ਰਹੇ ਹਮਲਿਆਂ ਦੇ ਮੱਦੇਨਜ਼ਰ, ਸਿੱਖੀ ਦੇ ਬੂਟੇ ਦੇ ਬਚਾ ਅਤੇ ਫੈਲਾ ਲਈ ਪੀਰੀ ਦੇ ਨਾਲ ਨਾਲ ਮੀਰੀ ਵੱਲ ਸਿੱਖ ਸੰਗਤ ਦਾ ਧਿਆਨ ਦਿਵਾਇਆ ਸੀ। ਅਗਾਂਹ ਇਸ ਦੀਆਂ ਲੜੀਆਂ ਧਰਮ ਦੀਆਂ ਬੁਨਿਆਦਾਂ ਅਨੁਸਾਰ ਸਿਆਸਤ ਦਾ ਪਿੜ ਮੱਲਣ ਨਾਲ ਜੋੜੀਆਂ ਗਈਆਂ ਸਨ। 'ਮੀਰੀ' ਫਾਰਸੀ ਦਾ ਸ਼ਬਦ ਹੈ। ਇਹ ਅਰਬੀ ਦੇ ਸ਼ਬਦ 'ਅਮੀਰ' ਤੋਂ ਆਇਆ ਹੈ। ਅਮੀਰ ਦਾ ਮਤਲਬ ਕਮਾਂਡਰ, ਸ਼ਾਸਕ, ਮੁਖੀ ਹੈ। ਇਹ ਸ਼ਬਦ ਦੁਨੀਆਵੀ ਸੱਤਾ ਦੀ ਗੱਲ ਤੋਰਦਾ ਹੈ। 'ਪੀਰੀ' ਸ਼ਬਦ ਵੀ ਫਾਰਸੀ ਸ਼ਬਦ 'ਪੀਰ' ਤੋਂ ਬਣਿਆ ਹੈ। ਇਸ ਦਾ ਮਤਲਬ ਸੰਤ, ਅਧਿਆਤਮਿਕ ਰਾਹ ਦਸੇਰਾ ਤੇ ਧਾਰਮਿਕ ਜੀਵ ਹੈ। 'ਪੀਰ' ਦਾ ਸਮੁੱਚਾ ਸੰਕਲਪ ਧਾਰਮਿਕ ਆਗੂਆਂ ਨਾਲ ਜੁੜਿਆ ਹੋਇਆ ਹੈ ਤੇ ਹੁਣ ਸ਼ਾਇਦ ਪੰਜਾਬ ਨੂੰ ਕਿਸੇ ਅਜਿਹੇ ਹੀ ਪੀਰ ਦੀ ਲੋੜ ਹੈ।

# ਕੀ ਇਸਲਾਮਾਬਾਦ 'ਚ ਵੀ ਤਹਿਰੀਰ ਚੌਕ ਬਣੇਗਾ?

## ਦੇਸ-ਪਰਦੇਸ

*ਪਾਕਿਸਤਾਨ ਵਿਚ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਉਥਲ-ਪੁਥਲ ਚੱਲ ਰਹੀ ਹੈ। ਹੁਣ ਚੋਣਾਂ ਸਿਰ ਉਤੇ ਹਨ ਅਤੇ ਇਸ ਉਥਲ-ਪੁਥਲ ਵਿਚ ਨਵਾਂ ਇਜ਼ਾਫਾ ਡਾ. ਮੁਹੰਮਦ ਤਾਹਿਰ-ਉਲ-ਕਾਦਰੀ ਦਾ ਹੈ। ਉਨ੍ਹਾਂ ਲਾਹੌਰ ਅਤੇ ਦੇਸ਼ ਵਿਚ ਹੋਰ ਥਾਈਂ ਲਾਮਿਸਾਲ ਇਕੱਠ ਕਰ ਕੇ ਅਗਲੀਆਂ ਚੋਣਾਂ ਲਈ ਪਿੜ ਬੰਨ੍ਹ ਦਿੱਤਾ ਹੈ। ਪਿੱਛੇ ਜਿਹੇ ਪਾਕਿਸਤਾਨ ਦੀਆ ਤਿੰਨ ਅਹਿਮ ਖੱਬੇ ਪੱਖੀ ਪਾਰਟੀਆਂ ਨੇ ਵੀ ਰਲ ਕੇ ਆਵਾਮੀ ਵਰਕਰਜ਼ ਪਾਰਟੀ ਬਣਾ ਲਈ ਸੀ। ਇਸ ਨਾਲ ਪਾਕਿਸਤਾਨ ਦਾ ਸਿਆਸੀ ਮੂੰਹ-ਮੁਹਾਂਦਰਾ ਰਤਾ ਕੁ ਬਦਲਣ ਲੱਗਿਆ ਹੈ। ਇਸ ਲੇਖ ਵਿਚ ਪ੍ਰੋ. ਕੁਲਵੰਤ ਸਿੰਘ ਰੋਮਾਣਾ ਨੇ ਪਾਕਿਸਤਾਨ ਦੇ ਸਿਆਸੀ, ਆਰਥਿਕ ਅਤੇ ਸਮਾਜਕ ਹਾਲਾਤ ਬਾਰੇ ਤਬਸਰਾ ਕਰਦਿਆਂ ਡਾ. ਮੁਹੰਮਦ ਤਾਹਿਰ-ਉਲ-ਕਾਦਰੀ ਦੀ ਪਹਿਲਕਦਮੀ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ। -ਸੰਪਾਦਕ*

ਦਸੰਬਰ 2012 ਦੇ ਦੂਜੇ ਹਫ਼ਤੇ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਸ਼ਹਿਰੀ ਡਾ. ਮੁਹੰਮਦ ਤਾਹਿਰ-ਉਲ-ਕਾਦਰੀ ਨੇ ਐਲਾਨ ਕੀਤਾ ਕਿ ਉਹ 23 ਦਸੰਬਰ 2012 ਨੂੰ ਪਾਕਿਸਤਾਨ ਦੇ ਸ਼ਹਿਰ ਲਾਹੌਰ ਪਹੁੰਚ ਰਿਹਾ ਹੈ। ਉਸ ਨੇ ਇਹ ਵੀ ਐਲਾਨ ਕੀਤਾ ਕਿ ਉਹ ਪਾਕਿਸਤਾਨੀ ਆਵਾਮ ਦੇ ਦੁੱਖਾਂ ਦਾ ਦਾਰੂ ਕਰਨ ਦਾ ਪ੍ਰੋਗਰਾਮ ਲੈ ਕੇ ਜਾ ਰਿਹਾ ਹੈ। ਪਾਕਿਸਤਾਨ ਦੀ ਜਮਹੂਰੀਅਤ ਨੂੰ ਮੁੱਠੀ ਭਰ ਜਗੀਰਦਾਰਾਂ ਅਤੇ ਸਰਮਾਏਦਾਰਾਂ ਨੇ ਆਪਣੀ ਬਾਂਦੀ ਬਣਾ ਰੱਖਿਆ ਹੈ, ਇਨ੍ਹਾਂ ਨੇ ਜਮਹੂਰੀਅਤ ਨੂੰ ਤਮਾਸ਼ਾ ਬਣਾ ਦਿੱਤਾ ਹੈ ਤੇ ਉਹ ਹੁਣ ਮੁਲਕ ਵਿਚ ਹਕੀਕੀ



ਪ੍ਰੋ. ਕੁਲਵੰਤ ਸਿੰਘ ਰੋਮਾਣਾ

ਜਮਹੂਰੀਅਤ ਕਾਇਮ ਕਰਨ ਜਾ ਰਿਹਾ ਹੈ। ਉਸ ਨੇ ਕਿਹਾ ਕਿ ਇਸ ਜਮਹੂਰੀਅਤ ਨੂੰ ਨਾਗਵਲ ਪਾਈ ਬੈਠੇ ਕੁਰੱਪਟ, ਡਾਕੂ ਤੇ ਲੁਟੇਰਿਆਂ ਦਾ ਫਸਤਾ ਵੱਢਣ ਲਈ ਉਹ ਲਾਹੌਰ ਦੇ ਮਿਨਾਰ-ਏ-ਪਾਕਿਸਤਾਨ 'ਤੇ 23 ਦਸੰਬਰ ਦੇ ਦਿਨ ਵਿਸ਼ਾਲ ਰੈਲੀ ਕਰੇਗਾ ਜਿਸ ਵਿਚ ਘੱਟੋ-ਘੱਟ ਚਾਰ ਲੱਖ ਲੋਕ ਸ਼ਾਮਲ ਹੋਣਗੇ। ਆਪਣੇ ਇਸ ਮਿਸ਼ਨ ਨੂੰ ਮੰਜ਼ਲੇ-ਏ-ਮਕਸੂਦ ਤੱਕ ਪਹੁੰਚਾਉਣ ਲਈ ਅਗਲਾ ਪ੍ਰੋਗਰਾਮ ਉਹ ਉਸ ਰੈਲੀ 'ਚ ਹੀ ਐਲਾਨੇਗਾ। ਇਹ ਐਲਾਨ ਹੋਣ ਦੀ ਦੇਰ ਸੀ ਕਿ ਉਸ ਦੇ ਪੈਰੋਕਾਰਾਂ ਨੇ ਪਾਕਿਸਤਾਨ ਦਾ ਹਰ ਸ਼ਹਿਰ ਅਤੇ ਪਿੰਡ ਤਾਹਿਰ ਕਾਦਰੀ ਦੀਆਂ ਤਸਵੀਰਾਂ ਵਾਲੇ ਪੋਸਟਰਾਂ, ਬੋਰਡਾਂ ਤੇ ਬੈਨਰਾਂ ਨਾਲ ਸਜਾ ਦਿੱਤਾ। ਮੁਲਕ ਦੇ ਸਾਰੇ ਟੀ.ਵੀ. ਚੈਨਲਾਂ 'ਤੇ ਮਿਨਾਰ-ਏ-ਪਾਕਿਸਤਾਨ ਵਿਖੇ ਹੋਣ ਵਾਲੀ ਰੈਲੀ ਦੀਆਂ ਮਸ਼ਹੂਰੀਆਂ ਆਉਣ ਲੱਗੀਆਂ; ਟਾਕ ਸ਼ੋਆਂ 'ਚ ਸੈਟੇਲਾਈਟ ਰਾਹੀਂ ਉਸ ਦੀਆਂ ਮੁਲਾਕਾਤਾਂ ਨਸ਼ਰ ਹੋਣ ਲੱਗੀਆਂ, ਪਰ ਇਹ ਜਾਣਨ ਤੋਂ ਪਹਿਲਾਂ ਕਿ ਇਹ ਡਾ. ਮੁਹੰਮਦ ਤਾਹਿਰ-ਉਲ-ਕਾਦਰੀ ਕੌਣ ਹੈ, ਉਸ ਦੀ ਹਕੀਕੀ ਜਮਹੂਰੀਅਤ ਕੀ ਹੈ ਜਾਂ ਉਹ ਇਸ ਨੂੰ ਕਿਵੇਂ ਬਹਾਲ ਕਰੇਗਾ, ਸਾਨੂੰ ਪਾਕਿਸਤਾਨ ਦੀ ਮੌਜੂਦਾ ਸਿਆਸੀ, ਸਮਾਜਕ ਤੇ ਆਰਥਿਕ ਹਾਲਤ ਦੀ ਸੰਖੇਪ ਜਾਣਕਾਰੀ ਜ਼ਰੂਰ ਹਾਸਲ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਕਾਦਰੀ ਸਾਹਿਬ ਦੇ ਮਿਸ਼ਨ ਅਤੇ ਉਸ ਦੀ ਕਾਮਯਾਬੀ ਜਾਂ ਨਾਕਾਮਯਾਬੀ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕੇਗਾ।

ਮਾਰਚ 2013 ਵਿਚ ਪਾਕਿਸਤਾਨ ਦੀ ਮੌਜੂਦਾ ਜਮਹੂਰੀ ਹਕੂਮਤ ਦੇ ਪੰਜ ਸਾਲ ਪੂਰੇ ਹੋਣ ਵਾਲੇ ਹਨ। ਪਾਕਿਸਤਾਨ ਬਣਨ ਤੋਂ ਲੈ ਕੇ ਹੁਣ ਤੱਕ ਇਹ ਪਹਿਲੀ ਜਮਹੂਰੀ ਹਕੂਮਤ ਹੈ ਜੋ ਆਪਣੇ ਪੰਜ ਸਾਲ ਪੂਰੇ ਕਰ ਰਹੀ ਹੈ। ਇਸ ਤੋਂ ਪਹਿਲਾਂ ਭੁੱਟੋਆਂ ਅਤੇ ਨਵਾਜ਼ ਸਰੀਫ਼ ਦੀਆਂ ਹਕੂਮਤਾਂ ਨੂੰ ਫੌਜ ਨੇ ਕਦੇ ਵੀ ਦੋ ਜਾਂ ਤਿੰਨ ਸਾਲ ਤੋਂ ਵੱਧ ਨਹੀਂ ਚੱਲਣ ਦਿੱਤਾ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਜੇ ਜ਼ਰਦਾਰੀ ਦੀ ਸਰਕਾਰ ਪੰਜ ਸਾਲ ਪੂਰੇ ਕਰ ਰਹੀ ਹੈ ਤਾਂ ਉਹ ਕੋਈ ਬਿਹਤਰ ਹਕੂਮਤ ਹੈ। ਭ੍ਰਿਸ਼ਟਾਚਾਰ ਤੇ ਨਾਅਹਿਲੀਅਤ ਨੇ ਆਰਥਿਕਤਾ ਦਾ ਭੱਠਾ ਬਹਾ ਦਿੱਤਾ ਹੈ। ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਨੇ ਕਰਜ਼ੇ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਬਿਜਲੀ ਨਾ ਮਿਲਣ ਕਾਰਨ ਕਾਰਖਾਨੇ ਬੰਦ ਹੋ ਗਏ ਹਨ ਤੇ ਬਰਾਮਦ 80 ਫੀਸਦੀ ਘੱਟ ਗਈ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਛੇ ਬਿਲੀਅਨ ਡਾਲਰ ਤੋਂ ਘਟ ਕੇ ਇਕ ਬਿਲੀਅਨ ਡਾਲਰ 'ਤੇ ਆ ਗਿਆ ਹੈ। ਅਮਰੀਕੀ ਡਾਲਰ ਜੋ 2008 ਵਿਚ 68 ਰੁਪਏ ਦਾ ਸੀ, 100 ਰੁਪਏ ਦਾ ਹੋ ਗਿਆ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਇੰਨੀ ਵਧ ਗਈ ਹੈ ਕਿ ਬੱਚੇ ਵੇਚਣ ਤੇ ਖੁਦਕੁਸ਼ੀਆਂ ਦਾ ਰੁਝਾਨ ਵਧ ਰਿਹਾ ਹੈ। ਬਿਜਲੀ ਦਿਨ 'ਚ ਚਾਰ ਘੰਟੇ ਆ ਜਾਏ ਤਾਂ ਵਾਹ-ਵਾਹ ਹੋ ਜਾਂਦੀ ਹੈ। ਵਿੱਦਿਆ ਤੇ ਸਿਹਤ ਦਾ ਬੁਰਾ ਹਾਲ ਹੈ। ਹਸਪਤਾਲਾਂ 'ਚ ਟੈਸਟ ਮਸ਼ੀਨਾਂ ਬੇਕਾਰ ਪਈਆਂ ਹਨ। ਉਨ੍ਹਾਂ ਦੀ ਮੁਰੰਮਤ ਕਰਨ ਦੀ ਬਜਾਏ ਮਰੀਜ਼ਾਂ ਨੂੰ ਪਰਚੀ ਦੇ ਕੇ ਪ੍ਰਾਈਵੇਟ ਕਲੀਨਿਕਾਂ 'ਚ ਭੇਜ ਦਿੱਤਾ ਜਾਂਦਾ ਹੈ। ਚੁੱਲ੍ਹਾ ਗੈਸ ਅਤੇ ਪੈਟਰੋਲ ਲੈਣ ਲਈ ਗੈਸ ਪੰਪਾਂ 'ਤੇ ਦੋ-ਦੋ ਮੀਲ ਲੰਬੀਆਂ ਲਾਈਨਾਂ ਟੀ.ਵੀ. ਚੈਨਲਾਂ 'ਤੇ ਆਮ ਹੀ ਵੇਖੀਆਂ ਜਾ ਸਕਦੀਆਂ ਹਨ।

ਦੂਜੇ ਪਾਸੇ ਭ੍ਰਿਸ਼ਟਾਚਾਰ ਦਾ ਰਿਕਾਰਡ ਇਹ ਹੈ ਕਿ ਦੇਸ਼ ਦੇ ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਦੇ ਮੁਖੀ ਨੇ ਕਿਹਾ ਹੈ ਕਿ ਮੁਲਕ ਵਿਚ ਹਰ ਰੋਜ਼ 8 ਅਰਬ ਰੁਪਏ ਦੀ ਕੁਰੱਪਸ਼ਨ ਹੁੰਦੀ ਹੈ। ਬਿਊਰੋ ਚੇਅਰਮੈਨ ਸਰਕਾਰ ਦਾ ਆਪਣਾ ਬੰਦਾ ਹੁੰਦਾ ਹੈ। ਤੇਲ ਅਤੇ ਗੈਸ ਬੋਰਡਾਂ ਦਾ ਮੁਖੀ ਪਿਛਲੇ ਦਿਨੀਂ 82 ਅਰਬ ਡਾਲਰ ਦਾ ਘਪਲਾ ਕਰ ਕੇ ਪਰਿਵਾਰ ਸਮੇਤ ਨੇਪਾਲ ਰਾਹੀਂ ਕਿਸੇ ਬਾਹਰਲੇ ਦੇਸ਼ ਦੌੜ ਗਿਆ। ਹੱਜ ਮੰਤਰੀ ਹਾਜੀਆਂ ਦੇ ਕਰੋੜਾਂ ਰੁਪਏ ਖਾ ਗਿਆ। ਦੋ ਸਾਲ ਜੇਲ੍ਹ 'ਚ ਰਹਿ ਕੇ ਹੁਣ ਜ਼ਮਾਨਤ 'ਤੇ ਬਾਹਰ ਹੈ। ਸਾਬਕਾ ਬਿਜਲੀ ਮੰਤਰੀ ਰਾਜਾ ਪ੍ਰਵੇਜ਼ ਉਤੇ ਅਰਬਾਂ ਰੁਪਏ ਦੀ ਹੇਰਾਫੇਰੀ ਦਾ ਦੋਸ਼ ਸੀ ਪਰ ਹੁਣ ਉਹ ਦੇਸ਼ ਦਾ ਪ੍ਰਧਾਨ ਮੰਤਰੀ ਹੈ। ਦੇਸ਼ ਦੇ ਮੁੱਖ ਸਰਕਾਰੀ ਅਦਾਰੇ ਪਾਕਿਸਤਾਨ ਏਅਰਲਾਈਨਜ਼, ਪਾਕਿਸਤਾਨ ਰੇਲਵੇ ਅਤੇ ਪਾਕਿਸਤਾਨ ਸਟੀਲ ਮਿਲ 2008 ਤੱਕ ਅਰਬਾਂ ਰੁਪਏ ਦੀ ਕਮਾਈ ਕਰ ਕੇ ਮੁਲਕ ਨੂੰ ਦਿੰਦੇ ਸਨ। ਹੁਣ ਇਹ ਤਿੰਨੇ ਅਦਾਰੇ ਅਰਬਾਂ ਰੁਪਏ ਦੇ ਕਸਾਰੇ 'ਚ ਜਾ ਰਹੇ ਹਨ। ਇਨ੍ਹਾਂ ਅਦਾਰਿਆਂ ਦੇ ਚੇਅਰਮੈਨ ਜ਼ਰਦਾਰੀ ਜਾਂ ਗਿਲਾਨੀ ਦੇ ਚਹੇਤੇ ਰਹੇ ਹਨ। ਇਸ ਕੁਰੱਪਸ਼ਨ ਨੇ ਜਿਥੇ ਜ਼ਿੰਦਗੀ ਲਈ ਜ਼ਰੂਰੀ ਸਹੂਲਤਾਂ ਤੇ ਵਸਤੂਆਂ ਦੀ ਹਦੋਂ ਵੱਧ ਕਮੀ ਕਰ ਦਿੱਤੀ ਹੈ, ਉਥੇ ਲੁੱਟ-ਖੋਹ ਤੇ ਕਤਲੋਗਾਰਤ ਦੀਆਂ ਵਾਰਦਾਤਾਂ ਵਿਚ ਅਥਾਹ ਵਾਧਾ ਕਰ ਦਿੱਤਾ ਹੈ।

ਇਕ ਪਾਸੇ ਆਵਾਮ ਦੀ ਹਾਲਤ ਹਰ ਲਿਹਾਜ਼ ਨਾਲ ਬਦਤਰ ਹੋ ਗਈ ਹੈ, ਦੂਜੇ ਪਾਸੇ ਆਉਣ ਵਾਲੇ ਅਪਰੈਲ-ਮਈ ਮਹੀਨਿਆਂ 'ਚ ਹੋਣ ਵਾਲੀਆਂ ਆਮ ਚੋਣਾਂ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਪੀਪਲਜ਼ ਪਾਰਟੀ ਨੂੰ ਦੁਬਾਰਾ ਸੱਤਾ ਵਿਚ ਆਉਣ ਦੀ ਉਮੀਦ ਹੈ। ਚੋਣ ਸਰਵੇਖਣ ਨਵਾਜ਼ ਸ਼ਰੀਫ਼ ਨੂੰ ਨੰਬਰ ਇਕ 'ਤੇ ਦੱਸਦੇ ਹਨ। ਮੀਡੀਆ ਕਹਿ ਰਿਹਾ ਹੈ ਕਿ ਇਸ ਵਾਰ ਲੋਕ



ਲਾਹੌਰ ਵਿਚ ਮਿਨਾਰ-ਏ-ਪਾਕਿਸਤਾਨ ਵਿਖੇ ਡਾ. ਮੁਹੰਮਦ ਤਾਹਿਰ-ਉਲ-ਕਾਦਰੀ ਦੀ ਰੈਲੀ ਦੀ ਝਲਕ।

ਇਮਰਾਨ ਖਾਨ ਨੂੰ ਸੱਤਾ ਸੌਂਪਣ ਦੇ ਹੱਕ 'ਚ ਹਨ। ਵੈਸੇ ਤਾਂ ਸਾਰੀਆਂ ਪਾਰਟੀਆਂ ਨੇ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਪਰ ਉਪਰੋਕਤ ਤਿੰਨਾਂ ਪਾਰਟੀਆਂ ਨੂੰ ਸਿੰਘਾਸਨ ਜ਼ਿਆਦਾ ਨੇੜੇ ਦਿਸਦਾ ਹੈ। ਸੋ, ਇਹ ਜ਼ਿਆਦਾ ਪੱਬਾਂ ਭਾਰ ਹੋਈਆਂ ਪਈਆਂ ਹਨ। ਇਕ ਗੱਲ ਹੋਰ ਕਿ ਕਾਨੂੰਨ ਅਨੁਸਾਰ ਆਮ ਚੋਣਾਂ ਤੋਂ ਪਹਿਲਾਂ ਪਾਕਿਸਤਾਨ 'ਚ ਨਿਗਰਾਨ ਸਰਕਾਰ ਦਾ ਕਾਇਮ ਹੋਣਾ ਜ਼ਰੂਰੀ ਹੈ ਤਾਂ ਕਿ ਸੱਤਾ 'ਚ ਬੈਠੀ ਪਾਰਟੀ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰ ਕੇ ਜਾਂ ਹੋਰ ਧਾਂਦਲੀਆਂ ਕਰ ਕੇ ਚੋਣਾਂ ਨਾ ਜਿੱਤ ਸਕੇ। ਇਹ ਨਿਗਰਾਨ ਸਰਕਾਰ ਸਾਰੀਆਂ ਸਿਆਸੀ ਪਾਰਟੀਆਂ ਦੀ ਰਾਏ ਨਾਲ ਨਾਮਜ਼ਦ ਕੀਤੀ ਜਾਣੀ ਹੈ। ਵੈਸੇ ਤਾਂ ਨਿਗਰਾਨ ਸਰਕਾਰ 'ਚ ਦੇਸ਼ ਦੇ ਜਾਣੇ-ਪਛਾਣੇ ਇਮਾਨਦਾਰ ਤੇ ਤਜਰਬੇਕਾਰ ਦਾਨਸ਼ਵਰਾਂ ਨੂੰ ਸ਼ਾਮਲ ਕਰਨ ਦੀ ਵਿਵਸਥਾ ਹੈ ਪਰ ਹਰ ਪਾਰਟੀ ਆਪਣੀ ਪਸੰਦ ਦੇ ਬੰਦਿਆਂ ਦੀ ਸ਼ਮੂਲੀਅਤ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ। 2008 'ਚ ਹੋਈਆਂ ਆਮ ਚੋਣਾਂ ਵਿਚ ਕੁਲ 8 ਕਰੋੜ ਵੋਟਰਾਂ ਵਿਚੋਂ 3 ਕਰੋੜ 70 ਲੱਖ ਜਾਅਲੀ ਵੋਟਰ ਸਨ ਜਿਨ੍ਹਾਂ ਦੇ ਸਿਰ 'ਤੇ ਪੀਪਲਜ਼ ਪਾਰਟੀ ਸੱਤਾ 'ਚ ਆਈ ਸੀ।

ਇਸ ਕਿਸਮ ਦੇ ਸਮਾਜਕ, ਆਰਥਿਕ ਤੇ ਸਿਆਸੀ ਮਾਹੌਲ 'ਚ ਡਾ. ਕਾਦਰੀ ਨੇ 23 ਦਸੰਬਰ ਨੂੰ ਉਥੇ ਜਾ ਕੇ ਪਾਸਾ ਪਲਟਣ ਦਾ ਐਲਾਨ ਕਰ ਦਿੱਤਾ। ਸਿਆਸੀ ਪਾਰਟੀਆਂ ਨੂੰ ਫਿਕਰ ਪੈ ਗਿਆ ਤੇ ਉਨ੍ਹਾਂ ਦੀ ਚਿੰਤਾ ਠੀਕ ਵੀ ਸਿੱਧ ਹੋਈ। ਕਾਦਰੀ ਸਾਹਿਬ ਗਏ ਅਤੇ ਮਿਨਾਰ-ਏ-ਪਾਕਿਸਤਾਨ ਵਿਖੇ ਰੈਲੀ ਵੀ ਕੀਤੀ ਜਿਸ ਵਿਚ ਐਨਾ ਕੁ ਇਕੱਠ ਹੋਇਆ ਕਿ ਅੱਜ ਤੱਕ ਪਾਕਿਸਤਾਨ 'ਚ ਇੰਨਾ ਵੱਡਾ ਇਕੱਠ ਕਦੇ ਨਹੀਂ ਸੀ ਹੋਇਆ; ਭੁੱਟੋ ਦੇ ਸਮੇਂ ਵੀ ਨਹੀਂ। ਚਿੱਟੀ ਟੋਪੀ ਤੇ ਕਰੀਮ ਰੰਗੀ ਅਚਕਨ ਵਾਲਾ ਮਧਰੇ ਕੱਦ ਅਤੇ ਇਕਹਿਰੇ ਸਰੀਰ ਦਾ ਬੰਦਾ ਮਾਈਕ ਸਾਹਮਣੇ ਆਇਆ ਤੇ ਉਸ ਨੇ ਸਭ ਤੋਂ ਪਹਿਲਾਂ ਦਹਿਸ਼ਤਪਸੰਦਾਂ ਹੱਥੋਂ ਮਾਰੇ ਗਏ ਸਭ ਲੋਕਾਂ ਨੂੰ ਸ਼ਹੀਦ ਕਿਹਾ ਤੇ ਉਨ੍ਹਾਂ ਨੂੰ ਆਪਣੀ ਅਕੀਦਤ ਪੇਸ਼ ਕੀਤੀ। ਫਿਰ ਉਸ ਨੇ ਦੱਸਿਆ ਕਿ ਨਾ ਉਹ ਹਿੰਸਾ 'ਚ ਯਕੀਨ ਰੱਖਦਾ ਹੈ ਅਤੇ ਨਾ ਹੀ ਕਾਨੂੰਨ ਤੋੜਨ ਵਿਚ। ਉਸ ਦੀ ਮੁਹਿੰਮ ਪੂਰੀ ਤਰ੍ਹਾਂ ਪੁਰ-ਅਮਨ ਹੋਵੇਗੀ। ਨਾ ਕੋਈ ਪੱਥਰ ਚੱਲੇਗਾ ਤੇ ਨਾ ਕੋਈ ਗੋਲੀ। ਕਿਸੇ ਦਰੱਖ਼ਤ ਦਾ ਪੱਤਾ ਤੱਕ ਨਹੀਂ ਟੁੱਟੇਗਾ। ਫਿਰ ਉਸ ਨੇ ਆਪ ਵੀ ਵਾਅਦਾ ਕੀਤਾ ਤੇ ਲੋਕਾਂ ਤੋਂ ਵੀ ਜੈਕਾਰਿਆਂ ਨਾਲ ਬਚਨ ਲਿਆ ਕਿ ਜਿਸ ਤਬਦੀਲੀ ਲਈ ਇਹ ਮੁਹਿੰਮ ਸ਼ੁਰੂ ਕੀਤੀ ਹੈ, ਉਸ ਨੂੰ ਅਸੀਂ ਮੰਜ਼ਿਲ-ਏ-ਮਕਸੂਦ ਤੱਕ ਪਹੁੰਚਾਵਾਂਗੇ। ਇਹ ਤਬਦੀਲੀ ਹੈ ਮੁਲਕ ਦੀ ਸਿਆਸਤ ਨੂੰ ਗਿਲਾਜ਼ਤ ਤੋਂ ਪਾਕ ਕਰਨਾ, ਭਾਵ ਸਿਆਸਤ ਨੂੰ ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਦਾਬੇ ਤੋਂ ਮੁਕਤ ਕਰਨਾ; ਸਿਆਸਤ ਨੂੰ ਕੁਰੱਪਸ਼ਨ, ਲੁੱਟ, ਝੂਠ ਫਰੇਬ ਤੋਂ ਮੁਕਤ ਕਰਨਾ; ਸਿਆਸਤ ਵਿਚੋਂ ਪੈਸੇ ਦੀ ਸਰਦਾਰੀ ਖ਼ਤਮ ਕਰ ਕੇ ਇਮਾਨਦਾਰੀ ਤੇ ਸੇਵਾ ਭਾਵ ਦੀ ਸਰਦਾਰੀ ਕਾਇਮ ਕਰਨਾ; ਮੌਜੂਦਾ ਫਰਾਡ ਜਮਹੂਰੀਅਤ ਦੀ ਥਾਂ ਹਕੀਕੀ ਜਮਹੂਰੀਅਤ ਕਾਇਮ ਕਰਨਾ ਜਿਥੇ ਕਾਨੂੰਨ ਦੀ ਪੁੱਛ ਹੋਵੇ; ਮਿਹਨਤਕਸ਼ਾਂ ਦੀਆਂ ਲੋੜਾਂ ਦੀ ਪਹਿਲਾਂ ਪੂਰਤੀ ਹੋਵੇ; ਉਨ੍ਹਾਂ ਦੀ ਜਾਨ, ਮਾਲ ਅਤੇ ਇੱਜ਼ਤ-ਮਾਣ ਸੁਰੱਖਿਅਤ ਹੋਣ। ਉਸ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਵੋਟਾਂ ਪਾ ਕੇ ਹਾਕਮਾਂ ਨੂੰ ਆਪਣੀ ਜਮਹੂਰੀਅਤ ਅਮਾਨਤ ਵਜੋਂ ਸੌਂਪੀ ਸੀ ਪਰ ਇਨ੍ਹਾਂ ਸ਼ਾਸਕਾਂ ਨੇ ਤੁਹਾਡੀ ਅਮਾਨਤ 'ਚ ਖ਼ਿਆਨਤ ਕੀਤੀ ਹੈ; ਇਸ ਲਈ ਇਹ ਅਮਾਨਤ ਅਸੀਂ ਵਾਪਸ ਖੋਹਣੀ ਹੈ। ਡਾ. ਕਾਦਰੀ ਨੇ ਐਲਾਨ ਕੀਤਾ ਕਿ ਇਸ ਤਬਦੀਲੀ ਲਈ ਸਾਰੇ ਪਾਕਿਸਤਾਨ 'ਚੋਂ 40 ਲੱਖ ਲੋਕ ਮਹਾਂ ਮਾਰਚ (ਲੌਂਗ ਮਾਰਚ) ਕਰ ਕੇ 14 ਜਨਵਰੀ ਨੂੰ ਇਸਲਾਮਾਬਾਦ ਦੇ ਐਫ-9 ਪਾਰਕ (ਫਾਤਿਮਾ ਜਿਨਾਹ ਪਾਰਕ) ਵਿਚ ਪਹੁੰਚਣਗੇ ਤੇ ਉਥੋਂ ਇਸ ਤਬਦੀਲੀ ਨੂੰ ਅੰਜਾਮ ਦੇ ਕੇ ਹੀ ਵਾਪਸ ਪਰਤਣਗੇ; ਚਾਹੇ ਕੁਝ ਦਿਨ ਲੱਗਣ ਜਾਂ ਕੁਝ ਹਫ਼ਤੇ।

ਲਾਹੌਰ ਦੀ ਮਿਨਾਰ-ਏ-ਪਾਕਿਸਤਾਨ ਵਾਲੀ ਰੈਲੀ ਨੂੰ ਉਸ ਵੇਲੇ ਹੋਰ ਵੀ ਵੱਡੀ ਕਾਮਯਾਬੀ ਮਿਲੀ ਜਦ ਉਸ ਵਿਚ ਵੱਡੀ ਸਿਆਸੀ ਪਾਰਟੀ ਮੁਤਹਿਦਾ ਕੌਮੀ ਮੂਵਮੈਂਟ (ਐਮ.ਕਿਊ.ਐਮ.) ਵੀ ਸ਼ਾਮਲ ਹੋ ਗਈ। ਉਸ ਦੇ ਨਾਲ ਹੀ ਚੰਗੇ ਆਧਾਰ ਵਾਲੀ ਇਕ ਹੋਰ ਸਿਆਸੀ ਜਮਾਤ ਮੁਸਲਿਮ ਲੀਗ (ਕਾਫ਼) ਨੇ ਵੀ ਕਾਦਰੀ ਦੀ ਹਮਾਇਤ ਦਾ ਐਲਾਨ ਕਰ ਦਿੱਤਾ, ਪਰ ਵੇਖਣ ਵਾਲੀ ਗੱਲ ਇਹ ਹੈ ਕਿ ਦੋਵੇਂ ਪਾਰਟੀਆਂ ਜ਼ਰਦਾਰੀ ਦੀ ਕੇਂਦਰੀ ਸਰਕਾਰ 'ਚ ਵੀ ਭਾਈਵਾਲ ਨੇ। ਕਾਫ਼ ਲੀਗ ਦਾ ਚੌਧਰੀ ਪ੍ਰਵੇਜ਼ ਇਲਾਹੀ ਡਿਪਟੀ ਪ੍ਰਾਈਮ ਮਨਿਸਟਰ ਹੈ। ਐਮ.ਕਿਊ.ਐਮ. ਸੂਬਾ ਸਿੰਧ ਦੀ ਸਰਕਾਰ 'ਚ ਵੀ ਪੀਪਲਜ਼ ਪਾਰਟੀ ਦੀ ਭਾਈਵਾਲ ਹੈ। ਸਿੰਧ ਦਾ ਗਵਰਨਰ ਵੀ ਇਸੇ ਪਾਰਟੀ ਦਾ ਹੈ। ਸਵਾਲ ਉਠਦਾ ਹੈ ਕਿ ਇਹ ਪਾਰਟੀਆਂ ਡਾ. ਕਾਦਰੀ ਦੇ ਕਾਫ਼ਲੇ ਨਾਲ ਰਲ ਕੇ ਆਪਣੀ ਹੀ ਸਰਕਾਰ ਦੇ ਖ਼ਾਤਮੇ ਲਈ ਮਹਾਂ ਮਾਰਚ ਕਿਵੇਂ ਕਰਨਗੀਆਂ? ਅਜੇ ਤੱਕ ਤਾਂ ਐਮ.ਕਿਊ.ਐਮ. ਪੂਰੀ ਦ੍ਰਿੜ ਲਗਦੀ ਹੈ ਕਿਉਂਕਿ ਉਨ੍ਹਾਂ ਨੇ ਪਹਿਲੀ ਜਨਵਰੀ ਨੂੰ ਡਾ. ਕਾਦਰੀ ਨੂੰ ਬੁਲਾ ਕੇ ਬੜਾ ਮਾਣ-ਸਨਮਾਨ ਦਿੱਤਾ ਹੈ। ਪਾਰਟੀ ਦੇ ਸਾਰੇ ਵੱਡੇ ਲੀਡਰਾਂ ਨੇ ਡਾ. ਕਾਦਰੀ ਦੇ ਕਰਾਚੀ ਪਹੁੰਚਣ 'ਤੇ ਉਸ ਨੂੰ 'ਜੀ ਆਇਆਂ' ਕਿਹਾ; ਫਿਰ ਫੁੱਲਾਂ ਦੀ ਵਰਖਾ ਨਾਲ ਜਿਨਾਹ ਗਰਾਊਂਡ 'ਚ ਲਿਜਾਇਆ ਗਿਆ ਜਿਥੇ ਰਿਕਾਰਡ ਤੋੜ ਇਕੱਠ ਵਾਲੀ ਰੈਲੀ ਨੂੰ ਡਾ. ਕਾਦਰੀ ਨੇ ਸੰਬੋਧਨ ਕੀਤਾ। ਉਥੇ ਉਸ ਦਾ ਭਾਸ਼ਣ ਲਾਹੌਰ ਨਾਲੋਂ ਵੀ ਵੱਧ ਜੋਸ਼ੀਲਾ ਸੀ। ਆਪਣੇ ਇਸ ਭਾਸ਼ਣ ਵਿਚ ਡਾ. ਕਾਦਰੀ ਨੇ ਆਪਣੀਆਂ ਮੰਗਾਂ ਦੀ ਤਫਸੀਲ ਜ਼ਰਾ ਬਦਲ ਵੀ ਦਿੱਤੀ ਅਤੇ ਵਧਾ ਵੀ ਦਿੱਤੀ। ਉਸ ਨੇ ਕਿਹਾ, ਨਿਗਰਾਨ ਸਰਕਾਰ ਬਣਾਉਣ ਵਿਚ ਸਮੇਤ ਉਸ ਦੇ, ਸਭ ਧਿਰਾਂ ਦੀ ਰਾਏ ਲਈ ਜਾਵੇ। ਫੌਜ ਤੇ ਜੁਡੀਸ਼ਰੀ ਦੀ ਰਾਏ ਵੀ ਲਈ ਜਾਵੇ। ਉਸ ਨੇ ਇਹ ਵੀ ਕਿਹਾ ਕਿ ਚੋਣਾਂ 'ਚ ਨਾਮਜ਼ਦਗੀਆਂ ਮਨਜ਼ੂਰ ਕਰਨ ਵੇਲੇ ਸੰਵਿਧਾਨ ਦੀ ਧਾਰਾ 62 ਅਤੇ 63 'ਤੇ ਸਖ਼ਤੀ ਨਾਲ ਅਮਲ ਕੀਤਾ ਜਾਵੇ ਜਿਸ ਵਿਚ ਲਿਖਿਆ ਹੈ ਕਿ ਪਾਰਲੀਮੈਂਟ ਜਾਂ ਵਿਧਾਨ ਸਭਾ ਦਾ ਮੈਂਬਰ ਬਣਨ ਜਾ ਰਿਹਾ ਹਰ ਸ਼ਖ਼ਸ ਕੁਰਾਨ ਅਨੁਸਾਰ 'ਸਾਦਿਕ ਤੇ ਅਮੀਨ' ਹੋਵੇ; ਭਾਵ ਉਸ ਨੇ ਕਦੇ ਝੂਠ ਨਾ ਬੋਲਿਆ ਹੋਵੇ, ਕਰਜ਼ਾ ਲੈ ਕੇ ਮੁੱਕਰਿਆ ਨਾ ਹੋਵੇ ਤੇ ਨਾ ਹੀ ਕਰਜ਼ਾ ਮੁਆਫ਼ ਕਰਵਾਇਆ ਹੋਵੇ; ਉਹ ਇਖਲਾਕਹੀਣਤਾ ਦਾ ਦੋਸ਼ੀ ਨਾ ਹੋਵੇ, ਭ੍ਰਿਸ਼ਟਾਚਾਰੀ, ਬਲਾਤਕਾਰੀ, ਟੈਕਸ ਚੋਰ ਜਾਂ ਕਿਸੇ ਵੀ ਤਰ੍ਹਾਂ ਦੀ ਦਾਗਦਾਰ ਸ਼ਖ਼ਸੀਅਤ ਨਾ ਹੋਵੇ, ਪਰ ਇਹ ਦੋਵੇਂ ਸ਼ਰਤਾਂ, ਫੌਜ ਤੇ ਜੁਡੀਸ਼ਰੀ ਦਾ ਨਿਗਰਾਨ ਸਰਕਾਰ ਬਣਾਉਣ 'ਚ ਦਖ਼ਲ ਅਤੇ 'ਸਾਦਿਕ ਤੇ ਅਮੀਨ' ਹੋਣ ਦੀ ਯੋਗਤਾ, ਸਰਕਾਰ ਤੇ ਵਿਰੋਧੀ ਧਿਰ ਨੂੰ ਉਕਾ ਹੀ ਮਨਜ਼ੂਰ ਨਹੀਂ ਹੋ ਸਕਦੀਆਂ।

ਡਾ. ਤਾਹਿਰ-ਉਲ-ਕਾਦਰੀ ਦੀ ਕਾਮਯਾਬੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਆਵਾਮ ਉਸ ਨਾਲ ਇਸਲਾਮਾਬਾਦ 'ਚ ਕਿੰਨਾ ਕੁ ਚਿਰ ਬੈਠ ਸਕਦੀ ਹੈ। ਦੂਜਾ ਐਮ.ਕਿਊ.ਐਮ. ਕਿੰਨੀ ਕੁ ਸਿਦਕ ਦਿਲੀ ਨਾਲ ਉਸ ਦਾ ਸਾਥ ਦਿੰਦੀ ਹੈ! ਜੇ ਇਹ ਦੋਵੇਂ ਧਿਰਾਂ ਕਾਦਰੀ ਸਾਹਿਬ ਨਾਲ ਚੱਟਾਨ ਵਾਂਗ ਖੜ੍ਹ ਜਾਣ ਤਾਂ ਪਾਲੇ 'ਤੇ ਬੈਠਾ ਇਮਰਾਨ ਖਾਨ ਵੀ ਸ਼ਾਇਦ ਉਸ ਦਾ ਸਾਥ ਦੇ ਦੇਵੇ, ਕਿਉਂਕਿ ਉਹ ਇਹੋ ਕਹਿੰਦਾ ਹੈ ਕਿ ਕਾਦਰੀ ਸਾਹਿਬ ਦੀਆਂ ਮੰਗਾਂ ਬੜੀਆਂ ਜਾਇਜ਼ ਹਨ, ਪਰ ਉਹ ਮਹਾਂ ਮਾਰਚ 'ਚ ਸ਼ਾਮਲ ਨਹੀਂ ਹੋ ਸਕਦਾ। ਜੇ ਇਮਰਾਨ ਖਾਨ ਵੀ ਪਾਲਾ ਟੱਪ ਆਉਂਦਾ ਹੈ ਤਾਂ ਕਾਦਰੀ ਸਾਹਿਬ ਦੀ ਤਬਦੀਲੀ ਦੀ ਮੁਹਿੰਮ ਕਾਮਯਾਬ ਹੀ ਕਾਮਯਾਬ ਹੈ। ਜੇ ਇਸ ਮੁਹਿੰਮ ਨੇ 'ਅਮਨ-ਕਾਨੂੰਨ' ਦਾ ਮਸਲਾ ਪੈਦਾ ਕਰ ਦਿੱਤਾ ਤਾਂ ਅੱਧੀ ਰਾਤ ਨੂੰ ਬੂਟਾਂ ਵਾਲੇ ਵੀ ਆ ਸਕਦੇ ਹਨ।

ਇਹ ਸਭ ਕੁਝ ਜਾਣਨ ਬਾਅਦ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਕੌਣ ਹੈ ਇਹ ਡਾ. ਮੁਹੰਮਦ



ਡਾ. ਕਾਦਰੀ

ਤਾਹਿਰ-ਉਲ-ਕਾਦਰੀ। ਤਾਹਿਰ ਕਾਦਰੀ 1951 ਵਿਚ ਝੰਗ ਕਸਬੇ 'ਚ ਸਿਆਲਾਂ ਦੇ ਘਰ ਪੈਦਾ ਹੋਇਆ। ਮੁੱਢਲੀ ਵਿੱਦਿਆ ਅੰਗਰੇਜ਼ੀ ਮਾਧਿਅਮ ਵਾਲੇ ਕ੍ਰਿਸ਼ਚੀਅਨ ਸਕੂਲ 'ਚੋਂ ਪ੍ਰਾਪਤ ਕੀਤੀ। ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਕਾਨੂੰਨ ਦੀ ਡਿਗਰੀ ਗੋਲਡ ਮੈਡਲ ਨਾਲ ਪਾਸ ਕੀਤੀ। ਉਸ ਵਕਾਲਤ ਕੀਤੀ, ਪੰਜਾਬ ਯੂਨੀਵਰਸਿਟੀ ਲਾਹੌਰ 'ਚ ਕਾਨੂੰਨ ਪੜ੍ਹਾਇਆ, ਉਥੋਂ ਹੀ ਪੀਐਚ.ਡੀ. ਕੀਤੀ। ਪ੍ਰੋਫੈਸਰ ਆਫ਼ ਲਾਅ ਬਣਿਆ ਅਤੇ ਬ੍ਰਿਟਿਸ਼ ਤੇ ਅਮਰੀਕੀ ਸੰਵਿਧਾਨ ਦੇ ਨਾਲ ਨਾਲ ਇਸਲਾਮੀ ਸੰਵਿਧਾਨ ਵੀ ਪੜ੍ਹਾਇਆ। 1981 'ਚ ਉਸ ਨੇ 'ਮਿਨਹਾਜ-ਉਲ-ਕੁਰਾਨ ਇੰਟਰਨੈਸ਼ਨਲ' ਨਾਂ ਦੀ ਤਨਜ਼ੀਮ ਕਾਇਮ ਕੀਤੀ। ਇਹ ਤਨਜ਼ੀਮ ਇਸਲਾਮ ਦੀ ਵਿਆਖਿਆ ਸੂਫ਼ੀ ਦ੍ਰਿਸ਼ਟੀਕੋਣ ਤੋਂ ਕਰਦੀ ਹੈ; ਭਾਵ ਇਸਲਾਮ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ; ਆਪਸੀ ਗੱਲਬਾਤ ਤੇ ਮੇਲ-ਮਿਲਾਪ ਹੀ ਮਸਲਿਆਂ ਦਾ ਹੱਲ ਹੈ। ਪਾਕਿਸਤਾਨ ਆਵਾਮੀ ਤਹਿਰੀਕ ਨਾਂ ਦੀ ਸਿਆਸੀ ਜਮਾਤ ਇਸ ਤਨਜ਼ੀਮ ਦਾ ਸਿਆਸੀ ਵਿੰਗ ਹੈ। ਉਹ ਪ੍ਰਵੇਜ਼ ਮੁਸ਼ੱਰਫ ਦੇ ਜ਼ਮਾਨੇ ਵਿਚ 2002 'ਚ ਚੋਣ ਲੜ ਕੇ ਐਮ.ਪੀ. ਵੀ ਬਣਿਆ ਪਰ 2004 'ਚ ਅਸਤੀਫਾ ਦੇ ਕੇ ਆਪਣੀ ਤਨਜ਼ੀਮ ਦੇ ਪ੍ਰਚਾਰ ਲਈ ਕੈਨੇਡਾ ਚਲਾ ਗਿਆ ਤੇ ਉਥੋਂ ਦੀ ਸ਼ਹਿਰੀਅਤ ਹਾਸਲ ਕਰ ਲਈ।

ਸੂਫ਼ੀ ਨਜ਼ਰੀਏ ਤੋਂ ਇਸਲਾਮ ਦੀ ਵਿਆਖਿਆ ਕਰਨ ਲਈ ਡਾ. ਕਾਦਰੀ ਸਾਰੇ ਸੰਸਾਰ 'ਚ ਘੁੰਮਦਾ ਹੈ। ਸੰਸਾਰ ਦੇ 90 ਦੇਸ਼ਾਂ ਵਿਚ ਉਸ ਦੀ ਸੰਸਥਾ ਦੀਆਂ ਸ਼ਾਖਾਵਾਂ ਹਨ। ਫਰਵਰੀ ਅਤੇ ਮਾਰਚ 2012 ਵਿਚ ਉਹ ਚਾਰ ਹਫ਼ਤਿਆਂ ਲਈ ਭਾਰਤ ਵੀ ਗਿਆ ਸੀ। ਉਸ ਨੇ ਮੁੰਬਈ, ਹੈਦਰਾਬਾਦ, ਦਿੱਲੀ ਅਤੇ ਕਈ ਹੋਰ ਸ਼ਹਿਰਾਂ 'ਚ ਭਾਸ਼ਣ ਦਿੱਤੇ। ਦਿੱਲੀ ਵਿਖੇ ਦਹਿਸ਼ਤਗਰਦੀ ਖ਼ਿਲਾਫ਼ 600 ਸਫਿਆਂ ਦਾ ਫਤਵਾ ਵੀ ਜਾਰੀ ਕੀਤਾ। ਉਸ ਨੇ ਆਪਣੀ ਫਿਲਾਸਫੀ ਤੇ ਇਸਲਾਮ ਬਾਰੇ 400 ਕਿਤਾਬਾਂ ਉਰਦੂ, ਫਾਰਸੀ ਤੇ ਅੰਗਰੇਜ਼ੀ ਵਿਚ ਲਿਖੀਆਂ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਏਡਾ ਵੱਡਾ ਸੂਫ਼ੀ ਸਕਾਲਰ ਅਚਾਨਕ ਸਿਆਸੀ ਅਖਾੜੇ 'ਚ ਕਿਉਂ ਆਣ ਉਤਰਿਆ ਹੈ? ਉਸ ਦੀ ਮੁਹਿੰਮ 'ਤੇ ਹੋ ਚੁੱਕਿਆ ਅਤੇ ਹੋਣ ਜਾ ਰਿਹਾ ਕਰੋੜਾਂ ਰੁਪਿਆ ਕੀ 90 ਦੇਸ਼ਾਂ 'ਚ ਬੈਠੇ ਉਸ ਦੇ ਸ਼ਰਧਾਲੂ ਹੀ ਭੇਜ ਰਹੇ ਹਨ? ਉਸ ਦੇ ਵਿਰੋਧੀ ਭਾਵੇਂ ਉਸ ਪਿੱਛੇ ਅਮਰੀਕਾ ਅਤੇ ਪਾਕਿਸਤਾਨ ਫੌਜ ਦਾ ਹੱਥ ਹੋਣ ਦੀ ਗੱਲ ਕਰਦੇ ਹਨ, ਪਰ ਪਾਕਿਸਤਾਨ ਵਿਚਲੇ ਅਮਰੀਕੀ ਸਫ਼ੀਰ ਨੇ ਸਾਫ਼ ਕਿਹਾ ਹੈ ਕਿ ਅਮਰੀਕਾ ਦਾ ਡਾ. ਕਾਦਰੀ ਨਾਲ ਕੋਈ ਵਾਸਤਾ ਨਹੀਂ। ਪਾਕਿਸਤਾਨੀ ਫੌਜ ਨੇ ਵੀ ਇਸੇ ਤਰ੍ਹਾਂ ਦਾ ਬਿਆਨ ਦਿੱਤਾ ਹੈ ਪਰ ਇਹ ਗੱਲ ਤਾਂ 14 ਜਨਵਰੀ 2013 ਨੂੰ ਜਾਂ ਉਸ ਦੇ ਬਾਅਦ ਦੇ ਦਿਨਾਂ 'ਚ ਸਾਫ਼ ਹੋਵੇਗੀ!

# ਸਿੱਖ ਸਟੇਜਾਂ, ਸਮੱਸਿਆ ਤੇ ਸਮਾਧਾਨ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੰਗ ਮਾਈ ਦਾ ਵਸਨੀਕ ਭਾਈ ਮੰਝ, ਸਿੱਖ ਮਤਿ ਦੀ ਸੋਭਾ ਸੁਣ ਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਜਾ ਪਹੁੰਚਿਆ। ਗੁਰਬਾਣੀ ਸੁਣ ਕੇ ਨਿਹਾਲ ਹੋਇਆ ਗੁਰੂ ਸਾਹਿਬ ਪਾਸੋਂ ਸਿੱਖੀ ਦੀ ਦਾਤ ਮੰਗਣ ਲੱਗਾ। ਗੁਰੂ ਮਹਾਰਾਜ ਮੁਸਕਰਾਉਂਦਿਆਂ ਕਹਿਣ ਲੱਗੇ ਕਿ ਭਾਈ 'ਸਿੱਖੀ ਉਤੇ ਸਿੱਖੀ' ਨਹੀਂ ਟਿਕ ਸਕਦੀ। ਐਥੇ ਸਿੱਖੀ ਮੰਗ ਰਿਹੈਂ, ਘਰੇ ਤੇਰੇ ਸਖੀ ਸਰਵਰ ਦਾ 'ਥਾਨ' ਬਣਿਆ ਹੋਇਐ। ਗੁਰੂ ਨਾਨਕ ਦਾ ਸਿੱਖ ਬਣਨ ਲਈ 'ਇੱਕ ਦਰ ਦਾ ਹੋਣ' ਦੀ ਪਹਿਲੀ ਤੇ ਸਖਤ ਸ਼ਰਤ ਹੈ। ਇਸ ਲਈ ਜਾਹ ਪਹਿਲੋਂ ਥਾਨ ਦਾ ਫਸਤਾ ਵੱਢ ਕੇ ਆ। ਗੁਰੂ ਕੇ ਹੁਕਮਾਂ ਨੂੰ ਸਤਿ ਕਰ ਕੇ ਮੰਨਣ ਵਾਲੇ ਭਾਈ ਮੰਝ ਨੇ ਘਰੇ ਪਹੁੰਚ ਕੇ ਸਭ ਤੋਂ ਪਹਿਲਾਂ ਸਖੀ ਸਰਵਰ ਦਾ ਥਾਨ ਮਿੱਟੀ 'ਚ ਮਿਲਾਇਆ; ਤਾਂ ਹੀ ਉਸ ਨੂੰ 'ਮੰਝ ਗੁਰੂ ਕਾ ਬੋਹਿਥਾ' ਹੋਣ ਦਾ ਮਾਣ ਹਾਸਲ ਹੋਇਆ।

ਅਚਾਰੀਆ ਰਜਨੀਸ਼ ਬਾਰੇ ਲਿਖਿਆ ਮਿਲਦਾ ਹੈ ਕਿ ਉਸ ਨੇ ਪੂਨੇ ਆਸ਼ਰਮ ਦੇ ਮੇਨ ਗੇਟ 'ਤੇ ਸ਼ਰਧਾਲੂਆਂ ਲਈ ਲਿਖਤੀ ਹਦਾਇਤ ਟੰਗੀ ਹੋਈ ਸੀ, 'ਕ੍ਰਿਪਾ ਕਰ ਕੇ ਆਪਣੀ ਜੁੱਤੀ ਤੇ ਅਕਲ ਬਾਹਰ ਹੀ ਉਤਾਰ ਕੇ ਆਉ।' ਜ਼ਰਾ ਖਰ੍ਹਵੀਂ ਤੇ ਅਣ-ਸੁਖਾਵੀਂ ਜਿਹੀ ਜਾਪਦੀ ਇਸ ਹਦਾਇਤ ਦੇ ਉਲਟ ਗੁਰਮਤਿ ਨੇ ਸਿੱਖਾਂ ਨੂੰ ਬੜੇ ਘਰੇਲੂ ਜਿਹੇ ਤੇ ਮਨਮੋਹਣੇ ਢੰਗ ਨਾਲ ਹੁਕਮ ਕਰਿਆ ਕਿ ਜਿਵੇਂ ਭਾਂਡੇ ਵਿਚ ਦੁੱਧ ਪੁਆਉਣ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਮਾਂਜਿਆ ਸੁਆਰਿਆ ਜਾਂਦਾ ਹੈ, ਮਤੇ ਕਿਸੇ ਖੱਲ-ਖੂੰਜੇ ਵਿਚ ਕੋਈ ਖਟਾਸ ਲੱਗੀ ਰਹਿ ਜਾਏ। ਇਸੇ ਮਿਸਾਲ ਮੁਤਾਬਿਕ ਜਦ ਸੋਝੀ ਲੈਣ ਲਈ ਗੁਰਦੁਆਰੇ ਜਾਈਏ ਤਾਂ 'ਮਨ ਕੀਆਂ ਮੱਤਾਂ' ਦੀ ਗਠੜੀ ਕਿਤੇ ਬਾਹਰ ਹੀ ਸੁੱਟ ਜਾਣੀ ਚਾਹੀਦੀ ਹੈ। ਜੇ ਇਹ ਪੰਡ ਨਾਲੇ ਈ ਚੁੱਕੀ ਰੱਖੀ ਤਾਂ ਸਮਝ ਲੈਣਾ ਕਿ ਗੁਰਦੁਆਰੇ ਜਾਣ-ਆਉਣ ਦੀ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ।

ਬਚਪਨ ਦੇ ਦਿਨਾਂ ਦੀ ਗੱਲ ਹੈ। ਗੁਆਂਢੀ ਕਸਬੇ ਜਾਡਲੇ ਦੇ ਲਹਿੰਦੀ ਗੁੱਠੇ ਸ਼ਹੀਦਾਂ ਦੇ ਅਸਥਾਨ 'ਤੇ ਸਾਲਾਨਾ ਸਮਾਗਮ ਹੋ ਰਿਹਾ ਸੀ। ਭੋਗ ਤੋਂ ਬਾਅਦ ਉਨ੍ਹਾਂ ਵੇਲਿਆਂ ਦਾ ਪ੍ਰਸਿੱਧ ਢਾਡੀ ਗਿਆਨੀ ਅਜੀਤ ਸਿੰਘ ਸੰਧਵਾਂ (ਨੇੜੇ ਬਹਿਰਾਮ) ਆਪਣੇ ਜਥੇ ਸਮੇਤ ਢਾਡੀ ਵਾਰਾਂ ਸੁਣਾਉਣ ਲੱਗਾ। ਮੇਰੇ ਪਿਤਾ ਜੀ ਨਾਲ ਉਸ ਦੀ ਚੰਗੀ ਜਾਣ-ਪਛਾਣ ਸੀ। ਰੱਬ ਜਾਣੇ, ਉਸ ਨੇ ਲੈਕਚਰ ਕਰਦਿਆਂ ਮੇਰੇ ਪਿਤਾ ਜੀ ਨੂੰ ਸਾਹਮਣੇ ਬੈਠਾ ਦੇਖ ਕੇ ਕਿਹਾ ਜਾਂ ਵੈਸੇ ਹੀ ਪ੍ਰਚਾਰ ਵਜੋਂ ਆਖਿਆ ਕਿ ਖਾਲਸਾ ਜੀ, ਗੁਰਸਿੱਖਾਂ ਨੂੰ ਦਾਹੜੇ ਪ੍ਰਕਾਸ਼ ਕੀਤੇ ਹੀ ਸੋਭਦੇ ਹਨ। ਫਿਰ ਉਸ ਨੇ 'ਸੋ ਦਾੜ੍ਹੀਆਂ ਸਚੀਆਂ' ਵਾਲੀਆਂ ਪੰਕਤੀਆਂ ਬੋਲੀਆਂ। ਮੇਰੇ ਪਿਤਾ ਜੀ ਨੇ ਸੰਗਤ ਵਿਚ ਬੈਠਿਆਂ ਬੈਠਿਆਂ ਉਸੇ ਵੇਲੇ ਆਪਣੀ ਠੋਡੀ ਥੱਲੇ ਬੰਨੀ ਗੁੱਛੀ ਜਿਹੀ ਖੋਲ੍ਹਣੀ ਸ਼ੁਰੂ ਕਰ ਦਿੱਤੀ। ਡੋਰ ਖੋਲ੍ਹ ਕੇ ਉਨ੍ਹਾਂ ਖੀਸੇ ਵਿਚ ਪਾ ਲਈ ਤੇ ਚਾਰੇ ਉਂਗਲਾਂ ਨੂੰ ਕੰਘੇ ਵਾਂਗ ਦਾੜ੍ਹੀ 'ਚ ਫੇਰਨਾ ਸ਼ੁਰੂ ਕਰ ਦਿੱਤਾ। ਦੋਹਾਂ ਹੱਥਾਂ ਨਾਲ ਦਾੜ੍ਹੀ ਸਿੱਧੀ ਜਿਹੀ ਕਰ ਲਈ।

ਮੈਨੂੰ ਉਹ ਦ੍ਰਿਸ਼ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਢਾਡੀ ਜਥੇ ਵਿਚ ਸਾਰੰਗੀ ਵਜਾ ਰਹੇ ਸਿੰਘ ਨੇ ਆਪਣੀ ਦਾੜ੍ਹੀ ਬੰਨ੍ਹੀ ਹੋਈ ਸੀ। ਜੇ ਕੋਈ ਅੱਜ ਦਾ ਸਿੱਖ ਹੁੰਦਾ ਤਾਂ ਉਸੇ ਵੇਲੇ ਢਾਡੀ ਪ੍ਰਚਾਰਕ ਨੂੰ ਕੁੱਦ ਕੇ ਪੈ ਜਾਂਦਾ। ਛੱਤੀ ਗੱਲਾਂ ਸੁਣਾਉਂਦਾ ਕਿ ਦੂਜਿਆਂ ਨੂੰ ਉਪਦੇਸ਼ ਦੇਈ ਜਾਨੇ ਐਂ, ਆਪ ਅਮਲ ਕਰਦੇ ਨਹੀਂ; ਪਰ ਮੇਰੇ ਪਿਤਾ ਜੀ ਨੇ ਉਸ ਘੜੀ ਦੀ ਖੋਲ੍ਹੀ ਹੋਈ ਦਾੜ੍ਹੀ ਆਖਰੀ ਸਾਹ ਤੱਕ ਮੁੜ ਨਹੀਂ ਬੰਨ੍ਹੀ।

ਲਗਭਗ ਉਨ੍ਹਾਂ ਕੁ ਸਮਿਆਂ ਦੀ ਹੀ ਗੱਲ ਹੈ। ਸਾਡੇ ਇਲਾਕੇ ਵਿਚ ਦੋ ਸੰਤ ਬਾਬੇ ਪ੍ਰਸਿੱਧ ਸਨ। ਇਕ ਸਨ-ਪਿੰਡ ਅਸਮਾਨਪੁਰ ਦੇ ਸੰਤ ਜਵਾਹਰ ਦਾਸ ਅਤੇ ਦੂਜੇ ਸਨ-ਪਿੰਡ ਰਾਮ ਰਾਈਪੁਰ ਦੇ ਸੰਤ ਹਰੀ ਸਿੰਘ। ਅਸਮਾਨਪੁਰੀਏ ਸੰਤ ਹਮੇਸ਼ਾ ਭਗਵੀਂ ਦਸਤਾਰ ਅਤੇ ਭਗਵੇਂ ਹੀ ਕੱਪੜੇ ਪਹਿਨਦੇ ਸਨ। ਬਾਬਾ ਹਰੀ ਸਿੰਘ ਹੁਰੀਂ ਨੀਲੀ ਜਾਂ ਪੀਲੀ ਦਸਤਾਰ ਅਤੇ 'ਸ੍ਰੀ ਸਾਹਿਬ' ਉਪਰ ਦੀ ਪਹਿਨਦੇ ਸਨ। ਸਾਡੇ ਪਿੰਡ ਵਿਚ ਦੋਹਾਂ ਦੀ ਸਿੱਖੀ ਸੇਵਕੀ ਲਗਭਗ ਬਰਾਬਰ ਹੀ ਸੀ। ਸੰਤ ਜਵਾਹਰ ਦਾਸ ਗੁਰੂ ਮਹਾਰਾਜ ਦੀ ਤਾਬਿਆ ਬੈਠ ਕੇ ਕਥਾ ਕਰਦਿਆਂ ਸਿੱਖ ਇਤਿਹਾਸ 'ਚੋਂ ਇਕ-ਅੱਧ ਸਾਖੀ ਸੁਣਾ ਕੇ, ਫਿਰ ਸਾਰਾ ਸਮਾਂ ਰਮਾਇਣ-ਮਹਾਂਭਾਰਤ ਦੇ ਪ੍ਰਸੰਗ ਸੁਣਾਉਂਦੇ ਰਹਿੰਦੇ। ਭੀਸ਼ਮ ਪਿਤਾਮਾ ਜੀ ਇਉਂ ਕਹਿੰਦੇ... ਦ੍ਰੋਪਦੀ ਨੇ ਇਹ ਕਹਾ... ਅਸ਼ਵਥਾਮਾ ਐਸੇ ਬੋਲਿਆ... ਭਗਵਾਨ ਨੇ ਵਿਰਾਟ ਰੂਪ ਧਾਰਨ ਕਰ ਲੀਆ... ਵਗੈਰਾ ਵਗੈਰਾ।

ਇਸ ਦੇ ਉਲਟ ਜਦ ਕਿਤੇ ਸੰਤ ਹਰੀ ਸਿੰਘ ਕਥਾ ਵਿਆਖਿਆ ਕਰਦੇ ਤਾਂ ਉਹ ਸਿੱਖ ਇਤਿਹਾਸ ਦੇ ਮਹਾਨ ਸ਼ਹੀਦਾਂ ਦੇ ਪ੍ਰਸੰਗ ਸੁਣਾਉਂਦੇ ਭਾਵੁਕ ਹੋ ਜਾਂਦੇ; ਖਾਸ ਕਰ ਕੇ ਸ਼ਹੀਦ ਭਾਈ ਤਾਰੂ ਸਿੰਘ ਦਾ ਪ੍ਰਸੰਗ ਸੁਣਾਉਣ ਤੋਂ ਬਾਅਦ ਉਹ ਬੜੇ ਵੈਰਾਗਮਈ ਅੰਦਾਜ਼ 'ਚ ਸੰਗਤਾਂ ਨੂੰ ਗੁਰੂ ਕੇ ਸਿੱਖ ਬਣਨ ਲਈ ਪ੍ਰੇਰਦੇ। ਕਿਤੇ ਇਸੇ ਤਰ੍ਹਾਂ ਦਾ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲਾ ਕੋਈ ਪ੍ਰਸੰਗ ਸੁਣ ਕੇ ਪਸੀਜੇ ਹੋਏ ਮੇਰੇ ਪਿਤਾ ਜੀ ਅੱਖਾਂ ਪੂੰਝਣ ਲੱਗ ਪਏ। ਸਮਾਪਤੀ 'ਤੇ ਕੱਟੜ ਸਿੰਘ ਸਭੀਏ ਪਿਤਾ ਜੀ, ਸੰਤ ਹਰੀ ਸਿੰਘ ਦੀ ਵਡਿਆਈ ਵਜੋਂ ਕਹਿਣ ਲੱਗੇ ਕਿ ਬਾਬਾ ਜੀ, ਕਥਾ ਕਰਦਿਆਂ ਤੁਸੀਂ ਤਾਂ ਸਿੱਖ ਇਤਿਹਾਸ ਤੋਂ ਰੰਚਕ ਮਾਤਰ ਵੀ ਬਾਹਰ ਨਹੀਂ ਜਾਂਦੇ, ਗੁਰਮਤਿ ਹੀ ਦ੍ਰਿੜਾਉਂਦੇ ਹੋ ਪਰ ਅਸਮਾਨਪੁਰ ਵਾਲੇ ਸੰਤ ਗੁਰਮਤਿ ਦੀ ਗੱਲ ਟਾਂਵੀਂ ਟਾਂਵੀਂ, ਬਹੁਤੇ ਹਿੰਦੂ ਗ੍ਰੰਥਾਂ ਦੇ ਹਵਾਲੇ ਹੀ ਸੁਣਾਉਂਦੇ ਰਹਿੰਦੇ ਹਨ।

ਅੱਜ ਦੇ ਸੰਤਾਂ ਵਰਗਾ ਕੋਈ ਹੁੰਦਾ ਤਾਂ ਫੁੱਲ ਕੇ ਕੁੱਪਾ ਹੋਇਆ ਆਖਦਾ ਕਿ ਮੇਰੇ ਮੋਹਰੇ ਉਹ ਕੀ ਚੀਜ਼ ਹੈ? ਉਹਦੇ ਵਿਚ ਵਿਦਵਤਾ ਹੈ ਹੀ ਕਿਥੇ? ਐਵੇਂ ਭੇਸ ਬਣਾਈ ਫਿਰਦੈ ਸੰਤਾਂ ਵਾਲਾ! ਇਹੋ ਜਿਹੀਆਂ ਵੀਹ ਗੱਲਾਂ ਕਰ ਕੇ 'ਵਿਰੋਧੀ ਸੰਤ' ਦੀ ਮਿੱਟੀ ਪੁੱਟ ਛਡਦਾ, ਲੇਕਿਨ ਸੰਤ ਹਰੀ ਸਿੰਘ ਨੇ ਮੇਰੇ ਬਾਪ ਦਾ ਹੱਥ ਫੜਦਿਆਂ ਬੜੇ ਨਿਮਰ ਭਾਵ ਨਾਲ ਆਖਿਆ, "ਗਿਆਨੀ ਜੀ, ਜਿੰਨੀ ਕੁ ਉਹ ਗੁਰਮਤਿ ਦੀ ਗੱਲ ਸੁਣਾਉਂਦੇ ਐ, ਭਾਈ ਉਨੀ ਕੁ ਗ੍ਰਹਿਣ ਕਰ ਲਿਆ ਕਰੋ; ਬਾਕੀ ਦੀ ਨਾ ਪੱਲੇ ਬੰਨ੍ਹਿਆ ਕਰੋ।"

ਇਹ ਦੋਵੇਂ ਸੰਤ ਸਾਡੇ ਇਲਾਕੇ ਵਿਚ ਪ੍ਰਚਾਰ ਕਰਦੇ ਰਹੇ। ਕਦੇ ਨਹੀਂ ਸੀ ਸੁਣਿਆ ਕਿ ਇਨ੍ਹਾਂ ਵਿਚੋਂ ਕਿਸੇ ਇਕ 'ਤੇ ਕਦੇ ਕਿਸੇ ਗੁਰਦੁਆਰੇ ਨੇ ਕਥਾ ਕਰਨ 'ਤੇ ਪਾਬੰਦੀ ਲਾਈ ਹੋਵੇ। ਨਾ ਹੀ ਇਨ੍ਹਾਂ ਦੋਹਾਂ ਦਾ ਕਦੇ 'ਆਪਸੀ ਭੇੜ' ਹੀ ਹੋਇਆ ਸੀ।

ਸਿੱਖ ਪ੍ਰਚਾਰਕਾਂ ਬਾਰੇ ਮੈਂ ਆਪਣੇ ਦਿਲ ਵਿਚ ਨਿਜੀ 'ਵਿਚਾਰ-ਗੰਢ' ਬਣਾਈ ਹੋਈ ਹੈ। ਉਹ ਇਹ ਕਿ ਗਿਆਨੀ ਸੰਤ ਸਿੰਘ 'ਮਸਕੀਨ' ਜਿਹਾ ਕਥਾਵਾਚਕ ਸ਼ਾਇਦ ਹੀ ਕੋਈ ਪੈਦਾ ਹੋਵੇ! ਉਨ੍ਹਾਂ ਦੀ ਕੁਝ ਕੁਝ ਨੇੜਤਾ ਪ੍ਰਾਪਤ ਕਰਨ ਦਾ ਵੀ ਮੈਨੂੰ ਮਾਣ ਪ੍ਰਾਪਤ ਹੋਇਆ ਹੈ। ਇਸੇ ਤਰ੍ਹਾਂ ਢਾਡੀਆਂ ਵਿਚੋਂ ਗਿਆਨੀ ਦਇਆ ਸਿੰਘ 'ਦਿਲਬਰ' ਦਾ ਕੋਈ ਸਾਨੀ ਨਹੀਂ। ਕਵੀਸ਼ਰੀ ਵਿਚ ਮੈਂ ਭਾਈ ਜੋਗਾ ਸਿੰਘ ਜੋਗੀ ਨੂੰ ਸਰਬੋਤਮ ਮੰਨਦਾ ਹਾਂ। ਲੇਕਿਨ ਮੇਰਾ ਇਹ ਵੀ ਮੰਨਣਾ ਹੈ ਕਿ ਇਹ ਸਾਰੇ 'ਭੁੱਲਣ ਅੰਦਰ ਸਭ ਕੋ ਅਭੁੱਲ ਗੁਰੂ ਕਰਤਾਰ॥' ਦੇ ਦਾਇਰੇ ਹੇਠ ਹੀ ਆਉਂਦੇ ਹਨ। ਇਹ ਕਦੇ ਨਹੀਂ ਹੋ ਸਕਦਾ ਕਿ ਸਟੇਜਾਂ 'ਤੇ ਉਨ੍ਹਾਂ ਵੱਲੋਂ ਕਹੀਆਂ ਸਾਰੀਆਂ ਹੀ ਗੱਲਾਂ ਗੁਰਮਤਿ ਦੀ ਕਸਵੱਟੀ ਉਤੇ ਪੂਰੀਆਂ ਉਤਰਦੀਆਂ ਹੋਣ। ਕਥਾ ਪ੍ਰਸੰਗ ਰੌਚਿਕ ਬਣਾਉਣ ਹਿਤ ਉਨ੍ਹਾਂ ਵੀ ਕਾਲਪਨਿਕ ਉਡਾਰੀਆਂ ਭਰੀਆਂ ਹੋਣਗੀਆਂ। ਉਨ੍ਹਾਂ ਵਹਿਣ ਵਿਚ ਵਹਿ ਕੇ ਜਾਂ ਸੁਤੇ-ਸਿੱਧ ਹੀ ਕਈ ਵਿਚਾਰ ਐਸੇ ਪ੍ਰਗਟਾਏ ਹੋਣਗੇ ਜੋ ਗੁਰਮਤਿ ਫਿਲਾਸਫੀ ਮੁਤਾਬਕ ਸਹੀ ਨਹੀਂ ਮੰਨੇ ਜਾ ਸਕਦੇ।

ਮਿਸਾਲ ਵਜੋਂ ਮਸਕੀਨ ਜੀ ਇਕ ਸੀ.ਡੀ. ਵਿਚ ਜ਼ਿਕਰ ਕਰਦੇ ਹਨ ਕਿ ਉਹ ਇਕ ਸੰਤ (ਸ਼ਾਇਦ ਬਾਬਾ ਬਲਵੰਤ ਸਿੰਘ) ਨਾਲ ਬਾਜ਼ਾਰ ਵਿਚ ਤੁਰੇ ਜਾ ਰਹੇ ਸਨ। ਰਸਤੇ ਵਿਚ ਮਸਜਿਦ ਸੀ ਜਿਥੇ ਕੁਝ ਮੁਸਲਮਾਨ ਭਰਾ ਇਕੱਤਰ ਹੋ ਰਹੇ ਸਨ। ਸੰਤ ਜੀ ਨੇ ਮਸਜਿਦ ਵੱਲ ਸਿਰ ਝੁਕਾ ਕੇ ਸਿਜਦਾ ਕਰ ਦਿੱਤਾ। ਨਾਲ ਦੇ ਸਿੰਘਾਂ ਨੇ ਸੰਤ ਜੀ 'ਤੇ ਇਤਰਾਜ਼ ਕੀਤਾ ਕਿ ਉਨ੍ਹਾਂ ਨੇ ਸਿੱਖ ਹੋ ਕੇ ਮਸੀਤ ਨੂੰ ਮੱਥਾ ਕਿਉਂ ਟੇਕਿਆ? ਕਹਿੰਦੇ ਹਨ, ਸੰਤ ਜੀ ਨੇ ਮੁਸਕਰਾਉਂਦਿਆਂ (ਬਕੌਲ ਮਸਕੀਨ ਜੀ) ਸ਼ਿਅਰ ਬੋਲਿਆ,

'ਬੇ-ਖ਼ੁਦੀ ਮੇਂ ਹਮ ਤੋ ਤੇਰਾ  
ਦਰ ਸਮਝ ਕਰ ਝੁਕ ਗਏ।  
ਅਬ ਖ਼ੁਦਾ ਜਾਨੇ ਕਿ ਵੋਹ ਕਾਅਬਾ ਥਾ  
ਯਾ ਬੁਤ ਖਾਨਾ।'

ਕਥਾ ਵਿਚ ਮਸਕੀਨ ਜੀ ਮਸੀਤ ਨੂੰ ਸਿਜਦਾ ਕਰਨ ਵਾਲੇ 'ਸਿੱਖ ਸੰਤ' ਦੇ ਬਿਹੰਗਮਪੁਣੇ ਦੀ ਸੋਭਾ ਕਰਦੇ ਹਨ। ਚਲਦੇ ਕਥਾ-ਪ੍ਰਵਾਹ ਵਿਚ ਇਹ ਵਾਕਿਆ ਬੜਾ ਹੀ ਢੁਕਵਾਂ ਅਤੇ ਦਿਲਚਸਪ ਹੈ। ਰਸਦਾਇਕ ਵੀ, ਪਰ ਇਸ ਸਭ ਦੇ ਬਾਵਜੂਦ ਇਹ ਗੁਰਮਤਿ ਅਸੂਲਾਂ ਦੇ ਵਿਪਰੀਤ ਹੈ। 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੀ ਭਾਵਨਾ ਦੇ ਬਿਲਕੁਲ ਬਰ-ਖ਼ਿਲਾਫ਼! ਸੋਚਣ ਵਾਲੀ ਗੱਲ ਹੈ ਕਿ ਇਹ ਪ੍ਰਸੰਗ ਮਸਕੀਨ ਜੀ ਨੇ ਦੇਸ਼ਾਂ-ਵਿਦੇਸ਼ਾਂ ਦੀਆਂ ਸਟੇਜਾਂ 'ਤੇ ਕਈ ਵਾਰ ਸੁਣਾਇਆ ਹੋਵੇਗਾ, ਲੇਕਿਨ ਇਸ ਨੂੰ ਆਧਾਰ ਬਣਾ ਕੇ ਕਿਸੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮਸਕੀਨ ਜੀ ਨੂੰ ਸਮਾਂ ਦੇਣ ਤੋਂ ਇਨਕਾਰ ਨਹੀਂ ਕੀਤਾ।

ਸਵਰਗੀ ਢਾਡੀ ਭਾਈ ਦਇਆ ਸਿੰਘ ਦਿਲਬਰ, ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸੰਗ ਵਿਚ ਕਹਿੰਦੇ ਨੇ ਕਿ ਅਟਕ ਦਰਿਆ ਦੇ ਕੰਢੇ 'ਤੇ ਜਾ ਕੇ ਸ਼ੇਰ-ਏ-ਪੰਜਾਬ ਨੇ ਦਰਿਆ ਨੂੰ ਭੇਟ ਚੜ੍ਹਾਈ ਤਾਂ ਦਰਿਆ ਗੋਡੇ ਗੋਡੇ ਹੋ ਗਿਆ। ਜਦ ਕਿ ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੋਇਐ ਕਿ ਮਹਾਰਾਜੇ ਦੀ ਮੁਹਿੰਮ ਦੇ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਵਾਰੀ ਸੀ। ਠਾਠਾਂ ਮਾਰਦੇ ਅਟਕ ਦਰਿਆ ਤੋਂ ਪਾਰ ਜਾਣ ਵਾਸਤੇ, ਅਰਦਾਸਾ ਗੁਰੂ ਮਹਾਰਾਜ ਅੱਗੇ ਸੋਧਿਆ ਗਿਆ ਸੀ। ਇਸ ਇਤਿਹਾਸਕ ਭੁੱਲ ਬਦਲੇ ਕਿਸੇ ਸਿੱਖ ਸਟੇਜ ਵਾਲਿਆਂ ਨੇ ਭਾਈ ਦਿਲਬਰ ਉਤੇ 'ਬੈਨ' ਨਹੀਂ ਲਾਇਆ ਸੀ।

ਹੁਣ ਸੁਣੋ ਕਵੀਸ਼ਰੀ ਕਲਾ ਦੇ ਹੀਰੇ ਭਾਈ ਜੋਗਾ ਸਿੰਘ ਜੋਗੀ ਦੀ ਕਪੋਲ-ਕਲਪਨਾ! ਜੋ ਉਨ੍ਹਾਂ ਨੇ ਕੰਨ ਰਸ ਬਣਾਉਣ ਤੇ ਹਾਸ-ਵਿਅੰਗ ਪੈਦਾ ਕਰਨ ਲਈ ਬਣਾਈ ਹੋਈ ਹੈ। ਖਾਲਸਾ ਸਾਜਨਾ ਦਿਵਸ ਦਾ ਪ੍ਰਸੰਗ ਸੁਣਾਉਂਦਿਆਂ ਉਹ ਧੜੱਲੇਦਾਰ ਆਵਾਜ਼ ਵਿਚ ਕਹਿੰਦੇ ਨੇ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਇਕੱਠ ਵਿਚ ਦਸਮੇਸ਼ ਪਿਤਾ ਵਲੋਂ ਦੂਜੀ ਵਾਰ ਸੀਸ ਦੀ ਮੰਗ ਕਰਨ 'ਤੇ ਹਸਤਿਨਾਪੁਰ ਨਿਵਾਸੀ ਭਾਈ ਧਰਮ ਦਾਸ ਜੱਟ ਉਠਿਆ। ਗੁਰੂ ਸਾਹਿਬ ਨੇ ਉਹਨੂੰ ਪੁੱਛਿਆ, "ਭਾਈ ਧਰਮ ਦਾਸ ਲੜੇਂਗਾ?" ਉਹ ਕਹਿੰਦਾ ਮਹਾਰਾਜ ਆਪੇ ਬੁੱਝ ਲਉ। ਗੁਰੂ ਜੀ ਨੇ ਸਵਾਲ ਦੁਹਰਾਇਆ। ਭਾਈ ਧਰਮ ਦਾਸ ਨੇ ਫਿਰ 'ਆਪੇ ਈ ਬੁੱਝ ਲਉ' ਦਾ ਉਤਰ ਦਿੱਤਾ। ਸੱਚੇ ਪਾਤਸ਼ਾਹ ਹੈਰਾਨੀ ਨਾਲ ਕਹਿਣ ਲੱਗੇ, "ਭਾਈ, ਇਹ ਤੂੰ ਕੀ ਬੁਝਾਰਤ ਜਿਹੀ ਪਾਈ ਜਾਨੈਂ? ਅਸੀਂ ਪੁੱਛਦੇ ਆਂ ਲੜੇਂਗਾ? ਤੂੰ 'ਆਪੇ ਬੁੱਝ ਲੋ' ਕਹੀ ਜਾਨੈਂ!" ਭਾਈ ਧਰਮ ਦਾਸ ਅੱਗਿਉਂ ਬੋਲਿਆ, "ਸੱਚੇ ਪਾਤਸ਼ਾਹਾ, ਮੈਂ ਜੱਟ ਹੁੰਨਾਂ। ਜੱਟ ਤਾਂ ਹਮੇਸ਼ਾ ਲੜਨ ਲਈ ਤਿਆਰ-ਬਰ-ਤਿਆਰ ਹੁੰਦੈ! 'ਕੇਰਾਂ ਨਾਂ ਦਸ ਦਿਉ ਕਿਹਦੇ ਨਾਲ ਲੜਨੈਂ!!"

ਖਾਲਸਾ ਪੰਥ ਦੇ ਮੂਲ ਸਿਧਾਂਤ ਦਾ ਮਖੌਲ ਉਡਾਉਂਦੀ ਇਸ 'ਮਨਮਰਜ਼ੀ ਦੀ ਸਾਖੀ' ਨੂੰ ਸੁਣ ਕੇ 'ਹਾ...ਹਾ...ਹਾ...ਹਾ!' ਤਾਂ ਕਈਆਂ ਨੇ ਕੀਤਾ ਹੋਊ, ਪਰ ਜੋਗੀ ਜੀ ਨੂੰ ਕਿਸੇ ਵੀ ਗੁਰਦੁਆਰੇ ਵਾਲਿਆਂ ਨੇ ਸਟੇਜ ਦੇਣ ਤੋਂ ਇਨਕਾਰ ਨਹੀਂ ਕੀਤਾ ਹੋਣਾ। ਨਾ ਹੀ ਕਿਸੇ 'ਜਥੇ' ਨੇ ਜੋਗੀ ਜੀ ਤੋਂ 'ਸਪਸ਼ਟੀਕਰਨ' ਹੀ ਮੰਗਿਆ ਹੋਣਾ। ਇਹ ਵੀ ਕਦੇ ਨਹੀਂ ਸੁਣਿਆ ਕਿ ਇਸ ਮਨਘੜਤ 'ਸਾਖੀ' ਨੂੰ ਆਧਾਰ ਬਣਾ ਕੇ ਕਿਸੇ ਗੁਰੂ ਘਰ ਵਿਚ ਕਵੀਸ਼ਰੀ ਕਰ ਰਹੇ ਜੋਗੀ ਜੀ ਦਾ ਬਾਹਰ ਬੈਠੀਆਂ 'ਸੰਗਤਾਂ' ਨੇ ਮੁਰਦਾਬਾਦ ਕੀਤਾ ਹੋਵੇ।

ਮਸਕੀਨ ਜੀ ਦੀ ਇਕ ਹੱਡਬੀਤੀ ਨਾਲ ਲੇਖ ਦੀ ਸਮਾਪਤੀ। ਬਹੁਤ ਪਹਿਲਿਆਂ ਵਿਚ ਉਹ ਬੱਸ ਰਾਹੀਂ ਕਿਸੇ ਸ਼ਹਿਰ 'ਚ ਕਥਾ ਕਰਨ ਲਈ ਪਹੁੰਚੇ। ਅੱਡੇ ਉਤਰ ਕੇ ਉਨ੍ਹਾਂ ਕਿਸੇ ਸਿੱਖ ਨੂੰ ਗੁਰਦੁਆਰੇ ਦਾ ਰਾਹ ਪੁੱਛਿਆ। ਉਹ ਸਿੱਖ ਅੱਗਿਉਂ ਮਸਕੀਨ ਹੁਰਾਂ ਨੂੰ ਪੁੱਛਣ ਲੱਗ ਪਿਆ ਕਿ ਤੁਸੀਂ ਕਿਨ੍ਹਾਂ ਦੇ ਗੁਰਦੁਆਰੇ ਜਾਣਾ ਹੈ? ਰਾਮਗੜ੍ਹੀਆਂ ਦੇ, ਛੀਂਬਿਆਂ ਦੇ, ਭਾਪਿਆਂ ਦੇ, ਜੱਟਾਂ ਦੇ...? ਗੁਰਦੁਆਰਿਆਂ ਦੀ ਗਜ਼ ਭਰ ਲੰਮੀ ਲਿਸਟ ਸੁਣ ਕੇ ਮਸਕੀਨ ਜੀ ਆਜਜ਼ੀ ਨਾਲ ਬੋਲੇ, 'ਭਾਈ ਮੈਂ ਤਾਂ ਗੁਰੂ ਨਾਨਕ ਦੇ ਗੁਰਦੁਆਰੇ ਕਥਾ ਕਰਨ ਵਾਸਤੇ ਆਇਆਂ! ਉਹਦੀ ਦੱਸ ਪਾ ਮੈਨੂੰ!'

ਗੁਰਦੁਆਰਿਆਂ ਦੇ ਨਾਲ ਨਾਲ ਸਿੱਖਾਂ 'ਤੇ ਵੀ ਇਤਨੇ 'ਲੇਬਲ' ਲੱਗੇ ਹੋਏ ਨੇ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਜਾਤਾਂ ਗੋਤਾਂ ਤੋਂ ਕਈ ਕਦਮ ਅਗਾਂਹ ਜਾ ਕੇ ਗੁਰਦੁਆਰੇ ਅਲਗ ਅਲਗ 'ਸੰਤਾਂ ਦੇ' ਅਤੇ 'ਧੜਿਆਂ ਦੇ' ਅਸਥਾਨ ਬਣ ਚੁੱਕੇ ਹਨ। ਇਤਿਹਾਸਕ ਗੁਰਧਾਮ ਕੁੜੀ ਸਿਆਸਤ ਦੇ ਪੂਰੇ ਕੰਟਰੋਲ ਥੱਲੇ ਹਨ। ਇੱਥੇ ਪ੍ਰਚਾਰਕ ਬੁਲਾਉਣ ਲੱਗਿਆਂ ਬੁਲਾਰਿਆਂ ਨੂੰ 'ਸਿਆਸੀ ਐਨਕ' ਰਾਹੀਂ ਪਰਖਿਆ ਜਾਂਦਾ ਹੈ। ਬਹੁਤੇ ਗੁਰਦੁਆਰਿਆਂ ਦੇ ਪ੍ਰਬੰਧਕ ਆਪਣੇ ਸਥਾਨਕ 'ਵੋਟ ਬੈਂਕ' ਨੂੰ ਪੱਕਿਆਂ ਕਰਨ ਦੀ ਹੋੜ ਵਿਚ ਪ੍ਰਚਾਰਕਾਂ ਦੀ ਚੋਣ ਕਰਦੇ ਹਨ। ਉਹ ਬੁਲਾਰਿਆਂ ਦੀ ਲਿਆਕਤ ਨੂੰ ਨਹੀਂ, ਆਪਣੀ ਚੌਧਰ ਦੀ ਮਜਬੂਤੀ ਨੂੰ ਤਰਜੀਹ ਦਿੰਦੇ ਹਨ। ਸੱਚ ਕਦੇ ਮਰਦਾ ਨਹੀਂ ਦੇ ਅਸੂਲ ਨੂੰ ਪ੍ਰਣਾਏ ਹੋਏ ਪ੍ਰਬੰਧਕ ਧੰਨਤਾ ਦੇ ਯੋਗ ਹਨ। ਪਰ ਜਿਹੜੇ ਪ੍ਰਬੰਧਕ ਕਿਸੇ ਸੌੜੀ ਸੋਚ ਅਧੀਨ ਪ੍ਰਚਾਰਕਾਂ ਨੂੰ ਕਾਣੀ ਅੱਖ ਨਾਲ ਦੇਖਦੇ ਹਨ, ਉਨ੍ਹਾਂ ਨੂੰ ਡਿਕਟੇਟਰ ਹੀ ਕਿਹਾ ਜਾ ਸਕਦਾ ਹੈ। ਆਪਣੇ ਆਪ ਨੂੰ ਉਹ ਭਾਵੇਂ ਲੱਖ 'ਸੇਵਾਦਾਰ' ਕਹਾਈ ਜਾਣ!

## ਸੰਪਾਦਕ ਦੀ ਡਾਕ

### ਸ. ਧੂੰਦਾ ਦੇ ਨਾਂ ਨਾਲ ਪ੍ਰੋਫੈਸਰ ਦੀ ਵਰਤੋਂ

ਪੰਜਾਬ ਟਾਈਮਜ਼ ਦੇ 5 ਜਨਵਰੀ 2013 ਦੇ ਕੈਲੀਫੋਰਨੀਆ ਐਡੀਸ਼ਨ ਵਿਚ ਤਥਾਕਥਿਤ ਪ੍ਰੋਫੈਸਰ ਸਰਬਜੀਤ ਸਿੰਘ ਧੂੰਦਾ ਦੀ ਅਮਰੀਕਾ ਫੇਰੀ ਸਬੰਧੀ ਖਬਰ ਛਪੀ ਹੈ। ਹੈਰਾਨੀ ਹੋਈ ਕਿ ਉਨ੍ਹਾਂ ਦੇ ਨਾਂ ਦੇ ਨਾਲ 'ਪ੍ਰੋਫੈਸਰ' ਸ਼ਬਦ ਅੰਕਿਤ ਹੈ। ਸੰਗਤ ਇਹ ਜਾਣਨਾ ਚਾਹੁੰਦੀ ਹੈ ਕਿ ਉਹ ਕਿਸ ਯੂਨੀਵਰਸਿਟੀ ਵਿਚ, ਕਿਸ ਵਿਸ਼ੇ ਦੇ ਪ੍ਰੋਫੈਸਰ ਹਨ ਜਾਂ ਸਨ? ਇਹ ਇੱਕ ਨਿਕੰਮੀ ਪਰੰਪਰਾ ਰਹੀ ਹੈ ਕਿ ਕੁਝ ਘੁਮੱਕੜ ਪ੍ਰਚਾਰਕ ਕਿਸੇ ਯੋਗਤਾ ਤੋਂ ਬਿਨਾਂ ਹੀ ਆਪਣੇ ਨਾਂ ਦੇ ਅੱਗੇ ਜਾਂ ਪਿੱਛੇ 'ਪ੍ਰੋਫੈਸਰ ਜਾਂ ਪ੍ਰਿੰਸੀਪਲ' ਸ਼ਬਦ ਵਰਤਦੇ ਹਨ। ਇਹ ਪਰੰਪਰਾ ਬੰਦ ਹੋਣੀ ਚਾਹੀਦੀ ਹੈ ਤਾਂ ਜੋ ਇਹ ਕਥਿਤ ਬੁੱਧੀਜੀਵੀ ਲੋਕਾਂ ਨੂੰ ਗੁੰਮਰਾਹ ਨਾ ਕਰਨ।

ਸ. ਧੂੰਦਾ ਦੇ ਲੋਕ ਸੰਪਰਕ ਅਧਿਕਾਰੀ ਰਛਪਾਲ ਸਿੰਘ ਦੇ ਫੋਨ ਨੰਬਰ 559-994-3467 'ਤੇ ਸੰਪਰਕ ਕੀਤਾ ਅਤੇ ਪੁੱਛਿਆ ਕਿ ਇਹ ਪ੍ਰੋਫੈਸਰ 'ਧੂੰਦਾ' ਕਿੱਥੇ ਨਿਯੁਕਤ ਹਨ? ਉਸ ਨੇ ਦੱਸਿਆ ਕਿ ਉਹ ਇਸ ਬਾਰੇ ਕੁਝ ਨਹੀਂ ਜਾਣਦੇ ਅਤੇ ਵਧੇਰੇ ਜਾਣਕਾਰੀ ਲਈ ਉਸ ਨੇ ਸ. ਅੰਮ੍ਰਿਤਪਾਲ ਸਿੰਘ ਦਾ ਫੋਨ ਨੰਬਰ 559-909-2993 ਦੇ ਦਿੱਤਾ। ਇਸ ਸ਼ਖਸ ਨੇ ਦੱਸਿਆ ਕਿ ਉਹ 'ਧੂੰਦਾ' ਨੂੰ ਜ਼ਾਤੀ ਤੌਰ 'ਤੇ ਜਾਣਦਾ ਹੈ ਅਤੇ ਉਹ ਸਾਲ ਵਿਚ ਇੱਕ ਵਾਰੀ ਮਿਸ਼ਨਰੀ ਕਾਲਜ ਜਾਂਦੇ ਹਨ ਜਿਥੇ ਉਹ ਨੌਜਵਾਨ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਪੜ੍ਹਾਉਂਦੇ ਹਨ। ਜਦੋਂ ਸ. ਅੰਮ੍ਰਿਤਪਾਲ ਸਿੰਘ ਨੂੰ ਇਹ ਜਾਣਕਾਰੀ ਦਿੱਤੀ ਕਿ ਪ੍ਰੋਫੈਸਰ ਦੀ ਉਪਾਧੀ ਹਾਸਿਲ ਕਰਨ ਲਈ ਕਾਫੀ ਸਮਾਂ ਲਗਦਾ ਹੈ ਤਾਂ ਉਨ੍ਹਾਂ ਦਾ ਜਵਾਬ ਸੀ, "ਪੰਨੂ ਸਾਹਿਬ, ਤੁਸੀਂ ਹੰਕਾਰਗ੍ਰਸਤ ਇਨਸਾਨ ਹੋ। ਇਸੇ ਕਰਕੇ ਤੁਹਾਨੂੰ ਆਪਣੀ ਪ੍ਰੋਫੈਸਰੀ 'ਤੇ ਗੁਮਾਨ ਹੈ, ਨਹੀਂ ਤਾਂ ਇਸ ਵਿਚ ਕੁੱਝ ਗਲਤ ਨਹੀਂ ਕਿ ਕੋਈ ਵਿਅਕਤੀ ਆਪਣੇ ਨਾਂ ਦੇ ਅੱਗੇ ਪ੍ਰੋਫੈਸਰ ਲਗਾਉਂਦਾ ਹੈ।"

ਸਾਨੂੰ ਸ. ਧੂੰਦਾ ਵਰਗੇ ਅਯੋਗ ਪ੍ਰੋਫੈਸਰਾਂ ਦੀਆਂ ਗਤੀਵਿਧੀਆਂ ਤੋਂ ਚੇਤੰਨ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਸਿੱਖ ਅਦਾਰਿਆਂ ਵਿਚ ਸਵਾਗਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਪੀ.ਐਚ.ਡੀ. ਡਿਗਰੀ ਹਾਸਿਲ ਕਰਨ ਅਤੇ ਯੂਨੀਵਰਸਿਟੀ ਗਰਾਂਟ ਕਮੀਸ਼ਨ ਦੇ ਟੈਸਟ 'ਨੈਟ' ਦੀ ਸ਼ਰਤ ਪੂਰੀ ਕਰਨ ਉਪਰੰਤ ਹੀ ਕੋਈ ਵਿਅਕਤੀ ਯੂਨੀਵਰਸਿਟੀ ਅਤੇ ਕਾਲਜ ਵਿਚ ਲੈਕਚਰਾਰ ਦੇ ਅਹੁਦੇ ਲਈ ਯੋਗ ਹੁੰਦਾ ਹੈ ਅਤੇ ਐਮ.ਏ. ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ 8 ਸਾਲ ਦਾ ਤਜਰਬਾ ਹਾਸਿਲ ਕਰਨ ਤੋਂ ਬਾਅਦ ਉਹ ਐਸੋਸੀਏਟ ਪ੍ਰੋਫੈਸਰ ਦੇ ਅਹੁਦੇ 'ਤੇ ਨਿਯੁਕਤ ਹੋਣ ਲਈ ਯੋਗ ਉਮੀਦਵਾਰ ਬਣਦਾ ਹੈ। ਇਸੇ ਤਰ੍ਹਾਂ 15 ਸਾਲਾਂ ਦੇ ਅਧਿਆਪਨ/ਖੋਜ ਦੇ ਤਜਰਬੇ ਬਾਅਦ ਹੀ ਕੋਈ ਵਿਅਕਤੀ ਪ੍ਰੋਫੈਸਰ ਦੇ ਅਹੁਦੇ 'ਤੇ ਨਿਯੁਕਤ ਹੋਣ ਦੇ ਯੋਗ ਬਣਦਾ ਹੈ। ਇੱਥੇ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਉਪਰੋਕਤ ਸ਼ਰਤਾਂ ਸਿਰਫ ਯੋਗਤਾਵਾਂ ਹਨ ਅਤੇ ਕਿਸੇ ਕੋਲ ਵੀ ਇਹ ਅਧਿਕਾਰ ਨਹੀਂ ਕਿ ਉਹ ਇਸ ਅਹੁਦੇ 'ਤੇ ਨਿਯੁਕਤ ਹੋਣ ਤੋਂ ਪਹਿਲਾਂ ਆਪਣੇ ਨਾਂ ਦੇ ਅੱਗੇ 'ਪ੍ਰੋਫੈਸਰ' ਲਗਾਵੇ। ਕੀ ਸ. ਧੂੰਦਾ ਇਨ੍ਹਾਂ ਯੋਗਤਾਵਾਂ/ਸ਼ਰਤਾਂ 'ਤੇ ਪੂਰੇ ਉਤਰਦੇ ਹਨ?

ਸਿੱਖ ਸੰਗਤ ਮਹਿਸੂਸ ਕਰਦੀ ਹੈ ਕਿ ਭਾਈ ਸਾਹਿਬ, ਰਾਗੀ ਸਿੰਘ, ਕਥਾਕਾਰ, ਵਿਆਖਿਆਕਾਰ ਸਿੱਖ ਪ੍ਰਚਾਰਕਾਂ ਦੁਆਰਾ ਵਰਤੇ ਜਾਂਦੇ ਅਤਿ ਸਤਕਾਰਿਤ ਖਿਤਾਬ ਹਨ ਅਤੇ ਇਨ੍ਹਾਂ ਤੋਂ ਇਲਾਵਾ ਕਿਸੇ ਹੋਰ ਉਪਾਧੀ ਜਾਂ ਖਿਤਾਬ ਨੂੰ ਆਪਣੇ ਨਾਂ ਅੱਗੇ ਲਗਾਉਣਾ ਸਿੱਖ ਪਰੰਪਰਾ ਦਾ ਨਿਰਾਦਰ ਹੈ ਜੋ ਕਿ ਪ੍ਰੋਫੈਸਰਾਂ ਅਤੇ ਸਿੱਖ ਮਿਸ਼ਨਰੀਆਂ-ਦੋਵਾਂ ਦੇ ਮਾਣ ਨੂੰ ਘਟਾਉਂਦਾ ਹੈ। ਪੰਜਾਂ ਤਖਤਾਂ ਦੇ ਜਥੇਦਾਰਾਂ ਨੂੰ ਅਪੀਲ ਹੈ ਕਿ ਉਹ ਇਸ ਘਟਨਾਕ੍ਰਮ ਵੱਲ ਵਿਸ਼ੇਸ਼ ਧਿਆਨ ਦੇਣ ਤਾਂ ਜੋ ਅਣ-ਅਧਿਕਾਰਿਤ ਉਪਾਧੀਆਂ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਹਰ ਪ੍ਰਚਾਰਕ ਦਾ ਇਹ ਪਵਿੱਤਰ ਫਰਜ਼ ਹੈ ਕਿ ਉਹ ਸੱਚ ਦਾ ਵਿਖਿਆਨ ਕਰੇ ਨਾ ਕਿ ਆਪਣੀ ਪਹਿਚਾਣ ਸਬੰਧੀ ਝੂਠ ਜਾਂ ਢੋਂਗ ਦਾ ਵਿਖਾਵਾ ਕਰੇ।

*-ਪ੍ਰੋ. ਹਰਪਾਲ ਸਿੰਘ ਪੰਨੂ*  
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

### ਅਕਾਲੀ ਸਿਆਸਤ ਦੀ ਕਬੱਡੀ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦਾ ਹਰ ਅੰਕ ਬਹੁਤ ਵਧੀਆ ਹੁੰਦਾ ਹੈ। ਹਰ ਵਾਰ ਇਹ ਕਹਿਣ ਨੂੰ ਜੀਅ ਕਰਦਾ ਹੈ, ਕਮਾਲ ਕਰ ਦਿੱਤੀ। ਜੇ ਜਗਬੀਰ ਵਾਂਗ ਕਹਿਣਾ ਹੋਵੇ ਤਾਂ ਮੈਂ ਇਹੀ ਕਹਾਂਗੀ ਕਿ ਵੀਰ ਮੇਰਿਆ, ਤੂੰ ਕਮਾਲ ਕਰ ਦਿੱਤੀ, ਪੰਜਾਬ ਟਾਈਮਜ਼ ਵਰਗੀ ਅਖ਼ਬਾਰ ਕੱਢ ਕੇ। ਸਭ ਤੋਂ ਪਹਿਲਾਂ ਤਾਂ ਪ੍ਰਿੰ. ਸਰਵਣ ਸਿੰਘ ਨੂੰ ਉਨ੍ਹਾਂ ਦੇ ਲੇਖ 'ਸਿਆਸਤ ਦੀ ਕਬੱਡੀ ਅਤੇ ਕਬੱਡੀ ਦੀ ਸਿਆਸਤ' ਲਈ ਵਧਾਈ। ਬਾਦਲ ਪਿਉ-ਪੁੱਤ ਜਿਸ ਕਿਸਮ ਦੀ ਕਬੱਡੀ ਖੇਡ ਰਹੇ ਹਨ ਤੇ ਵੱਡੇ ਬਾਦਲ ਖੇਡਦੇ ਆਏ ਹਨ, ਉਸ ਨੂੰ ਮਹਿਸੂਸ ਤਾਂ ਬਹੁਤ ਲੋਕ ਕਰਦੇ ਹਨ, ਖਾਸ ਕਰਕੇ ਹਮਾਤੜ-ਧਮਾਤੜ ਜੋ ਆਪਣੇ ਆਪ ਨੂੰ 'ਅਕਾਲੀ' ਕਹਾਉਂਦੇ ਹਨ ਪਰ ਜਿੰਨੀ ਸੂਖਮਤਾ ਨਾਲ ਪ੍ਰਿੰ. ਸਰਵਣ ਸਿੰਘ ਨੇ ਇਸ ਖੇਡ ਨੂੰ ਜਾਣਿਆ ਤੇ ਲਿਖਿਆ ਹੈ, ਉਹ ਹੋਰ ਕਿਸੇ ਤੋਂ ਹੋ ਨਹੀਂ ਸਕਿਆ।

ਨੀਲਮ ਸੈਣੀ ਦੀ ਕਵਿਤਾ 'ਸਖੀਓ' ਦੇ ਸੁਨੇਹੇ ਨੂੰ ਪੰਜਾਬੀ ਕੁੜੀਆਂ ਨੂੰ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ ਅਤੇ ਇਹ ਕਵਿਤਾ ਪਿੰਡਾਂ ਥਾਂਵਾਂ ਤੱਕ ਗੂੰਜ ਪਾਵੇ, ਸਮੇਂ ਦੀ ਲੋੜ ਹੈ। ਬੀਬੀ ਸੁਰਜੀਤ ਕੌਰ ਦੀ ਕਵਿਤਾ ਪੜ੍ਹ ਕੇ ਮੈਂ ਨਿਹਾਲ ਹੋ ਗਈ। ਕਿੰਨੇ ਸਾਦੇ ਸ਼ਬਦਾਂ ਵਿਚ ਕਿੰਨਾ ਕੁੱਝ ਕਹਿ ਦਿੱਤਾ। ਮੈਂ ਆਪਣੇ ਛੋਟੇ ਬੇਟੇ ਨੂੰ ਇਹ ਕਵਿਤਾ ਪੜ੍ਹਾਈ ਤਾਂ ਉਹ ਵੀ ਖੁਸ਼ ਹੋ ਗਿਆ। ਸੁਲਤਾਨ ਅਖ਼ਤਰ ਨੇ ਵੀ ਵਧੀਆ ਸੁਨੇਹਾ ਦਿੱਤਾ ਹੈ। ਦਲਜੀਤ ਅਮੀ ਦਾ ਲੇਖ ਪੜ੍ਹ ਕੇ ਮੈਂ ਉਚੀ ਆਵਾਜ਼ ਵਿਚ ਕਹਿਣਾ ਚਾਹੁੰਦੀ ਹਾਂ, 'ਮੇਰਾ ਗਰਾਈਂ ਦਲਜੀਤ ਅਮੀ।' ਜਦੋਂ ਉਸ ਨੇ ਮੰਟੋ ਬਾਰੇ ਲਿਖਿਆ ਸੀ, ਮੈਂ ਉਦੋਂ ਵੀ ਕਹਿਣਾ ਚਾਹਿਆ ਸੀ ਪਰ ਕਹਿ ਨਹੀਂ ਸੀ ਸਕੀ। ਮੰਟੋ ਦਾ ਪਿੰਡ ਪਪੜੌਦੀ ਮੈਨੂੰ ਆਪਣਾ ਹੀ ਪਿੰਡ ਲਗਦਾ ਹੈ। ਆਪਣੇ ਪਿੰਡ ਵਾਂਗ ਹੀ ਮੈਨੂੰ ਇਸ ਦੀਆਂ ਗਲੀਆਂ ਯਾਦ ਨੇ ਕਿਉਂਕਿ ਸਮਰਾਲੇ ਲੜਕੀਆਂ ਦੇ ਸਕੂਲ ਵਿਚ ਮੈਂ ਤੇ ਮੇਰੀ ਪਪੜੌਦੀ ਤੋਂ ਰਿਸ਼ਤੇਦਾਰ ਕੁੜੀ ਗੁਰਮੀਤ ਇਕੱਠੀਆਂ ਪੜ੍ਹਦੀਆਂ ਸਾਂ। ਅਸੀਂ ਇਕੱਠੀਆਂ ਜਾਂ ਪਪੜੌਦੀ ਹੁੰਦੀਆਂ ਜਾਂ ਘੁੰਗਰਾਲੀ। ਸਵਰਨ ਸਿੰਘ ਟਹਿਣਾ ਨੇ ਵੀ 'ਪਰਸੁਰਾਮ ਵਾਲਾ ਕੁਹਾੜਾ' ਚੁੱਕਿਆ ਹੈ, ਵਾਰ ਖਾਲੀ ਨਹੀਂ ਜਾਵੇਗਾ-ਕੁੱਝ ਨਾ ਕੁੱਝ ਤਾਂ ਕਰ ਕੇ ਹੀ ਦਮ ਲਵੇਗਾ। 'ਓਡ ਪੁਡ ਗਿਆ ਪੰਜਾਬ ਦਾ ਅਮਨ ਕਾਨੂੰਨ' ਪੜ੍ਹ ਕੇ ਲੱਗਿਆ ਕਿ ਲੋਕ ਮਹਿਸੂਸ ਤਾਂ ਕਰ ਰਹੇ ਹਨ, ਦਿੱਲੀ ਵਾਂਗ ਕਦੀ ਸੜਕਾਂ 'ਤੇ ਵੀ ਨਿਕਲ ਆਉਣਗੇ। ਅਮੋਲਕ! ਤੁਸੀਂ ਕਮਾਲ ਕਰ ਦਿੱਤੀ ਪੰਜਾਬੀ ਟ੍ਰਿਬਿਊਨ ਬਾਰੇ ਲਿਖ ਕੇ। ਗੁਰਦਿਆਲ ਸਿੰਘ ਬੱਲ 'ਪੰਜਾਬੀ ਟ੍ਰਿਬਿਊਨ' ਵਿਚ ਹੀ ਨਹੀਂ, ਘਰ ਵੀ ਖ਼ਬਰਾਂ ਨਾਲ ਇਵੇਂ ਹੀ ਖੁਰਾਫਾਤਾਂ ਕਰਦੇ ਰਹੇ ਹਨ, ਇਹ ਤੁਹਾਡੇ ਅਤੇ ਵਿਛੜ ਗਏ ਸਾਥੀ ਨਰਿੰਦਰ ਭੁੱਲਰ ਤੋਂ ਵੱਧ ਹੋਰ ਕੌਣ ਜਾਣਦਾ ਹੈ?

*-ਡਾ. ਗੁਰਨਾਮ ਕੌਰ, ਟੋਰਾਂਟੋ*

# ਉਲਝ ਕੇ ਰਹਿ ਗਈ ਬਲਾਤਕਾਰ ਦੀ ਬੁਰਾਈ ਬਾਰੇ ਬਹਿਸ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਤੀਸਰੀ ਵਾਰੀ ਸਰਕਾਰ ਚਲਾ ਰਹੀ ਹੈ ਤੇ ਇਹ ਪਾਰਟੀ ਭਾਰਤੀ ਸੰਸਕ੍ਰਿਤੀ ਦੇ ਸਵਾਲ ਉਤੇ ਆਪਣੇ ਨੇੜੇ-ਤੇੜੇ ਵੀ ਕਿਸੇ ਨੂੰ ਨਹੀਂ ਮੰਨਦੀ। ਭਾਰਤ ਦੇ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ ਸਾਲ 2011 ਦੌਰਾਨ ਮੱਧ ਪ੍ਰਦੇਸ਼ ਵਿਚ ਬਲਾਤਕਾਰ ਦੇ 3406 ਕੇਸ ਵਾਪਰੇ ਸਨ। ਇਹ ਨਾ ਸਿਰਫ ਭਾਰਤ ਵਿਚ ਕਿਸੇ ਵੀ ਹੋਰ ਰਾਜ ਤੋਂ ਵੱਡੀ ਗਿਣਤੀ ਸੀ, ਸਗੋਂ ਸਾਰੇ ਦੇਸ਼ ਦੇ ਇਹੋ ਜਿਹੇ ਕੁੱਲ ਕੇਸਾਂ ਦਾ ਚੌਦਾਂ ਫੀਸਦੀ ਤੋਂ ਵੱਧ ਉਸ ਇਕੱਲੇ ਰਾਜ ਵਿਚ ਬਣਦਾ ਸੀ। 'ਇੰਡੀਆ' ਦੀ ਬਜਾਏ 'ਭਾਰਤ' ਦਾ ਪ੍ਰਚਾਰ ਕਰਨ ਵਾਲੇ ਆਰ ਐਸ ਐਸ ਵਾਲਿਆਂ ਨੇ ਆਪਣੇ ਮੁੱਖ ਮੰਤਰੀ ਦੀ ਅਗਵਾਈ ਹੇਠ ਇਹ ਗੁਨਾਹ ਹੋਣ ਤੋਂ ਰੋਕੇ ਕਾਹਤੋਂ ਨਹੀਂ ਸਨ?***

ਇੱਕ ਘਟਨਾ ਵਾਪਰ ਗਈ, ਅੰਤਾਂ ਦੀ ਮਾੜੀ ਘਟਨਾ, ਜਿਸ ਨੇ ਸਮੁੱਚੇ ਭਾਰਤ ਨੂੰ ਇੰਨਾ ਸ਼ਰਮਿੰਦਾ ਕੀਤਾ ਕਿ ਪਹਿਲੀ ਵਾਰੀ ਕੇਂਦਰ ਦੀ ਸਰਕਾਰ ਵੀ ਨਵੇਂ ਸਾਲ ਦੀ ਵਧਾਈ ਦੇਣ ਜੋਗੀ ਨਾ ਰਹੀ ਤੇ ਕਈ ਰਾਜਾਂ ਦੀਆਂ ਸਰਕਾਰਾਂ ਨੇ ਵੀ ਇਸ ਤੋਂ ਮੂੰਹ ਮੋੜ ਲਿਆ। ਜਿਸ ਕੁੜੀ ਨਾਲ ਇਹ ਘਟਨਾ ਵਾਪਰੀ, ਉਸ ਨੂੰ ਇਲਾਜ ਲਈ ਸਿੰਘਾਪੁਰ ਤੱਕ ਵੀ ਭੇਜਿਆ ਗਿਆ ਪਰ ਉਹ ਬਚਾਈ ਨਹੀਂ ਜਾ ਸਕੀ। ਇਸ ਦੇ ਬਾਅਦ ਬਿਆਨਬਾਜ਼ੀ ਦਾ ਦੌਰ ਚੱਲ ਪਿਆ। ਵਿਰੋਧੀ ਧਿਰ ਦੇ ਆਗੂ ਉਸ ਕੁੜੀ ਨਾਲ ਵਾਪਰੇ ਕਹਿਰ ਦੀ ਨਿੰਦਾ ਕਰਦਿਆਂ ਹਰ ਗੱਲ ਨੂੰ ਵਲਾਵਾਂ ਪਾ ਕੇ ਕੇਂਦਰ ਸਰਕਾਰ ਨੂੰ ਕੋਸਣ ਦਾ ਕੰਮ ਕਰਨ ਲੱਗ ਪਏ, ਜਿਸ ਦੇ ਕੰਟਰੋਲ ਹੇਠ ਦਿੱਲੀ ਦੀ ਪੁਲਿਸ ਹੈ। ਹਾਕਮ ਧਿਰ ਦੇ ਬਹੁਤੇ ਆਗੂਆਂ ਨੇ ਵਲਾਵਾਂ ਪਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦਾ ਕਸੂਰ ਜ਼ਿਆਦਾ ਨਹੀਂ, ਇਹ ਤਾਂ ਹਰ ਰਾਜ ਵਿਚ ਤੇ ਖਾਸ ਕਰ ਕੇ ਭਾਜਪਾ ਦੇ ਕੰਟਰੋਲ ਵਾਲੇ ਰਾਜਾਂ ਵਿਚ ਵੀ ਵਾਪਰਦਾ ਰਹਿੰਦਾ ਹੈ। ਬਿਆਨਬਾਜ਼ੀ ਦੇ ਦੌਰ ਵਿਚ ਸੁਣਨ ਨੂੰ ਜੋ ਕੁਝ ਮਿਲਿਆ, ਉਸ ਵਿਚੋਂ ਵੱਡਾ ਹਿੱਸਾ ਇਹੋ ਸੀ ਕਿ ਹੁਣ ਔਰਤਾਂ ਦੀ ਸੁਰੱਖਿਆ ਵਿਚ ਕਸਰ ਨਹੀਂ ਛੱਡੀ ਜਾਵੇਗੀ। ਇਸ ਸਬੰਧੀ ਚੁੱਕੇ ਜਾਣ ਵਾਲੇ ਕਦਮ ਵੀ ਅਹਿਸਾਨ ਕਰਨ ਵਾਂਗ ਦੱਸੇ ਤੇ ਗਿਣਾਏ ਜਾਂਦੇ ਰਹੇ।

ਇੱਕ ਕਦਮ ਦਿੱਲੀ ਸ਼ਹਿਰ ਦੇ ਸਬੰਧ ਵਿਚ ਕੇਂਦਰ ਸਰਕਾਰ ਨੇ ਇਹ ਚੁੱਕਿਆ ਕਿ ਹੁਣ ਮਹਿਲਾ ਥਾਣੇ ਵਧਾਏ ਜਾਣਗੇ ਤੇ ਥਾਣੇ ਦੇ ਸਿਪਾਹੀਆਂ ਤੇ ਛੋਟੇ ਅਫਸਰਾਂ ਵਿਚ ਔਰਤਾਂ ਦੀ ਗਿਣਤੀ ਵੀ ਵਧਾਈ ਜਾਵੇਗੀ। ਇਹ ਸਵਾਗਤਯੋਗ ਕਦਮ ਹੈ, ਪਰ ਇਹ ਸਮਝਣਾ ਗਲਤ ਹੈ ਕਿ ਇਸ ਨਾਲ ਔਰਤਾਂ ਵਿਰੁਧ ਜ਼ੁਲਮ ਘਟ ਜਾਣਗੇ। ਜਿਸ ਘਟਨਾ ਕਾਰਨ ਪੂਰਾ ਦੇਸ਼ ਰੋਹ ਵਿਚ ਹੈ, ਉਹ ਕਿਸੇ ਥਾਣੇ ਵਿਚ ਨਹੀਂ ਸੀ ਵਾਪਰੀ, ਸਾਰਾ ਕਾਂਡ ਸੜਕ ਉਤੇ ਦੌੜਦੀ ਬੱਸ ਵਿਚ ਹੋਇਆ ਸੀ। ਕਿਸੇ ਥਾਣੇ ਵਿਚ ਔਰਤ ਪੁਲਿਸ ਕਰਮਚਾਰੀ ਤਿੰਨ ਹੋਣ ਜਾਂ ਤੇਰਾਂ, ਉਨ੍ਹਾਂ ਨੇ ਸੜਕ ਉਤੇ ਜਾਂਦੀ ਬੱਸ ਵਿਚ ਹੁੰਦਾ ਪਾਪ ਨਹੀਂ ਰੋਕ ਦੇਣਾ। ਇਹ ਕੰਮ ਪੁਲਿਸ ਕੰਟਰੋਲ ਰੂਮ ਦੀਆਂ ਗਸ਼ਤ ਕਰਦੀਆਂ ਟੀਮਾਂ ਦਾ ਹੁੰਦਾ ਹੈ ਤੇ ਉਨ੍ਹਾਂ ਦਾ ਤਜਰਬਾ ਬੜਾ ਮਾੜਾ ਹੈ।

ਜ਼ੁਲਮ ਦਾ ਸ਼ਿਕਾਰ ਹੋ ਕੇ ਸੰਸਾਰ ਤੋਂ ਤੁਰ ਗਈ ਉਸ ਕੁੜੀ ਦੇ ਨਾਲ ਜਿਹੜਾ ਮੁੰਡਾ ਉਸ ਵੇਲੇ ਕੁੱਟਿਆ ਗਿਆ ਅਤੇ ਜਿਸ ਦੀ ਲੱਤ ਦੀ ਹੱਡੀ ਟੁੱਟੀ ਹੋਈ ਹੈ, ਉਹ ਕਹਿੰਦਾ ਹੈ ਕਿ ਪੁਲਿਸ ਕੰਟਰੋਲ ਰੂਮ ਦੀਆਂ ਤਿੰਨ ਗੱਡੀਆਂ ਆ ਕੇ ਉਨ੍ਹਾਂ ਨੂੰ ਡਿੱਗੇ ਪਏ ਵੇਖ ਕੇ ਨਿਕਲ ਗਈਆਂ, ਪਰ ਚੁੱਕਿਆ ਨਹੀਂ ਸੀ। ਜਦੋਂ ਕੁੜੀ ਓਥੇ ਪਈ ਤੜਫ ਰਹੀ ਸੀ, ਖੁਦ ਜ਼ਖਮੀ ਹੋਇਆ ਮੁੰਡਾ ਉਸ ਕੁੜੀ ਨੂੰ ਹਸਪਤਾਲ ਲਿਜਾਣ ਦੇ ਤਰਲੇ ਕਰ ਰਿਹਾ ਸੀ, ਪੁਲਿਸ ਕੰਟਰੋਲ ਰੂਮ ਦੀਆਂ ਗੱਡੀਆਂ ਵਾਲੇ ਇਸ ਗੱਲ ਲਈ ਆਪੋ ਵਿਚ ਝਗੜ ਰਹੇ ਸਨ ਕਿ ਇਹ ਕੇਸ ਫਲਾਣੇ ਥਾਣੇ ਦਾ ਹੈ ਤੇ ਫਲਾਣੇ ਦਾ ਨਹੀਂ। ਜਦੋਂ ਚੁੱਕਿਆ ਤਾਂ ਨੇੜਲੇ ਹਸਪਤਾਲ ਪੁਚਾਉਣ ਦੀ ਥਾਂ ਦੂਰ ਪੈਂਦੇ ਵੱਡੇ ਹਸਪਤਾਲ ਲੈ ਗਏ ਤੇ ਕੁੜੀ ਨੂੰ ਦਾਖਲ ਕਰਵਾ ਕੇ ਮੁੰਡੇ ਨੂੰ ਮੁੱਢਲੀ ਸਹਾਇਤਾ ਦਿੱਤੇ ਬਿਨਾਂ ਉਸ ਦਾ ਬਿਆਨ ਲਿਖਣ ਲਈ ਥਾਣੇ ਲਿਜਾ ਸੁੱਟਿਆ। ਸਖਤ ਠੰਢ ਦੇ ਬਾਵਜੂਦ ਉਸ ਨੂੰ ਕੰਬਲ ਤੱਕ ਨਹੀਂ ਦਿੱਤਾ ਗਿਆ। ਅੱਗੋਂ ਵਾਸਤੇ ਮਹਿਲਾ ਥਾਣੇ ਵਧਾ ਦੇਣ ਜਾਂ ਥਾਣਿਆਂ ਵਿਚ ਮਹਿਲਾ ਸਟਾਫ ਵਧਾਉਣ ਤੋਂ ਵੱਧ ਜ਼ਰੂਰੀ ਕੰਮ ਇਨ੍ਹਾਂ ਕੋਤਾਹੀਆਂ ਨੂੰ ਦੂਰ ਕਰਨ ਦਾ ਹੈ, ਜਿਹੜੀਆਂ ਇਸ ਕੇਸ ਵਿਚ ਪੁਲਿਸ ਦੀ ਸੰਵੇਦਨਹੀਣਤਾ ਨੂੰ ਜ਼ਾਹਰ ਕਰਦੀਆਂ ਹਨ।

ਸਾਡਾ ਪੱਤਰਕਾਰੀ ਦਾ ਤਜਰਬਾ ਕਈ ਇਹੋ ਜਿਹੇ ਕੇਸ ਯਾਦ ਕਰਵਾ ਰਿਹਾ ਹੈ, ਜਿੱਥੇ ਪੁਲਿਸ ਦੇ ਇਸ ਤਰ੍ਹਾਂ ਦੇ ਵਿਹਾਰ ਦੀ ਨਿੰਦਾ ਹੋਈ ਸੀ। ਪੰਜਾਬ ਦੀ ਇੱਕ ਘਟਨਾ ਕਈ ਸਾਲ ਪਹਿਲਾਂ ਦੀ ਹੈ। ਅੰਮ੍ਰਿਤਸਰ ਵਿਚ ਇੱਕ ਕੁੜੀ ਦੀ ਲਾਸ਼ ਮਿਲੀ ਤਾਂ ਝਗੜਾ ਪੈ ਗਿਆ ਕਿ ਮੁਕੱਦਮਾ ਕਿਸ ਥਾਣੇ ਦੀ ਪੁਲਿਸ ਵੱਲੋਂ ਦਰਜ ਕੀਤਾ ਜਾਵੇ? ਉਸ ਥਾਂ ਤੋਂ ਰੇਲਵੇ ਲਾਈਨ ਗੁਜ਼ਰਦੀ ਸੀ ਤੇ ਕੁੜੀ ਦੀ ਲਾਸ਼ ਵਾਲੀ ਜਗ੍ਹਾ ਦਾ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਰੇਲਵੇ ਦੀ ਹੈ ਜਾਂ ਉਸ ਤੋਂ ਬਾਹਰ ਦੀ। ਮੌਕੇ ਉਤੇ ਪਟਵਾਰੀ ਸੱਦਿਆ ਤਾਂ ਉਸ ਦੀ ਮਿਣਤੀ ਵਿਚ ਲਾਸ਼ ਅੱਧੀ-ਅੱਧੀ ਦੋਵੇਂ ਪਾਸੇ ਪਈ ਨਿਕਲ ਆਈ। ਫਿਰ ਇਹ ਨੁਕਤਾ ਆ ਗਿਆ ਕਿ ਵਾਰਦਾਤ ਦਾ ਆਖਰੀ ਸਿਰਾ ਬਣਦੀ ਸੱਟ ਜਿਸ ਪਾਸੇ ਹੋਵੇ, ਪਰਚਾ ਉਸ ਪਾਸੇ ਦੇ ਥਾਣੇ ਵਿਚ ਦਰਜ ਹੋਵੇਗਾ। ਲਾਸ਼ ਦੇ ਸਿਰ ਵਿਚ ਸੱਟ ਸੀ, ਪਰ ਉਸ ਦੀ ਹਾਲਤ ਦੱਸਦੀ ਸੀ ਕਿ ਬੀਬੀ ਦੇ ਨਾਲ ਬਲਾਤਕਾਰ ਵੀ ਹੋਇਆ ਸੀ। ਇਹ ਨਵਾਂ ਨੁਕਤਾ ਆ ਗਿਆ ਕਿ ਮਾਰਨ ਲਈ ਮਾਰੀ ਗਈ ਸਿਰ ਦੀ ਸੱਟ ਨੂੰ ਆਖਰੀ ਮੰਨਿਆ ਜਾਵੇ ਕਿ ਬਲਾਤਕਾਰ ਵਾਲੀ ਘਟਨਾ ਨੂੰ? ਨਤੀਜੇ ਵਜੋਂ ਉਹ ਲਾਸ਼ ਦੋ ਦਿਨ ਰੁਲਦੀ ਰਹੀ। ਜਿਨ੍ਹਾਂ ਦੇ ਪਰਿਵਾਰ ਦੀ ਉਹ ਔਰਤ ਸੀ, ਉਨ੍ਹਾਂ ਦਾ ਮਾਨਸਿਕ ਦਰਦ ਪੁਲਿਸ ਅਧਿਕਾਰੀ ਨਹੀਂ ਸੀ ਸਮਝ ਰਹੇ।

ਕੇਸ ਜਾਂ ਘਟਨਾ ਦੀ ਚਰਚਾ ਤੋਂ ਬਾਅਦ ਦੀ ਗੱਲ ਇਹ ਹੈ ਕਿ ਹੁਣ ਹਰ ਕੋਈ ਅੱਗੋਂ ਲਈ ਇਹੋ ਜਿਹੀ ਕਿਸੇ ਘਟਨਾ ਨੂੰ ਰੋਕਣ ਦੀ ਗੱਲ ਕਰ ਕੇ ਔਰਤਾਂ ਦਾ ਹੇਜਲਾ ਬਣ ਰਿਹਾ ਹੈ। ਪੰਜਾਬ ਸਰਕਾਰ ਨੇ ਵੀ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਇੱਕ ਕਮੇਟੀ ਬਣਾ ਦਿੱਤੀ ਹੈ, ਜਿਸ ਦੇ ਮੁਖੀ ਕੇਰਲਾ ਦੀ ਹਾਈ ਕੋਰਟ ਦੇ ਇੱਕ ਰਿਟਾਇਰਡ ਮੁੱਖ ਜੱਜ ਹੋਣਗੇ। ਇਸ ਕਦਮ ਦਾ ਸਵਾਗਤ ਕਰਨ ਵਿਚ ਹਰਜ ਨਹੀਂ, ਪਰ ਮੁੱਖ ਮੰਤਰੀ ਇਹ ਵੀ ਦੱਸ ਦੇਣ ਕਿ ਔਰਤਾਂ ਦੇ ਦੁੱਖ-ਦਰਦ ਸੁਣਨ ਲਈ ਪੰਜਾਬ ਦਾ ਜਿਹੜਾ ਮਹਿਲਾ ਕਮਿਸ਼ਨ ਹੈ, ਉਸ ਦੀ ਚੇਅਰਪਰਸਨ ਅਤੇ ਮੈਂਬਰਾਂ ਦੀਆਂ ਕੁਰਸੀਆਂ ਪਿਛਲੇ 13 ਮਹੀਨਿਆਂ ਤੋਂ ਕਿਉਂ ਖਾਲੀ ਸਨ ਤੇ ਇਨ੍ਹਾਂ ਨੂੰ ਭਰਨ ਦਾ ਚੇਤਾ ਉਦੋਂ ਕਿਉਂ ਆਇਆ, ਜਦੋਂ ਦਿੱਲੀ ਕਾਂਡ ਪਿੱਛੋਂ ਅਖਬਾਰਾਂ ਵਿਚ ਇਨ੍ਹਾਂ ਖਾਲੀ ਕੁਰਸੀਆਂ ਦੀ ਖਬਰ ਛਪ ਗਈ? ਸਭ ਨੂੰ ਪਤਾ ਹੈ ਕਿ ਇਸ ਸਵਾਲ ਦਾ ਜਵਾਬ ਕਦੇ ਨਹੀਂ ਆਵੇਗਾ। ਕਾਰਨ ਇਹ ਹੈ ਕਿ ਸਰਕਾਰ ਜਦੋਂ ਇਹੋ ਜਿਹੇ ਸਵਾਲਾਂ ਦੇ ਜਵਾਬ ਦੇਣ ਲੱਗੀ ਤਾਂ ਕੋਈ ਫਰੀਦਕੋਟ ਦੀ ਸ਼ਰੁਤੀ ਜਾਂ ਮਹਿਲ ਕਲਾਂ ਦੀ ਕਿਰਨਜੀਤ ਕੌਰ ਦਾ ਮੁੱਦਾ ਚੁੱਕਣ ਤੁਰ ਸਕਦਾ ਹੈ, ਜੋ ਇਹ ਸਰਕਾਰ ਭੁਲਾ ਦੇਣਾ ਚਾਹੁੰਦੀ ਹੈ।

ਪੰਜਾਬ ਨੂੰ ਪਾਸੇ ਰੱਖ ਕੇ ਅਸੀਂ ਫਿਰ ਦਿੱਲੀ ਵੱਲ ਧਿਆਨ ਕਰੀਏ, ਜਿੱਥੇ ਇਹ ਸਵਾਲ ਜ਼ੋਰ ਨਾਲ ਚੁੱਕਿਆ ਜਾ ਰਿਹਾ ਹੈ ਕਿ ਫਾਂਸੀ ਦੀ ਸਜ਼ਾ ਜਾਂ ਕੈਦ ਵੀ ਵਾਹਵਾ ਸਖਤ ਮਿਥੀ ਜਾਵੇ ਤਾਂ ਅੱਗੇ ਤੋਂ ਇਹ ਘਟਨਾਵਾਂ ਵਾਪਰਨ ਤੋਂ ਰੁਕ ਸਕਦੀਆਂ ਹਨ। ਇਹ ਸਵਾਲ ਗੰਭੀਰਤਾ ਨਾਲ ਵਿਚਾਰਨ ਵਾਲਾ ਹੈ। ਜੇ ਬਲਾਤਕਾਰ ਦੇ ਦੋਸ਼ੀ ਵਾਸਤੇ ਫਾਂਸੀ ਦੀ ਸਜ਼ਾ ਮਿਥੀ ਜਾਵੇ ਤਾਂ ਅਸੀਂ ਇਸ ਦੇ ਵਿਰੁਧ ਨਹੀਂ, ਪਰ ਇਸ ਨਾਲ ਬਲਾਤਕਾਰ ਨਹੀਂ ਘਟ ਜਾਣੇ। ਕਾਰਨ ਸਮਝਣਾ ਹੋਵੇ ਤਾਂ ਸੰਸਾਰ ਪੱਧਰ ਦੇ ਅੰਕੜੇ ਵੇਖਣੇ ਚਾਹੀਦੇ ਹਨ। ਅਮਰੀਕਾ ਵਿਚ ਬਲਾਤਕਾਰੀ ਨੂੰ ਸਾਰੀ ਉਮਰ ਦੀ ਕੈਦ ਦੀ ਸਜ਼ਾ ਹੁੰਦੀ ਹੈ, ਪਰ ਉਥੇ ਬਲਾਤਕਾਰ ਬਹੁਤ ਵੱਧ, ਭਾਰਤ ਤੋਂ ਵੀ ਬਹੁਤ ਵੱਧ, ਹੁੰਦੇ ਹਨ। ਰੂਸ ਵਿਚ ਸਜ਼ਾ ਮਸਾਂ ਚਾਰ ਕੁ ਸਾਲ ਦੇ ਕਰੀਬ ਹੁੰਦੀ ਹੋਣ ਦੇ ਬਾਵਜੂਦ ਉਥੇ ਬਲਾਤਕਾਰ ਘੱਟ ਹੁੰਦੇ ਹਨ। ਕਾਰਨ ਇਸ ਪਿੱਛੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਮਾਨਸਿਕ ਵਿਗਾੜ ਦੇ ਵੱਧ ਜਾਂ ਘੱਟ ਹੋਣ ਦਾ ਹੈ। ਇਸ ਬਾਰੇ ਕਿਸੇ ਵੱਲੋਂ ਸੋਚਿਆ ਹੀ ਨਹੀਂ ਜਾਂਦਾ। ਮਾਨਸਿਕਤਾ ਦਾ ਇਹ ਵਿਗਾੜ ਸਾਡੇ ਸਮਾਜ ਵਿਚ ਸਾਡੇ ਰਾਜਨੀਤਕ ਢਾਂਚੇ ਅਤੇ ਬੇਲਗਾਮ ਮੀਡੀਏ ਦੀ ਦੇਣ ਹੈ ਅਤੇ ਕਾਰਪੋਰੇਟ ਪੂੰਜੀ ਇਸ ਨੂੰ ਉਤਸ਼ਾਹਤ ਕਰ ਰਹੀ ਹੈ।

ਹੁਣ ਇਸ ਬਹਿਸ ਵਿਚ ਇੱਕ ਨਵਾਂ ਮੋੜ ਆ ਗਿਆ ਹੈ। ਕੁਝ ਲੋਕਾਂ ਨੇ ਬਲਾਤਕਾਰ ਦੀਆਂ ਘਟਨਾਵਾਂ ਦੀ ਗੱਲ ਕਰਦਿਆਂ ਅਸਲੋਂ ਬੇਹੂਦਾ ਗੱਲਾਂ ਕਹਿ ਦਿੱਤੀਆਂ ਹਨ। ਪਹਿਲ ਕੀਤੀ ਰਾਜਸਥਾਨ ਤੋਂ ਭਾਰਤੀ ਜਨਤਾ ਪਾਰਟੀ ਦੇ ਇੱਕ ਵਿਧਾਇਕ ਨੇ, ਜਿਸ ਨੇ ਇਹ ਕਹਿ ਦਿੱਤਾ ਕਿ ਲੜਕੀਆਂ ਨੂੰ ਜੀਨ ਅਤੇ ਸਕਰਟ ਪਹਿਨਣ ਤੋਂ ਰੋਕ ਦਿੱਤਾ ਜਾਵੇ ਤਾਂ ਬਲਾਤਕਾਰ ਰੁਕ ਜਾਣਗੇ। ਉਸ ਨੂੰ ਰੱਜਵੀਂ ਨਿੰਦਾ ਦਾ ਸਾਹਮਣਾ ਕਰਨਾ ਪਿਆ। ਹਾਲੇ ਉਸ ਦੀ ਨਿੰਦਾ ਦਾ ਦੌਰ ਚੱਲ ਹੀ ਰਿਹਾ ਸੀ ਕਿ ਪੱਛਮੀ ਬੰਗਾਲ ਤੋਂ ਪਾਰਲੀਮੈਂਟ ਦੇ ਕਾਂਗਰਸ ਮੈਂਬਰ ਤੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਪੁੱਤਰ ਨੇ ਇਹ ਭੱਦੀ ਟਿਪਣੀ ਕਰ ਦਿੱਤੀ ਕਿ ਬਲਾਤਕਾਰ ਦੀ ਘਟਨਾ ਵਿਰੁਧ ਕੁਝ ਔਰਤਾਂ ਦਿਨੇ ਮੋਮਬੱਤੀਆਂ ਬਾਲ ਕੇ ਰੋਸ ਮਾਰਚ ਕਰਦੀਆਂ ਹਨ ਤੇ ਰਾਤ ਨੂੰ ਡਿਸਕੋ ਡਾਂਸ ਕਰਨ ਜਾਂਦੀਆਂ ਹਨ। ਅਸਲੋਂ ਨੀਵੇਂ ਪੱਧਰ ਦੇ ਇਸ ਬਿਆਨ ਦੀ ਨਿੰਦਾ ਸਭ ਤੋਂ ਪਹਿਲਾਂ ਕਰਨ ਵਾਲਿਆਂ ਵਿਚ ਉਸ ਦੀ ਆਪਣੀ ਸਕੀ ਭੈਣ ਵੀ ਸ਼ਾਮਲ ਹੋ ਗਈ ਤਾਂ ਉਸ ਨੂੰ ਮੁਆਫੀ ਮੰਗਣੀ ਪਈ। ਫਿਰ ਮੱਧ ਪ੍ਰਦੇਸ਼ ਤੋਂ ਭਾਜਪਾ ਦਾ ਮੰਤਰੀ ਕੈਲਾਸ਼ ਵਿਜੇਵਰਗੀਜ਼ ਬੋਲ ਪਿਆ ਕਿ ਔਰਤਾਂ ਨੂੰ ਲਛਮਣ ਰੇਖਾ ਦੇ ਅੰਦਰ ਰਹਿਣਾ ਚਾਹੀਦਾ ਹੈ, ਸੀਤਾ ਮਾਤਾ ਜਦੋਂ ਲਛਮਣ ਰੇਖਾ ਤੋਂ ਬਾਹਰ ਨਿਕਲੀ ਤਾਂ ਰਾਵਣ ਚੁੱਕ ਕੇ ਲੈ ਗਿਆ ਸੀ, ਹੁਣ ਵੀ ਲਛਮਣ ਰੇਖਾ ਦੇ ਬਾਹਰ ਨਿਕਲਣ ਵਾਲੀਆਂ ਨੂੰ ਰਾਵਣ ਮਿਲ ਸਕਦਾ ਹੈ। ਇਹ ਬਿਆਨ ਉਸ ਮੰਤਰੀ ਦੀ ਆਪਣੀ ਪਾਰਟੀ ਭਾਜਪਾ ਨੂੰ ਵੀ ਹਜ਼ਮ ਨਹੀਂ ਹੋ ਸਕਿਆ।

ਇਨ੍ਹਾਂ ਤੋਂ ਬਾਅਦ ਇੱਕ ਹੋਰ 'ਵੱਡਾ ਬੰਦਾ' ਇਸ ਮਾਮਲੇ ਵਿਚ ਮੂੰਹ ਪਾੜ ਕੇ ਬੋਲਿਆ ਤੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੇ ਮੁਖੀ ਉਸ ਬੰਦੇ ਦਾ ਨਾਂ ਮੋਹਣ ਭਾਗਵਤ ਹੈ। ਉਹ ਇਹ ਕਹਿਣ ਲੱਗ ਪਿਆ ਕਿ 'ਇੰਡੀਆ' ਵਿਚ ਬਲਾਤਕਾਰ ਹੁੰਦੇ ਹਨ, 'ਭਾਰਤ' ਵਿਚ ਇਹ ਕੁਝ ਨਹੀਂ ਹੁੰਦਾ। ਕਹਿਣ ਤੋਂ ਭਾਵ ਇਹ ਕਿ ਜਿਹੜੇ ਲੋਕ ਪੱਛਮ ਦੀ ਸੱਭਿਅਤਾ ਦੇ ਪ੍ਰਭਾਵ ਹੇਠ ਹਨ, ਉਹੋ ਇਸ ਕੁਕਰਮ ਦੀ ਮਾਨਸਿਕਤਾ ਤੋਂ ਪ੍ਰਭਾਵਤ ਹਨ, ਪੱਛਮ ਦੇ ਪ੍ਰਭਾਵ ਤੋਂ ਹਾਲੇ ਤੱਕ ਬਚੇ ਹੋਏ ਲੋਕ ਇਸ ਮਾਰੂ ਮਾਨਸਿਕਤਾ ਤੋਂ ਵੀ ਬਚੇ ਹੋਏ ਹਨ। ਮੋਹਣ ਭਾਗਵਤ ਦੀ ਟਿਪਣੀ ਸੁਣ ਕੇ ਸਮਾਗਮ ਵਿਚ ਹਾਜ਼ਰ ਉਸ ਦੇ ਲਾਈਲੱਗ ਜਿਹੇ ਪੈਰੋਕਾਰਾਂ ਦਾ ਹਾਸਾ ਵੀ ਨਾਲ ਸੁਣਾਈ ਦਿੰਦਾ ਹੈ, ਜਿਵੇਂ ਉਹ ਚਟਕਾਰੇ ਲੈ ਰਹੇ ਹੋਣ, ਪਰ ਹਕੀਕਤਾਂ ਉਨ੍ਹਾਂ ਦੀ ਮਾਨਸਿਕਤਾ ਦਾ ਵੀ ਜਲੂਸ ਕੱਢ ਦਿੰਦੀਆਂ ਹਨ।

ਅਸੀਂ ਮਹਾਂਭਾਰਤ ਵਿਚ ਦਰੋਪਦੀ ਦੇ ਚੀਰ-ਹਰਨ ਵਾਲੀ ਉਹ ਕਹਾਣੀ ਨਹੀਂ ਪਾਉਣੀ ਚਾਹੁੰਦੇ, ਜਿਹੜਾ ਉਦੋਂ ਵਾਪਰਿਆ ਸੀ, ਜਦੋਂ ਭਾਰਤ ਵਿਚ 'ਇੰਡੀਆ' ਸ਼ਬਦ ਹਾਲੇ ਨਹੀਂ ਸੀ ਆਇਆ ਤੇ ਲੋਕ ਸਿਰਫ 'ਭਾਰਤੀ' ਸੱਭਿਅਤਾ ਦੇ ਧਾਰਨੀ ਸਨ। ਹਾਲ ਦੀ ਘੜੀ ਅਸੀਂ ਇਹ ਕਿੱਸਾ ਵੀ ਨਹੀਂ ਛੇੜ ਰਹੇ ਕਿ ਕੁਝ ਦੇਵਤਿਆਂ ਦੇ ਨਾਂ ਨਾਲ ਵੀ ਜ਼ੋਰ-ਜਬਰਦਸਤੀ ਦੇ ਕਿੱਸੇ ਜੁੜੇ ਹੋਏ ਹਨ ਤੇ ਉਹ ਵੀ 'ਇੰਡੀਆ' ਦੇ ਨਹੀਂ, 'ਭਾਰਤੀ' ਸੱਭਿਅਤਾ ਦੇ ਪ੍ਰਤੀਕ ਮੰਨੇ ਜਾਂਦੇ ਹਨ। ਇਸ ਦੀ ਥਾਂ ਅਸੀਂ ਇਹ ਦੱਸਣ ਦੀ ਗੁਸਤਾਖੀ ਕਰਾਂਗੇ ਕਿ ਭੰਵਰੀ ਦੇਵੀ ਨਾਲ ਸਮੂਹਕ ਬਲਾਤਕਾਰ ਦਾ ਕਾਂਡ ਉਸ ਰਾਜਸਥਾਨ ਵਿਚ ਹੋਇਆ ਸੀ, ਜਿਹੜਾ ਭਾਰਤੀ ਸੱਭਿਅਤਾ ਦੇ ਪ੍ਰਤੀਕ ਰਾਜਪੂਤਾਂ ਦੀ ਧਰਤੀ ਹੈ। ਫੂਲਾਂ ਦੇਵੀ ਵੀ ਡਾਕੂ ਤਦੇ ਬਣੀ ਸੀ, ਜੇ ਉਸ ਨਾਲ ਬਲਾਤਕਾਰ ਕੀਤਾ ਗਿਆ ਤੇ ਇਹ ਉਸ ਉਤਰ ਪ੍ਰਦੇਸ਼ ਵਿਚ ਹੋਇਆ ਸੀ, ਜਿੱਥੇ ਰਾਮ ਜੀ ਦੇ ਜਨਮ ਵਾਲੀ ਅਯੁੱਧਿਆ ਨਗਰੀ ਹੈ ਤੇ ਬਹੁਤ ਸਾਰੇ ਹੋਰ ਤੀਰਥ ਅਸਥਾਨ ਵੀ ਹਨ। ਜਿਨ੍ਹਾਂ ਲੋਕਾਂ ਨੇ ਫੂਲਾਂ ਦੇਵੀ ਨਾਲ ਬਲਾਤਕਾਰ ਕੀਤਾ, ਉਹ ਪੱਛਮੀ ਸੱਭਿਅਤਾ ਵਾਲੇ ਨਹੀਂ, ਭਾਰਤ ਦੀ ਮਨੂੰਵਾਦੀ ਜਾਤ ਆਧਾਰਤ ਸੱਭਿਅਤਾ ਵਾਲੇ ਸਨ, ਜਿਹੜੇ ਕਿਸੇ ਵੀ ਗਰੀਬੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਣਾ ਆਪਣਾ ਹੱਕ ਮੰਨਦੇ ਸਨ। ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਤੀਸਰੀ ਵਾਰੀ ਸਰਕਾਰ ਚਲਾ ਰਹੀ ਹੈ ਤੇ ਇਹ ਪਾਰਟੀ ਭਾਰਤੀ ਸੰਸਕ੍ਰਿਤੀ ਦੇ ਸਵਾਲ ਉਤੇ ਆਪਣੇ ਨੇੜੇ-ਤੇੜੇ ਵੀ ਕਿਸੇ ਨੂੰ ਨਹੀਂ ਮੰਨਦੀ। ਭਾਰਤ ਦੇ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ ਸਾਲ 2011 ਦੌਰਾਨ ਮੱਧ ਪ੍ਰਦੇਸ਼ ਵਿਚ ਬਲਾਤਕਾਰ ਦੇ 3406 ਕੇਸ ਵਾਪਰੇ ਸਨ। ਇਹ ਨਾ ਸਿਰਫ ਭਾਰਤ ਵਿਚ ਕਿਸੇ ਵੀ ਹੋਰ ਰਾਜ ਤੋਂ ਵੱਡੀ ਗਿਣਤੀ ਸੀ, ਸਗੋਂ ਸਾਰੇ ਦੇਸ਼ ਦੇ ਇਹੋ ਜਿਹੇ ਕੁੱਲ ਕੇਸਾਂ ਦਾ ਚੌਦਾਂ ਫੀਸਦੀ ਤੋਂ ਵੱਧ ਉਸ ਇਕੱਲੇ ਰਾਜ ਵਿਚ ਬਣਦਾ ਸੀ। 'ਇੰਡੀਆ' ਦੀ ਬਜਾਏ 'ਭਾਰਤ' ਦਾ ਪ੍ਰਚਾਰ ਕਰਨ ਵਾਲੇ ਆਰ ਐਸ ਐਸ ਵਾਲਿਆਂ ਨੇ ਆਪਣੇ ਮੁੱਖ ਮੰਤਰੀ ਦੀ ਅਗਵਾਈ ਹੇਠ ਇਹ ਗੁਨਾਹ ਹੋਣ ਤੋਂ ਰੋਕੇ ਕਾਹਤੋਂ ਨਹੀਂ ਸਨ?

ਮੁਖਤਾਰਾਂ ਮਾਈ ਨਾਲ ਜਦੋਂ ਪਾਕਿਸਤਾਨ ਵਿਚ ਸਮੂਹਿਕ ਬਲਾਤਕਾਰ ਕਾਂਡ ਹੋਇਆ ਤੇ ਉਸ ਦਾ ਦੁੱਖ ਸੰਸਾਰ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਤਾਂ ਉਥੋਂ ਦਾ ਫੌਜੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਕਹਿੰਦਾ ਸੀ ਕਿ ਉਸ ਦੇ ਦੇਸ਼ ਦੀਆਂ ਕੁਝ ਔਰਤਾਂ ਜਾਣ-ਬੁੱਝ ਕੇ ਬਲਾਤਕਾਰ ਕਰਵਾਉਂਦੀਆਂ ਹਨ ਤਾਂ ਕਿ ਪੱਛਮੀ ਮੁਲਕਾਂ ਵਿਚ ਇਸ ਦਾ ਪ੍ਰਚਾਰ ਕਰ ਕੇ ਪੈਸੇ ਉਗਰਾਹ ਸਕਣ। ਪਾਕਿਸਤਾਨ ਵਿਚ ਉਸ ਦੀ ਇਸ ਬਦਤਮੀਜ਼ ਟਿਪਣੀ ਤੋਂ ਏਦਾਂ ਦਾ ਬਖੇੜਾ ਖੜਾ ਹੋਇਆ ਕਿ ਉਸ ਨੂੰ ਸਫਾਈ ਦੇਣੀ ਔਖੀ ਹੋ ਗਈ ਸੀ। ਸਾਨੂੰ ਲੱਗਦਾ ਹੈ ਕਿ ਮੁਸ਼ੱਰਫ ਦੀ ਮਾਸੀ ਦੇ ਕੁਝ ਪੁੱਤਰ ਭਾਰਤ ਵਿਚ ਵੀ ਹਨ, ਜਿਹੜੇ ਲੋਕਾਂ ਦਾ ਧਿਆਨ ਅਸਲੀ ਮੁੱਦੇ ਤੋਂ ਲਾਂਭੇ ਹਟਾਉਣ ਜਾਂ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਭੱਜਣ ਲਈ ਕਿਸੇ ਵੀ ਤਰ੍ਹਾਂ ਦੀ ਬੇਥੱਵ੍ਹੀ ਟਿਪਣੀ ਕਰਨ ਤੱਕ ਜਾ ਸਕਦੇ ਹਨ। ਜਦੋਂ ਆਪਣੇ ਆਪ ਨੂੰ ਆਗੂ ਅਖਵਾਉਣ ਵਾਲਿਆਂ ਦੀ ਮਾਨਸਿਕਤਾ ਹੀ ਨਹੀਂ ਬਦਲ ਰਹੀ ਤਾਂ ਇਸ ਸਮਾਜ ਦੀ ਕਿਵੇਂ ਬਦਲ ਜਾਵੇਗੀ?

Quick Stop 40, Oklahoma
Help Wanted
ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਕੱਚੀ ਗੜ੍ਹੀ ਤੇ ਠੰਢਾ ਬੁਰਜ ਨੂੰ ਦਿੱਤੀ ਜਾਵੇਗੀ ਪੁਰਾਤਨ ਦਿੱਖ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰੂ ਸਾਹਿਬਾਨ ਨਾਲ ਸਬੰਧਤ ਅਹਿਮ ਇਤਿਹਾਸਕ ਥਾਵਾਂ ਚਮਕੌਰ ਸਾਹਿਬ ਵਿਖੇ ਕੱਚੀ ਗੜ੍ਹੀ ਤੇ ਫਤਹਿਗੜ੍ਹ ਸਾਹਿਬ ਵਿਖੇ ਠੰਢਾ ਬੁਰਜ ਨੂੰ ਪੁਰਾਤਨ ਰੂਪ ਵਿਚ ਉਸਾਰਨ ਦੀ ਯੋਜਨਾ ਬਣਾਈ ਹੈ ਤਾਂ ਜੋ ਨੌਜਵਾਨ ਪੀੜ੍ਹੀ ਇਨ੍ਹਾਂ ਇਤਿਹਾਸਕ ਥਾਵਾਂ ਨੂੰ ਦੇਖ ਕੇ ਸਿੱਖ ਇਤਿਹਾਸ ਤੋਂ ਜਾਣੂ ਹੋ ਸਕੇ। ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸਕਾਰਾਂ ਤੇ ਵਿਦਵਾਨਾਂ ਦੀ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਉਪ ਕੁਲਪਤੀ ਡਾ. ਪ੍ਰਿਥੀਪਾਲ ਸਿੰਘ ਕਪੂਰ ਤੇ ਇਤਿਹਾਸਕਾਰ ਡਾ. ਜੇ.ਐਸ. ਗਰੇਵਾਲ ਸ਼ਾਮਲ ਹਨ।



ਇਨ੍ਹਾਂ ਇਤਿਹਾਸਕਾਰਾਂ ਤੇ ਵਿਦਵਾਨਾਂ ਵੱਲੋਂ ਸਿੱਖ ਇਤਿਹਾਸ ਨੂੰ ਘੋਖਣ ਮਗਰੋਂ ਇਤਿਹਾਸਕ ਥਾਵਾਂ ਬਾਰੇ ਖਾਕਾ ਤਿਆਰ ਕੀਤਾ ਜਾਵੇਗਾ। ਇਨ੍ਹਾਂ ਦੀ ਰਿਪੋਰਟ ਦੇ ਆਧਾਰ 'ਤੇ ਇਸ ਬਾਰੇ ਅਗਲੀ ਕਾਰਵਾਈ ਸ਼ੁਰੂ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਤਿਹਾਸ ਧਾਰਮਿਕ ਅਸਥਾਨ ਗੁਰੂ ਕਾ ਬਾਗ ਵਿਖੇ ਪੁਰਾਤਨ ਇਤਿਹਾਸਕ ਬਾਗ ਨੂੰ ਸੁਰਜੀਤ ਕੀਤਾ ਜਾ ਰਿਹਾ ਹੈ। ਇਥੇ ਉਹ ਬੂਟੇ ਲਾਏ ਜਾ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਿਚ ਦਰਜ ਹੈ। ਇਸੇ ਤਰ੍ਹਾਂ ਗੁਰਦੁਆਰਾ ਚਰਨ ਕਮਲ ਸਾਹਿਬ ਮਾਛੀਵਾੜਾ ਵਿਖੇ ਵੀ ਗੁਰੂ ਕਾਲ ਵੇਲੇ ਦਾ ਜੰਗਲ ਉਗਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਤਿਹਾਸ ਵਿਚ ਦਰਜ ਵੇਰਵਿਆਂ ਅਨੁਸਾਰ ਇਸ ਜੰਗਲ ਅਨੁਸਾਰ ਕੰਡਿਆਲੇ ਬੂਟੇ ਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਜੰਡ ਤੇ ਕਿੱਕਰ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਬਾਰੇ ਦੱਸਿਆ ਕਿ ਸੰਗਤਾਂ ਦੀ ਮੰਗ ਅਨੁਸਾਰ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਬਣਾਈ ਜਾਵੇਗੀ। ਇਸ ਗੜ੍ਹੀ ਵਿਚ ਉਸ ਵੇਲੇ 10 ਲੱਖ ਦੁਸ਼ਮਣ ਫੌਜ ਦਾ ਟਾਕਰਾ ਸਿਰਫ਼ 40 ਸਿੰਘਾਂ ਨੇ ਕੀਤਾ ਸੀ ਜਿਨ੍ਹਾਂ ਦੀ ਅਗਵਾਈ ਖੁਦ ਗੁਰੂ ਗੋਬਿੰਦ ਸਿੰਘ ਕਰ ਰਹੇ ਸਨ। ਇਸ ਲੜਾਈ ਵਿਚ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘਾਂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਸਰਹਿੰਦ ਵਿਖੇ ਉਹ ਠੰਢਾ ਬੁਰਜ ਵੀ ਬਣਾਇਆ ਜਾਵੇਗਾ ਜਿਥੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਨੂੰ ਕੈਦ ਕਰਕੇ ਰੱਖਿਆ ਗਿਆ ਸੀ। ਉਨ੍ਹਾਂ ਆਖਿਆ ਕਿ ਇਨ੍ਹਾਂ ਇਤਿਹਾਸਕ ਥਾਵਾਂ ਨੂੰ ਪੁਰਾਤਨ ਰੂਪ ਵਿਚ ਉਸਾਰਨ ਤੋਂ ਬਾਅਦ ਹੋਰ ਅਹਿਮ ਇਤਿਹਾਸਕ ਥਾਵਾਂ ਨੂੰ ਵੀ ਪੁਰਾਤਨ ਰੂਪ ਵਿੱਚ ਰੂਪਮਾਨ ਕਰਨ ਲਈ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਵਿਚ ਗੂੰਗੇ, ਬੋਲੇ ਬੱਚਿਆਂ ਲਈ ਗੁਰਦੁਆਰਾ ਆਲਮਗੀਰ ਲੁਧਿਆਣਾ ਵਿਖੇ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ ਹੈ। ਇਸ ਸਕੂਲ ਦੀ ਇਮਾਰਤ ਇਕ ਸਾਲ ਦੇ ਅੰਦਰ-ਅੰਦਰ ਤਿਆਰ ਹੋ ਜਾਵੇਗੀ।

## ਪ੍ਰਕਾਸ਼ ਦਿਹਾੜਾ 18 ਨੂੰ ਮਨਾਉਣ ਦੀ ਹਦਾਇਤ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਮੂਹ ਸੰਗਤ, ਸਿੰਘ ਸਭਾਵਾਂ, ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਕਿ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਜਨਵਰੀ ਨੂੰ ਮਨਾਇਆ ਜਾਵੇ। ਉਨ੍ਹਾਂ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਆਖਿਆ ਕਿ ਆਪੋ-ਆਪਣੇ ਸੂਬਿਆਂ ਵਿਚ ਗੁਰਪੁਰਬ ਸਬੰਧੀ ਛੁੱਟੀ 18 ਜਨਵਰੀ ਨੂੰ ਹੀ ਕੀਤੀ ਜਾਵੇ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ 18 ਜਨਵਰੀ, 2013 ਨੂੰ ਆ ਰਿਹਾ ਹੈ। ਇਸ ਲਈ ਸਮੂਹ ਸਿੱਖ ਭਾਈਚਾਰਾ ਇਸ ਦਿਹਾੜੇ ਨੂੰ 18 ਜਨਵਰੀ ਵਾਲੇ ਦਿਨ ਹੀ ਮਨਾਵੇ। ਉਨ੍ਹਾਂ ਸਮੂਹ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਵੀ ਆਖਿਆ ਕਿ ਇਸ ਗੁਰਪੁਰਬ ਦੀ ਛੁੱਟੀ 18 ਜਨਵਰੀ ਵਾਲੇ ਦਿਨ ਹੀ ਕੀਤੀ ਜਾਵੇ। ਦੱਸਣਯੋਗ ਹੈ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮੰਨਣ ਤੋਂ ਇਨਕਾਰੀ ਕਈ ਸਿੱਖ ਜਥੇਬੰਦੀਆਂ ਵੱਲੋਂ ਇਸ ਗੁਰਪੁਰਬ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 5 ਜਨਵਰੀ ਨੂੰ ਹੀ ਮਨਾਇਆ ਜਾ ਰਿਹਾ ਹੈ।

# ਸਿੱਖ ਫ਼ੌਜੀਆਂ ਨੂੰ ਸਾੜਨ ਦੇ ਮਾਮਲੇ ਦੀ ਜਾਂਚ ਦਾ ਹੁਕਮ

**ਚੰਡੀਗੜ੍ਹ:** ਦਿੱਲੀ ਦੇ ਤੁਗਲਕਾਬਾਦ ਤੇ ਨਾਂਗਲੋਈ ਰੇਲਵੇ ਸਟੇਸ਼ਨਾਂ 'ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਰੇਲ ਗੱਡੀ ਵਿਚੋਂ ਕੱਢ ਕੇ ਸਾੜੇ ਗਏ ਸਿੱਖ ਫ਼ੌਜੀ ਅਫਸਰ ਦੇ ਮਾਮਲੇ ਦੀ ਫ਼ੌਜ ਦੇ ਐਜੂਟੈਂਟ ਜਨਰਲ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫ਼ੌਜੀ ਸੂਤਰਾਂ ਅਨੁਸਾਰ ਫ਼ੌਜ ਦੀ ਉਕਤ ਸ਼ਾਖਾ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਬੀਤੇ ਦਿਨੀਂ ਕੁਝ ਸੇਵਾਮੁਕਤ ਫ਼ੌਜੀਆਂ ਵੱਲੋਂ ਲਾਏ ਗਏ ਸਿੱਖ ਫ਼ੌਜੀ ਅਧਿਕਾਰੀਆਂ ਨੂੰ ਸਾੜੇ ਜਾਣ ਦੇ ਦੋਸ਼ਾਂ ਪਿੱਛੇ ਅਸਲੀਅਤ ਕੀ ਹੈ ਤੇ ਇਨ੍ਹਾਂ ਕਤਲਾਂ ਲਈ ਕੌਣ ਜ਼ਿੰਮੇਵਾਰ ਸੀ?

ਫ਼ਿਲਹਾਲ ਫ਼ੌਜ ਛੇ ਉੱਚ ਸਿੱਖ ਅਧਿਕਾਰੀਆਂ ਦੀ ਮੌਤ ਦੀ ਹੀ ਜਾਂਚ ਕਰ ਰਹੀ ਹੈ ਜਦਕਿ ਸੇਵਾਮੁਕਤ ਫ਼ੌਜੀਆਂ ਤੇ 'ਸਿੱਖ ਫ਼ਾਰ ਜਸਟਿਸ' ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਨੇ ਤੱਥਾਂ ਸਹਿਤ ਮੀਡੀਆ ਅੱਗੇ ਇਹ ਗੱਲ ਰੱਖੀ ਸੀ ਕਿ ਦਿੱਲੀ ਦੇ ਰੇਲਵੇ ਸਟੇਸ਼ਨਾਂ 'ਤੇ 28 ਸਿੱਖ ਫ਼ੌਜੀ ਅਧਿਕਾਰੀਆਂ ਤੇ ਸਿੱਖ ਫ਼ੌਜੀਆਂ ਨੂੰ ਜਿੰਦਾ ਸਾੜਿਆ ਗਿਆ ਸੀ। ਇਹ ਸਾਰੇ ਫ਼ੌਜੀ ਛੁੱਟੀਆਂ ਕੱਟਣ ਉਪਰੰਤ ਇਕ ਰੇਲ ਗੱਡੀ ਰਾਹੀਂ ਪੰਜਾਬ ਤੋਂ ਵਾਪਸ ਦਿੱਲੀ ਤੇ ਹੋਰ ਸ਼ਹਿਰਾਂ ਨੂੰ ਆਪਣੀਆਂ ਡਿਊਟੀਆਂ 'ਤੇ ਹਾਜ਼ਰ




ਹੋਣ ਲਈ ਜਾ ਰਹੇ ਸਨ।

ਉਕਤ ਸੰਸਥਾਵਾਂ ਵੱਲੋਂ ਇਹ ਦੋਸ਼ ਵੀ ਲਾਇਆ ਗਿਆ ਸੀ ਕਿ ਫ਼ੌਜ ਦੇ ਕਿਸੇ ਵਿਅਕਤੀ ਨੂੰ ਝਰੀਟ ਵੀ ਲੱਗ ਜਾਵੇ ਤਾਂ ਫ਼ੌਜੀ ਤੰਤਰ ਬਕਾਇਦਾ ਪੂਰੀ ਜਾਂਚ ਤੇ ਕਾਰਵਾਈ ਕਰਦਾ ਹੈ ਪਰ 28 ਸਿੱਖ ਫ਼ੌਜੀਆਂ ਦੇ ਜਿੰਦਾ ਸਾੜੇ ਜਾਣ ਦੇ ਮਾਮਲੇ ਵਿਚ ਫ਼ੌਜ ਨੇ ਅਜੇ ਤੱਕ ਕੋਈ ਮੁਢਲੀ ਜਾਂਚ ਵੀ ਨਹੀਂ ਕੀਤੀ ਤੇ ਰੇਲਵੇ ਪੁਲਿਸ ਨੇ ਵੀ ਸਾਰੇ ਮਾਮਲੇ ਦੀ ਇਕ ਐਫ.ਆਈ.ਆਰ. ਦਰਜ ਕਰਕੇ ਉਸ ਨੂੰ ਫਾਈਲਾਂ ਵਿਚ ਦਬਾਅ ਦਿੱਤਾ ਜਦਕਿ ਮਰਨ ਵਾਲਿਆਂ ਵਿਚ ਕਰਨਲ, ਮੇਜਰ, ਕੈਪਟਨ, ਫਲਾਈਟ ਲੇਫ਼., ਮਾਸਟਰ ਵਾਰੰਟ ਅਫ਼ਸਰ ਵਰਗੇ ਅਧਿਕਾਰੀ ਸ਼ਾਮਲ ਸਨ।

# ਸਹਿਜਧਾਰੀ ਦਿੱਲੀ 'ਚ ਅਕਾਲੀ ਦਲ ਖ਼ਿਲਾਫ਼ ਡਟੇ

**ਅੰਮ੍ਰਿਤਸਰ:** ਸਹਿਜਧਾਰੀ ਸਿੱਖ ਫੈਡਰੇਸ਼ਨ ਤੋਂ ਸਹਿਜਧਾਰੀ ਸਿੱਖ ਪਾਰਟੀ ਬਣੀ ਜਥੇਬੰਦੀ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਥੇਬੰਦੀ ਦੇ ਪ੍ਰਧਾਨ ਡਾ. ਪੀ.ਐਸ. ਰਾਣੂੰ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਪਾਰਟੀ ਦੇ ਨਵੇਂ ਨਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਡਾ. ਰਾਣੂੰ ਨੇ ਆਖਿਆ ਕਿ ਆਰ.ਐਸ.ਐਸ. ਤੇ ਭਾਜਪਾ ਦੀ ਮੱਦਦ ਨਾਲ ਸੱਤਾ ਵਿਚ ਆਏ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਵਿਖੇ ਗੁਰਦੁਆਰਾ ਚੋਣਾਂ ਲੜ ਰਹੇ ਉਮੀਦਵਾਰਾਂ ਦਾ ਪਾਰਟੀ ਵੱਲੋਂ ਵਿਰੋਧ ਕੀਤਾ ਜਾਵੇਗਾ। ਇਸ ਬਾਰੇ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਗੁਰਪਾਲ ਸਿੰਘ ਸਿੱਧੂ ਦੀ ਅਗਵਾਈ ਹੇਠ ਬਣਾਈ ਗਈ ਹੈ ਜੋ ਜਲਦੀ ਹੀ ਦਿੱਲੀ ਚੋਣਾਂ ਦਾ ਜਾਇਜ਼ਾ ਲੈਣ ਜਾਵੇਗੀ। ਇਹ ਕਮੇਟੀ ਹਲਕਿਆਂ ਅਨੁਸਾਰ ਉਮੀਦਵਾਰਾਂ ਦੀ ਸੂਚੀ ਤਿਆਰ ਕਰੇਗੀ ਤੇ ਚੰਗੇ ਉਮੀਦਵਾਰਾਂ ਦੇ ਸਮਰਥਨ ਵਿਚ ਪਾਰਟੀ ਵੱਲੋਂ ਪ੍ਰਚਾਰ ਵੀ ਕੀਤਾ ਜਾਵੇਗਾ।



ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਚੋਣਾਂ ਵਿਚ ਸਹਿਜਧਾਰੀ ਸਿੱਖ ਪਾਰਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਵਿਚ ਵੰਡ ਪਾ ਰਹੀ ਹੈ ਜਿਸਦੇ ਸਿੱਟੇ ਵਜੋਂ ਸਹਿਜਧਾਰੀ ਸਿੱਖਾਂ ਨੂੰ ਗੁਰਦੁਆਰਾ ਚੋਣਾਂ ਵਿਚ ਵੋਟਾਂ ਪਾਉਣ ਤੋਂ ਰੋਕਣ ਦਾ ਯਤਨ ਕੀਤਾ ਗਿਆ। ਇਸੇ ਲਈ ਉਨ੍ਹਾਂ ਦੀ ਪਾਰਟੀ ਦਿੱਲੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਵਿਰੋਧ ਕਰੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਵਿਚ ਸੁਪਰੀਮ ਕੋਰਟ ਵਿਖੇ ਚੱਲ ਰਹੇ ਕੇਸ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਕੇਸ ਲਈ ਬਹਿਸ ਵਾਸਤੇ 28 ਜਨਵਰੀ ਦੀ ਤਾਰੀਖ਼ ਤੈਅ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕੇਸ ਵਿਚ ਸਹਿਜਧਾਰੀ ਸਿੱਖ ਪਾਰਟੀ ਦਾ ਪੱਲੜਾ ਭਾਰੀ ਹੈ। ਉਨ੍ਹਾਂ ਵੱਲੋਂ ਦਾਇਰ ਕੀਤੀ ਪਟੀਸ਼ਨ ਦੇ ਆਧਾਰ 'ਤੇ ਹੀ ਅਦਾਲਤ ਨੇ 2011 ਵਿਚ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੇ ਮੈਂਬਰਾਂ ਲਈ ਹੋਈਆਂ ਚੋਣਾਂ ਨੂੰ ਹੁਣ ਤੱਕ ਮਾਨਤਾ ਨਹੀਂ ਦਿੱਤੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਮੰਤਵ ਸਹਿਜਧਾਰੀ ਸਿੱਖਾਂ ਨੂੰ ਵੋਟਾਂ ਦਾ ਹੱਕ ਲੈ ਕੇ ਦੇਣਾ ਹੈ ਤਾਂ ਜੋ ਗੁਰਦੁਆਰਾ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਗੁਰਦੁਆਰਾ ਚੋਣਾਂ ਵਿਚ ਹਿੱਸਾ ਲੈਣ ਬਾਰੇ ਉਨ੍ਹਾਂ ਆਖਿਆ ਕਿ ਗੁਰਦੁਆਰਾ ਪ੍ਰਬੰਧ ਦੀਆਂ ਚੋਣਾਂ ਵਿਚ ਸਿਰਫ ਅੰਮ੍ਰਿਤਧਾਰੀ ਵਿਅਕਤੀ ਮੈਂਬਰ ਬਣ ਸਕਦੇ ਹਨ, ਇਸ ਲਈ ਉਨ੍ਹਾਂ ਦੀ ਪਾਰਟੀ ਗੁਰਦੁਆਰਾ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ ਪਰ 2014 ਵਿਚ ਆ ਰਹੀਆਂ ਸੰਸਦੀ ਚੋਣਾਂ ਮੌਕੇ ਉਨ੍ਹਾਂ ਦੀ ਪਾਰਟੀ ਵੀ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇਗੀ।

# ਹਵਾਰਾ ਅਤੇ ਭਿਉਰਾ ਨੂੰ ਘਰ ਦਾ ਖਾਣਾ ਤੇ ਕੱਪੜੇ ਦੇਣ ਦੀ ਇਜਾਜ਼ਤ

ਚੰਡੀਗੜ੍ਹ: ਅਦਾਲਤ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਨੂੰ ਘਰ ਦੀ ਤਿਆਰ ਰੋਟੀ ਖਾਣ ਤੇ ਕੱਪੜੇ ਪਹਿਨਣ ਦੀ ਆਗਿਆ ਦੇ ਦਿੱਤੀ ਹੈ। ਚੰਡੀਗੜ੍ਹ ਦੇ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਰਜਨੀਸ਼ ਕੁਮਾਰ ਸ਼ਰਮਾ ਦੇ ਹੁਕਮਾਂ 'ਤੇ ਪਰਿਵਾਰ ਵੱਲੋਂ ਭੋਜਨ ਤੇ ਵਸਤਰ ਪੁਲਿਸ ਹਵਾਲੇ ਕਰ ਦਿੱਤੇ ਗਏ। ਦੋਵੇਂ ਮੁਲਜ਼ਮਾਂ ਨੂੰ ਤਿਹਾੜ ਜੇਲ੍ਹ ਦਿੱਲੀ ਤੋਂ ਲਿਆ ਕੇ ਚੰਡੀਗੜ੍ਹ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਅਦਾਲਤ ਨੇ ਮੁਲਜ਼ਮਾਂ ਦੇ ਪਰਿਵਾਰਾਂ ਵੱਲੋਂ ਦਿੱਤੀ ਸਾਂਝੀ ਅਰਜ਼ੀ 'ਤੇ ਸੁਣਾਏ ਫੈਸਲੇ ਵਿਚ ਕਿਹਾ ਕਿ ਕੱਪੜੇ ਦਿੱਲੀ ਪੁਲਿਸ ਰਾਹੀਂ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਦਿੱਤੇ ਜਾਣ ਜਦੋਂਕਿ ਖਾਣਾ ਦਿੱਲੀ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਅਦਾਲਤ ਦੇ ਹੁਕਮਾਂ ਵਿਚ ਮੁਲਜ਼ਮਾਂ ਨੂੰ ਖਾਣਾ ਦੇਣ ਤੋਂ ਪਹਿਲਾਂ ਇਸ ਨੂੰ ਨਮੂਨੇ ਦੇ ਤੌਰ 'ਤੇ ਪਰਿਵਾਰ ਦੇ ਮੈਂਬਰਾਂ ਤੇ ਪੁਲਿਸ ਦੇ ਸੀਨੀਅਰ ਅਧਿਕਾਰੀ ਨੂੰ ਚੱਖ਼ ਕੇ ਦੇਖਣ ਲਈ ਵੀ ਕਿਹਾ ਗਿਆ ਹੈ। ਪਰਿਵਾਰ ਦੇ ਮੈਂਬਰਾਂ ਵੱਲੋਂ ਪੁਲਿਸ ਦੀ ਮੌਜੂਦਗੀ ਵਿਚ ਦੋਵੇਂ ਚੀਜ਼ਾਂ ਮੁਲਜ਼ਮਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ।



ਅਦਾਲਤ ਦੀ ਸੁਣਵਾਈ ਦੌਰਾਨ ਕੇਸ ਨਾਲ ਸਬੰਧਤ ਦੋ ਗਵਾਹਾਂ ਵਿਨੋਦ ਤੇ ਰਾਮ ਮੇਹਰ ਦੇ ਬਿਆਨ ਲਏ ਗਏ। ਦੋਵੇਂ ਗਵਾਹ ਮਾਡਲ ਜੇਲ੍ਹ ਬੁੜੈਲ ਦੇ ਮੁਲਾਜ਼ਮ ਹਨ ਤੇ ਇਹ ਮੁਲਜ਼ਮਾਂ ਦੀ ਬੈਰਕ ਵਿਚ ਵਾਰਡਰ ਦੇ ਤੌਰ 'ਤੇ ਕੰਮ ਕਰਦੇ ਰਹੇ ਹਨ। ਦੋਹਾਂ ਗਵਾਹਾਂ ਨੇ ਅਦਾਲਤ ਨੂੰ ਦੱਸਿਆ ਕਿ ਦੋਵੇਂ ਮੁਲਜ਼ਮ ਜਦੋਂ ਬੁੜੈਲ ਜੇਲ੍ਹ ਵਿਚ ਸਨ ਤਾਂ ਉਨ੍ਹਾਂ ਦੀ ਬੈਰਕ ਵਿਚੋਂ ਉੱਚੀ-ਉੱਚੀ ਟੀਵੀ ਚੱਲਣ ਤੇ ਪਾਣੀ ਵਗਣ ਦਾ ਖੜਾਕ ਸੁਣਦਾ ਸੀ ਤੇ ਉਨ੍ਹਾਂ ਇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦਿੱਤੀ ਸੀ।

ਬਚਾਅ ਪੱਖ ਦੇ ਵਕੀਲ ਵੱਲੋਂ ਪੁੱਛੇ ਸੁਆਲ ਦੇ ਜੁਆਬ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਮੁਲਜ਼ਮਾਂ ਦੀ ਬੈਰਕ ਦੀਆਂ ਤਾਕੀਆਂ ਅੱਗੇ ਪਰਦੇ ਲੱਗੇ ਹੋਏ ਹੁੰਦੇ ਸਨ। ਇਹ ਪਰਦੇ ਜੇਲ੍ਹ ਪ੍ਰਸ਼ਾਸਨ ਵੱਲੋਂ ਸਪਲਾਈ ਨਹੀਂ ਕੀਤੇ ਗਏ ਸਨ। ਸਗੋਂ ਉਨ੍ਹਾਂ ਆਪਣੇ ਉਤੇ ਲੈਣ ਵਾਲੇ ਕੰਬਲਾਂ ਨੂੰ ਟੰਗ-ਟੰਗ ਕੇ ਪਰਦਿਆਂ ਦਾ ਕੰਮ ਲਿਆ ਸੀ। ਉਨ੍ਹਾਂ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਹ ਮੁਲਜ਼ਮਾਂ ਦੇ ਬੈਰਕ ਦੀ ਰਿਪੋਰਟ ਅਧਿਕਾਰੀਆਂ ਨੂੰ ਜ਼ੁਬਾਨੀ ਕਲਾਮੀ ਦਿੰਦੇ ਰਹੇ ਹਨ ਤੇ ਕਦੇ ਵੀ ਕਾਰਵਾਈ ਰਿਪੋਰਟ ਵਿਚ ਲਿਖਤੀ ਤੌਰ 'ਤੇ ਦਰਜ ਨਹੀਂ ਕੀਤੀ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਦੋਵੇਂ ਮੁਲਜ਼ਮ ਬੈਰਕ ਨੰਬਰ ਸੱਤ ਵਿਚ ਰਿਹਾ ਕਰਦੇ ਸਨ।

ਦੋ ਗਵਾਹਾਂ ਸਮੇਤ ਹੁਣ ਤਕ ਕੇਸ ਨਾਲ ਸਬੰਧਤ ਕੁੱਲ 34 ਗਵਾਹਾਂ ਦੇ ਬਿਆਨ ਕਲਮਬੰਦ ਹੋ ਚੁੱਕੇ ਹਨ। ਭਾਈ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਨੂੰ ਮਾਡਲ ਜੇਲ੍ਹ ਬੁੜੈਲ ਜੇਲ੍ਹ ਬਰੇਕ ਕੇਸ ਵਿਚ ਪੇਸ਼ ਕੀਤਾ ਗਿਆ। ਦੋਵੇਂ ਮੁਲਜ਼ਮ ਇਕ ਹੋਰ ਸਾਥੀ ਜਗਤਾਰ ਸਿੰਘ ਤਾਰਾ ਸਮੇਤ 20 ਜਨਵਰੀ, 2003 ਦੀ ਰਾਤ ਨੂੰ ਜੇਲ੍ਹ ਵਿਚੋਂ ਇਕ ਸੁਰੰਗ ਰਾਹੀਂ ਭੱਜਣ ਵਿਚ ਸਫ਼ਲ ਹੋ ਗਏ ਸਨ। ਬਾਅਦ ਵਿਚ ਹਵਾਰਾ ਤੇ ਭਿਉਰਾ ਪੁਲਿਸ ਦੇ ਹੱਥ ਆ ਗਏ ਜਦੋਂਕਿ ਤਾਰਾ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਬਾਹਰ ਹੈ।

ਦੋਵੇਂ ਮੁਲਜ਼ਮ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਹਨ ਤੇ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਬੇਅੰਤ ਕੇਸ ਨਾਲ ਸਬੰਧਤ ਦੋਸ਼ੀਆਂ ਨੂੰ ਕੁਝ ਸਾਲ ਪਹਿਲਾਂ ਮਾਡਲ ਜੇਲ੍ਹ ਬੁੜੈਲ ਵਿਚੋਂ ਤਬਦੀਲ ਕਰ ਦਿੱਤਾ ਗਿਆ ਹੈ। ਭਾਈ ਬਲਵੰਤ ਸਿੰਘ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਹਨ ਜਦੋਂਕਿ ਭਾਈ ਹਵਾਰਾ ਤੇ ਭਿਉਰਾ ਤਿਹਾੜ ਜੇਲ੍ਹ ਦਿੱਲੀ ਵਿਚ ਸਜ਼ਾ ਕੱਟ ਰਹੇ ਹਨ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 22 ਅਪਰੈਲ ਤੈਅ ਕਰ ਦਿੱਤੀ ਹੈ।

# ਭਾਰਤੀ ਜਾਇਦਾਦ ਦੇ ਮਸਲਿਆਂ ਦੇ ਹੱਲ ਲਈ ਫਰਿਜ਼ਨੋ 'ਚ ਲੀਗਲ ਸੇਵਾ ਦਫਤਰ ਖੁੱਲ੍ਹਿਆ

**ਫਰਿਜ਼ਨੋ (ਬਿਊਰੋ):** ਪਰਵਾਸੀ ਭਾਰਤੀਆਂ ਦੀਆਂ ਆਪਣੀ ਜੱਦੀ ਜਾਇਦਾਦ ਨੂੰ ਲੈ ਕੇ ਵੱਧ ਰਹੀਆਂ ਕਾਨੂੰਨੀ ਔਕੜਾਂ ਨੂੰ ਦੂਰ ਕਰਨ ਲਈ ਕਾਨੂੰਨੀ ਸੇਵਾਵਾਂ ਮੁਹੱਈਆ ਕਰਨ ਲਈ ਪਾਲ ਸਿੰਘ ਧਾਲੀਵਾਲ ਅਤੇ ਰਣਜੀਤ ਸਿੰਘ ਗਿੱਲ ਨੇ ਐਨ ਆਰ ਆਈ ਲੀਗਲ ਸਰਵਿਸਜ਼ ਦਫਤਰ ਖੋਲ੍ਹਿਆ ਹੈ।

ਇਸ ਸਬੰਧੀ ਹੋਏ ਸਮਾਗਮ ਦੇ ਅਰੰਭ ਵਿਚ ਗ੍ਰੰਥੀ ਸਿੰਘ ਭਾਈ ਰਣਜੀਤ ਸਿੰਘ ਵਲੋਂ ਅਰਦਾਸ ਕੀਤੀ ਗਈ। ਰਣਜੀਤ ਸਿੰਘ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਉਪਰੰਤ ਪਾਲ ਸਿੰਘ ਧਾਲੀਵਾਲ ਨੇ ਆਪਣੀ ਫਰਮ ਦੀਆਂ ਸੇਵਾਵਾਂ ਬਾਰੇ ਦੱਸਿਆ ਕਿ ਉਨ੍ਹਾਂ ਕੋਲ ਭਾਰਤ ਵਿਚ 300 ਵਕੀਲਾਂ ਦੀ ਟੀਮ ਹੈ ਜੋ ਵੀਡਿਓ ਕਾਨਫਰੰਸ ਰਾਹੀਂ ਲੋੜਵੰਦਾਂ ਨਾਲ ਗੱਲਬਾਤ ਕਰ ਸਕਦੀ ਹੈ। ਸੋ ਆਪਣੇ ਕੇਸਾਂ ਦੀ ਪੈਰਵੀ ਲਈ ਭਾਰਤ ਜਾਣ ਦੀ ਲੋੜ ਨਹੀਂ ਪਵੇਗੀ। ਇੱਥੇ ਬੈਠਿਆਂ ਹੀ ਇਸ ਦਫਤਰ ਰਾਹੀਂ ਜਮੀਨ ਦੇ ਦਸਤਾਵੇਜ਼, ਇੰਤਕਾਲ, ਤਕਸੀਮ, ਕਿਰਾਏਦਾਰਾ ਦਾ ਮਸਲਾ, ਵਸੀਅਤਨਾਮਾ, ਪੀ.ਓ.ਏ., ਗੈਰਕਾਨੂੰਨੀ ਸੇਲ, ਜਮੀਨ ਦਾ ਇੰਤਕਾਲ ਤੇ ਕਬਜ਼ਾ ਆਦਿ ਸਮੱਸਿਆਵਾਂ ਦਾ ਹੱਲ ਹੋ ਸਕੇਗਾ।



ਇਸ ਸਮੇਂ ਬੋਲਦਿਆਂ ਸ. ਪ੍ਰਤਾਪ ਸਿੰਘ ਤਰਨਤਾਰਨ ਨੇ ਭਾਰਤ ਦੀ ਘਟੀਆ ਸਿਆਸਤ ਅਤੇ ਅਫਸਰਸ਼ਾਹੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਜਿਹੇ ਕਈ ਮਸਲਿਆਂ ਕਰਕੇ ਹੀ ਕਈ ਪਰਿਵਾਰ ਭਾਰਤ ਜਾਣ ਤੋਂ ਡਰਦੇ ਹਨ। ਸ. ਸਾਧੂ ਸਿੰਘ ਸੰਘਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਹਿਲੇਰੀ ਕਲਿੰਟਨ ਹੁਣ ਤੰਦਰੁਸਤ

**ਵਾਸ਼ਿੰਗਟਨ:** ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਨਿਊ ਯਾਰਕ ਹਸਪਤਾਲ ਵਿਚੋਂ ਛੁੱਟੀ ਮਿਲ ਗਈ ਹੈ ਜਿਥੇ ਉਨ੍ਹਾਂ ਨੂੰ ਲੰਘੇ ਦਿਨ ਦਿਮਾਗ ਦੀ ਨਾੜੀ ਵਿਚ ਖੂਨ ਦਾ ਗਤਲਾ ਆ ਜਾਣ ਕਾਰਨ ਦਾਖਲ ਕਰਵਾਇਆ ਗਿਆ ਸੀ। 65 ਸਾਲਾ ਹਿਲੇਰੀ ਸੱਤ ਦਸੰਬਰ ਤੋਂ ਬਿਮਾਰ ਸਨ। ਉਹ ਪਿਛਲੇ ਮਹੀਨੇ ਘਰ ਵਿਚ ਅਚਾਨਕ ਡਿੱਗ ਪਏ ਸਨ। ਡਾਕਟਰਾਂ ਦਾ ਕਹਿਣਾ ਹੈ ਕਿ ਉਹ ਹੁਣ ਪੂਰੀ ਤਰ੍ਹਾਂ ਤੰਦਰੁਸਤ ਹਨ ਤੇ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ ਹੈ।

















ਅਜੀਤ ਸਿੰਘ ਗਿੱਲ ਦਾ ਸਨਮਾਨ ਕਰਦੇ ਹੋਏ ਹੈਰੀ ਗਿੱਲ, ਹਰਪ੍ਰੀਤ ਸਿੱਧੂ, ਵਿਕਰਮ ਵੋਹਰਾ ਅਤੇ ਨਾਲ ਹੋਰ ਅਹੁਦੇਦਾਰ

# ਅਜੀਤ ਸਿੰਘ ਗਿੱਲ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਪੰਜਾਬ ਵਿਚ ਪਿਛਲੇ ਦਿਨੀਂ ਹੋਏ ਤੀਜੇ ਵਿਸ਼ਵ ਕਬੱਡੀ ਕੱਪ 'ਚ ਹਿੱਸਾ ਲੈਣ ਵਾਲੀ ਅਮਰੀਕਾ ਦੀ ਕਬੱਡੀ ਟੀਮ ਦੇ ਡਾਇਮੰਡ ਸਪਾਂਸਰ ਅਤੇ ਉਘੇ ਸਮਾਜ ਸੇਵੀ ਅਜੀਤ ਸਿੰਘ ਗਿੱਲ ਦਾ ਪੰਜਾਬ ਐਂਟਰਟੇਨਮੈਂਟ ਐਂਡ ਸਪੋਰਟਸ ਕਲੱਬ ਯੂ.ਐਸ.ਏ. ਅਤੇ ਸ਼੍ਰੋਮਣੀ ਯੂਥ ਅਕਾਲੀ ਦਲ-ਕੈਲੀਫੋਰਨੀਆ ਵਲੋਂ ਵਿਸ਼ੇਸ਼ ਸਨਮਾਨ ਕੀਤਾ। ਇਸ ਸਨਮਾਨ ਸਮਾਗਮ 'ਚ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਚੇਅਰਮੈਨ ਹੈਰੀ ਗਿੱਲ, ਇਸ ਦੀ ਕੈਲੀਫੋਰਨੀਆ ਇਕਾਈ ਦੇ ਚੇਅਰਮੈਨ ਹਰਪ੍ਰੀਤ ਸਿੰਘ ਸਿੱਧੂ, ਯੂਥ ਅਕਾਲੀ ਦਲ ਇਕਾਈ ਦੇ ਮੀਤ ਪ੍ਰਧਾਨ ਵਿਕਰਮ ਵੋਹਰਾ, ਜਨਰਲ ਸਕੱਤਰ ਟੋਨੀ ਗਿੱਲ, ਅਵਤਾਰ ਸਿੰਘ ਗਿੱਲ, ਪੁਨੀਤ ਅਰੋੜਾ, ਚਰਨਜੀਤ ਮਾਂਗਟ, ਰਾਜਪਾਲ ਗਿੱਲ ਅਤੇ ਅੰਮ੍ਰਿਤਪਾਲ ਸੰਧੂ ਸ਼ਾਮਲ ਹੋਏ। ਅਜੀਤ ਸਿੰਘ ਗਿੱਲ ਦਾ ਸਿਰੋਪਾਓ ਅਤੇ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

ਪੰਜਾਬ ਐਂਟਰਟੇਨਮੈਂਟ ਐਂਡ ਸਪੋਰਟਸ ਕਲੱਬ ਯੂਐਸਏ ਦੇ ਪ੍ਰਧਾਨ ਅਤੇ ਸ਼੍ਰੋਮਣੀ ਯੂਥ ਅਕਾਲੀ ਦਲ ਕੈਲੀਫੋਰਨੀਆ ਦੇ ਸੀਨੀਅਰ ਮੀਤ ਪ੍ਰਧਾਨ ਵਿਨੈ ਵੋਹਰਾ ਨੇ ਵੀ ਅਜੀਤ ਸਿੰਘ ਗਿੱਲ ਨੂੰ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਅਜੀਤ ਸਿੰਘ ਗਿੱਲ ਨੇ ਇਸ ਸਨਮਾਨ ਲਈ ਧੰਨਵਾਦ ਕੀਤਾ ਅਤੇ ਪੰਜਾਬ ਐਂਟਰਟੇਨਮੈਂਟ ਐਂਡ ਸਪੋਰਟਸ ਕਲੱਬ ਯੂ.ਐਸ.ਏ. ਅਤੇ ਯੂਥ ਅਕਾਲੀ ਦਲ ਨੂੰ ਮੁਬਾਰਕਵਾਦ ਦਿੱਤੀ ਜਿਨ੍ਹਾਂ ਨੇ ਅਮਰੀਕਾ ਦੀ ਨੌਜਵਾਨੀ ਨੂੰ ਚੰਗੇ ਰਾਹੇ ਲਾਉਣ ਲਈ ਇਹੋ ਜਿਹੇ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਿਸ਼ਵ ਕਬੱਡੀ ਕੱਪ 'ਚ ਜਿਨ੍ਹਾਂ ਨੌਜਵਾਨਾਂ ਨੇ ਹਿੱਸਾ ਲਿਆ, ਆਉਣ ਵਾਲੇ ਸਮੇਂ 'ਚ ਉਹ ਵਧੀਆ ਖਿਡਾਰੀ ਬਣ ਕੇ ਉਭਰਨਗੇ। ਸ. ਗਿੱਲ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮੁਬਾਰਕਵਾਦ ਦਿੱਤੀ ਜਿਨ੍ਹਾਂ ਨੇ ਕੋਡੀਆਂ ਦੀ ਖੇਡ ਕਬੱਡੀ ਨੂੰ ਕਰੋੜਾਂ ਦੀ ਖੇਡ ਬਣਾਇਆ ਹੈ। ਇਸ ਲਈ ਅਸੀਂ ਸਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੇ ਧੰਨਵਾਦੀ ਹਾਂ।

# ਬੇ-ਏਰੀਆ ਸਿੱਖ ਅਲਾਇੰਸ ਪ੍ਰੋ. ਧੂੰਦਾ ਦੇ ਹੱਕ 'ਚ ਨਿੱਤਰਿਆ

**ਫਰੀਮਾਂਟ (ਬਿਊਰੋ):** ਸਿੱਖ ਪ੍ਰਚਾਰਕ ਪ੍ਰੋ. ਸਰਬਜੀਤ ਧੂੰਦਾ ਦੇ ਅਮਰੀਕਾ ਦੌਰੇ ਨੂੰ ਲੈ ਕੇ ਵੱਖ ਵੱਖ ਧਿਰਾਂ ਵਿਚ ਖਿੱਚੋਤਾਣ ਜਾਰੀ ਹੈ। ਜਿਥੇ ਲਾਸ ਏਂਜਲਸ ਦੇ ਕੁਝ ਗੁਰੂ ਘਰਾਂ ਵਿਚ ਉਨ੍ਹਾਂ ਦਾ ਵਿਰੋਧ ਕੀਤਾ ਗਿਆ, ਉਥੇ ਹੀ ਉਨ੍ਹਾਂ ਦੇ ਹੱਕ ਵਿਚ ਵੀ ਕਈ ਜਥੇਬੰਦੀਆਂ ਖੜ੍ਹ ਗਈਆਂ ਹਨ। ਪਿਛਲੇ ਸਾਲ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਨੂੰ ਲੈ ਕੇ ਹੋਂਦ ਵਿਚ ਆਈ ਜਥੇਬੰਦੀ ਬੇ-ਏਰੀਆ ਸਿੱਖ ਅਲਾਇੰਸ ਦੇ ਸੱਦੇ ਉਤੇ ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਗਦਰ ਮੈਮੋਰੀਅਲ ਸੰਸਥਾ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਅਤੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੀ ਇਥੇ ਹੋਈ ਇਕ ਸਾਂਝੀ ਮੀਟਿੰਗ ਵਿਚ ਇਹ ਵਿਚਾਰ ਪ੍ਰਗਟ ਕੀਤਾ ਗਿਆ ਕਿ ਪ੍ਰੋ. ਧੂੰਦਾ ਦਾ ਪ੍ਰਚਾਰ ਦਾ ਢੰਗ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੇ ਅਨੁਕੂਲ ਹੈ ਅਤੇ ਉਹ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਅਕਾਲ ਤਖਤ ਦੀ ਰਹਿਨੁਮਾਈ ਹੇਠ ਪ੍ਰਚਾਰ ਕਰ ਰਹੇ ਹਨ। ਮੀਟਿੰਗ ਦੌਰਾਨ ਇਸ ਗੱਲ 'ਤੇ ਸਹਿਮਤੀ ਰਹੀ ਕਿ ਪ੍ਰੋ. ਧੂੰਦਾ ਦਾ ਵਿਰੋਧ ਉਹ ਲੋਕ ਕਰ ਰਹੇ ਹਨ ਜਿਨ੍ਹਾਂ ਖੁਦ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਆਪਣੇ ਜੀਵਨ 'ਚ ਕਦੇ ਪੜ੍ਹੀ ਤੇ ਵਿਚਾਰੀ ਹੀ ਨਹੀਂ।

ਮੀਟਿੰਗ ਦੌਰਾਨ ਉਨ੍ਹਾਂ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਪ੍ਰੋ. ਧੂੰਦਾ ਦੇ ਪ੍ਰੋਗਰਾਮ ਉਲੀਕ ਕੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਤੋਂ ਮੁਨਕਰ ਪ੍ਰਚਾਰਕਾਂ ਨੂੰ ਭਾਜੜਾਂ ਪੁਆ ਦਿੱਤੀਆਂ ਹਨ। ਉਨ੍ਹਾਂ ਸੰਗਤਾਂ ਦਾ ਵੀ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਪ੍ਰੋ. ਧੂੰਦਾ ਦੇ ਪ੍ਰੋਗਰਾਮ ਕਰਾਉਣ ਵਾਲੀਆਂ ਗੁਰੂ ਘਰਾਂ ਦੀਆਂ ਕਮੇਟੀਆਂ ਦਾ ਡਟ ਕੇ ਸਾਥ ਦਿੱਤਾ।




ਮੀਟਿੰਗ ਵਿਚ ਇਹ ਵੀ ਵਿਚਾਰ ਪ੍ਰਗਟਾਇਆ ਗਿਆ ਕਿ ਜਿਹੜੇ ਗੁਰੂ ਘਰਾਂ ਨੇ ਪਹਿਲਾਂ ਹੀ ਉਲੀਕੇ ਹੋਏ ਪ੍ਰੋਗਰਾਮਾਂ 'ਚ ਸਮੇਂ ਦੀ ਘਾਟ ਕਾਰਨ ਪ੍ਰੋ. ਧੂੰਦਾ ਨੂੰ ਸਮਾਂ ਦੇਣ ਤੋਂ ਅਸਮਰਥਾ ਪ੍ਰਗਟਾਈ ਹੈ, ਉਨ੍ਹਾਂ ਨੂੰ ਪ੍ਰੋ. ਧੂੰਦਾ ਦੇ ਵਿਰੋਧੀ ਨਹੀਂ ਸਮਝਿਆ ਜਾ ਸਕਦਾ। ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਗਿਆ ਕਿ ਕੁੱਝ ਲੋਕ ਆਪਣੀ ਸੌੜੀ ਸੋਚ ਮੁਤਾਬਿਕ ਉਨ੍ਹਾਂ ਨੂੰ ਵੀ ਵਿਰੋਧੀ ਸਿੱਧ ਕਰਨ 'ਚ ਲਗੇ ਹੋਏ ਹਨ। ਸਮੂਹ ਪੰਥਕ ਹਿਤੈਸ਼ੀਆਂ ਨੂੰ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੇ ਮੁਦਈ ਬਣ ਕੇ ਵੱਧ ਤੋਂ ਵੱਧ ਪ੍ਰੋ. ਸਰਬਜੀਤ ਸਿੰਘ ਧੂੰਦਾ ਨੂੰ ਸੁਣਨ ਲਈ ਪਹੁੰਚ ਦੀ ਅਪੀਲ ਕੀਤੀ ਗਈ।

ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਅਵਤਾਰ ਸਿੰਘ ਧਾਮੀ, ਸੁਦੇਸ਼ ਸਿੰਘ ਅਟਵਾਲ, ਜਸਵੀਰ ਸਿੰਘ ਤੱਖਰ, ਪਰਮਜੀਤ ਸਿੰਘ ਦਾਖਾ, ਅਮਰਜੀਤ ਸਿੰਘ ਸਿੱਧੂ, ਤਾਰਾ ਸਿੰਘ ਗਿੱਲ, ਸੁਰਿੰਦਰ ਸਿੰਘ, ਪਰਮਿੰਦਰ ਸਿੰਘ ਗਿੱਲ, ਸਤਪਾਲ ਸਿੰਘ ਮਡਾਰ ਅਤੇ ਤੇਜਪਾਲ ਸਿੰਘ ਨੇ ਕਿਹਾ ਕਿ ਪਹਿਲਾਂ ਫਰੀਮਾਂਟ ਗੁਰੂ ਘਰ ਦੇ ਪ੍ਰਬੰਧਕਾਂ ਨੇ ਪ੍ਰੋ. ਧੂੰਦਾ ਦੇ ਪ੍ਰੋਗਰਾਮ ਉਲੀਕੇ ਪਰ ਫਿਰ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੇ ਵਿਰੋਧੀਆਂ ਅਗੇ ਝੁੱਕਦਿਆਂ ਇਹ ਪ੍ਰੋਗਰਾਮ ਰੱਦ ਕਰ ਦਿੱਤੇ। ਫਰੀਮਾਂਟ ਗੁਰੂ ਘਰ ਦੇ ਪ੍ਰਬੰਧਕਾਂ ਦੇ ਇਸ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਅਕਾਲ ਤਖਤ ਤੋਂ ਪ੍ਰੋ. ਧੂੰਦਾ ਦੇ ਖਿਲਾਫ ਕੋਈ ਹੁਕਮਨਾਮਾ ਜਾਰੀ ਨਹੀਂ ਹੋਇਆ ਅਤੇ ਉਨ੍ਹਾਂ ਨੂੰ ਕਲੀਨ ਚਿਟ ਦੇ ਦਿੱਤੀ ਗਈ ਹੋਈ ਹੈ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇ ਬੇਏਰੀਆ ਸਿੱਖ ਅਲਾਇੰਸ ਫਰੀਮਾਂਟ ਗੁਰੂ ਘਰ ਦੇ ਮੌਜੂਦਾ ਪ੍ਰਬੰਧਕਾਂ ਦੀ ਅਖੌਤੀ ਏਕਤਾ ਅਗੇ ਸੀਨਾ ਤਾਣ ਕੇ ਨਾ ਖੜਦਾ ਤਾਂ ਇਨ੍ਹਾਂ ਨੇ ਚੋਣ ਸਿਸਟਮ ਬੰਦ ਕਰਵਾ ਕੇ ਪੰਥਕ ਸਿਧਾਂਤਾਂ ਦੀਆਂ ਧਜੀਆਂ ਉਡਾਉਣੀਆਂ ਸਨ।

## ਸ਼ਹਿਜ਼ਾਦੀ ਡਿਆਨਾ ਦੀ ਤਸਵੀਰ ਨਿਲਾਮ

**ਲੰਡਨ:** ਅਮਰੀਕਾ ਵਿਚ ਸ਼ਹਿਜ਼ਾਦੀ ਡਿਆਨਾ ਦੀ ਇਕ ਦੁਰਲੱਭ ਤਸਵੀਰ ਨਿਲਾਮ ਕੀਤੀ ਗਈ ਹੈ। ਪਹਿਲਾਂ ਕਦੇ ਵੀ ਪ੍ਰਕਾਸ਼ਤ ਨਾ ਹੋਈ ਇਸ ਤਸਵੀਰ ਵਿਚ ਡਿਆਨਾ ਅੱਲ੍ਹੜ ਉਮਰੇ ਇਕ ਨਾਮਾਲੂਮ ਵਿਅਕਤੀ ਦੇ ਕੋਲ ਖੜ੍ਹੀ ਨਜ਼ਰ ਆਉਂਦੀ ਹੈ।ਇਹ ਸਫੇਦ ਸਿਆਹ ਤਸਵੀਰ ਸ਼ਹਿਜ਼ਾਦਾ ਚਾਰਲਸ ਨਾਲ ਡਿਆਨਾ ਦੀ ਮੁਲਾਕਾਤ ਤੋਂ ਪਹਿਲਾਂ ਸਕੀਇੰਗ ਛੁੱਟੀਆਂ ਦੌਰਾਨ ਖਿੱਚੀ ਗਈ ਸੀ।

'ਡੇਲੀ ਮੇਲ' ਵਿਚ ਛਪੀ ਇਕ ਰਿਪੋਰਟ ਮੁਤਾਬਕ ਇਹ ਤਸਵੀਰ 1979-80 ਦੇ ਨੇੜੇ-ਤੇੜੇ ਖਿੱਚੀ ਗਈ ਜਾਪਦੀ ਹੈ ਜਦੋਂ ਡਿਆਨਾ 18-19 ਸਾਲ ਦੀ ਸੀ। ਇਸ ਵਿਚ ਉਹ ਆਪਣੇ ਇਕ ਪੁਰਸ਼ ਮਿੱਤਰ ਨਾਲ ਬਿਸਤਰ 'ਤੇ ਲੇਟੀ ਹੋਈ ਹੈ ਤੇ ਉਸ ਦਾ ਮਿੱਤਰ ਉਸ ਦੇ ਮੋਢੇ 'ਤੇ ਰੱਖ ਕੇ ਕਿਤਾਬ ਪੜ੍ਹਦਾ ਨਜ਼ਰ ਆਉਂਦਾ ਹੈ। ਉਨ੍ਹਾਂ ਦੇ ਪਿੱਛੇ ਖਿੜਕੀ ਦੀ ਕਾਨਸ 'ਤੇ ਵਿਸਕੀ ਦੀ ਬੋਤਲ ਪਈ ਨਜ਼ਰ ਆਉਂਦੀ ਹੈ। ਫੋਟੋਗ੍ਰਾਫਰ ਦੀ ਸ਼ਨਾਖ਼ਤ ਨਹੀਂ ਹੋ ਸਕੀ ਪਰ ਇਹ ਤਸਵੀਰ 26 ਫਰਵਰੀ, 1981 ਨੂੰ ਡੇਲੀ ਮਿਰਰ ਨੂੰ ਵੇਚੀ ਗਈ ਸੀ। ਇਸ ਤੋਂ ਦੋ ਦਿਨ ਪਹਿਲਾਂ ਡਿਆਨਾ ਦੀ ਵੇਲਜ਼ ਦੇ ਸ਼ਹਿਜ਼ਾਦੇ ਚਾਰਲਸ ਨਾਲ ਮੰਗਣੀ ਦਾ ਐਲਾਨ ਕੀਤਾ ਗਿਆ ਸੀ। ਕਈ ਸਾਲ ਇਹ ਅਖ਼ਬਾਰ ਦੇ ਪੁਰਾਲੇਖਾਂ ਵਿਚ ਹੀ ਪਈ ਰਹੀ ਤੇ ਕੁਝ ਸਾਲ ਪਹਿਲਾਂ ਇਕ ਪ੍ਰਾਈਵੇਟ ਆਰਕਾਈਵ ਕੈਰੇਨ ਨੇ ਇਹ ਤਸਵੀਰ ਖਰੀਦ ਲਈ ਸੀ ਜਿਸ ਦੀ ਹੁਣ ਨਿਊ ਹੈਂਪਸ਼ਾਇਰ ਵਿਚ ਨਿਲਾਮੀ ਕੀਤੀ ਗਈ ਹੈ।

## ਸ਼ਰਾਬੀ ਗੋਰੀਆਂ ਨੇ ਜਹਾਜ਼ ਉਤਰਵਾਇਆ

**ਲੰਡਨ:** ਸ਼ਰਾਬ ਨਾਲ ਰੱਜੀਆਂ ਦੋ ਅਧਖੜ ਉਮਰ ਦੀਆਂ ਗੋਰੀਆਂ ਨੇ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ ਨੂੰ ਹੰਗਾਮੀ ਹਾਲਤ ਵਿਚ ਉਤਰਨ ਲਈ ਮਜਬੂਰ ਕਰ ਦਿੱਤਾ। ਸੂਤਰਾਂ ਅਨੁਸਾਰ 50 ਤੇ 43 ਸਾਲ ਦੀਆਂ ਇਹ ਔਰਤਾਂ ਕਾਕਪਿਟ ਵਿਚ ਜਾਣ ਲਈ ਜ਼ਿੱਦ ਕਰਨ ਲੱਗੀਆਂ। ਇਹ ਦੋਵੇਂ ਸ਼ਰਾਬ ਨਾਲ ਰੱਜੀਆਂ ਹੋਈਆਂ ਸਨ।ਇਨ੍ਹਾਂ ਔਰਤਾਂ ਵੱਲੋਂ ਹੰਗਾਮਾ ਕਰਨ 'ਤੇ ਬੋਇੰਗ 737 ਉਡਾਣ ਨੂੰ ਫਰਾਂਸ ਦੇ ਸ਼ਹਿਰ ਲੇਓਨ ਵਿਚ ਉਤਾਰਨਾ ਪਿਆ।




# ਕੈਲੀਫੋਰਨੀਆ ਵਿਚ ਇੱਕ ਹੋਰ ਪੰਜਾਬੀ ਅਖਬਾਰ 'ਸਾਂਝੀ ਸੋਚ' ਸ਼ੁਰੂ

**ਮਾਡੈਸਟੋ, ਕੈਲੀਫੋਰਨੀਆ (ਬਿਊਰੋ):** ਕੈਲੀਫੋਰਨੀਆ ਤੋਂ ਨਿਕਲਦੇ ਪੰਜਾਬੀ ਅਖਬਾਰਾਂ ਦੇ ਪਰਿਵਾਰ ਵਿਚ ਉਦੋਂ ਹੋਰ ਵਾਧਾ ਹੋ ਗਿਆ ਜਦੋਂ ਪਿਛਲੇ ਹਫਤੇ ਮਾਡੈਸਟੋ ਤੋਂ ਇਕ ਨਵਾਂ ਪੰਜਾਬੀ ਹਫਤਾਵਾਰੀ ਅਖਬਾਰ 'ਸਾਂਝੀ ਸੋਚ' ਪ੍ਰਕਾਸ਼ਤ ਹੋਣਾ ਸ਼ੁਰੂ ਹੋ ਗਿਆ। ਜ਼ਿਕਰਯੋਗ ਹੈ ਕਿ ਇਸ ਸਮੇਂ ਕੈਲੀਫੋਰਨੀਆ ਤੋਂ ਕੋਈ 15 ਅਖਬਾਰ ਨਿਕਲਦੇ ਹਨ ਜਿਨ੍ਹਾਂ ਵਿਚ 9 ਹਫਤਾਵਾਰੀ ਹਨ। ਅਖਬਾਰ ਦਾ ਮਹੂਰਤ ਸੀਰੀਜ਼ ਸ਼ਹਿਰ ਦੇ ਇੰਡੀਅਨ ਸਵੀਟਸ ਰੈਸਟੋਰੈਂਟ ਵਿਚ ਇਕ ਸਮਾਗਮ ਦੌਰਾਨ ਕੀਤਾ ਗਿਆ ਜਿਸ ਵਿਚ ਮੀਡੀਆ ਨਾਲ ਸਬੰਧਤ ਲੋਕਾਂ ਤੋਂ ਇਲਾਵਾ ਕਈ ਬੁਧੀਜੀਵੀਆਂ ਅਤੇ ਲੇਖਕਾਂ ਨੇ ਸ਼ਿਰਕਤ ਕੀਤੀ। ਫਰਿਜ਼ਨੋ ਤੋਂ ਬਿਜਨਸਮੈਨ ਅਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਸ੍ਰੀ ਹੈਰੀ ਗਿੱਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

ਇਸ ਮੌਕੇ ਬੋਲਦਿਆਂ ਸ੍ਰੀ ਹੈਰੀ ਗਿੱਲ ਨੇ 'ਸਾਂਝੀ ਸੋਚ' ਨੂੰ ਸੱਚ ਦੇ ਰਾਹ 'ਤੇ ਚਲਣ ਅਤੇ ਪੰਜਾਬੀਅਤ ਦੀ ਸੇਵਾ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। 'ਸ਼ਾਂਝੀ ਸੋਚ' ਦੇ ਬਾਨੀ ਮਾਸਟਰ ਹਰਭਜਨ ਸਿੰਘ ਬਾਸੀ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਸੱਚੀ ਪੱਤਰਕਾਰੀ ਕਰਨਾ ਅਸਾਨ ਕੰਮ ਨਹੀਂ ਹੈ, ਫਿਰ ਵੀ ਅਸੀਂ ਸੱਚ ਦੇ ਨਾਲ ਖੜ੍ਹੇ ਹੋਣ ਦੀ ਕੋਸ਼ਿਸ਼ ਕਰਾਂਗੇ। ਮਲਕੀਤ ਸਿੰਘ ਸੰਧੂ, ਰਮਾ ਕਾਂਤ ਡਾਵਰ, ਉਘੇ ਗਾਇਕ ਦਵਿੰਦਰ ਪੰਮੀ ਅਤੇ ਨਮਸਤੇ ਯੂ ਐਸ ਏ ਦੇ ਮੈਨੇਜਿੰਗ ਡਾਇਰੈਕਟਰ ਜੀ ਪੀ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ 'ਸਾਂਝੀ ਸੋਚ' ਦੀ ਕਾਮਯਾਬੀ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਅਦਾਰਾ ਸਾਂਝੀ ਸੋਚ ਦੇ ਪਰੈਜ਼ੀਡੈਂਟ ਸ੍ਰੀ ਬੂਟਾ ਸਿੰਘ ਬਾਸੀ ਨੇ ਆਏ ਸੱਜਣਾਂ ਮਿਤਰਾਂ ਦਾ ਧੰਨਵਾਦ ਕਰਦਿਆਂ ਅਖਬਾਰ ਨੂੰ ਨਿਰਪੱਖ ਹੋ ਕੇ ਚਲਾਉਣ ਦਾ ਵਾਅਦਾ ਕੀਤਾ ਤੇ ਕਿਹਾ ਕਿ 'ਸਾਂਝੀ ਸੋਚ' ਅਖਬਾਰ ਕਿਸੇ ਇੱਕ ਧੜੇ ਜਾਂ ਪਾਰਟੀ ਨਾਲ ਸਬੰਧਤ ਨਾ ਹੋ ਕੇ ਪੰਜਾਬੀਆਂ ਦੀ ਸਾਂਝੀ ਸੋਚ ਨੂੰ ਨਾਲ ਲੈ ਕੇ ਚਲੇਗੀ। ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਭਾਰਤ ਤੋਂ 'ਸਾਂਝੀ ਸੋਚ' ਦੇ ਮਹੂਰਤ ਲਈ ਆਏ ਅਦਾਰੇ ਦੇ ਵਾਇਸ ਪ੍ਰੈਜ਼ੀਡੈਂਟ ਹਿਤੇਨ ਬੇਰੀ ਨੇ ਵੀ ਅਖਬਾਰ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਚਲਾਉਣ ਦੀ ਗੱਲ ਕਹੀ। ਸਮਾਗਮ ਦੇ ਸ਼ੁਰੂ ਵਿਚ ਜਗਤਾਰ ਜੱਗੀ ਨੇ ਅਦਾਰਾ 'ਸਾਂਝੀ ਸੋਚ' ਵਲੋਂ ਦਿੱਲੀ ਦੀ ਗੈਂਗਰੇਪ ਨਾਲ ਪੀੜਤ ਲੜਕੀ ਨੂੰ ਸ਼ਰਧਾਂਜਲੀ ਦੇ ਕੇ ਕੀਤੀ ਅਤੇ ਭਾਰਤ ਸਰਕਾਰ ਕੋਲੋ ਬਲਾਤਕਾਰੀਆਂ ਖਿਲਾਫ ਸਖਤ ਤੋਂ ਸਖਤ ਕਾਨੂੰਨ ਬਣਾਉਣ ਦੀ ਮੰਗ ਕੀਤੀ।




ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਜਨਸਮੈਨ ਅਵਤਾਰ ਸਿੰਘ ਗਿੱਲ, ਵਿਕਰਮ ਵੋਹਰਾ, ਗੁਰਮੀਤ ਸਿੰਘ ਮੰਡੇਰ, ਪ੍ਰੀਤਮ ਸਿੰਘ ਬਰਾੜ, ਪਿਆਰਾ ਸਿੰਘ ਬੜਿੰਗ, ਜਸਵੰਤ ਸਿੰਘ ਸਿੱਧੂ, ਹਰਵਿੰਦਰ ਸਿੰਘ ਸੋਹੀ, ਅਮ੍ਰਿਤ ਸਿੰਘ ਸੋਹੀ, ਇੰਦਰਜੀਤ ਸਿੰਘ ਲੱਕੀ, ਮਨਜਿੰਦਰ ਸਿੰਘ, ਹਰਦੀਪ ਸਿੰਘ, ਹਰਜੀਤ ਬਾਸੀ, ਲਖਬੀਰ ਬਾਸੀ, ਹਰਬੰਸ ਸਿੰਘ ਜੌਹਲ, ਰਵਿੰਦਰ ਸਿੰਘ ਢਿੱਲੋਂ, ਸੁਖਦੀਪ ਭੰਗੂ, ਬਲਜੀਵਨ ਕੁਮਾਰ ਅਤੇ ਕ੍ਰਿਸ਼ਨ ਬੱਬਰ ਹਾਜਰ ਸਨ।

# ਸ਼ਰਾਬ ਦੇ ਠੇਕਿਆਂ ਖ਼ਿਲਾਫ਼ ਆਵਾਜ਼ ਬੁਲੰਦ

**ਚੰਡੀਗੜ੍ਹ:** ਪੰਜਾਬ ਦੇ ਕਰ ਤੇ ਅਬਕਾਰੀ ਵਿਭਾਗ ਤੇ ਕਰੋੜਾਂ ਰੁਪਏ ਆਮਦਨ ਲੈਣ ਵਾਲੀ ਪੰਜਾਬ ਸਰਕਾਰ ਲਈ ਨਵਾਂ ਸਾਲ 2013-14 ਘਾਟੇ ਵਾਲਾ ਸੌਦਾ ਸਾਬਤ ਹੋ ਸਕਦਾ ਹੈ ਕਿਉਂਕਿ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਵਾਉਣ ਵਿਰੁੱਧ ਜਿੱਥੇ ਪੰਜਾਬ ਦੇ ਲੋਕਾਂ ਨੇ ਮੁਹਿੰਮ ਛੇੜੀ ਹੋਈ ਹੈ। ਉਥੇ ਹੀ ਕਈ ਕਾਨੂੰਨੀ ਕਮਜ਼ੋਰੀਆਂ ਕਾਰਨ ਮੁੱਖ ਸੜਕਾਂ 'ਤੇ ਬਣੇ ਠੇਕੇ ਵੀ ਨਵੀਂ ਐਕਸਾਈਜ਼ ਨੀਤੀ ਤਹਿਤ ਬੰਦ ਹੋ ਸਕਦੇ ਹਨ।

ਪੰਜਾਬ ਵਿਚ ਚਾਲੂ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਵਾਲੀਆਂ ਪੰਚਾਇਤਾਂ ਦੀ ਗਿਣਤੀ 150 ਤੋਂ ਵੀ ਉਪਰ ਪਹੁੰਚਣ ਦੀ ਉਮੀਦ ਹੈ ਜਿਸ ਵਿਚ ਸਭ ਤੋ ਵੱਧ ਗਿਣਤੀ ਸੰਗਰੂਰ ਜ਼ਿਲੇ ਦੀਆਂ ਪੰਚਾਇਤਾਂ ਦੀ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਰਾਜ ਤੇ ਰਾਸ਼ਟਰੀ ਮਾਰਗਾਂ 'ਤੇ ਖੋਲ੍ਹੇ ਜਾਂਦੇ ਜਾਇਜ਼ ਤੇ ਨਾਜਾਇਜ਼ ਸ਼ਰਾਬ ਦੇ ਠੇਕੇ ਵੀ ਬੰਦ ਹੋ ਸਕਦੇ ਹਨ। ਇਨ੍ਹਾਂ ਸਰਾਬ ਦੇ ਠੇਕਿਆਂ ਪ੍ਰਤੀ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਮੁੱਖ ਸੜਕਾਂ 'ਤੇ ਖੁੱਲ੍ਹੇ ਠੇਕੇ ਵਾਹਨਾਂ ਦੇ ਡਰਾਈਵਰਾਂ ਨੂੰ ਸਭ ਤੋਂ ਵਧ ਪ੍ਰਭਾਵਿਤ ਕਰਦੇ ਹਨ ਜਿਸ ਕਾਰਨ ਸੜਕ ਹਾਦਸਿਆਂ ਵਿਚ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਹੋਰ ਵੀ ਕਈ ਸੂਬਿਆਂ ਵਿਚ ਮੁੱਖ ਸੜਕਾਂ ਤੋਂ ਸਰਾਬ ਦੇ ਠੇਕਿਆਂ ਨੂੰ ਚੁੱਕਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਪਿਛਲੇ ਕਈ ਸਾਲਾ ਤੋਂ ਲਾਟਰੀ ਸਿਸਟਮ ਰਾਹੀਂ ਸ਼ਰਾਬ ਦੇ ਠੇਕੇ ਅਲਾਟ ਕਰਨ ਦੀ ਚੱਲ ਰਹੀ ਸਕੀਮ ਹੁਣ ਫੇਲ੍ਹ ਹੁੰਦੀ ਨਜ਼ਰ ਆ ਰਹੀ ਹੈ ਕਿਉਂਕਿ ਕਈ ਸ਼ਰਾਬ ਦੇ ਠੇਕੇ ਲੈਣ ਵਾਲੀਆਂ ਪਾਰਟੀਆਂ ਨੇ ਪੂਰੀਆਂ ਕਿਸ਼ਤਾਂ ਹੀ ਨਹੀਂ ਭਰੀਆਂ ਤੇ ਕਈ ਅੱਧ ਵਿਚਕਾਰ ਹੀ ਛੱਡ ਗਏ ਜਿਸ ਕਰਕੇ ਵਿਭਾਗ ਨਵੇਂ ਸਾਲ ਲਈ ਕਾਰਪੋਰੇਸ਼ਨ ਬਣਾ ਕੇ ਠੇਕੇ ਚਲਾ ਸਕਦਾ ਹੈ ਜਿਸ ਨਾਲ ਵਿਭਾਗ ਨੂੰ ਆਪਣੀ ਆਮਦਨ ਵਿਚ ਵਾਧਾ ਹੋਣ ਦੀ ਪੂਰੀ ਉਮੀਦ ਸੀ ਪਰ ਪੰਜਾਬ ਦੀਆਂ 150 ਤੋਂ ਵੱਧ ਪੰਚਾਇਤਾਂ ਵੱਲੋ ਅਬਕਾਰੀ ਨੀਤੀ ਦੇ ਖਿਲਾਫ ਝੰਡਾ ਚੁੱਕੇ ਜਾਣ, ਰਾਜ ਤੇ ਰਾਸ਼ਟਰੀ ਮਾਰਗਾਂ ਤੋਂ ਸ਼ਰਾਬ ਦੇ ਠੇਕਿਆ ਨੂੰ ਹਟਾਉਣ ਵਰਗੀਆਂ ਮੰਗਾਂ ਕਾਰਨ ਐਕਸਾਈਜ਼ ਵਿਭਾਗ ਤੇ ਪੰਜਾਬ ਸਰਕਾਰ ਨੂੰ ਹੋਣ ਵਾਲੀ ਮੋਟੀ ਆਮਦਨ ਵਿੱਚ ਵੱਡਾ ਫਰਕ ਪੈ ਸਕਦਾ ਹੈ।

ਸੂਤਰਾਂ ਅਨੁਸਾਰ ਮੁੱਖ ਸੜਕਾਂ 'ਤੇ ਸ਼ਰਾਬ ਦੇ ਠੇਕੇ ਬੰਦ ਕਰਨ ਵਾਲੀ ਨੀਤੀ ਤਾਂ ਸੜਕ ਹਾਦਸਿਆਂ ਨਾਲ ਜੁੜੀ ਹੋਈ ਹੈ ਜਿੱਥੋਂ ਰਾਤ-ਬਰਾਤੇ ਡਰਾਈਵਰਾਂ ਨੂੰ ਅਸਾਨੀ ਨਾਲ ਮਿਲਣ ਵਾਲੀ ਸ਼ਰਾਬ ਕਾਰਨ ਸੜਕ ਹਾਦਸਿਆਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ ਜਿਸ ਕਰਕੇ ਜਨਹਿੱਤ ਸੁਣਵਾਈ ਦੌਰਾਨ ਵੀ ਇਹ ਠੇਕੇ ਬੰਦ ਹੋ ਸਕਦੇ ਹਨ।

## ਫਲੋਰਿਡਾ ਦੇ ਡਿਜ਼ਨੀ ਵਰਲਡ ਵਿਚੋਂ ਬੰਬ ਬਰਾਮਦ

**ਵਾਸ਼ਿੰਗਟਨ:** ਫਲੋਰਿਡਾ ਵਿਚ ਵਾਲਟ ਡਿਜ਼ਨੀ ਵਰਲਡ ਦੀ ਪਾਰਕਿੰਗ ਵਿਚਲੇ ਕੂੜਾਦਾਨ ਵਿਚ ਤਿੰਨ ਬੰਬ ਬਰਾਮਦ ਹੋਏ। ਜਦੋਂ ਇਕ ਸਫਾਈ ਕਰਮਚਾਰੀ ਕੂੜਾਦਾਨ ਖਾਲੀ ਕਰ ਰਿਹਾ ਸੀ ਤਾਂ ਉਸ ਨੂੰ ਇਹ ਹੱਥਗੋਲੇ ਦਿਖਾਈ ਦਿੱਤੇ। 'ਓਰਲੈਂਡੋ ਸੈਂਟੀਨਲ' ਦੀ ਰਿਪੋਰਟ ਅਨੁਸਾਰ ਜਿਸ ਖੇਤਰ ਵਿਚੋਂ ਇਹ ਹੱਥਗੋਲੇ ਮਿਲੇ, ਉਹ ਸਿਰਫ ਸਟਾਫ ਮੈਂਬਰਾਂ ਦੀ ਗੱਡੀਆਂ ਖੜ੍ਹੀਆਂ ਕਰਨ ਵਾਸਤੇ ਰਾਖਵਾਂ ਸੀ।ਪੁਲੀਸ ਅਧਿਕਾਰੀਆਂ ਅਨੁਸਾਰ ਇਹ ਹੱਥਗੋਲਿਆਂ ਦੇ ਖੋਲ ਸਨ ਤੇ ਇਨ੍ਹਾਂ ਵਿਚ ਧਮਾਕਾਖੇਜ਼ ਸਮੱਗਰੀ ਨਹੀਂ ਸੀ।






## ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਲਈ ਕਾਨੂੰਨ ਬਦਲੇਗਾ

ਟੋਰਾਂਟੋ: ਕੈਨੇਡਾ ਦੇ ਆਵਾਸ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਲਈ ਪ੍ਰੋਗਰਾਮ (ਆਈਐਸਪੀ) ਵਿਚ ਵੀ ਕੁਝ ਤਬਦੀਲੀ ਕਰਨ ਦੇ ਸੰਕੇਤ ਦਿੱਤੇ ਹਨ। ਮੰਤਰੀ ਜੇਸਨ ਕੈਨੀ ਨੇ ਕਿਹਾ ਹੈ ਕਿ ਇਹ ਨਵੇਂ ਮਾਪਦੰਡ ਵਿਦਿਆਰਥੀਆਂ ਨੂੰ ਧੋਖੇ ਤੋਂ ਬਚਾਉਣ ਵਿਚ ਸਹਾਈ ਹੋਣਗੇ। ਸ੍ਰੀ ਕੈਨੀ ਨੇ ਕਿਹਾ ਕਿ ਦੁਨੀਆ ਭਰ ਤੋਂ ਕੈਨੇਡਾ ਪੜ੍ਹਨ ਲਈ ਆਉਂਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਮੁਲਕ ਦੀ ਆਰਥਿਕਤਾ ਤੇ ਖੁਸ਼ਹਾਲੀ ਵਿਚ ਵੱਡਾ ਹਿੱਸਾ ਪਾਉਂਦੇ ਹਨ ਪਰ ਬੀਤੇ ਸਮੇਂ ਵਿਚ ਉਨ੍ਹਾਂ ਦੇ ਆਰਥਿਕ ਸ਼ੋਸ਼ਣ ਦੀਆਂ ਕਹਾਣੀਆਂ ਸਾਹਮਣੇ ਆਈਆਂ ਹਨ।

ਇਹ ਬੱਚੇ ਆਪਣੇ ਮਾਪਿਆਂ ਨੂੰ ਛੱਡ ਕੇ ਵੱਡੀਆਂ ਰਕਮਾਂ ਤਾਰ ਕੇ ਇੱਥੇ ਪੜ੍ਹਨ ਆਉਂਦੇ ਹਨ ਪਰ ਬਾਅਦ ਵਿਚ ਉਨ੍ਹਾਂ ਨੂੰ ਗੁੰਮਰਾਹ ਹੋਣ ਦਾ ਪਤਾ ਲੱਗਦਾ ਹੈ। ਮੰਤਰੀ ਨੇ ਦੱਸਿਆ ਕਿ ਆਵਾਸ ਮਹਿਕਮਾ (ਸੀਆਈਸੀ) ਨਵੇਂ ਕਾਨੂੰਨ ਤਹਿਤ ਵੱਖ ਵੱਖ ਸੂਬਿਆਂ ਵਿਚ ਪੜ੍ਹਦੇ ਵਿਦੇਸ਼ੀ ਵਿਦਿਆਰਥੀਆਂ ਦੇ ਪਰਮਿਟ ਸੀਮਤ ਕਰਨ ਦੀ ਯੋਜਨਾ ਬਣਾ ਰਿਹਾ ਹੈ ਤੇ ਸੂਬਾਈ ਸਰਕਾਰਾਂ ਨੂੰ ਵਿਦਿਅਕ ਸੰਸਥਾਵਾਂ ਨੂੰ ਪ੍ਰਮਾਣਤ ਕਰਨ ਲਈ ਮਾਪਦੰਡ ਬਣਾਉਣ ਲਈ ਕਹੇਗਾ। ਜੇ ਕੋਈ ਸਕੂਲ ਪ੍ਰਮਾਣਤ ਨਹੀਂ ਤਾਂ ਵੀ ਉਹ ਆਮ ਵਿਜ਼ਟਰ ਵੀਜ਼ੇ 'ਤੇ ਆਏ ਵਿਦਿਆਰਥੀਆਂ ਨੂੰ ਛੇ ਮਹੀਨੇ ਤੱਕ ਕੋਰਸ ਕਰਵਾ ਸਕੇਗਾ। ਜਿਹੜੇ ਵਿਜ਼ਟਰ ਥੋੜ-ਚਿਰੇ ਕੋਰਸ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਸਟੱਡੀ ਪਰਮਿਟ ਦੀ ਲੋੜ ਨਹੀਂ ਹੋਵੇਗੀ। ਪੜ੍ਹਾਈ ਦੌਰਾਨ ਬੱਚਿਆਂ ਨੂੰ ਕੰਮ ਕਰਨ ਲਈ ਵਰਕ ਪਰਮਿਟ ਦੀ ਵੀ ਲੋੜ ਨਹੀਂ ਰਹੇਗੀ । ਇਨ੍ਹਾਂ ਨਵੀਆਂ ਸੋਧਾਂ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਲੋਕਾਂ ਦੇ ਸੁਝਾਅ ਲੈਣ ਲਈ ਕੈਨੇਡਾ ਗਜ਼ਟ ਵਿਚ 45 ਦਿਨਾਂ ਲਈ ਲਾਇਆ ਗਿਆ ਹੈ।

**visit us on the web:**
**www.punjabtimesusa.com**


The Anu Attorney Immigration Law Firm
Law offices of Anu Peshawaria



*Anu Peshawaria*
*Attorney at Law*

*More than 25 years of experienced *Internationally Awarded-Extraordinary ability
*Served as Legal Advisor to Govt. of India, Embassy of India, Washington, DC

*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation and Filing

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਸੇਵਕ ਸੰਦਲ ਦੀ ਨਵੀਂ ਐਲਬਮ 'ਤੇਰੇ ਤੋਂ ਬਿਨ' ਰਿਲੀਜ਼

**ਸ਼ਿਕਾਗੋ (ਬਿਊਰੋ):** ਉਘੇ ਲੋਕ ਗਾਇਕ ਸੇਵਕ ਸੰਦਲ ਦੇ ਗਾਏ ਸਾਫ ਸੁਥਰੇ ਗੀਤਾਂ ਦੀ ਇਕ ਐਲਬਮ 'ਤੇਰੇ ਤੋਂ ਬਿਨ' ਇਥੇ ਸ਼ਾਮਬਰਗ ਟਾਊਨ ਦੇ ਕਲੇ ਓਵਨ ਰੈਸਟੋਰੈਂਟ ਵਿਚ ਲੰਘੇ ਐਤਵਾਰ ਰਿਲੀਜ਼ ਕੀਤੀ ਗਈ। ਟ੍ਰਿਪਲ ਐਸ ਮਿਊਜ਼ਿਕ ਕੰਪਨੀ ਵਲੋਂ ਕੱਢੀ ਗਈ ਇਸ ਐਲਬਮ 'ਤੇ ਚੱਲ ਰਹੇ ਹਨ। ਇਸ ਐਲਬਮ ਦਾ ਸੰਗੀਤ ਇੰਦੇਰ ਲੋਕ ਸਟੂਡਿਓ ਲੁਧਿਆਣਾ ਦੇ ਦਿਨੇਸ਼ ਸ਼ਰਮਾ ਨੇ ਬੜੀ ਮਿਹਨਤ ਦੇ ਨਾਲ ਤਿਆਰ ਕੀਤਾ ਹੈ। ਸੇਵਕ ਸੰਦਲ ਨੇ ਆਪਣੀ ਬਹੁਤ ਹੀ ਮਨਮੋਹਕ ਆਵਾਜ਼ ਨਾਲ ਸਰੋਤਿਆਂ ਦਾ ਧਿਆਨ ਆਪਣੇ ਵਲ ਖਿਚਣ ਲਈ ਮਜਬੂਰ ਕੀਤਾ ਹੈ। ਕੀਤੀ ਕਿ ਹਲਕੀ ਗਾਇਕੀ ਨੂੰ ਠੱਲ੍ਹ ਪਾਉਣ ਲਈ ਅਜਿਹੀ ਗਾਇਕੀ ਤੇ ਗੀਤਕਾਰੀ ਵਾਲੇ ਗਾਇਕਾਂ ਤੇ ਗੀਤਕਾਰਾਂ ਨੂੰ ਆਪਣੇ ਸਮਾਗਮਾਂ 'ਤੇ ਬਿਲਕੁਲ ਨਾ ਸੱਦਿਆ ਜਾਵੇ। ਸ੍ਰੀ ਸੁਸਾਣਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੰਜਾਬੀ ਸਭਿਆਚਾਰ ਨੂੰ ਨਰੋਈ ਗਾਇਕੀ ਤੇ ਗੀਤਕਾਰੀ



ਵਿਚ ਕੁਲ 8 ਸੋਲੋ ਗੀਤ ਹਨ ਜਿਨ੍ਹਾਂ ਵਿਚੋਂ ਸਥਾਨਕ ਗੀਤਕਾਰ ਤੇ ਸ਼ਾਇਰ ਸਤਿੰਦਰ ਸੁਸਾਣਾ ਦੇ ਲਿਖੇ ਤਿੰਨ ਗੀਤ ਸ਼ਾਮਲ ਹਨ। ਬਾਕੀ ਦੇ ਪੰਜ ਗੀਤ ਪੰਜਾਬ ਦੇ ਨਾਮਵਰ ਗੀਤਕਾਰਾਂ ਦੇ ਲਿਖੇ ਹੋਏ ਹਨ। ਸਾਫ ਸੁਥਰੀ ਗਾਇਕੀ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਸ੍ਰੀ ਸੁਸਾਣਾ ਸ਼ਿਕਾਗੋ ਦੇ ਉਘੇ ਸ਼ਾਇਰ ਮਰਹੂਮ ਟਹਿਲ ਸਿੰਘ ਸੁਸਾਣਾ ਦੇ ਸਪੁੱਤਰ ਹਨ।

ਸ੍ਰੀ ਸੁਸਾਣਾ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਵਿਚ ਇਹ ਸਾਰੇ ਗੀਤ ਵਖੋ ਵਖਰੇ ਚੈਨਲਾਂ

ਪੰਜਾਬੀ ਵੈਬ ਸਾਈਟ 'ਪੰਜਾਬੀ ਲੇਖਕ ਡਾਟ ਕਾਮ' ਦੇ ਸੰਚਾਲਕ ਗੁਰਮੁਖ ਸਿੰਘ ਭੁੱਲਰ ਅਤੇ ਸਥਾਨਕ ਸ਼ਾਇਰ ਲਾਲੀ ਸ਼ਰਮਾ ਨੇ ਇਸ ਮੌਕੇ ਬੋਲਦਿਆਂ ਪੰਜਾਬੀ ਗਾਇਕੀ ਵਿਚ ਵਧ ਰਹੇ ਲੱਚਰਪੁਣੇ ਉਤੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਇਸ ਨੂੰ ਠੱਲ੍ਹ ਪਾਉਣ ਲਈ ਹਰ ਪੱਧਰ ਉਤੇ ਇਸ ਦਾ ਵਿਰੋਧ ਹੋਣਾ ਚਾਹੀਦਾ ਹੈ ਅਤੇ ਸਾਫ-ਸੁਥਰੀ ਗਾਇਕੀ ਨੂੰ ਉਚੇਚੇ ਤੌਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਪੰਜਾਬੀ ਸਭਿਆਚਾਰਕ ਤੇ ਖੇਡ ਸੰਸਥਾਵਾਂ ਨੂੰ ਅਪੀਲ

ਦੇਣ ਪ੍ਰਤੀ ਵਚਨਬੱਧ ਹਨ ਅਤੇ ਇਸ ਸਬੰਧੀ ਉਹ ਕਈ ਪ੍ਰਾਜੈਕਟਾਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਵਲੋਂ ਮਿੰਟੂ ਧੂਰੀ, ਗੁਰਲੇਜ ਅਖਤਰ, ਲਵਲੀ ਨਿਰਮਾਣ ਅਤੇ ਐਸ ਰਿਸ਼ੀ ਦੀ ਆਵਾਜ਼ ਵਿਚ ਵਧੀਆ ਗੀਤਾਂ ਨਾਲ ਸ਼ਿੰਗਾਰੀ ਐਲਬਮ ਫਰਵਰੀ ਮਹੀਨੇ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਮੌਕੇ ਸ਼ੇਅਰੋ ਸ਼ਾਇਰੀ ਦਾ ਦੌਰ ਵੀ ਚੱਲਿਆ ਜਿਸ ਦੌਰਾਨ ਗੁਰਮੁਖ ਸਿੰਘ ਭੁੱਲਰ, ਲਾਲੀ ਸ਼ਰਮਾ, ਸਤਿੰਦਰ ਸੁਸਾਣਾ ਅਤੇ ਅਜਮੇਰ ਪੰਨੂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

# ਸੌ ਮਿਲੀਅਨ ਡਾਲਰ ਦੀ ਲਾਗਤ ਨਾਲ ਬਣਿਆ ਮੰਦਰ ਸ਼ਰਧਾਲੂਆਂ ਲਈ ਖੁੱਲ੍ਹਾ

**ਲਾਸ ਏਂਜਲਸ (ਬਿਊਰੋ):** ਹਾਲੀਵੁਡ ਸਿਟੀ ਨਜ਼ਦੀਕ ਸੌ ਮਿਲੀਅਨ (10 ਕਰੋੜ) ਡਾਲਰ ਦੀ ਲਾਗਤ ਨਾਲ ਬਣਿਆ ਅਮਰੀਕਾ ਦੇ ਸਭ ਤੋਂ ਵੱਡੇ ਹਿੰਦੂ ਮੰਦਰਾਂ ਵਿਚੋਂ ਇਕ ਸਵਾਮੀਨਰਾਇਣ ਮੰਦਰ ਜਨਤਾ ਲਈ ਖੋਲ੍ਹ ਦਿੱਤਾ ਗਿਆ ਹੈ। ਇਹ ਮੰਦਰ ਸ਼ਾਨਦਾਰ ਵਾਤਾਵਰਨ-ਪੱਖੀ ਡਿਜ਼ਾਈਨ ਨਾਲ ਉਸਾਰਿਆ ਗਿਆ ਹੈ। ਇਹ ਬੋਚਾਸਨਵਾਸੀ ਸ੍ਰੀ ਅਕਸ਼ਰ ਪੁਰੁਸ਼ੋਤਮ ਸਵਾਮੀਨਰਾਇਣ ਸੰਸਥਾ (ਬੀਏਪੀਐਸ) ਦਾ 64ਵਾਂ ਸਵਾਮੀਨਰਾਇਣ ਮੰਦਰ ਬਹੁਤ ਹੀ ਬਾਰੀਕਬੀਨੀ ਨਾਲ ਤਰਾਸ਼ੇ ਗਏ ਇਤਾਲਵੀ ਕਾਰੈਗ ਪੱਧਰ ਦੇ 35 ਹਜ਼ਾਰ ਟੁਕੜਿਆਂ ਤੇ ਰਾਜਸਥਾਨੀ ਗੁਲਾਬੀ ਪੱਥਰ ਨਾਲ ਉਸਾਰਿਆ ਗਿਆ ਹੈ। ਲੰਘੀ 23 ਦਸੰਬਰ ਨੂੰ ਉਦਘਾਟਨ ਤੋਂ ਬਾਅਦ ਸ਼ਰਧਾਲੂਆਂ ਦਾ ਇਥੇ ਤਾਂਤਾ ਲੱਗਿਆ ਹੋਇਆ ਹੈ।



ਬੀਏਪੀਐਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਦੁਨੀਆਂ ਦਾ ਪਹਿਲਾ ਭੂਚਾਲ ਦੀ ਮਾਰ ਝੱਲ ਸਕਣ ਵਾਲਾ ਮੰਦਰ ਹੈ ਜਿਸ ਦੇ ਇਕ ਹਜ਼ਾਰ ਸਾਲਾਂ ਤੱਕ ਕਾਇਮ ਰਹਿਣ ਦੀ ਉਮੀਦ ਹੈ। ਮੰਦਰ ਨੂੰ ਭੂਚਾਲ ਰੋਧਕ ਬਣਾਉਣ ਲਈ ਖਾਸ ਤਕਨੀਕ ਨਾਲ ਉਸਾਰਿਆ ਗਿਆ ਹੈ। ਇਸ ਵਿਚ 122 ਥੰਮ, 129 ਡਾਟਦਾਰ ਰਸਤੇ, ਦੋ ਵੱਡੇ ਗੁੰਬਦ, ਚਾਰ ਬਾਲਕੋਨੀਆਂ ਤੇ ਪੰਜ ਬੁਰਜ ਹਨ।

ਇਸ ਵਿਚ 6600 ਹੱਥੀਂ ਬਣਾਈਆਂ ਧਾਰਮਿਕ ਕਥਾਵਾਂ ਉਤੇ ਆਧਾਰਤ ਤਸਵੀਰਾਂ ਹਨ ਜੋ ਦੇਖਣ ਵਾਲੇ ਨੂੰ ਪ੍ਰੇਰਨਾ ਤੇ ਅਧਿਆਤਮਵਾਦ ਨਾਲ ਭਰ ਦਿੰਦੀਆਂ ਹਨ। ਇਹ ਸਵਾਮੀਨਰਾਇਣ ਮੰਦਰ 20 ਏਕੜ ਰਕਬੇ ਉਤੇ ਉਸਾਰਿਆ ਗਿਆ ਹੈ ਜਿਸ ਵਿਚ ਇਕ ਕਮਲ ਦੇ ਆਕਾਰ ਦਾ ਰਿਫਲੈਕਸ਼ਨ ਪੌਂਡ, ਇਕ ਕਲਚਰਲ ਸੈਂਟਰ, ਜਿਮਨੇਜ਼ੀਅਮ ਤੇ ਕਲਾਸ ਰੂਮ ਵੀ ਬਣਾਏ ਗਏ ਹਨ। ਮੰਦਰ ਵਿਚ ਬਿਜਲੀ ਪੈਦਾ ਕਰਨ ਲਈ ਸੋਲਰ ਸਿਸਟਮ ਲਾਇਆ ਗਿਆ ਹੈ।

## ਮਲਾਲਾ ਨੂੰ ਹਸਪਤਾਲ ਵਿਚੋਂ ਛੁੱਟੀ ਮਿਲੀ

**ਲੰਡਨ:** ਪਾਕਿਸਤਾਨ ਵਿਚ ਕੁੜੀਆਂ ਦੀ ਪੜ੍ਹਾਈ ਲਈ ਹੰਭਲਾ ਮਾਰਨ ਕਰਕੇ ਤਾਲਿਬਾਨ



ਦੀਆਂ ਗੋਲੀਆਂ ਦਾ ਸ਼ਿਕਾਰ ਹੋਈ ਮਲਾਲਾ ਯੂਸਫ਼ਜ਼ਈ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਬਰਮਿੰਘਮ ਸਥਿਤ ਕੁਈਨ ਐਲਿਜ਼ਬਥ ਹਸਪਤਾਲ ਮੁਤਾਬਕ 15 ਸਾਲਾ ਮਲਾਲਾ ਹੁਣ ਆਪਣੇ ਪਰਿਵਾਰ ਨਾਲ ਆਰਜ਼ੀ ਘਰ ਵਿਚ ਆਰਾਮ ਕਰੇਗੀ ਤੇ ਕੁਝ ਹਫਤਿਆਂ ਮਗਰੋਂ ਉਸ ਦੀ ਖੋਪੜੀ ਦਾ ਅਪਰੇਸ਼ਨ ਹੋਵੇਗਾ।

ਉਸ ਦਾ ਪਰਿਵਾਰ ਇਸ ਵੇਲੇ ਵੈਸਟ ਮਿੱਡਲੈਂਡਜ਼ ਵਿਚ ਰਹਿ ਰਿਹਾ ਹੈ। ਤਾਲਿਬਾਨ ਨੇ ਉਸ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਸੀ। ਬਰਤਾਨਵੀ ਹਸਪਤਾਲ ਦੇ ਡਾਕਟਰਾਂ ਮੁਤਾਬਕ ਉਸ ਦੀ ਖੋਪੜੀ ਦਾ ਅਪਰੇਸ਼ਨ ਲਾਜ਼ਮੀ ਹੈ। ਯੂਸਫ਼ਜ਼ਈ ਨੂੰ ਅਕਤੂਬਰ ਵਿਚ ਗੋਲੀ ਮਾਰੀ ਗਈ ਸੀ ਤੇ ਫਿਰ ਉਸ ਨੂੰ ਵਿਸ਼ੇਸ਼ ਇਲਾਜ ਲਈ ਕੁਈਨ ਐਲਿਜ਼ਬਥ ਹਸਪਤਾਲ ਲਿਆਂਦਾ ਗਿਆ ਸੀ। ਹਸਪਤਾਲ ਸੂਤਰਾਂ ਮੁਤਾਬਕ ਜਨਵਰੀ ਦੇ ਅਖੀਰ ਵਿਚ ਜਾਂ ਫਰਵਰੀ ਦੇ ਸ਼ੁਰੂ ਵਿਚ ਮਲਾਲਾ ਦੀ ਖੋਪੜੀ ਦਾ ਅਪਰੇਸ਼ਨ ਕੀਤਾ ਜਾਵੇਗਾ। ਮਲਾਲਾ ਯੂਸਫਜ਼ਈ ਨੂੰ ਆਇਰਲੈਂਡ ਵੱਲੋਂ ਕੌਮਾਂਤਰੀ ਇੰਟਰਨੈਸ਼ਨਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਇਕ ਰਿਪੋਰਟ ਮੁਤਾਬਕ ਇਸ ਪੁਰਸਕਾਰ ਲਈ ਪੰਜ ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ ਮਲਾਲਾ ਪਹਿਲੇ ਦਰਜੇ 'ਤੇ ਰਹੀ। ਇਨ੍ਹਾਂ ਵਿਚ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ, ਸੋਨੀਆ ਗਾਂਧੀ, ਕੀਨੀਆ ਦੇ ਸਾਬਕਾ ਪੱਤਰਕਾਰ ਜੋਹਨ ਗਿਥੋਂਨਗੋ ਤੇ ਪੈਕਸ ਲਚਰਿਸਤੀ ਇੰਟਰਨੈਸ਼ਨਲ, ਕੈਥੋਲਿਕ ਮਨੁੱਖੀ ਅਧਿਕਾਰ ਤੇ ਸ਼ਾਂਤੀ ਸੰਗਠਨ ਦੇ ਨਾਂ ਨਾਮਜ਼ਦ ਸਨ।

## ਕੁੜੀਆਂ ਦੇ ਮੋਬਾਈਲ ਰੱਖਣ 'ਤੇ ਪਾਬੰਦੀ

**ਸੀਵਾਨ:** ਬਿਹਾਰ ਦੇ ਸੀਵਾਨ ਜ਼ਿਲ੍ਹੇ ਦੇ ਸਿਸਵਾਂ ਕਲਾਂ ਪੰਚਾਇਤ ਵਿਚ ਪੰਚਾਂ ਨੇ ਸਰਬਸੰਮਤੀ ਨਾਲ ਕੁੜੀਆਂ ਦੇ ਮੋਬਾਈਲ ਫੋਨ ਰੱਖਣ ਤੇ ਛੋਟੇ ਕੱਪੜੇ ਪਹਿਨਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਮਤੇ ਨੂੰ ਸਰਬਸੰਮਤੀ ਨਾਲ ਲਿਖਤੀ ਰੂਪ ਵਿਚ ਪਾਸ ਕਰ ਦਿੱਤਾ ਗਿਆ। ਹਸਨਪੁਰ ਥਾਣੇ ਦੇ ਸਿਸਵਾਂ ਕਲਾਂ ਪੰਚਾਇਤ ਦੇ ਸਰਪੰਚ ਨੇ ਦੱਸਿਆ ਕਿ ਪੰਚਾਇਤ ਦੀ ਬੈਠਕ ਵਿਚ ਸਕੂਲ ਤੇ ਕਾਲਜ ਜਾਣ ਵਾਲੀਆਂ ਲੜਕੀਆਂ ਦੇ ਮੋਬਾਈਲ ਫੋਨ ਦੀ ਵਰਤੋਂ ਕਰਨ ਤੇ ਛੋਟੇ ਕਪੜੇ ਪਹਿਨਣ 'ਤੇ ਰੋਕ ਲਗਾ ਦਿੱਤੀ ਗਈ।



# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 19 ਜਨਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-47



ਤਸਵੀਰ: ਰੁਪਿੰਦਰ ਓਬਰਾਏ

*ਮੈਂ ਬੱਚੜੀ ਭਾਰਤ ਮਾਂ ਦੀ ਤੇ ਕਹਿੰਦੇ ਮੈਨੂੰ ਧੀ।*
*ਮੈਂ ਨ੍ਹੀਂ ਭੋਰਾ ਜਾਣਦੀ ਕਿ ਅੱਗੇ ਹੋਣਾ ਕੀ?*
*ਜੇ ਧੀਆਂ ਦੇਣੀਆਂ ਡਾਢਿਆ ਤਾਂ ਕਾਲੇ ਲਿਖ ਨਾ ਲੇਖ,*
*ਜੋ ਸਾਡੇ ਨਾਲ ਹੋ ਰਿਹਾ, ਏਦਾਂ ਨਹੀਂ ਹੁੰਦਾ ਜੀ।*

## ਕੈਪਸ਼ਨ ਮੁਕਾਬਲਾ-45



ਹੈ ਨੀ ਕੋਈ ਨੇੜੇ ਤੇੜੇ,
ਪਲ ਦੋ ਪਲ ਤਾਂ ਮੌਜ ਮਨਾਈਏ।
ਬੂਟ ਵਲਾਇਤੀ ਬੜੇ ਹੀ ਨਿੱਘੇ,
ਕਿਉਂ ਨਾ ਆਪਾਂ ਦਾਅ ਲਗਾਈਏ।
ਇੱਕ ਦੇ ਉਪਰ ਬੈਠ ਕੇ ਆਪਾਂ,
ਬੂਥੀ ਦੂਜੇ ਵਿਚ ਲੁਕਾਈਏ ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਨਿਕਾ ਜਿਹਾ ਇਕ ਸੋਹਣਾ
ਬੱਚਾ ਜਿਸ ਦਾ ਨਾਮ ਕਤੂਰਾ।
ਭੁੱਖ ਪਿਆਸ ਵੀ ਝਲਕੇ
ਕਰਦਾ ਕੰਮ ਮਾਲਕ ਦਾ ਪੂਰਾ।
ਚਊਂ ਚਊਂ ਕਰਕੇ ਕਰੇ ਲਾਡੀਆਂ
ਪੈਰ ਖਸਮ ਦੇ ਚੱਟਦਾ।
ਮਾਲਕ ਦੇ ਲਈ ਜਾਨ ਦੇਣ ਤੋਂ
ਪਿਛੇ ਕਦੀ ਨਾ ਹੱਟਦਾ।

ਸਾਰੀ ਰਾਤ ਦੇਣ ਪਹਿਰਾ
ਹੁਣ ਵੜ ਜੁੱਤੀ ਵਿਚ ਸੁੱਤਾ।
ਬੇਈਮਾਨ ਬੰਦਿਆਂ ਤੋਂ ਚੰਗਾ ਹੈ
(ਸੁਰਜੀਤ) ਇਹ ਕੁੱਤਾ।
***-ਸੁਰਜੀਤ ਕੌਰ ਸੈਕਰਾਮੈਂਟੋ***

---

ਨਾ ਬਿਜਲੀ ਜਾਣੇ ਦੀ ਚਿੰਤਾ
ਨਾ ਚੱਲੇ ਕੋਈ ਮੀਟਰ।
ਠੰਡ ਕਹਿਰਾਂ ਦੀ, ਨਿੱਘ ਮਾਣੀਏ,
ਮੇਰੇ ਲਈ ਇਹ ਹੀਟਰ।
***-ਫਕੀਰ ਚੰਦ ਸੈਂਪਲਾ, ਐਲ ਏ***

---

ਮਾਲਕ ਮੇਰਾ ਭੁੱਲ ਗਿਆ ਮੈਨੂੰ
ਚੜ੍ਹ ਕੇ ਸੌਂ ਗਿਆ, ਵਿਚ ਚੁਬਾਰੇ।
ਠੰਡ ਬੜੀ ਪੈ ਰਹੀ ਮਿੱਤਰੋ,
ਹੱਡ ਪੈਰ ਇਹ ਠਾਰੇ।
ਦਿਮਾਗ ਆਪਣਾ ਵਰਤ ਕੇ
ਮੈਨੂੰ ਕਰਨਾ ਪਊ ਜੁਗਾੜ।
ਅੱਜ ਦੀ ਰਾਤ ਮਿੱਤਰਾ,
ਮਾਲਕ ਦੇ ਬੂਟ ਅੰਦਰ ਸੌਂ ਕੇ ਸਾਰ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

---

ਲਾ ਕੇ ਦੌੜਾਂ ਮਾਲਕ ਆਇਆ,
ਵੜ ਕੰਬਲਾਂ ਵਿਚ ਸੁੱਤਾ।
ਨਿੱਘੇ ਨਿੱਘੇ ਬੂਟ 'ਚ ਵੜ ਕੇ
ਲਾਹਾ ਲੈ ਰਿਹਾ ਕੁੱਤਾ।
***-ਬੱਲੀ ਸਿੰਘ, ਸੈਨ ਹੋਜ਼ੇ।***

# ਸੁਪਰੀਮ ਕੋਰਟ ਵੱਲੋਂ ਮੋਦੀ ਸਰਕਾਰ ਨੂੰ ਕਰਾਰਾ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੁਜਰਾਤ ਦੀ ਰਾਜਪਾਲ ਕਮਲਾ ਬੈਨੀਵਾਲ ਵੱਲੋਂ ਜਸਟਿਸ (ਸੇਵਾਮੁਕਤ) ਆਰ.ਏ ਮਹਿਤਾ ਦੀ ਰਾਜ ਲੋਕਆਯੁਕਤ ਵਜੋਂ ਕੀਤੀ ਨਿਯੁਕਤੀ ਨੂੰ ਬਹਾਲ ਰੱਖਣ ਦਾ ਫੈਸਲਾ ਸੁਣਾ ਕੇ ਮੋਦੀ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਹੈ। ਅਦਾਲਤ ਨੇ ਤਰਕ ਦਿੱਤਾ ਹੈ ਕਿ ਇਹ ਨਿਯੁਕਤੀ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਸਲਾਹ-ਮਸ਼ਵਰੇ ਪਿਛੋਂ ਕੀਤੀ ਗਈ ਸੀ। ਇਸ ਫੈਸਲੇ 'ਤੇ ਕਾਂਗਰਸੀ ਬਾਗੋਬਾਗ ਹਨ।

ਡਵੀਜ਼ਨ ਬੈਂਚ ਨੇ ਗੁਜਰਾਤ ਸਰਕਾਰ ਦੀ ਇਹ ਬੇਨਤੀ ਖਾਰਜ ਕਰ ਦਿੱਤੀ ਕਿ ਇਹ ਨਿਯੁਕਤੀ ਗੈਰ ਕਾਨੂੰਨੀ ਹੈ ਕਿਉਂਕਿ ਇਹ ਇਸ ਨਾਲ ਸਲਾਹ ਕਰਕੇ ਨਹੀਂ ਕੀਤੀ ਗਈ ਸੀ। ਬੈਂਚ ਨੇ ਕਿਹਾ ਕਿ ਰਾਜਪਾਲ ਦਾ ਮੰਤਰੀ ਮੰਡਲ ਦੇ ਸਲਾਹ-ਮਸ਼ਵਰੇ ਅਧੀਨ ਚੱਲਣਾ ਲਾਜ਼ਮੀ ਹੈ ਪਰ ਜਸਟਿਸ ਮਹਿਤਾ ਦੀ ਨਿਯੁਕਤੀ ਸਹੀ ਹੈ ਕਿਉਂਕਿ ਇਹ ਗੁਜਰਾਤ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਸਲਾਹ-ਮਸ਼ਵਰਾ ਕਰਕੇ ਕੀਤੀ ਗਈ ਹੈ।

ਰਾਜਪਾਲ ਨੇ 25 ਅਗਸਤ, 2011 ਨੂੰ ਜਸਟਿਸ ਮਹਿਤਾ ਨੂੰ ਸੂਬੇ ਦਾ ਲੋਕਆਯੁਕਤ ਲਾਇਆ ਸੀ। ਇਹ ਅਹੁਦਾ ਪਿਛਲੇ ਅੱਠ ਸਾਲ ਤੋਂ ਖਾਲੀ ਪਿਆ ਸੀ। ਗੁਜਰਾਤ ਸਰਕਾਰ 18 ਜਨਵਰੀ, 2012 ਨੂੰ ਇਸ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਗਈ ਸੀ ਕਿਉਂਕਿ ਗੁਜਰਾਤ ਹਾਈ ਕੋਰਟ ਨੇ ਰਾਜਪਾਲ ਦਾ ਇਹ ਫੈਸਲਾ ਬਹਾਲ ਰੱਖਿਆ ਸੀ। ਉਂਜ ਹਾਈ ਕੋਰਟ ਦੇ ਬੈਂਚ ਨੇ ਇਸ ਨਿਯੁਕਤੀ ਬਰੇ ਵੰਡਵਾਂ ਫੈਸਲਾ ਦਿੱਤਾ ਸੀ।

ਕਾਂਗਰਸ ਨੇ ਇਸ ਫੈਸਲੇ 'ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਇਸ ਨਾਲ ਇਹ ਸਿੱਧ ਹੋਇਆ ਹੈ ਕਿ ਗੁਜਰਾਤ 'ਚ ਤਾਨਾਸ਼ਾਹੀ ਚੱਲ ਰਹੀ ਹੈ। ਮੋਦੀ ਦੀ ਸਰਕਾਰ ਅਤੇ ਭਾਜਪਾ 'ਤੇ ਹਮਲਾ ਕਰਦਿਆਂ ਕਾਂਗਰਸ ਨੇ ਦੋਸ਼ ਲਾਇਆ ਕਿ ਸੁਪਰੀਮ ਕੋਰਟ ਵੱਲੋਂ ਸੂਬਾ ਸਰਕਾਰ ਦੀ ਪਟੀਸ਼ਨ ਰੱਦ ਕੀਤੇ ਜਾਣ ਪਿਛੋਂ ਇਹ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੇ ਮੁੱਦੇ 'ਤੇ ਹਿਚਕਿਚਾ ਰਹੇ ਹਨ ਤੇ ਦੂਹਰੇ ਮਾਪਦੰਡ ਅਪਣਾ ਰਹੇ ਹਨ। ਸੂਚਨਾ ਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਕਿ ਕੇਂਦਰ 'ਚ ਭ੍ਰਿਸ਼ਟਾਚਾਰ ਵਿਰੁਧ ਲੜਾਈ ਲਈ ਲੋਕਪਾਲ ਦੀ ਮੰਗ ਕਰਨ ਵਾਲੀ ਭਾਜਪਾ ਗੁਜਰਾਤ 'ਚ ਲੋਕਆਯੁਕਤ ਤੋਂ ਕਿੰਨੀ ਖ਼ਫ਼ਾ ਹੈ।

## ਅਲ ਕਾਇਦਾ ਦੀ ਮਦਦ ਕਰਨ ਵਾਲਾ ਪਕਿਸਤਾਨੀ ਅੜਿੱਕੇ

**ਨਿਊ ਯਾਰਕ:** ਨਿਊ ਯਾਰਕ ਤੇ ਯੂਰਪ ਵਿਚ ਦਹਿਸ਼ਤਗਰਦੀ ਹਮਲਿਆਂ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਹੇਠ ਅਲਕਾਇਦਾ ਲਈ ਕੰਮ ਕਰਦੇ 26 ਸਾਲਾ ਪਾਕਿਸਤਾਨੀ ਨੂੰ ਬਰਤਾਨੀਆ ਤੋਂ ਅਮਰੀਕਾ ਲਿਆਂਦਾ ਗਿਆ ਹੈ। ਉਸ 'ਤੇ ਇਥੇ ਮੁਕੱਦਮਾ ਚਲਾਇਆ ਜਾਏਗਾ। 2009 ਵਿਚ ਬਰਤਾਨੀਆ 'ਚ ਗ੍ਰਿਫ਼ਤਾਰ ਕੀਤੇ ਗਏ ਆਬਿਦ ਨਸੀਰ 'ਤੇ ਅਲਕਾਇਦਾ ਦੀ ਮਦਦ ਕਰਨ ਤੇ ਸਹਾਇਤਾ ਸਮੱਗਰੀ ਮੁਹੱਈਆ ਕਰਾਉਣ ਦੇ ਦੋਸ਼ ਹਨ।

ਉਹ ਆਪਣੀ ਗ੍ਰਿਫ਼ਤਾਰੀ ਤੋਂ ਲੈ ਕੇ ਹੁਣ ਤੱਕ ਆਪਣੀ ਅਮਰੀਕਾ ਨੂੰ ਸਪੁਰਦਗੀ ਵਿਰੁੱਧ ਕਾਨੂੰਨੀ ਲੜਦਾ ਆ ਰਿਹਾ ਸੀ ਤੇ ਜੇਕਰ ਉਸ 'ਤੇ ਦੋਸ਼ ਸਿੱਧ ਹੋ ਗਏ ਤਾਂ ਉਸ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਬਰੁੱਕਲਿਨ ਸੰਘੀ ਅਦਾਲਤ 'ਚ ਪੇਸ਼ ਕੀਤਾ ਜਾਣ ਵਾਲਾ ਨਸੀਰ ਅੱਠਵਾਂ ਮੁਲਜ਼ਮ ਹੈ। ਇਨ੍ਹਾਂ ਸਾਰਿਆਂ 'ਤੇ ਸ਼ਹਿਰ ਦੇ ਸਬਵੇਅਜ਼ ਨੂੰ ਉਡਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ ਜੋ ਇਨ੍ਹਾਂ ਨੇ ਪਾਕਿਸਤਾਨ ਵਿਚਲੇ ਅਲਕਾਇਦਾ ਸੰਚਾਲਕਾਂ ਨਾਲ ਰਲ ਕੇ ਘੜੀ ਸੀ।

# ਭਾਰਤੀਆਂ ਦੇ ਗੈਰਕਾਨੂੰਨੀ ਪਰਵਾਸ ਲਈ ਬਰਾਜ਼ੀਲੀ ਨਾਗਰਿਕ ਫਸਿਆ

**ਵਾਸ਼ਿੰਗਟਨ:** ਭਾਰਤੀ ਨਾਗਰਿਕਾਂ ਨੂੰ ਬਿਨਾਂ ਦਸਤਾਵੇਜ਼ਾਂ ਤੋਂ ਅਮਰੀਕਾ ਵਿਚ ਦਾਖਲ ਕਰਾਉਣ ਦੀ ਸਾਜ਼ਸ਼ ਵਿਚ ਸ਼ਾਮਲ ਬਰਾਜ਼ੀਲੀ ਨਾਗਰਿਕ ਨੂੰ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਸਰਕਾਰੀ ਅਧਿਕਾਰੀਆਂ ਅਨੁਸਾਰ ਇਸ ਜੁਰਮ ਦੇ ਦੋਸ਼ ਵਿਚ ਫਬੀਆਨੋ ਅਗਸਟੋ ਅਮੋਰਿਮ ਨੂੰ ਵੱਧ ਤੋਂ ਵੱਧ 15 ਸਾਲ ਦੀ ਕੈਦ ਤੇ 500,000 ਅਮਰੀਕੀ ਡਾਲਰ ਜੁਰਮਾਨਾ ਹੋ ਸਕਦਾ ਹੈ। ਉਸ ਨੂੰ ਤਿੰਨ ਅਪਰੈਲ ਨੂੰ ਸਜ਼ਾ ਸੁਣਾਈ ਜਾਵੇਗੀ। ਇਸ ਸਾਜ਼ਿਸ਼ ਵਿਚ ਸ਼ਾਮਲ ਉਸ ਦੇ ਹੋਰ ਸਹਿਯੋਗੀਆਂ ਮਾਰੀਆ ਅਦੇਲਾ ਡੇ ਲੂਨਾ ਤੇ ਕੌਸ਼ਿਕ ਜੈਅੰਤੀ ਭਾਈ ਤੱਖਰ ਨੂੰ ਪਹਿਲਾਂ ਹੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਮੋਰਿਮ ਨੇ ਅਦਾਲਤ ਵਿਚ ਮੰਨਿਆ ਸੀ ਕਿ ਜਨਵਰੀ 2011 ਤੋਂ ਅਪਰੈਲ 2012 ਤੱਕ ਉਸ ਨੇ ਆਪਣੇ ਸਾਥੀਆਂ ਨਾਲ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਲਿਆਉਣ ਦੀ ਯੋਜਨਾ ਬਣਾਈ ਸੀ। ਇਸ ਦੇ ਨਾਲ ਉਸ ਨੇ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸ ਨੂੰ ਉਤਸ਼ਾਹਤ ਕੀਤਾ ਹੈ।

ਆਪਣੀ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਅਮੋਰਿਮ ਤੇ ਉਸ ਦੇ ਸਾਥੀਆਂ ਨੇ ਵੱਖ-ਵੱਖ ਤੌਰ 'ਤੇ ਭਾਰਤ ਵਿਚੋਂ ਗੈਰ-ਕਾਨੂੰਨੀ ਅਮਰੀਕਾ ਜਾਣ ਦੇ ਚਾਹਵਾਨ ਲੱਭੇ ਜੋ ਅਮਰੀਕਾ ਜਾਣ ਲਈ 60,000 ਅਮਰੀਕੀ ਡਾਲਰ ਦੇਣ ਲਈ ਤਿਆਰ ਸਨ। ਇਨ੍ਹਾਂ ਵਿਅਕਤੀਆਂ ਨੇ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸੀ ਭੇਜਣ ਲਈ ਦੱਖਣੀ ਅਫਰੀਕਾ, ਕੇਂਦਰੀ ਅਮਰੀਕਾ, ਕਰੈਬਿਆਈ ਦੇਸ਼ਾਂ ਤੇ ਅਮਰੀਕਾ ਦੇ ਟੈਕਸਾਸ ਸੂਬੇ ਰਾਹੀਂ ਰੂਟ ਤਿਆਰ ਕੀਤਾ ਸੀ।

# ਡਰੋਨ ਹਮਲੇ ਦੌਰਾਨ ਮੁੱਲਾ ਨਜ਼ੀਰ ਹਲਾਕ

**ਇਸਲਾਮਾਬਾਦ:** ਪਾਕਿਸਤਾਨ ਵਿਚ ਅਮਰੀਕਾ ਵੱਲੋਂ ਕੀਤੇ ਗਏ ਤਾਜ਼ਾ ਡਰੋਨ ਹਮਲਿਆਂ ਵਿਚ ਚੋਟੀ ਦਾ ਤਾਲਿਬਾਨ ਆਗੂ ਮੁੱਲਾ ਨਜ਼ੀਰ ਵਜ਼ੀਰ, ਉਸ ਦਾ ਲਫਟੈਂਣ ਤੇ ਚਾਰ ਹੋਰ ਤਾਲਿਬਾਨ ਲੜਾਕੇ ਮਾਰੇ ਗਏ। ਇਹ ਘਟਨਾ ਮੁਲਕ ਦੇ ਗੜਬੜਜ਼ਦਾ ਵਜ਼ੀਰਿਸਤਾਨ ਕਬਾਇਲੀ ਖਿੱਤੇ ਵਿਚ ਵਾਪਰੀ। ਅਮਰੀਕਾ ਨੇ ਇਸ ਪਿੱਛੋਂ ਇਕ ਹੋਰ ਡਰੋਨ ਹਮਲੇ ਵਿਚ ਚਾਰ ਹੋਰ ਤਾਲਿਬਾਨ ਅਤਿਵਾਦੀਆਂ ਨੂੰ ਮਾਰ ਮੁਕਾਇਆ।

ਨਜ਼ੀਰ, ਉਸ ਦਾ ਡਿਪਟੀ ਰੱਤਾ ਖ਼ਾਨ ਤੇ ਚਾਰ ਹੋਰ ਤਾਲਿਬਾਨ ਉਦੋਂ ਮਾਰੇ ਗਏ ਜਦੋਂ ਦੱਖਣੀ ਵਜ਼ੀਰਿਸਤਾਨ ਦੇ ਅੰਗੂਰ ਅੱਡਾ ਖੇਤਰ ਵਿਚ ਉਨ੍ਹਾਂ ਦਾ ਵਾਹਨ ਸੀਆਈਏ ਦੇ ਮਨੁੱਖ ਰਹਿਤ ਜਾਸੂਸੀ ਜਹਾਜ਼ ਡਰੋਨ ਦੀ ਮਿਜ਼ਾਈਲ ਦਾ ਨਿਸ਼ਾਨ ਬਣ ਗਿਆ। ਪਾਕਿਸਤਾਨੀ ਮੀਡੀਆ ਮੁਤਾਬਕ ਮੁਲਕ ਦੇ ਸੁਰੱਖਿਆ ਅਧਿਕਾਰੀਆਂ ਨੇ ਵੀ ਵਜ਼ੀਰ ਤੇ ਉਸ ਦੇ ਸਾਥੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਉਹ ਪਾਕਿਸਤਾਨੀ-ਅਫਗਾਨ ਸਰਹੱਦ ਉੱਤੇ ਪੈਂਦੇ ਵਜ਼ੀਰਿਸਤਾਨ ਖਿੱਤੇ ਦਾ ਮੁੱਖ ਅਤਿਵਾਦੀ ਕਮਾਂਡਰ ਸੀ। ਇਸ ਖਿੱਤੇ ਵਿਚ ਅਲ-ਕਾਇਦਾ, ਤਾਲਿਬਾਨ ਤੇ ਹੋਰ ਇਸਲਾਮੀ ਅਤਿਵਾਦੀ ਜਥੇਬੰਦੀਆਂ ਦੇ ਮੁੱਖ ਟਿਕਾਣੇ ਦੱਸੇ ਜਾਂਦੇ ਸਨ। ਨਜ਼ੀਰ ਨੇ 2007 ਵਿਚ ਪਾਕਿਸਤਾਨੀ ਫੌਜ ਨਾਲ ਇਕ ਗੋਲੀਬੰਦੀ ਸਮਝੌਤਾ ਕਰ ਲਿਆ ਸੀ ਅਤੇ ਵਾਅਦਾ ਕੀਤਾ ਸੀ ਕਿ ਉਹ ਪਾਕਿਸਤਾਨੀ ਸਰਜ਼ਮੀਨ ਉਤੇ ਅਤਿਵਾਦੀ ਸਰਗਰਮੀਆਂ ਨਹੀਂ ਕਰੇਗਾ। ਦੂਜੇ ਪਾਸੇ ਅਮਰੀਕਾ ਵੱਲੋਂ ਉਸ ਨੂੰ ਆਪਣਾ ਦੁਸ਼ਮਣ ਮੰਨਿਆ ਜਾਂਦਾ ਸੀ।

# ਪ੍ਰੋ. ਸਰਬਜੀਤ ਸਿੰਘ ਧੂੰਦਾ ਦਾ ਵਿਰੋਧ ਕਿਉਂ?

**ਪਾਠਕਾਂ ਦੀ ਰਾਏ**

ਅਗਰ ਧਿਆਨ ਨਾਲ ਦੇਖਿਆ ਜਾਵੇ ਤਾਂ 1984 ਤੋਂ ਬਾਦ ਕੋਈ ਸਰਕਾਰਾਂ ਜਾਂ ਅਖੌਤੀ ਸਾਧਾਂ ਦੇ ਪਾਖੰਡ, ਜਾਦੂ ਟੂਣਿਆਂ, ਜੋਤਸ਼ੀਆਂ ਦੇ ਵਿਰੁਧ ਬੋਲਿਆ ਹੈ ਤਾ ਉਹ ਪ੍ਰੋ. ਸਰਬਜੀਤ ਸਿੰਘ ਧੂੰਦਾ ਹੀ ਹੈ। ਪਰ ਸਭ ਤੋਂ ਜਿਆਦਾ ਦੁਖ ਪ੍ਰੋ. ਧੂੰਦਾ ਦੇ ਪ੍ਰਚਾਰ ਤੋਂ ਅਖੌਤੀ ਸਾਧਾਂ ਦੇ ਚੇਲਿਆਂ ਨੂੰ ਹੋਇਆ। ਇਨ੍ਹਾਂ ਵਲੋਂ ਅਖਬਾਰਾਂ ਵਿਚ ਪ੍ਰੋ. ਧੂੰਦਾ ਤੋਂ ਗੁਰੂ ਘਰਾਂ ਦੀਆਂ ਕਮੇਟੀਆਂ ਨੂੰ ਸਵਾਲਾਂ ਦੇ ਜਵਾਬ ਪੁੱਛੇ ਜਾਣ ਲਈ ਕਿਹਾ ਗਿਆ ਹੈ। ਇਨ੍ਹਾਂ ਲੋਕਾਂ ਦਾ ਸਾਰਾ ਜ਼ੋਰ ਤਾਂ ਸੱਚ ਦੀ ਗੱਲ ਕਰਨ ਵਾਲੇ ਪ੍ਰੋ. ਸਰਬਜੀਤ ਸਿੰਘ ਨੂੰ ਸੱਚ ਦੇ ਪ੍ਰਚਾਰ ਤੋਂ ਰੋਕਣ 'ਤੇ ਲੱਗਾ ਹੋਇਆ ਹੈ।

ਅਗਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਤੇ ਉਸ ਤੋਂ ਵੀ ਪਹਿਲਾਂ ਦੇਖਿਆ ਜਾਵੇ ਤਾਂ ਹਾਲਾਤ ਲਗਭਗ ਅੱਜ ਦੇ ਹਾਲਾਤਾਂ ਵਰਗੇ ਹੀ ਸਨ। ਲੋਕ ਵਹਿਮਾਂ-ਭਰਮਾਂ, ਜਾਦੂ-ਟੂਣਿਆਂ, ਕਰਮ-ਕਾਡਾਂ, ਪੁਜਾਰੀਆਂ (ਅਖੌਤੀ ਬਾਬਿਆਂ) ਦੇ ਚੁੰਗਲ ਵਿਚ ਫਸੇ ਹੋਏ ਸਨ। ਹਿੰਦੂ ਮੱਤ ਦਾ ਤਾਂ ਇਹ ਹਾਲ ਸੀ ਕਿ ਕੋਈ ਵੀ ਆਰਿਥਕ ਪੱਖੋ ਕਮਜ਼ੋਰ ਆਦਮੀ ਰੱਬ ਦਾ ਨਾਮ ਨਹੀਂ ਸੀ ਲੈ ਸਕਦਾ, ਧਾਰਮਿਕ ਗ੍ਰੰਥ ਵੀ ਪੜ੍ਹ ਨਹੀਂ ਸੀ ਸਕਦਾ। ਜੇ ਕੋਈ ਪਰਮਾਤਮਾ ਦਾ ਨਾਮ ਲੈਂਦਾ ਸੀ ਜਾਂ ਸੁਣਦਾ ਸੀ ਤਾਂ ਪੁਜਾਰੀਆਂ ਤੇ ਹਕੂਮਤਾਂ ਵਲੋਂ ਉਸ ਦੀ ਜੀਭ ਕੱਟ ਦਿੱਤੀ ਜਾਂਦੀ ਸੀ, ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਅਖੌਤੀ ਧਾਰਮਿਕ ਪੁਜਾਰੀਆਂ ਵਲੋਂ ਲੋਕਾਂ ਨੂੰ ਕਿਹਾ ਜਾਂਦਾ ਸੀ ਕਿ ਸਾਨੂੰ ਪੈਸੇ ਦੇ ਦਿਉ ਅਸੀਂ ਆਪ ਹੀ ਮੰਤਰ ਪੜ੍ਹ ਦਿਆਂਗੇ। ਲੋਕਾਂ ਕੋਲੋਂ ਸਾਰਾ ਪੈਸਾ, ਜਮੀਨ ਜਾਇਦਾਦ ਲੈ ਕੇ ਸਵਰਗ ਦਾ ਲਾਲਚ ਦੇ ਕੇ ਆਰਿਆਂ ਨਾਲ ਚੀਰਿਆ ਜਾਂਦਾ ਸੀ। ਲੋਕਾਈ ਨੂੰ ਵਹਿਮਾਂ-ਭਰਮਾਂ, ਆਪਣੇ ਹੱਕਾਂ, ਜਾਦੂ-ਟੂਣਿਆਂ, ਕਰਮ-ਕਾਡਾਂ ਵਿਚੋਂ ਕੱਢਣ ਲਈ 10 ਗੁਰੂ ਸਾਹਿਬਾਨ ਅਤੇ ਭਗਤਾਂ ਨੇ ਜਾਗਰੂਕ ਕੀਤਾ। ਅਖੌਤੀ ਧਾਰਮਿਕ ਲੋਕਾਂ ਵਲੋਂ ਹਕੂਮਤਾਂ ਨਾਲ ਰਲ ਕੇ ਗੁਰੂਆਂ ਤੇ ਭਗਤਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ।

ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਾਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਸਿੱਖਾਂ ਨੂੰ ਹੁਕਮ ਕੀਤਾ, 'ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਯੋ ਗ੍ਰੰਥ।' ਪਰ ਅਸੀਂ ਗੁਰੂ ਦਾ ਦੱਸਿਆ ਮਾਰਗ ਛੱਡ ਕੇ ਵਹਿਮਾਂ-ਭਰਮਾਂ ਅਤੇ ਅਖੌਤੀ ਸਾਧਾਂ-ਸੰਤਾਂ ਦੇ ਡੇਰਿਆਂ ਦੇ ਮਗਰ ਲੱਗੇ ਫਿਰਦੇ ਹਾਂ।

ਇਸ ਗੱਲ ਦਾ ਫਾਇਦਾ ਅਖੌਤੀ ਧਾਰਮਿਕ ਲੋਕਾਂ, ਟੂਣਿਆਂ ਵਾਲਿਆਂ ਅਤੇ ਜੋਤਸ਼ੀਆਂ ਨੇ ਖੂਬ ਉਠਾਇਆ, ਫਿਰ ਅਸੀਂ ਆਪਣਾ ਹੱਕ ਗਵਾ ਦਿੱਤਾ। ਅਖੌਤੀਆਂ ਸੰਤਾਂ ਨੇ ਸਰਕਾਰਾਂ ਦੀ ਸ਼ਹਿ 'ਤੇ ਆਪੋ-ਆਪਣੇ ਡੇਰੇ ਬਣਾ ਲਏ ਜਿਥੇ ਇਨ੍ਹਾਂ ਬਾਣੀ ਦੇ ਆਪਣੀ ਮਰਜ਼ੀ ਦੇ ਅਰਥ ਕੀਤੇ, ਹਕੂਮਤ ਨਾਲ ਰਲ ਕੇ ਯੂਨੀਅਨ ਬਣਾ ਕੇ, ਲੋਕਾਈ ਨੂੰ ਗੁਰਬਾਣੀ ਦੇ ਅਰਥ ਆਪਣੀ ਮਰਜ਼ੀ ਮੁਤਾਬਕ ਕਰਕੇ ਲੁਟਿਆ ਜਾ ਰਿਹਾ ਹੈ। ਅਖੰਡ ਪਾਠਾਂ ਦੀਆਂ ਇਕੋਤਰੀਆਂ ਚਲਾ ਦਿੱਤੀਆਂ ਹਨ, ਬਾਣੀ ਦੇ ਕੀਰਤਨ ਦੀ ਥਾਂ ਕੱਚੀਆਂ ਧਾਰਨਾਂ ਸੁਣਾਈਆਂ ਜਾ ਰਹੀਆਂ ਹਨ ਅਤੇ ਅਕਾਲ ਤਖ਼ਤ ਤੋਂ ਪ੍ਰਵਾਨਿਤ ਰਹਿਤ ਮਰਯਾਦਾ ਦੀਆਂ ਸ਼ਰੇਆਮ ਧੱਜੀਆ ਉਡਾਈਆਂ ਜਾ ਰਹੀਆਂ ਹਨ।

ਪ੍ਰੋ. ਸਰਬਜੀਤ ਸਿੰਘ ਧੂੰਦਾ ਲੋਕਾਈ ਨੂੰ ਆਪਣੇ ਪ੍ਰਚਾਰ ਵਿਚ ਗੁਰੂ ਸਾਹਿਬ ਵਲੋਂ ਦੱਸੇ ਮਾਰਗ ਅਨੁਸਾਰ ਬਾਣੀ ਆਪ ਪੜ੍ਹਨ, ਵਹਿਮਾਂ-ਭਰਮਾਂ, ਜਾਦੂ-ਟੂਣਿਆਂ, ਜੋਤਸ਼ੀਆਂ, ਅਖੌਤੀ ਸਾਧਾਂ ਤੋਂ ਬਚਣ, ਅਕਾਲ ਤਖ਼ਤ ਤੋਂ ਪ੍ਰਵਾਨਿਤ ਰਹਿਤ ਮਰਯਾਦਾ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ ਪਰ ਸਰਕਾਰਾਂ ਅਤੇ ਅਖੌਤੀ ਸਾਧ ਨਹੀਂ ਚਾਹੁੰਦੇ ਕਿ ਲੋਕਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੀਮਤੀ ਬਚਨ ਸਮਝਣ ਨੂੰ ਮਿਲਣ। ਇਨ੍ਹਾਂ ਲੋਕਾਂ ਦਾ ਆਪਣੇ ਖਰੀਦੇ ਬੰਦਿਆਂ ਰਾਹੀਂ ਪੂਰਾ ਜੋਰ ਲੱਗਿਆ ਹੋਇਆ ਹੈ ਕਿ ਪ੍ਰੋ. ਸਰਬਜੀਤ ਸਿੰਘ ਨੂੰ ਲੋਕਾਈ ਨੂੰ ਜਾਗ੍ਰਿਤ ਕਰਨ ਵਾਲੇ ਗੁਰਮਤਿ ਪ੍ਰਚਾਰ ਤੋਂ ਕਿਵੇਂ ਰੋਕਿਆ ਜਾਵੇ। ਇਸੇ ਕਰਕੇ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਪ੍ਰੋ. ਧੂੰਦਾ ਦਾ ਬਗੈਰ ਕਿਸੇ ਦਲੀਲ ਤੋਂ ਵਿਰੋਧ ਕੀਤਾ ਜਾ ਰਿਹਾ ਹੈ।

ਪ੍ਰੋ. ਸਰਬਜੀਤ ਸਿੰਘ ਵਲੋਂ ਵਾਰ ਵਾਰ ਬੈਠ ਕੇ ਵਿਚਾਰ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ ਪਰ ਜਾਪਦਾ ਹੈ ਕਿ ਇਨ੍ਹਾਂ ਲੋਕਾਂ ਕੋਲ ਕੋਈ ਵੀ ਗੱਲਬਾਤ ਕਰਨ ਲਈ ਦਲੀਲ ਨਹੀਂ ਹੈ। ਸਿਰਫ ਪ੍ਰੋ. ਸਰਬਜੀਤ ਸਿੰਘ ਵਲੋਂ ਸੱਚਾਈ ਦਾ ਕੀਤਾ ਜਾ ਰਿਹਾ ਪ੍ਰਚਾਰ ਹੀ ਉਨ੍ਹਾਂ ਨੂੰ ਚੁਭਦਾ ਹੈ।

*-ਹਰਦੀਪ ਸਿੰਘ ਮਾਣਕਰਾਏ*
*ਫੋਨ: 209-678-6176*


# Global Multi Services



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

### ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

**ਇਸ ਮਹੀਨੇ ਸਪੈਸ਼ਲ ਆਫਰ**

**8 Drive Tire for $2300+Tax**

**80,000 Miles Warranty**



***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
**ਫੋਨ: 209-547-9210**
**ਫੈਕਸ: 209-547-9211**

**Dispatch**

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
**ਫੋਨ: 209-547-9210**
**ਫੈਕਸ: 209-547-9211**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
**ਫੋਨ: 209-982-9996**
**ਫੈਕਸ: 209-982-9997**



*Rajinder Singh*

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ**
**Stockton ਵਿਚ Highway 4 ਦੇ ਬਿਲਕੁਲ ਨਜ਼ਦੀਕ**
**1950 E. Miner Ave., Stockton, CA 95205**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**



*Manitpal Singh*

# ਭਰਾਵਾਂ ਵੱਲੋਂ ਬਲਵੰਤ ਰਾਮੂਵਾਲੀਆ 'ਤੇ ਧੋਖਾਧੜੀ ਦਾ ਦੋਸ਼

**ਟੋਰਾਂਟੋ:** ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਟੋਰਾਂਟੋ ਰਹਿੰਦੇ ਪੁੱਤਰਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਸਕੇ ਭਰਾਵਾਂ, ਬਲਵੰਤ ਸਿੰਘ ਰਾਮੂਵਾਲੀਆ, ਹਰਚਰਨ ਸਿੰਘ ਗਿੱਲ ਤੇ ਮੁਹਾਲੀ ਦੇ ਗਾਇਕ ਨੇ ਸਿਆਸੀ ਅਸਰ-ਰਸੂਖ ਵਰਤ ਕੇ ਪਿੰਡ ਰਾਮੂਵਾਲਾ (ਮੋਗਾ) ਸਥਿਤ ਉਨ੍ਹਾਂ ਦੇ ਚਾਰ ਕਨਾਲਾਂ ਦੇ ਜੱਦੀ ਘਰ ਤੋਂ ਉਨ੍ਹਾਂ ਨੂੰ ਬੇਘਰ ਕਰ ਦਿੱਤਾ ਹੈ। ਦੂਜੇ ਪਾਸੇ ਸ. ਰਾਮੂਵਾਲੀਆ ਨੇ ਆਪਣੇ ਭਰਾਵਾਂ ਲੇਖਕ ਇਕਬਾਲ ਗਿੱਲ ਤੇ ਡਾ. ਰਛਪਾਲ ਗਿੱਲ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਪਰਿਵਾਰਕ ਮਾਮਲੇ ਨੂੰ ਗਲਤ ਰੰਗਤ ਦੇ ਕੇ ਉਨ੍ਹਾਂ ਨੂੰ ਰਾਜਸੀ ਤੌਰ 'ਤੇ ਬਦਨਾਮ ਕੀਤਾ ਜਾ ਰਿਹਾ ਹੈ।

ਸ਼ਿਕਾਇਤਕਰਤਾਵਾਂ ਮੁਤਾਬਕ ਪਹਿਲਾਂ ਤਾਂ ਸ. ਰਾਮੂਵਾਲੀਆ ਤੇ ਹੋਰਾਂ ਨੇ ਆਪਣਾ ਰਾਜਸੀ ਪ੍ਰਭਾਵ ਵਰਤ ਕੇ ਉਨ੍ਹਾਂ ਦੇ ਜੱਦੀ ਘਰ ਦੀ ਵੰਡ ਨੂੰ ਮਰਹੂਮ ਪਿਤਾ ਬਾਪੂ ਪਾਰਸ ਦੀ ਵਸੀਅਤ ਮੁਤਾਬਕ ਕਰਨ ਲਈ ਵੱਡੇ ਭਰਾ ਨੂੰ ਦਿੱਤੇ ਮੁਖਤਿਆਰਨਾਮੇ ਨੂੰ ਗਲਤ ਢੰਗ ਨਾਲ ਤਸਦੀਕ ਕਰਾ ਲਿਆ ਤੇ ਫਿਰ ਸਾਰੀ ਜ਼ਮੀਨ-ਜਾਇਦਾਦ ਦਾ ਇੰਤਕਾਲ ਕਰਵਾ ਲਿਆ। ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ 2009 ਵਿਚ ਚੱਲ ਵਸੇ ਸਨ। ਉਦੋਂ ਤੋਂ ਹੀ ਉਨ੍ਹਾਂ ਦੇ ਛੇ ਪੁੱਤਾਂ-ਧੀਆਂ ਵਿਚ ਜਾਇਦਾਦ ਲਈ ਖਿੱਚੋਤਾਣ ਚੱਲ ਰਹੀ ਹੈ।



ਉਨ੍ਹਾਂ ਮੁਤਾਬਕ ਮੋਗਾ ਦੇ ਮਾਲ ਮਹਿਕਮੇ ਦੇ ਕਰਮਚਾਰੀਆਂ/ਅਫ਼ਸਰਾਂ ਦੀ ਮਦਦ ਨਾਲ ਜ਼ਮੀਨੀ ਰਿਕਾਰਡ ਵਿਚ ਵੀ ਛੇੜ-ਛਾੜ ਕੀਤੀ ਗਈ। ਪੀੜਤਾਂ ਵੱਲੋਂ ਮੁਖ਼ਤਿਆਰਨਾਮੇ ਦੀ ਦੁਰਵਰਤੋਂ ਬਾਬਤ ਸਬੰਧਤ ਅਧਿਕਾਰੀਆਂ ਤੱਕ ਗੁਹਾਰ ਲਾਈ ਪਰ ਰਾਜਸੀ ਦਬਾਅ ਕਾਰਨ ਕੋਈ ਸੁਣਵਾਈ ਨਹੀਂ ਹੋਈ। ਇਕਬਾਲ ਗਿੱਲ ਮੁਤਾਬਕ ਹਰਚਰਨ ਸਿੰਘ ਨੇ ਉਸ ਨੂੰ ਝੂਠੇ ਪੁਲਿਸ ਕੇਸ ਵਿਚ ਫਸਾ ਕੇ ਭੈਭੀਤ ਤੇ ਖੱਜਲ ਕਰਨ ਦੀ ਮਨਸ਼ਾ ਨਾਲ ਇਕ ਦਰਖਾਸਤ ਐਸ.ਐਸ.ਪੀ ਮੋਗਾ ਨੂੰ ਦਿੱਤੀ ਜਿਸ ਦੀ ਤਫ਼ਤੀਸ਼ ਕਰਦਿਆਂ ਅਜੀਤਵਾਲ ਦੇ ਐਸ.ਐਚ.ਓ ਨੇ ਦਰਖ਼ਾਸਤ ਵਿਚਲੇ ਦੋਸ਼ਾਂ ਨੂੰ ਝੂਠੇ ਕਰਾਰ ਦਿੱਤਾ। ਆਖ਼ਰ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਦਖ਼ਲ ਕਾਰਨ ਉਨ੍ਹਾਂ ਦੇ ਹਿੱਸੇ ਆਉਂਦੀ ਜ਼ਮੀਨ ਦਾ ਵੰਡ ਵੰਡਾਰਾ ਤਾਂ ਨਿਬੜ ਗਿਆ ਪਰ ਚਾਰ ਕਨਾਲਾਂ ਵਿਚ ਫੈਲੇ 17-ਕਮਰਿਆਂ ਵਾਲ਼ੇ ਵਿਸ਼ਾਲ ਫਾਰਮ ਹਾਊਸ ਲਈ ਖਿੱਚੋਤਾਣ ਅਜੇ ਵੀ ਬਣੀ ਹੋਈ ਹੈ।

ਦੋਵਾਂ ਭਰਾਵਾਂ ਮੁਤਾਬਕ ਉਨ੍ਹਾਂ ਨੂੰ ਝੂਠੇ ਅਦਾਲਤੀ ਕੇਸਾਂ ਵਿਚ ਫਸਾਉਣ ਤੇ ਏਅਰਪੋਰਟ 'ਤੇ ਝੂਠੀਆਂ ਸ਼ਿਕਾਇਤਾਂ ਨਾਲ਼ ਬਲੈਕ ਲਿਸਟ ਕਰਾ ਕੇ ਭਾਰਤ ਦੇ ਵੀਜ਼ਿਆਂ ਤੋਂ ਵਾਂਝਾ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਰਾਜਸੀ ਪ੍ਰਭਾਵ ਵਾਲੇ ਭਰਾਵਾਂ ਵੱਲੋਂ ਅਫ਼ਸਰਾਂ ਦੀ ਮਿਲ਼ੀ-ਭੁਗਤ ਰਾਹੀਂ ਕਰਾਈਆਂ ਬੇਨਿਯਮੀਆਂ ਤੇ ਝੂਠੀਆਂ ਦਰਖ਼ਾਸਤਾਂ ਦੀ ਜਾਂਚ ਕਰਾ ਕੇ ਇਨਸਾਫ਼ ਦੁਆਇਆ ਜਾਵੇ।

ਉਧਰ ਬਲਵੰਤ ਸਿੰਘ ਰਾਮੂਵਾਲੀਆ ਨੇ ਕੈਨੇਡਾ ਰਹਿੰਦੇ ਆਪਣੇ ਭਰਾਵਾਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਤਾਂ ਆਪਣੇ ਭਰਾਵਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਵਿਚੋਂ ਵੀ ਰਾਹ ਦੇਣ ਲਈ ਤਿਆਰ ਹੈ ਪਰ ਉਹ ਝੂਠੇ ਦੋਸ਼ ਲਾ ਰਹੇ ਹਨ। ਇਸ ਪਰਿਵਾਰਕ ਝਗੜੇ ਵਿਚ ਸਾਲਸੀ ਬਣੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਉਪ ਚੇਅਰਮੈਨ ਪ੍ਰੋ. ਬਾਵਾ ਸਿੰਘ ਨੇ ਵੀ ਬਲਵੰਤ ਸਿੰਘ ਰਾਮੂਵਾਲੀਆ ਦੇ ਪੱਖ ਦੀ ਤਾਈਦ ਕੀਤੀ।

ਹਰਚਰਨ ਸਿੰਘ ਨੇ ਪਿੰਡ ਰਾਮੂਵਾਲਾ ਵਿਚ ਘਰ ਦੇ ਬਾਹਰ ਦਾਖਲਾ ਮਨ੍ਹਾ ਹੋਣ ਦੇ ਬੋਰਡ ਲਾਉਣ ਦੀ ਗੱਲ ਤਾਂ ਸਵੀਕਾਰ ਕੀਤੀ ਪਰ ਨਾਲ ਹੀ ਇਹ ਵੀ ਕਿਹਾ ਕਿ ਪਿੰਡ ਵਿਚਲਾ ਘਰ ਬੇਸ਼ੱਕ ਉਨ੍ਹਾਂ (ਹਰਚਰਨ) ਦੇ ਹਿੱਸੇ ਦੀ ਜ਼ਮੀਨ ਵਿਚ ਬਣਿਆ ਹੋਇਆ ਹੈ ਪਰ ਭਰਾਵਾਂ ਦੇ ਦਾਖ਼ਲ ਹੋਣ 'ਤੇ ਕੋਈ ਇਤਰਾਜ਼ ਨਹੀਂ।

## ਭਾਰਤੀ ਮੂਲ ਦੇ ਮੈਨੇਜਰ ਨੇ ਦੋਸ਼ ਨਕਾਰੇ

**ਨਿਊ ਯਾਰਕ:** ਅਮਰੀਕਾ ਦੀਆਂ ਕੰਪਨੀਆਂ ਦੇ ਭੇਤ ਹੋਰਾਂ ਨੂੰ ਦੇਣ ਦੇ ਦੋਸ਼ ਦਾ ਸਾਹਮਣਾ ਕਰ ਰਹੇ ਭਾਰਤੀ ਮੂਲ ਦੇ ਮਿਊਚੁਅਲ ਫੰਡਾਂ ਦੇ ਮੈਨੇਜਰ ਮੈਥਿਊ ਆਰਤੋਮਾ ਨੇ ਆਪਣੇ ਬੇਗੁਨਾਹ ਹੋਣ ਦੀ ਦੁਹਾਈ ਦਿੱਤੀ। ਯੂਐਸ ਜ਼ਿਲ੍ਹਾ ਜੱਜ ਪਾਲ ਗਾਰਦਫੇ ਵੱਲੋਂ ਉਸ 'ਤੇ ਲੱਗੇ ਤਿੰਨ ਦੋਸ਼ ਪੜ੍ਹ ਕੇ ਸੁਣਾਏ ਜਿਸ 'ਤੇ ਹਰੇਕ ਵਾਰ 30 ਸਾਲਾ ਮੈਥਿਊ ਨੇ ਕਿਹਾ ਕਿ ਉਹ ਨਿਰਦੋਸ਼ ਹੈ।

ਉਸ 'ਤੇ ਇਕ ਦੋਸ਼ ਜ਼ਮਾਨਤੀ ਘੁਟਾਲੇ ਦੀ ਸਾਜ਼ਿਸ਼ ਰਚਣ ਦਾ ਤੇ ਦੋ ਦੋਸ਼ ਜ਼ਮਾਨਤੀ ਫਰਾਡ ਦੇ ਹਨ। ਸੁਣਵਾਈ ਦੌਰਾਨ ਉਸ ਦੀ ਪਤਨੀ ਤੇ ਮਾਪੇ ਵੀ ਹਾਜ਼ਰ ਸਨ। ਜੇਕਰ ਉਸ 'ਤੇ ਦੋਸ਼ ਸਿੱਧ ਹੋ ਗਏ ਤਾਂ ਸਕਿਓਰਿਟੀ ਫਰਾਡ 'ਚ 20 ਸਾਲ ਤੇ ਸਾਜ਼ਿਸ਼ 'ਚ ਉਸ ਨੂੰ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ। ਨਵੰਬਰ ਵਿਚ ਗ੍ਰਿਫਤਾਰ ਕੀਤਾ ਮੈਥਿਊ 50 ਲੱਖ ਡਾਲਰ ਦੀ ਜ਼ਮਾਨਤ 'ਤੇ ਹੈ ਤੇ ਅਦਾਲਤੀ ਰਿਕਾਰਡ ਮੁਤਾਬਕ ਉਹ ਜ਼ਮਾਨਤ 'ਤੇ ਹੀ ਰਹੇਗਾ। ਮਾਮਲੇ ਦੀ ਅਗਲੀ ਪੇਸ਼ੀ ਪੰਜ ਮਾਰਚ ਨੂੰ ਹੋਵੇਗੀ।

# ਐਮੀ ਬੇਰਾ ਤੇ ਤੁਲਸੀ ਗਾਬਾਰਡ ਨੇ ਹਲਫ ਲਿਆ

**ਵਾਸ਼ਿੰਗਟਨ:** ਕੈਲੀਫੋਰਨੀਆ ਵਾਸੀ ਭਾਰਤੀ-ਅਮਰੀਕੀ ਡਾਕਟਰ ਐਮੀ ਬੇਰਾ ਤੇ ਇਰਾਕ ਜੰਗ ਵਿਚ ਹਿੱਸਾ ਲੈਣ ਵਾਲੀ ਤੁਲਸੀ ਗਾਬਾਰਡ ਨੇ ਅਮਰੀਕੀ ਪ੍ਰਤੀਨਿਧ ਸਦਨ ਦੇ ਨਵੇਂ ਮੈਂਬਰਾਂ ਵਜੋਂ ਸਹੁੰ ਚੁੱਕ ਕੇ ਨਵਾਂ ਇਤਿਹਾਸ ਰਚਿਆ। ਦਲੀਪ ਸਿੰਘ ਸੌਂਧ (1950) ਤੇ ਬੌਬੀ ਜਿੰਦਲ (2005) ਤੋਂ ਮਗਰੋਂ ਪ੍ਰਤੀਨਿਧ ਸਦਨ ਵਿਚ ਚੁਣੇ ਜਾਣ ਵਾਲੇ ਡਾ. ਬੇਰਾ ਸਿਰਫ ਤੀਜੇ ਭਾਰਤੀ ਅਮਰੀਕੀ ਹਨ। ਤੁਲਸੀ ਗਾਬਾਰਡ ਕਾਂਗਰਸ ਦੀ ਚੋਣ ਜਿੱਤਣ ਵਾਲੀ ਪਹਿਲੀ ਹਿੰਦੂ ਹੈ।

ਇਹ ਦੋਵੇਂ ਆਗੂ ਡੈਮੋਕਰੈਟਿਕ ਪਾਰਟੀ ਦੇ ਹਨ। ਤੁਲਸੀ, ਅਮਰੀਕਾ ਦੀ ਪਹਿਲੀ ਸੰਸਦ ਮੈਂਬਰ ਹੈ ਜਿਸ ਨੇ ਭਗਵਤ ਗੀਤਾ 'ਤੇ ਹੱਥ ਰੱਖ ਕੇ ਸਹੁੰ ਚੁੱਕੀ। ਸਹੁੰ ਚੁੱਕਣ ਤੋਂ ਮਗਰੋਂ ਉਸ ਨੇ ਕਿਹਾ ਕਿ ਉਹ ਆਪਣੀ ਗੀਤਾ ਆਪਣੇ ਨਾਲ ਲਿਆਈ ਸੀ। ਉਸ ਨੇ ਦੱਸਿਆ ਕਿ ਗੀਤਾ ਦਾ ਸੰਦੇਸ਼ ਉਸ ਨੂੰ ਲੋਕ ਸੇਵਕ ਬਣਨ ਤੇ ਆਪਣਾ ਜੀਵਨ ਹੋਰਾਂ ਦੇ ਤੇ ਆਪਣੇ ਦੇਸ਼ ਦੇ ਲੇਖੇ ਲਾਉਣ ਲਈ ਪ੍ਰੇਰਦਾ ਹੈ। ਉਸ ਦੀ ਮਾਂ ਹਿੰਦੂ ਤੇ ਪਿਤਾ ਕੈਥੋਲਿਕ ਪਾਦਰੀ ਹੈ ਜੋ ਮੰਤਰ ਉਚਾਰਣ ਵੀ ਕਰਦਾ ਹੈ ਤੇ ਸਮਾਧੀ ਵੀ ਲਾਉਂਦਾ ਹੈ।

ਉਸ ਦਾ ਦਾਅਵਾ ਹੈ ਕਿ ਧਰਮ, ਮਨੁੱਖ ਨੂੰ ਜਿਉਣ ਦੇ ਮੰਤਵ ਦੀ ਗਹਿਰੀ ਸਮਝ ਦਿੰਦਾ ਹੈ। ਉਹ ਬਚਪਨ ਤੋਂ ਹੀ ਭਗਵਤ ਗੀਤਾ ਦੀਆਂ



ਐਮੀ ਬੇਰਾ



ਤੁਲਸੀ ਗਾਬਾਰਡ

ਸਿੱਖਿਆਵਾਂ ਰਾਹੀਂ ਅਧਿਆਤਮਕ ਯਾਤਰਾ 'ਤੇ ਪੈ ਗਈ ਸੀ। ਆਪਣੇ ਹਿੰਦੂ ਹੋਣ 'ਤੇ ਉਸ ਨੂੰ ਬਹੁਤ ਮਾਣ ਹੈ। 21 ਸਾਲ ਦੀ ਉਮਰੇ ਉਹ ਹਵਾਈ ਅਸੈਂਬਲੀ ਲਈ ਚੁਣੀ ਗਈ ਸੀ। 23 ਸਾਲ ਦੀ ਉਮਰੇ ਉਹ ਸਵੈ-ਇੱਛਾ ਨਾਲ ਜੰਗ 'ਚ ਜਾਣ ਲਈ ਪਹਿਲੀ ਅਫਸਰ ਚੁਣੀ ਗਈ ਸੀ। 28 ਸਾਲ ਦੀ ਉਮਰੇ ਉਸ ਨੂੰ ਫੌਜ ਦਾ ਨੈਸ਼ਨਲ ਗਾਰਡ ਵਜੋਂ ਮਾਣਮੱਤਾ ਸਨਮਾਨ ਵੀ ਮਿਲ ਗਿਆ ਸੀ।

ਐਮੀ ਬੇਰਾ ਨੇ ਸਹੁੰ ਚੁੱਕਣ ਮਗਰੋਂ ਕਿਹਾ ਕਿ ਉਹ ਭਾਰਤ ਤੇ ਅਮਰੀਕਾ ਵਿਚਾਲੇ ਮਜ਼ਬੂਤ ਆਰਥਕ ਸਬੰਧਾਂ ਦਾ ਹਾਮੀ ਹੈ। ਉਸ ਦੇ ਪਿਤਾ ਨੇ ਆਪਣੇ ਪੁੱਤਰ ਨੂੰ ਪ੍ਰਤੀਨਿਧ ਸਦਨ 'ਚ ਸਹੁੰ ਚੁੱਕਦਾ ਵੇਖਣ ਲਈ ਬਹੁਤ ਸਖ਼ਤ ਮਿਹਨਤ ਕੀਤੀ। ਬੇਰਾ ਨੂੰ ਕਾਫੀ ਸ਼ਕਤੀਸ਼ਾਲੀ ਹਾਊਸ ਫਾਰੇਨ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ, ਜੋ ਦੇਸ਼ ਦੀ ਵਿਦੇਸ਼ ਨੀਤੀ ਘੜਨ 'ਚ ਅਹਿਮ ਭੂਮਿਕਾ ਨਿਭਾਏਗੀ। ਉਸ ਦੇ ਪਿਤਾ ਬਾਬੂ ਭਾਈ ਬੇਰਾ ਨੇ ਕਿਹਾ ਕਿ ਉਸ ਨੂੰ ਇਸ ਸਭ ਕੁਝ ਦਾ ਯਕੀਨ ਨਹੀਂ ਹੋ ਰਿਹਾ। ਦੋਵੇਂ ਭਾਰਤੀ ਮੂਲ ਦੇ ਮੈਂਬਰਾਂ ਦੇ ਸਹੁੰ ਚੁੱਕਣ ਮੌਕੇ ਅਮਰੀਕਾ 'ਚੋਂ ਵੱਖ-ਵੱਖ ਥਾਵਾਂ 'ਤੋਂ ਭਾਰਤੀ ਮੂਲ ਦੇ ਤੇ ਹਿੰਦੂ ਲੋਕ ਪੁੱਜੇ ਹੋਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਅਗਲੀ ਪੀੜ੍ਹੀ ਦੇ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਪ੍ਰੇਰਨਾ ਮਿਲੇਗੀ।

## ਦਸਤਾਰ ਬਾਰੇ ਸੰਯੁਕਤ ਰਾਸ਼ਟਰ ਦਾ ਫੈਸਲਾ ਨਹੀਂ ਹੋਇਆ ਲਾਗੂ

**ਜਲੰਧਰ:** ਫਰਾਂਸ ਸਰਕਾਰ ਨੇ ਸਿੱਖਾਂ ਦੀ ਪੱਗ 'ਤੇ ਲਾਈ ਪਾਬੰਦੀ ਵਿਰੁੱਧ ਸੰਯੁਕਤ ਰਾਸ਼ਟਰ ਦੇ ਫੈਸਲੇ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਜਿਸ ਕਰਕੇ ਸਿੱਖਾਂ ਵਿਚ ਰੋਸ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ ਫਰਾਂਸ ਸਰਕਾਰ ਵੱਲੋਂ ਸਿੱਖਾਂ ਦੀ ਦਸਤਾਰ 'ਤੇ ਪਾਬੰਦੀ ਬਾਰੇ ਬਣਾਏ ਕਾਨੂੰਨ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਾਰ ਦਿੰਦਿਆਂ ਫਰਾਂਸ ਸਰਕਾਰ ਨੂੰ ਕਿਹਾ ਹੈ ਕਿ ਉਹ ਆਪਣੇ ਕਾਨੂੰਨ ਵਿਚ ਇਸੇ ਭਾਵਨਾ ਤਹਿਤ ਸੋਧ ਕਰੇ। ਇਸ ਬਾਰੇ ਦਸਤਾਰ ਐਕਸ਼ਨ ਕਮੇਟੀ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਵੀ ਸੰਯੁਕਤ ਰਾਸ਼ਟਰ ਦੇ ਮੈਂਬਰ ਹੋਣ ਦੇ ਨਾਤੇ ਇਸ ਫ਼ੈਸਲੇ ਨੂੰ ਲਾਗੂ ਕਰਵਾਉਣ ਤੇ ਕਾਨੂੰਨ ਵਿਚ ਸੋਧ ਕਰਨ ਲਈ ਫਰਾਂਸ ਸਰਕਾਰ 'ਤੇ ਦਬਾਅ ਪਾਵੇ।



ਕਮੇਟੀ ਆਗੂਆਂ ਨੇ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਵਾਲੇ ਇਸ ਕਾਨੂੰਨ ਨੂੰ ਬਦਲਾਉਣ ਲਈ ਆਪਣਾ ਯੋਗਦਾਨ ਪਾਉਣ ਤੇ ਭਾਰਤ ਸਰਕਾਰ ਨੂੰ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਸਭਾ ਨੇ ਸਿੱਖਾਂ ਨੂੰ ਵੱਖਰੀ ਕੌਮ ਮੰਨ ਲਿਆ ਹੈ ਤੇ ਇਹ ਗੱਲ ਪ੍ਰਵਾਨਤ ਹੈ ਕਿ ਦਸਤਾਰ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ ਤੇ ਧਾਰਮਿਕ ਪਹਿਰਾਵੇ ਵਿਚ ਸ਼ਾਮਲ ਹੈ, ਇਸ ਕਰਕੇ ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਇਹ ਅਧਿਕਾਰ ਨਹੀਂ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਵੇ। ਮਨੁੱਖੀ ਅਧਿਕਾਰ ਕਮੇਟੀ ਨੇ ਫਰਾਂਸ ਸਰਕਾਰ ਨੂੰ ਕਾਨੂੰਨ ਵਿਚ ਸੋਧ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਦਿੱਤਾ ਹੈ।

## ਦੂਜਾ ਵਿਆਹ: ਪਰਵਾਸੀ ਲਾੜੇ ਦੇ ਰਿਸ਼ਤੇਦਾਰਾਂ ਨੂੰ ਕੈਦ

**ਮਲੇਰਕੋਟਲਾ:** ਸਥਾਨਕ ਅਦਾਲਤ ਨੇ ਪਰਵਾਸੀ ਪੰਜਾਬੀ ਵੱਲੋਂ ਪਹਿਲੀ ਪਤਨੀ ਦੇ ਹੁੰਦਿਆਂ ਦੂਜਾ ਵਿਆਹ ਕਰਵਾਉਣ ਸਮੇਂ ਉਸ ਦਾ ਸਾਥ ਦੇਣ ਵਾਲੇ ਨਜ਼ਦੀਕੀ ਪੰਜ ਰਿਸ਼ਤੇਦਾਰਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਤਿੰਨ-ਤਿੰਨ ਸਾਲ ਦੀ ਸਜ਼ਾ ਤੇ ਇਕ-ਇਕ ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਜ਼ਿਕਰਯੋਗ ਹੈ ਕਿ ਸੁਖਵਿੰਦਰ ਕੌਰ ਪੁੱਤਰੀ ਹੁਕਮ ਸਿੰਘ ਵਾਸੀ ਅਕਬਰਪੁਰ ਛੰਨਾ ਦਾ ਵਿਆਹ 1989 ਵਿਚ ਮਨਜੀਤ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਝੂੰਦਾਂ ਨਾਲ ਹੋਇਆ ਸੀ।




ਕੁਝ ਸਮੇਂ ਇਹ ਜੋੜੀ ਅਮਰੀਕਾ ਚਲੀ ਗਈ ਸੀ ਤੇ ਉਨ੍ਹਾਂ ਦੇ ਘਰ ਇਕ ਧੀ ਤੇ ਇਕ ਪੁੱਤਰ ਪੈਦਾ ਹੋਏ। ਉਸ ਤੋਂ ਬਾਅਦ ਮਨਜੀਤ ਸਿੰਘ, ਸੁਖਵਿੰਦਰ ਕੌਰ ਨੂੰ ਅਕਸਰ ਹੀ ਤੰਗ ਪ੍ਰੇਸ਼ਾਨ ਕਰਨ ਲੱਗਾ। ਉਸ ਤੋਂ ਬਾਅਦ ਮਾਰਚ 2005 ਵਿਚ ਮਨਜੀਤ ਸਿੰਘ ਭਾਰਤ ਆਇਆ ਤੇ ਸੁਖਵਿੰਦਰ ਕੌਰ ਵੀ ਉਸ ਦੇ ਪਿੱਛੇ ਹੀ ਭਾਰਤ ਆ ਗਈ ਤੇ ਇਥੇ ਆ ਕੇ ਵੀ ਮਨਜੀਤ ਸਿੰਘ ਨੇ ਦਾਜ ਦੀ ਮੰਗ ਜਾਰੀ ਰੱਖੀ। ਇਸ ਤੋਂ ਬਾਅਦ ਸੁਖਵਿੰਦਰ ਕੌਰ ਤਾਂ ਵਾਪਸ ਅਮਰੀਕਾ ਚਲੀ ਗਈ ਪਰ ਮਨਜੀਤ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਨਾਲ ਰਲ ਕੇ ਸਾਜਿਸ਼ ਰਚ ਕੇ ਅੰਮ੍ਰਿਤਸਰ ਵਿਖੇ ਆਪਣੀ ਪਤਨੀ ਤੇ ਸੁਹਰਿਆ ਤੋਂ ਚੋਰੀ ਦੂਜਾ ਵਿਆਹ ਕਰਵਾ ਲਿਆ। ਜਦੋਂ ਇਸ ਗੱਲ ਦਾ ਪਤਾ ਸਹੁਰੇ ਪਰਿਵਾਰ ਨੂੰ ਲੱਗਾ ਤਾਂ ਹਰਜੀਤ ਸਿੰਘ ਪੁੱਤਰ ਹੁਕਮ ਸਿੰਘ ਵਾਸੀ ਅਕਬਰਪੁਰ ਛੰਨਾਂ ਦੀ ਸ਼ਿਕਾਇਤ 'ਤੇ ਅਹਿਮਦਗੜ੍ਹ ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਤੇ 14 ਮਾਰਚ, 2005 ਨੂੰ ਵੱਖ-ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕਰ ਲਿਆ। ਮਨਜੀਤ ਸਿੰਘ ਨੇ ਹਾਈ ਕੋਰਟ ਵਿਚ 10 ਲੱਖ ਦੀ ਜ਼ਮਾਨਤ ਭਰ ਕੇ ਆਪਣੇ ਕਾਰੋਬਾਰ ਦੀ ਦੇਖ-ਰੇਖ ਲਈ ਅਮਰੀਕਾ ਜਾਣ ਲਈ 20 ਦਿਨ ਦੀ ਇਜਾਜ਼ਤ ਹਾਸਲ ਕੀਤੀ ਪਰ ਉਹ ਫਿਰ ਮੁੜ ਭਾਰਤ ਨਹੀ ਆਇਆ। ਇਸੇ ਤਰ੍ਹਾਂ ਉਸ ਦਾ ਪਿਤਾ ਜਗਦੇਵ ਸਿੰਘ ਵੀ ਪੁਲਿਸ ਤੋਂ ਨਜ਼ਰਾਂ ਬਚਾ ਕੇ ਅਮਰੀਕਾ ਚਲਾ ਗਿਆ ਤੇ ਅਦਾਲਤ ਨੇ ਦੋਵਾਂ ਨੂੰ ਇਸ਼ਤਿਹਾਰੀ ਮੁਜ਼ਰਮ ਕਰਾਰ ਦੇ ਦਿੱਤਾ। ਬਾਕੀ ਦੋਸ਼ੀਆਂ ਨੂੰ ਅਦਾਲਤ ਨੇ ਤਿੰਨ-ਤਿੰਨ ਸਾਲ ਦੀ ਸਜ਼ਾ ਤੇ ਇਕ-ਇਕ ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਮਨਜੀਤ ਸਿੰਘ ਤੇ ਉਸ ਦੇ ਪਿਤਾ ਜਗਦੇਵ ਸਿੰਘ ਨੂੰ ਅਮਰੀਕਾ ਤੋਂ ਵਾਪਸ ਭਾਰਤ ਬਲਾਉਣ ਲਈ ਵੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਸੁਖਬੀਰ ਦੀ ਰਿਸ਼ਤੇਦਾਰ ਦਾ ਪਾਕਿਸਤਾਨ 'ਚ ਕਤਲ

**ਲਾਹੌਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਰਿਸ਼ਤੇਦਾਰ ਤੇ ਭਾਰਤੀ ਮੂਲ ਦੀ ਕੈਨੇਡੀਆਈ ਮੁਟਿਆਰ ਪਾਕਿਸਤਾਨ ਵਿਚ ਮਾਰੀ ਜਾ ਚੁੱਕੀ ਹੈ। ਪਾਕਿਸਤਾਨੀ ਪੁਲਿਸ ਨੇ ਲਾਹੌਰ ਹਾਈ ਕੋਰਟ ਨੂੰ ਦੱਸਿਆ ਹੈ ਕਿ ਇਸ ਮੁਟਿਆਰ ਦੀ ਹੱਤਿਆ ਕਰਨ ਵਾਲੇ ਵਿਅਕਤੀ ਨੇ ਉਸ ਦੇ ਪੈਸੇ ਦੇਣੇ ਸਨ। ਅਗਸਤ ਮਹੀਨੇ ਵਿਚ ਪਾਕਿਸਤਾਨ ਵਿਚੋਂ ਉਸ ਦੇ ਲਾਪਤਾ ਹੋਣ ਬਾਰੇ ਪੁਲਿਸ ਜਾਂਚ ਕਰ ਰਹੀ ਸੀ। ਪੁਲਿਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਇਸ ਕੇਸ ਦੇ ਮੁੱਖ ਮੁਲਜ਼ਮ ਦੀ ਗ੍ਰਿਫਤਾਰੀ ਲਈ ਇੰਟਰਪੋਲ ਨੂੰ ਮਦਦ ਲਈ ਲਿਖ ਦਿੱਤਾ ਗਿਆ ਹੈ ਜੋ ਪਾਕਿਸਤਾਨ ਮੂਲ ਦਾ ਜਰਮਨ ਨਾਗਰਿਕ ਹੈ ਤੇ ਜਰਮਨੀ ਭੱਜ ਗਿਆ ਹੈ।

ਕੈਨੇਡਾ ਤੋਂ ਪਾਕਿਸਤਾਨ ਆਈ ਰਾਜਵਿੰਦਰ ਕੌਰ ਗਿੱਲ ਦਾ ਮਾਮਲਾ ਸੁਖਬੀਰ ਬਾਦਲ ਨੇ ਪਿਛਲੇ ਸਾਲ ਪਾਕਿਸਤਾਨ ਫੇਰੀ ਮੌਕੇ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਕੋਲ ਉਠਾਇਆ ਸੀ। ਲੜਕੀ ਦੇ ਪਿਤਾ ਨੇ ਸ. ਬਾਦਲ ਕੋਲ ਇਸ ਬਾਰੇ ਪਹੁੰਚ ਕੀਤੀ ਸੀ। ਪਾਕਿਸਤਾਨ ਦੀ ਪੁਲਿਸ ਨੇ ਉਚ ਅਦਾਲਤ ਨੂੰ ਦੱਸਿਆ ਕਿ ਲਾਪਤਾ ਹੋਈ ਲੜਕੀ ਨੂੰ ਇਥੇ ਸ਼ਹਿਰ ਪੁੱਜਣ ਤੋਂ ਛੇਤੀ ਮਗਰੋਂ ਹੀ ਮਾਰ ਦਿੱਤਾ ਗਿਆ ਸੀ। ਇਸ ਅਦਾਲਤ ਨੇ ਰਾਜਵਿੰਦਰ ਦੇ ਪਿਤਾ ਸਿਕੰਦਰ ਸਿੰਘ ਗਿੱਲ ਵੱਲੋਂ ਪਾਈ ਪਟੀਸ਼ਨ ਦੇ ਜੁਆਬ 'ਚ ਇਸ ਮਾਮਲੇ ਦੀ



ਰਿਪੋਰਟ ਤੇ ਵੇਰਵੇ ਮੰਗੇ ਸਨ। ਜਦੋਂ ਪੁਲਿਸ ਨੇ ਅਦਾਲਤ 'ਚ ਲੜਕੀ ਦੀ ਹੱਤਿਆ ਬਾਰੇ ਦੱਸਿਆ ਤਾਂ ਉਸ ਦਾ ਪਿਤਾ ਹਿੱਲ ਗਿਆ। ਪੁਲਿਸ ਨੇ ਦੱਸਿਆ ਕਿ ਇਕ ਮਸ਼ਕੂਕ ਹਾਫਿਜ਼ ਸ਼ਹਿਜ਼ਾਦ ਹੁਸੈਨ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਨੇ ਇਕਬਾਲ ਕੀਤਾ ਸੀ ਕਿ ਉਸ ਨੇ ਹੀ ਆਪਣੇ ਰਿਸ਼ਤੇਦਾਰ ਭਰਾ ਸ਼ਾਹਿਦ ਗਜ਼ਾਨਫਰ ਨਾਲ ਰਲ ਕੇ ਰਾਜਵਿੰਦਰ ਨੂੰ ਮਾਰਿਆ ਸੀ। ਸ਼ਾਹਿਦ ਜਰਮਨ ਵਾਸੀ ਹੈ। ਪੁਲਿਸ ਅਧਿਕਾਰੀ ਮੁਤਾਬਕ ਮੁੱਖ ਮੁਲਜ਼ਮ ਸ਼ਾਹਿਦ ਜਰਮਨੀ ਨੱਸ ਗਿਆ ਹੈ ਤੇ ਉਸ ਦੀ ਗ੍ਰਿਫਤਾਰੀ ਲਈ ਇੰਟਰਪੋਲ ਨੂੰ ਲਿਖਿਆ ਗਿਆ ਹੈ। ਰਾਜਵਿੰਦਰ ਪਿਛਲੀ 25 ਅਗਸਤ ਨੂੰ ਲਾਹੌਰ ਆਈ ਸੀ। ਉਹ ਹੀਰੇ-ਮੋਤੀਆਂ ਦਾ ਕੰਮ ਕਰਦੀ ਸੀ ਤੇ ਹੀਰਿਆਂ ਦੀ ਪ੍ਰਦਰਸ਼ਨੀ 'ਚ ਹਿੱਸਾ ਲੈਣ ਲਈ ਇਥੇ ਆਈ ਸੀ। ਪੁਲਿਸ ਨੂੰ ਦਿੱਤੇ ਆਪਣੇ ਇਕਬਾਲੀਆ ਬਿਆਨ ਵਿਚ ਹਾਫਿਜ਼ ਸ਼ਹਿਜ਼ਾਦ ਨੇ ਦੱਸਿਆ ਸੀ ਕਿ ਉਸ ਦਾ ਰਿਸ਼ਤੇਦਾਰ ਭਰਾ ਸ਼ਾਹਿਦ ਗਜ਼ਾਨਫਰ ਤੇ ਰਾਜਵਿੰਦਰ ਲੰਮੇ ਸਮੇਂ ਤੋਂ ਇਕ-ਦੂਜੇ ਨੂੰ ਜਾਣਦੇ ਸਨ। ਸ਼ਾਹਿਦ ਨੇ ਉਸ ਤੋਂ ਕੁਝ ਰਕਮ ਉਧਾਰ ਲਈ ਸੀ ਤੇ ਵਾਅਦਾ ਕੀਤਾ ਸੀ ਕਿ ਜਦੋਂ ਉਹ ਪਾਕਿਸਤਾਨ ਆਏਗੀ, ਉਹ ਪੈਸੇ ਮੋੜ ਦੇਵੇਗਾ। ਸ਼ਾਹਿਦ ਨੇ ਰਾਜਵਿੰਦਰ ਕੋਲੋਂ ਆਪਣੀ ਪਛਾਣ ਵੀ ਲੁਕੋ ਕੇ ਆਪਣੇ ਆਪ ਨੂੰ ਹਿੰਦੂ ਦੱਸਿਆ ਸੀ। ਹੁਸੈਨ ਮੁਤਾਬਕ ਸ਼ਾਹਿਦ ਨੇ ਉਸ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਰਾਜਵਿੰਦਰ ਨੂੰ ਮਾਰਨ ਵਿਚ ਉਸ ਦਾ ਸਾਥ ਦੇਵੇ ਤਾਂ ਉਹ ਉਸ ਨੂੰ (ਹੁਸੈਨ ਨੂੰ) ਕੁਝ ਪੈਸੇ ਦੇਵੇਗਾ। ਉਹ ਆਪਣੇ ਭਰਾ ਨਾਲ ਸਹਿਮਤ ਹੋ ਗਿਆ। 25 ਅਗਸਤ ਨੂੰ ਉਨ੍ਹਾਂ ਨੇ ਲਾਹੌਰ ਹਵਾਈ ਅੱਡੇ 'ਤੇ ਉਸ ਨੂੰ ਰਿਸੀਵ ਕੀਤਾ।

ਉਹ ਕੁਝ ਦਿਨ ਇਕ ਹੋਟਲ 'ਚ ਰਹੀ ਤੇ ਫਿਰ ਇਕ ਸਥਾਨਕ ਵਪਾਰੀ ਨਾਲ ਹੀਰਿਆਂ ਦਾ ਸੌਦਾ ਕਰਾਉਣ ਦੇ ਬਹਾਨੇ ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਲਿਆ ਤੇ ਸ਼ੇਖ਼ੂਪੁਰਾ ਲੈ ਗਏ। ਹੁਸੈਨ ਨੇ ਦੱਸਿਆ ਕਿ ਰਸਤੇ 'ਚ ਸ਼ਾਹਿਦ ਨੇ ਬੇਹੋਸ਼ੀ ਵਾਲੀ ਕੋਈ ਦਵਾਈ ਪਾ ਕੇ ਚਾਹ ਰਾਜਵਿੰਦਰ ਨੂੰ ਦਿੱਤੀ ਤੇ ਉਹ ਬੇਹੋਸ਼ ਹੋ ਗਈ, ਫਿਰ ਉਸ ਨੇ ਰੱਸੀ ਨਾਲ ਉਸ ਦਾ ਗਲਾ ਘੁੱਟ ਦਿੱਤਾ ਤੇ ਲਾਸ਼ ਲਾਹੌਰ-ਸ਼ੇਖ਼ੂਪੁਰਾ ਰੋਡ 'ਤੇ ਪੈਂਦੀ ਨਹਿਰ 'ਚ ਸੁੱਟ ਦਿੱਤੀ।

# ਰਿਕਾਰਡ ਤੋੜ ਪੈਦਾਵਾਰ ਦੇ ਬਾਵਜੂਦ ਪੰਜਾਬ ਰਿਹਾ ਫਾਡੀ

## ਪੰਜਾਬ ਸਰਕਾਰ ਦੀ ਨਾਲਾਇਕੀ ਨੇ ਕਿਸਾਨਾਂ ਦੀ ਮਿਹਨਤ ਰੋਲੀ



ਚੰਡੀਗੜ੍ਹ: ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਕਿਸਾਨਾਂ ਵੱਲੋਂ ਸੋਕੇ ਦੇ ਗੰਭੀਰ ਸੰਕਟ ਦੌਰਾਨ ਕਣਕ ਤੇ ਝੋਨੇ ਦੇ ਉਤਪਾਦਨ ਵਿਚ ਰਿਕਾਰਡ ਵਾਧਾ ਕਰਨ ਦੇ ਬਾਵਜੂਦ ਪੰਜਾਬ ਕੌਮੀ ਪੱਧਰ ਦੇ ਐਵਾਰਡ ਤੇ ਦੋ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਤੋਂ ਵਾਂਝਾ ਰਹਿ ਗਿਆ ਹੈ। ਪੰਜਾਬ ਵੱਲੋਂ ਖੇਤੀ ਖੇਤਰ ਵਿਚ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਗਰਾਂਟਾਂ ਦੀ ਪੂਰੀ ਵਰਤੋਂ ਨਾ ਕੀਤੇ ਜਾਣ ਕਾਰਨ ਕਿਸਾਨਾਂ ਦੀ ਮਿਹਨਤ ਦਾ ਮੁੱਲ ਨਹੀਂ ਵੱਟਿਆ ਜਾ ਸਕਿਆ।

ਦੋ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾ ਐਵਾਰਡ ਇਸ ਵਾਰੀ ਮੱਧ ਪ੍ਰਦੇਸ਼ ਲੈ ਗਿਆ ਹੈ ਤੇ ਹਰਿਆਣਾ ਲਗਾਤਾਰ ਦੂਜੀ ਵਾਰੀ ਦੂਜੇ ਨੰਬਰ 'ਤੇ ਕਾਇਮ ਰਹਿੰਦਿਆਂ ਇਕ ਕਰੋੜ ਰੁਪਏ ਦੇ ਇਨਾਮ ਦਾ ਹੱਕਦਾਰ ਬਣਿਆ ਹੈ। ਪੰਜਾਬ ਨੂੰ ਕੇਂਦਰ ਸਰਕਾਰ ਵੱਲੋਂ ਸਿਰਫ਼ 'ਹੌਸਲਾ ਵਧਾਊ' ਇਨਾਮ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ। ਇਸ ਐਵਾਰਡ ਨਾਲ ਕੋਈ ਇਨਾਮੀ ਰਾਸ਼ੀ ਨਹੀਂ ਹੈ।ਇਹ ਐਵਾਰਡ 15 ਜਨਵਰੀ ਨੂੰ ਨਵੀਂ ਦਿੱਲੀ ਵਿਚ ਖੇਤੀਬਾੜੀ ਮੰਤਰਾਲੇ ਦੇ ਸਮਾਗਮ ਦੌਰਾਨ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਦਿੱਤਾ ਜਾਣਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਖੇਤੀਬਾੜੀ ਵਿਭਾਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇਖ ਰਹੇ ਹਨ। ਪਿਛਲੇ ਸਾਲ ਸਾਡਾ ਸੂਬਾ ਉਤਪਾਦਕਤਾ ਐਵਾਰਡ ਤੇ ਦੋ ਕਰੋੜ ਰੁਪਏ ਲੈਣ ਵਿਚ ਕਾਮਯਾਬ ਰਿਹਾ ਸੀ। ਕੇਂਦਰੀ ਖੇਤੀਬਾੜੀ ਮੰਤਰਾਲੇ ਵੱਲੋਂ ਉਤਪਾਦਕਤਾ ਐਵਾਰਡ ਦੇਣ ਲਈ ਕਣਕ ਤੇ ਝੋਨੇ ਦੀ ਕੁੱਲ ਪੈਦਾਵਾਰ ਤੇ ਕੇਂਦਰੀ ਪੂਲ ਵਿਚ ਪਾਏ ਜਾਂਦੇ ਯੋਗਦਾਨ ਦੇ ਨਾਲ-ਨਾਲ ਕੇਂਦਰੀ ਯੋਜਨਾਵਾਂ ਤਹਿਤ ਦਿੱਤੀਆਂ ਜਾਂਦੀਆਂ ਗਰਾਂਟਾਂ ਨੂੰ ਵੀ ਅਧਾਰ ਬਣਾਇਆ ਜਾਂਦਾ ਹੈ। ਉਤਪਾਦਨ ਦੇ ਮਾਮਲੇ ਵਿਚ ਪੰਜਾਬ ਦੇ ਕਿਸਾਨਾਂ ਨੇ ਸੋਕੇ ਦੀ ਬਿਪਤਾ ਦੌਰਾਨ ਵੀ ਹੱਡ ਭੰਨਵੀਂ ਮਿਹਨਤ ਕੀਤੀ ਤੇ ਝੋਨੇ ਦੀ ਰਿਕਾਰਡ ਪੈਦਾਵਾਰ ਕੀਤੀ।

ਸਾਲ 2010-2011 ਦੌਰਾਨ ਕਣਕ ਤੇ ਝੋਨੇ ਦੀ ਪੈਦਾਵਾਰ ਜੇ 278.90 ਲੱਖ ਟਨ ਸੀ ਤਾਂ ਸਾਲ 2011-2012 ਦੌਰਾਨ ਇਨ੍ਹਾਂ ਦੋਵਾਂ ਫਸਲਾਂ ਦਾ ਉਤਪਾਦਨ 291.31 ਲੱਖ ਟਨ ਸੀ। ਇਸੇ ਤਰ੍ਹਾਂ ਕੇਂਦਰੀ ਅੰਨ ਭੰਡਾਰ ਵਿਚ 2010-2011 ਦੌਰਾਨ ਯੋਗਦਾਨ 195.61 ਲੱਖ ਟਨ ਸੀ ਤਾਂ 2011-2012 ਦੌਰਾਨ ਇਹ ਯੋਗਦਾਨ 206.61 ਲੱਖ ਟਨ ਸੀ। ਪੰਜਾਬ ਨੂੰ ਇਸ ਮਾਮਲੇ ਵਿਚ ਤਾਂ ਪੂਰੇ ਦੇ ਪੂਰੇ 30 ਨੰਬਰ ਪ੍ਰਾਪਤ ਹੋਏ ਪਰ ਵਿਭਾਗ ਕੇਂਦਰੀ ਸਕੀਮਾਂ ਤਹਿਤ ਮਿਲਣ ਵਾਲੇ ਪੈਸੇ ਦੀ ਵਰਤੋਂ ਨਾ ਕਰਨ ਕਾਰਨ ਇਸ ਮਾਮਲੇ ਵਿਚ ਮਿਲਣ ਵਾਲੇ 30 ਅੰਕ ਹਾਸਲ ਨਹੀਂ ਹੋ ਸਕੇ। ਇਹ ਗੱਲ ਵੀ ਅਹਿਮ ਹੈ ਕਿ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਦੀਆਂ ਯੋਜਨਾਵਾਂ ਤਹਿਤ ਰਾਸ਼ੀ ਵਿੱਤ ਵਿਭਾਗ ਦੀ ਥਾਂ ਸਿੱਧੀ ਖੇਤੀਬਾੜੀ ਵਿਭਾਗ ਨੂੰ ਹੀ ਦਿੱਤੀ ਜਾਂਦੀ ਹੈ ਤਾਂ ਜੋ ਸਮੇਂ ਸਿਰ ਖਰਚ ਹੋ ਸਕੇ।

ਪੰਜਾਬ ਦੇ ਖੇਤੀਬਾੜੀ ਵਿਭਾਗ ਨੂੰ ਕੌਮੀ ਅੰਨ ਸੁਰੱਖਿਆ ਮਿਸ਼ਨ ਅਧੀਨ ਸਾਲ 2011-2012 ਦੌਰਾਨ 35 ਕਰੋੜ 18 ਲੱਖ 61 ਹਜ਼ਾਰ ਮਿਲੇ ਪਰ ਖਰਚ 28 ਕਰੋੜ 28 ਲੱਖ ਹੋਇਆ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਆਈ 69.44 ਕਰੋੜ ਰੁਪਏ ਦੀ ਰਾਸ਼ੀ 'ਚੋਂ 65.87 ਕਰੋੜ ਰੁਪਏ ਖਰਚ ਕੀਤੇ ਗਏ। ਮਾਈਕਰੋ ਮੈਨੇਜਮੈਂਟ ਵਰਕਸ ਪਲਾਨ ਯੋਜਨਾ ਅਧੀਨ 6 ਕਰੋੜ 88 ਲੱਖ 30 ਹਜ਼ਾਰ ਰੁਪਏ ਦੀ ਗਰਾਂਟ ਵਿਚੋਂ 1 ਕਰੋੜ 70 ਲੱਖ ਖਰਚ ਕੀਤੇ ਗਏ।

ਆਤਮਾ ਸਕੀਮ ਅਧੀਨ ਕੇਂਦਰ ਸਰਕਾਰ ਵੱਲੋਂ ਭੇਜੀ ਗਈ 10 ਕਰੋੜ ਰੁਪਏ ਦੀ ਰਾਸ਼ੀ 'ਚੋਂ 6 ਕਰੋੜ ਰੁਪਏ ਹੀ ਖਰਚ ਕੀਤੇ ਜਾ ਸਕੇ। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਕੇਂਦਰੀ ਸਕੀਮਾਂ ਤਹਿਤ ਕੇਂਦਰ ਸਰਕਾਰ ਦੀ ਗਰਾਂਟ ਨੂੰ ਵਰਤਣ ਵਿੱਚ ਖੇਤੀਬਾੜੀ ਵਿਭਾਗ ਨਾਕਾਮਯਾਬ ਰਿਹਾ ਹੈ। ਵਿਭਾਗ ਦੀ ਨਾਕਾਮੀ ਦੀ ਨਤੀਜਾ ਇਹ ਨਿਕਲਿਆ ਕਿ ਪੰਜਾਬ ਸਰਕਾਰ ਦੋ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਤੋਂ ਵੀ ਵਾਂਝੀ ਰਹਿ ਗਈ। ਉਧਰ ਖੇਤੀਬਾੜੀ ਵਿਭਾਗ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿਚ ਦਿੱਤੀ ਜਾਂਦੀ ਰਾਸ਼ੀ ਦੀ ਵਰਤੋਂ ਘੱਟ ਹੋਣ ਤੇ ਕੁਝ ਹੋਰ ਕਾਰਨਾਂ ਕਰਕੇ ਪੰਜਾਬ ਸੂਬਾ ਕ੍ਰਿਸ਼ੀ ਕਰਮਨ ਐਵਾਰਡ ਤੇ ਦੋ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਤੋਂ ਸੱਖਣਾ ਰਹਿ ਗਿਆ ਹੈ।

# ਅਕਾਲੀਆਂ ਤੇ ਕਾਂਗਰਸੀਆਂ ਵਿਚਾਲੇ ਕੋਈ ਫਰਕ ਨਹੀਂ: ਮਨਪ੍ਰੀਤ

ਫ਼ਰੀਦਕੋਟ: ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਮੋਗਾ ਤੋਂ ਕਾਂਗਰਸੀ ਵਿਧਾਇਕ ਜੋਗਿੰਦਰ ਜੈਨ ਦਾ ਅਕਾਲੀ ਦਲ ਵਿਚ ਜਾਣਾ ਸਾਬਤ ਕਰਦਾ ਹੈ ਕਿ ਅਕਾਲੀ ਦਲ ਤੇ ਕਾਂਗਰਸ ਵਿਚ ਕੋਈ ਸਿਧਾਂਤਕ ਵਖਰੇਵਾਂ ਨਹੀਂ ਤੇ ਇਨ੍ਹਾਂ ਦਾ ਮਕਸਦ ਸਿਰਫ਼ ਪੰਜਾਬ ਵਿਚ ਹਰ ਹਾਲਤ ਵਿਚ ਸੱਤਾ 'ਤੇ ਕਾਬਜ਼ ਹੋਣਾ ਹੈ।



ਉਨ੍ਹਾਂ ਕਿਹਾ ਕਿ ਮੋਗਾ ਜ਼ਿਮਨੀ ਚੋਣ ਸਾਂਝਾ ਮੋਰਚਾ ਪੂਰੀ ਸਰਗਰਮੀ ਨਾਲ ਲੜੇਗਾ ਅਤੇ ਪੰਜਾਬ ਦੇ ਲੋਕਾਂ ਨੂੰ ਬਦਹਾਲੀ ਵਿਚੋਂ ਕੱਢਣ ਲਈ ਆਪਣਾ ਯੋਗਦਾਨ ਪਾਵੇਗਾ। ਵਿਧਾਨ ਸਭਾ ਚੋਣਾਂ ਵਿਚ ਸਾਂਝੇ ਮੋਰਚੇ ਨੂੰ ਮਿਲੀ ਅਸਫ਼ਲਤਾ ਤੋਂ ਉਹ ਨਿਰਾਸ਼ ਨਹੀਂ ਹਨ ਤੇ ਉਹ ਲਗਾਤਾਰ ਅਕਾਲੀ ਦਲ ਅਤੇ ਕਾਂਗਰਸ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨਗੇ। ਸਾਂਝੇ ਮੋਰਚੇ ਦੀ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ 97 ਏ.ਡੀ.ਜੀ.ਪੀ, ਆਈ.ਜੀ ਤੇ ਡੀ.ਆਈ.ਜੀ ਰੈਂਕ ਦੇ ਅਧਿਕਾਰੀ ਹਨ।

ਇਸ ਦੇ ਬਾਵਜੂਦ ਲੋਕਾਂ ਲਈ ਇਨਸਾਫ਼ ਤੇ ਕਾਨੂੰਨ ਦਾ ਰਾਜ ਕਿਤੇ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਲੋਕਾਂ ਦੀ ਥਾਂ ਬਹੁਕੌਮੀ ਕੰਪਨੀਆਂ ਦੇ ਹਿੱਤਾਂ ਨੂੰ ਪਹਿਲ ਦੇ ਰਹੀ ਹੈ।ਇਸ ਦੇ ਭਿਆਨਕ ਸਿੱਟੇ ਜਲਦੀ ਸਾਹਮਣੇ ਆਉਣ ਵਾਲੇ ਹਨ। ਹਾਕਮ ਧਿਰ ਪੰਜਾਬ ਦੇ ਲੋਕਾਂ ਦੇ ਮਾਣ-ਸਨਮਾਨ ਬਹਾਲ ਰੱਖਣ ਵਿਚ ਅਸਫ਼ਲ ਰਹੀ ਹੈ।

# ਬਾਦਲਾਂ ਦੀ 'ਫਜ਼ੂਲ ਫੌਜ' ਉਤੇ ਕਰੋੜਾਂ ਦਾ ਖਰਚਾ

ਚੰਡੀਗੜ੍ਹ: ਸੂਬੇ ਦੀ ਮਾੜੀ ਵਿੱਤੀ ਹਾਲਤ ਦਾ ਹਵਾਲਾ ਦੇ ਕੇ ਸਰਕਾਰੀ ਅਫਸਰਾਂ ਤੇ ਮੁਲਾਜ਼ਮਾਂ ਨੂੰ ਸਰਫ਼ਾ ਕਰਨ ਦੀ ਨਸੀਹਤ ਦੇਣ ਵਾਲੀ ਪੰਜਾਬ ਸਰਕਾਰ ਬੇਲੋੜੀਆਂ ਸਿਆਸੀ ਨਿਯੁਕਤੀਆਂ ਕਰਕੇ ਕਰੋੜਾਂ ਰੁਪਏ ਪਾਣੀ ਵਾਂਗ ਵਹਾ ਰਹੀ ਹੈ। ਖ਼ਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਸਹਾਇਕਾਂ ਵਜੋਂ ਤਾਇਨਾਤ ਸਿਆਸੀ ਆਗੂ ਤੇ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਸਰਕਾਰੀ ਖਜਾਨੇ ਨੂੰ ਚੋਖਾ ਰਗੜਾ ਲਾ ਰਹੀਆਂ ਹਨ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਮਿਲੀ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਸ. ਬਾਦਲ ਨਾਲ ਤਾਇਨਾਤ ਅੱਧੀ ਦਰਜਨ ਗੈਰ ਸਰਕਾਰੀ ਵਿਅਕਤੀਆਂ ਹਰਚਰਨ ਸਿੰਘ ਬੈਂਸ, ਮਹੇਸ਼ਇੰਦਰ ਸਿੰਘ ਗਰੇਵਾਲ, ਕਮਲ ਸ਼ਰਮਾ, ਬਲਕਰਨ ਸਿੰਘ, ਗਰਚਰਨ ਸਿੰਘ ਨੂੰ ਮੋਟੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਦੀਆਂ ਸੇਵਾ ਸ਼ਰਤਾਂ ਮੁਤਾਬਕ ਇਨ੍ਹਾਂ ਨੂੰ 30,000 ਰੁਪਏ ਪ੍ਰਤੀ ਮਹੀਨਾ ਮਾਣ ਭੇਟਾ, ਦੋ ਲੱਖ ਰੁਪਏ ਤੱਕ ਸਾਲਾਨਾ ਯਾਤਰਾ ਭੱਤਾ, ਯਾਤਰਾ ਦੌਰਾਨ 1000 ਰੁਪਏ ਰੋਜ਼ਾਨਾ ਭੱਤਾ, ਇਕ ਮਕਾਨ ਜਿਸ ਦਾ ਪ੍ਰਤੀ ਮਹੀਨਾ ਕਿਰਾਇਆ ਵੱਧ ਤੋਂ ਵੱਧ 50,000 ਰੁਪਏ ਤੱਕ ਹੋਵੇ, ਸਰਕਾਰੀ ਰਿਹਾਇਸ਼ ਤੇ ਟੈਲੀਫੋਨ ਐਸ.ਟੀ.ਡੀ ਸਹੂਲਤ, ਇਕ ਸਟਾਫ ਕਾਰ ਡਰਾਈਵਰ ਸਮੇਤ ਸ਼ਾਮਲ ਹਨ।

ਇਨ੍ਹਾਂ ਦੋਵਾਂ ਨੂੰ ਦਫ਼ਤਰ ਵਿਚ ਮਨੋਰੰਜਨ 'ਤੇ ਕੀਤੇ ਜਾਣ ਵਾਲੇ ਖਰਚੇ ਦੀ ਹੱਦ 5000 ਰੁਪਏ ਪ੍ਰਤੀ ਮਹੀਨਾ ਹੈ। ਇਸ ਤੋਂ ਇਲਾਵਾ ਇਕ ਨਿੱਜੀ ਸਕੱਤਰ ਤੇ ਇਕ ਕਲਰਕ, ਇਕ ਸੇਵਾਦਾਰ ਵੀ ਮੁਹੱਈਆ ਹੈ। ਇਨ੍ਹਾਂ ਸ਼ਖ਼ਸਾਂ ਨੂੰ ਇਨਡੋਰ ਇਲਾਜ ਦੇ ਅਸਲ ਖਰਚੇ ਦੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਅਦਾਇਗੀ ਹੁੰਦੀ ਹੈ।

ਇਸ ਤਰ੍ਹਾਂ ਮੁੱਖ ਮੰਤਰੀ ਦੇ ਵਿਸ਼ੇਸ਼ ਕਾਰਜ ਅਫਸਰ ਦੇ ਤੌਰ 'ਤੇ ਭਾਈ ਸੁਖਦੀਪ ਸਿੰਘ ਸਿੱਧੂ ਮੈਨੇਜਰ (ਪੀ.ਐਸ.ਆਈ.ਸੀ) ਡੈਪੂਟੇਸ਼ਨ 'ਤੇ ਨਿਯੁਕਤ ਹਨ। ਦੋ ਹੋਰ ਵਿਸ਼ੇਸ਼ ਕਾਰਜ ਅਫਸਰਾਂ ਦੀ ਸਿਆਸੀ ਤੌਰ 'ਤੇ ਨਿਯੁਕਤੀ ਕੀਤੀ ਗਈ ਹੈ ਜਿਨ੍ਹਾਂ ਵਿਚ ਗੁਰਚਰਨ ਸਿੰਘ ਪਿੰਡ ਡੱਬਵਾਲੀ ਢਾਬ ਤੇ ਬਲਕਰਨ ਸਿੰਘ ਪਿੰਡ ਵਣਵਾਲਾ ਜ਼ਿਲ੍ਹਾ ਮੁਕਤਸਰ ਸ਼ਾਮਲ ਹਨ।

ਇਸ ਤੋਂ ਇਲਾਵਾ ਡਾਇਰੈਕਟਰੇਟ ਆਫ਼ ਡਿਸਇਨਵੈਸਟਮੈਂਟ ਮੁਤਾਬਕ ਚੇਅਰਮੈਨਾਂ ਨੂੰ 25,000 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ, ਗ੍ਰੇਡ ਏ ਅਫਸਰ ਦੇ ਬਰਾਬਰ ਮਾਣ ਭੱਤਾ ਤੇ ਰੋਜ਼ਾਨਾ ਭੱਤਾ, 25,000 ਰੁਪਏ ਤੱਕ ਦਾ ਮਕਾਨ ਕਰਾਇਆ ਭੱਤਾ, 10,000 ਰੁਪਏ ਮਹੀਨਾ ਤੱਕ ਦੇ ਟੈਲੀਫੋਨ ਦੇ ਖਰਚੇ, ਡਰਾਈਵਰ ਤੇ ਸਟਾਫ ਕਾਰ, 290 ਲਿਟਰ ਪ੍ਰਤੀ ਮਹੀਨਾ ਪੈਟਰੋਲ ਜਾਂ 440 ਲਿਟਰ ਪ੍ਰਤੀ ਮਹੀਨਾ ਡੀਜ਼ਲ, 60,000 ਰੁਪਏ ਪ੍ਰਤੀ ਸਾਲ ਕਾਰ ਰਿਪੇਅਰ ਦੇ ਖਰਚੇ, 1000 ਰੁਪਏ ਪ੍ਰਤੀ ਮਹੀਨਾ ਮਨੋਰੰਜਨ ਦੇ ਖਰਚੇ, ਦਫ਼ਤਰ ਤੇ ਸਟਾਫ ਦੀ ਸਹੂਲਤ, ਮੁਫ਼ਤ ਮੈਡੀਕਲ ਸਹੂਲਤਾਂ ਮਿਲਦੀਆਂ ਹਨ। ਉਪ ਚੇਅਰਮੈਨਾਂ ਨੂੰ 20,000 ਰੁਪਏ ਤੱਕ ਦਾ ਪ੍ਰਤੀ ਮਹੀਨਾ ਮਾਣ ਭੱਤਾ, ਗ੍ਰੇਡ-ਏ ਦਾ ਯਾਤਰਾ ਭੱਤਾ, ਰੋਜ਼ਾਨਾ ਭੱਤਾ, 20,000 ਰੁਪਏ ਪ੍ਰਤੀ ਮਹੀਨਾ ਕਿਰਾਏ ਵਾਲੇ ਮਕਾਨ ਦੀ ਸਹੂਲਤ।

# ਪੰਜਾਬੀਆਂ ਨੇ ਹੁਣ ਕਾਨਪੁਰੀ ਰਿਵਾਲਵਰਾਂ ਲਈ ਕਤਾਰਾਂ ਬੰਨ੍ਹੀਆਂ

## ਛੇ ਸਾਲਾਂ ਵਿਚ 67.60 ਕਰੋੜ ਦਾ ਅਸਲਾ ਖ਼ਰੀਦਿਆ




ਚੰਡੀਗੜ੍ਹ: ਪੰਜਾਬ ਦੇ ਲੋਕਾਂ 'ਚ ਹਥਿਆਰ ਰੱਖਣ ਦਾ ਸ਼ੌਕ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਤੇ ਪਿਛਲੇ ਕੁਝ ਸਮੇਂ ਵਿਚ ਕਾਨਪੁਰੀ ਰਿਵਾਲਵਰਾਂ ਵਿਚ ਪੰਜਾਬੀਆਂ ਨੇ ਖਾਸ ਦਿਲਚਸਪੀ ਵਿਖਾਈ ਹੈ। ਸੂਬੇ ਦੇ 9256 ਲੋਕ ਪਹਿਲੀ ਜਨਵਰੀ, 2005 ਤੋਂ 31 ਦਸੰਬਰ, 2011 ਤੱਕ ਕਾਨਪੁਰ ਦੀ ਸਰਕਾਰੀ ਅਸਲਾ ਫੈਕਟਰੀ ਵਿਚੋਂ 67.60 ਕਰੋੜ ਰੁਪਏ ਦਾ ਅਸਲਾ ਖਰੀਦ ਚੁੱਕੇ ਹਨ। ਖਾਸਕਰ ਮਾਲਵੇ ਤੇ ਮਾਝੇ ਖ਼ਿੱਤਿਆਂ ਦੇ ਲੋਕ ਹਥਿਆਰਾਂ ਦੇ ਜ਼ਿਆਦਾ ਸ਼ੌਕੀਨ ਹਨ। ਗੁਰਦਾਸਪੁਰ ਜ਼ਿਲ੍ਹੇ ਵਿਚ 35794 ਹਥਿਆਰਾਂ ਦੇ ਲਾਇਸੈਂਸ ਹਨ ਜਦੋਂਕਿ ਬਠਿੰਡਾ ਜ਼ਿਲ੍ਹੇ ਵਿਚ ਇਹ ਗਿਣਤੀ 35152 ਹੈ। ਇਸੇ ਤਰ੍ਹਾਂ ਲੁਧਿਆਣਾ ਵਿਚ 26726 ਤੇ ਮੋਗਾ ਵਿਚ 25801 ਹੈ। ਇਹ ਸਿਰਫ਼ ਉਹ ਅਸਲਾ ਹੈ ਜੋ ਲਾਇਸੈਂਸੀ ਹੈ।

ਕਾਨਪੁਰ ਦੀ ਇਸ ਫੈਕਟਰੀ ਦਾ 32 ਬੋਰ ਦਾ ਰਿਵਾਲਵਰ ਸ਼ੌਕੀਨ ਲੋਕਾਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਤੋਂ ਟੈਕਸਾਂ ਦੇ ਰੂਪ ਵਿਚ ਚੰਗੀ ਕਮਾਈ ਵੀ ਹੋਣ ਲੱਗੀ ਹੈ। ਇਸੇ ਤਰ੍ਹਾਂ ਕਲਕੱਤਾ ਤੋਂ 32 ਬੋਰ ਦਾ ਪਿਸਤੌਲ ਵੀ ਪੰਜਾਬੀ ਲੋਕ ਖਰੀਦਦੇ ਆ ਰਹੇ ਹਨ। ਇਹ ਹਥਿਆਰ ਖਰੀਦਣ ਵਾਸਤੇ ਕਈ ਕਈ ਮਹੀਨੇ ਪੰਜਾਬੀਆਂ ਨੂੰ ਲਾਈਨ ਵਿਚ ਲੱਗਣਾ ਪੈਂਦਾ ਹੈ। ਕੇਂਦਰੀ ਰੱਖਿਆ ਮੰਤਰਾਲੇ ਅਧੀਨ ਪੈਂਦੀ ਕਾਨਪੁਰ ਦੀ ਇੰਡੀਅਨ ਆਰਡਨੈਂਸ ਫੈਕਟਰੀ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਮੁਤਾਬਕ ਲੰਘੇ ਸੱਤ ਵਰ੍ਹਿਆਂ ਤੋਂ 32 ਬੋਰ ਦਾ ਰਿਵਾਲਵਰ ਖਰੀਦਣ ਵਾਲੇ ਪੰਜਾਬੀ ਲੋਕਾਂ ਦੀ ਗਿਣਤੀ ਹਰ ਸਾਲ ਵਧ ਹੀ ਰਹੀ ਹੈ।

2005 ਵਿਚ ਪੰਜਾਬ ਦੇ 1177 ਲੋਕਾਂ ਨੇ ਕਾਨਪੁਰ ਦੀ ਇਸ ਅਸਲਾ ਫੈਕਟਰੀ ਤੋਂ 7.79 ਕਰੋੜ ਰੁਪਏ ਦੇ ਹਥਿਆਰ ਖਰੀਦੇ ਸਨ। ਸਾਲ 2006 ਵਿਚ ਤਕਰੀਬਨ 958 ਲੋਕਾਂ ਨੇ ਛੇ ਕਰੋੜ ਰੁਪਏ ਦੇ 32 ਬੋਰ ਦੇ ਰਿਵਾਲਵਰ ਖਰੀਦੇ। 2007 ਵਿਚ 1112 ਪੰਜਾਬੀਆਂ ਨੇ 7.85 ਕਰੋੜ ਦੇ ਹਥਿਆਰ ਖਰੀਦ ਕੀਤੇ ਜਦੋਂ ਕਿ ਸਾਲ 2008 ਵਿਚ 8.59 ਕਰੋੜ ਰੁਪਏ ਖਰਚ ਕੇ 1235 ਲੋਕਾਂ ਨੇ ਹਥਿਆਰ ਖਰੀਦੇ, 2009 ਵਿਚ 1451 ਪੰਜਾਬੀਆਂ ਨੇ 10.45 ਕਰੋੜ ਰੁਪਏ, 2010 ਵਿਚ 1623 ਨੇ 13.59 ਕਰੋੜ ਰੁਪਏ ਦੇ ਹਥਿਆਰ ਖਰੀਦ ਕੀਤੇ। ਸਾਲ 2011 ਵਿਚ ਪੰਜਾਬ ਦੇ 1700 ਲੋਕ ਕਾਨਪੁਰ ਤੋਂ ਅਸਲਾ ਲੈ ਕੇ ਆਏ।

ਇਸ ਜਾਣਕਾਰੀ ਮੁਤਾਬਕ ਕਾਨਪੁਰ ਦੇ 32 ਬੋਰ ਦੇ ਰਿਵਾਲਵਰ ਦੀ ਕੀਮਤ ਹਰ ਸਾਲ ਹੀ ਵਧਦੀ ਆ ਰਹੀ ਹੈ। ਪੰਜ ਛੇ ਸਾਲ ਪਹਿਲਾਂ ਇਹ ਰਿਵਾਲਵਰ 56 ਹਜ਼ਾਰ ਰੁਪਏ ਦਾ ਮਿਲਦਾ ਸੀ ਜੋ ਕਿ ਹੁਣ 86 ਹਜ਼ਾਰ ਰੁਪਏ ਦਾ ਮਿਲਦਾ ਹੈ। ਜਿਨ੍ਹਾਂ ਕੋਲ ਅਸਲੇ ਦਾ ਲਾਇਸੈਂਸ ਹੈ, ਉਹ ਸਿੱਧੇ ਕਾਨਪੁਰ ਜਾ ਕੇ ਇਹ ਰਿਵਾਲਵਰ ਖਰੀਦ ਰਹੇ ਹਨ। ਕਈ ਵਾਰੀ ਤਾਂ ਛੇ-ਛੇ ਮਹੀਨੇ ਦੀ ਵੇਟਿੰਗ ਚੱਲਦੀ ਰਹਿੰਦੀ ਹੈ। ਰਿਵਾਲਵਰ ਦੀ ਪੇਸ਼ਗੀ ਬੁਕਿੰਗ ਕਰਾਉਣੀ ਪੈਂਦੀ ਹੈ।ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਪੰਜਾਬ ਦੇ ਲੋਕ ਜ਼ਿਆਦਾਤਰ ਕਾਨਪੁਰੀ ਰਿਵਾਲਵਰ ਖ਼ਰੀਦਦੇ ਹਨ।

ਪੱਛਮੀ ਬੰਗਾਲ ਦੀ ਐਮ.ਪੀ.ਐਫ ਅੰਬਰਨਾਥ ਫੈਕਟਰੀ ਤੋਂ ਮਿਲੀ ਸਰਕਾਰੀ ਸੂਚਨਾ ਮੁਤਾਬਕ ਪੰਜਾਬ ਦੇ 687 ਲੋਕਾਂ ਨੇ ਇਸ ਫੈਕਟਰੀ ਤੋਂ ਵੀ 4.67 ਕਰੋੜ ਰੁਪਏ ਦੇ ਰਿਵਾਲਵਰ ਖਰੀਦੇ ਹਨ। ਸਾਲ 2006 ਵਿਚ ਇਸ ਫੈਕਟਰੀ ਤੋਂ ਸਿਰਫ਼ 31 ਪੰਜਾਬੀਆਂ ਨੇ ਹਥਿਆਰ ਖਰੀਦੇ ਸਨ ਜਦੋਂਕਿ 2008 ਵਿਚ ਇਹ ਗਿਣਤੀ ਵਧ ਕੇ 167 ਹੋ ਗਈ। ਹੁਣ ਹਰ ਸਾਲ 100 ਤੋਂ ਜ਼ਿਆਦਾ ਪੰਜਾਬੀ ਇਸ ਫੈਕਟਰੀ ਤੋਂ ਹਥਿਆਰ ਖਰੀਦ ਰਹੇ ਹਨ।

ਕਾਨਪੁਰ ਤੇ ਕਲਕੱਤਾ ਤੋਂ ਹਥਿਆਰ ਖਰੀਦਣ ਵਾਲਿਆਂ ਵਿਚ ਕਾਫ਼ੀ ਗਿਣਤੀ ਅਫਸਰਾਂ ਤੇ ਨੇਤਾਵਾਂ ਦੀ ਵੀ ਹੈ। ਇਸੇ ਤਰ੍ਹਾਂ ਪੱਛਮੀ ਬੰਗਾਲ ਦੀ ਈਸਾਪੁਰ ਫੈਕਟਰੀ ਤੋਂ ਪੰਜ ਵਰ੍ਹਿਆਂ ਦੌਰਾਨ 19 ਪੰਜਾਬੀਆਂ ਨੇ ਹਥਿਆਰ ਖਰੀਦੇ ਜਿਨ੍ਹਾਂ 'ਤੇ ਪੰਜ ਲੱਖ ਰੁਪਏ ਖਰਚ ਕੀਤੇ ਗਏ।

**ਰੰਗ-ਬੇਰੰਗ**

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਸਾਡਾ ਮਿੱਤਰ ਪਿਆਰਾ ਨਰਿੰਦਰ ਭੁੱਲਰ: ਇਕ ਦੰਤ ਕਥਾ

'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਪਟਾਰੀ ਵਿਚੋਂ ਐਤਕੀਂ ਜਿਸ ਸ਼ਖ਼ਸ ਦੀਆਂ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨ ਲੱਗਿਆ ਹਾਂ, ਉਹਦੇ ਨਾਲ ਰਿਸ਼ਤਾ ਬਾਕੀ ਸਾਰਿਆਂ ਨਾਲੋਂ ਵੱਖਰਾ ਅਤੇ ਵਿਲੱਖਣ ਰਿਹਾ ਹੈ। ਗੁਰਦਿਆਲ ਬੱਲ, ਕਰਮਜੀਤ ਭਾਅ ਜੀ ਅਤੇ ਦਲਜੀਤ ਸਰਾਂ ਨਾਲ ਰਿਸ਼ਤਾ ਵੀ ਬਹੁਤ ਕਰੀਬੀ ਦੋਸਤੀ ਦਾ ਸੀ, ਪਰ ਨਰਿੰਦਰ ਭੁੱਲਰ ਨਾਲ ਹਮਉਮਰ ਹੋਣ ਕਰ ਕੇ ਜਿਗਰੀ ਯਾਰਾਂ ਵਾਲਾ ਰਿਸ਼ਤਾ ਮੌਲ ਪਿਆ ਸੀ।

***ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।***

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਨਰਿੰਦਰ ਨਾਲ ਮੇਰੀ ਪਹਿਲੀ ਮੁਲਾਕਾਤ ਜਨਵਰੀ 1990 ਵਿਚ ਉਦੋਂ ਹੋਈ ਸੀ ਜਦੋਂ ਉਹ ਮੇਰੇ ਨਾਲ ਸਬ ਐਡੀਟਰ ਦੀ ਇੰਟਰਵਿਊ ਦੇਣ ਲਈ ਆਇਆ ਸੀ। ਉਦੋਂ ਮੇਰੀ ਚੋਣ ਹੋ ਗਈ ਸੀ। ਅਗਲੇ ਸਾਲ ਸਬ ਐਡੀਟਰ ਦੀ ਪੋਸਟ ਨਿਕਲੀ ਤਾਂ ਉਹ ਸਾਡੇ ਨਾਲ ਆ ਰਲਿਆ। ਸਾਡਾ ਜਿਵੇਂ 'ਲਵ ਐਟ ਫਸਟ ਸਾਈਟ' ਹੀ ਹੋ ਗਿਆ ਸੀ।

ਉਨ੍ਹੀਂ ਦਿਨੀਂ ਦਲਜੀਤ ਸਰਾਂ ਨਾਲ ਵੀ ਮੋਹ ਵਾਲਾ ਰਿਸ਼ਤਾ ਸੀ। 1990 ਦੇ ਗੇੜ ਵਿਚ ਹੀ ਹਰਿਆਣਾ ਸਰਕਾਰ ਨੇ ਸਬ ਐਡੀਟਰਾਂ ਨੂੰ ਮੁਫਤ ਬੱਸ ਪਾਸ ਦਿਤੇ ਅਤੇ ਫਿਰ ਇਸ ਵਿਚ ਇਹ ਵੀ ਵਾਧਾ ਕਰ ਦਿਤਾ ਕਿ ਉਹ ਡੀਲਕਸ ਬੱਸ ਵਿਚ ਸਫਰ ਕਰ ਸਕਣਗੇ। ਉਦੋਂ ਦਲਜੀਤ ਅਕਸਰ ਚੰਡੀਗੜ੍ਹੋਂ ਦਿੱਲੀ ਤੁਰਿਆ ਰਹਿੰਦਾ। ਇਕ ਦਿਨ ਮੇਰੇ, ਨਰਿੰਦਰ ਤੇ ਅਰਵਿੰਦਰ ਨਾਲ ਦਲਜੀਤ ਡੈਸਕ ਇੰਚਾਰਜ ਦੀ ਕੁਰਸੀ 'ਤੇ ਬੈਠਾ ਸੀ, ਜਦੋਂ ਇਨ੍ਹਾਂ ਬੱਸ ਪਾਸਾਂ ਦੀ ਗੱਲ ਤੁਰ ਪਈ। ਉਹ ਇਕ ਮਿੰਟ ਲਈ ਉਠ ਕੇ ਕਮਰੇ ਤੋਂ ਬਾਹਰ ਗਿਆ। ਅਰਵਿੰਦਰ ਕਹਿਣ ਲੱਗੀ, "ਦਲਜੀਤ ਨੂੰ ਤਾਂ ਦਿੱਲੀ ਜਾਣ ਦੀ ਮੌਜ ਲੱਗ ਗਈ।" ਐਨ ਉਸੇ ਵੇਲੇ ਦਲਜੀਤ ਵਾਪਸ ਆ ਗਿਆ। ਸਾਡੇ ਦੋਹਾਂ ਦੇ ਚਿਹਰੇ 'ਤੇ ਮੁਸਕਰਾਹਟ ਦੇਖ ਕੇ ਕਹਿਣ ਲੱਗਾ, "ਜ਼ਰੂਰ ਤੁਸੀਂ ਮੇਰੀ ਚੁਗਲੀ ਕੀਤੀ ਹੈ।" ਮੈਂ ਕਿਹਾ, "ਹਾਂ! ਕੀਤੀ ਹੈ ਪਰ ਦੱਸਣੀ ਨਹੀਂ।" ਉਸ ਦੋ ਕੁ ਵਾਰ ਫਿਰ ਪੁੱਛਿਆ, ਸਾਡੇ ਟੱਸ ਤੋਂ ਮਸ ਨਾ ਹੋਣ 'ਤੇ ਜ਼ਰਾ ਕੁ ਖਿਝ ਕੇ ਕਹਿ ਬੈਠਾ, "ਜਦੋਂ ਦੋ ਵੱਡੇ ਚੁਗਲਖੋਰ ਬੈਠੇ ਹੋਣ, ਹੋਰ ਆਸ ਵੀ ਕੀ ਰੱਖੀ ਜਾ ਸਕਦੀ ਹੈ।" ਇਹ ਗੱਲ ਉਹ ਕਹਿ ਤਾਂ ਬੈਠਾ, ਪਰ ਸਾਡੇ ਹੱਥ ਉਸ ਦੇ ਖਿਲਾਫ਼ ਹਥਿਆਰ ਆ ਗਿਆ ਅਤੇ ਅਸੀਂ ਕਈ ਸਾਲ ਬਾਅਦ ਵੀ ਉਸ ਨੂੰ ਇਸ ਗੱਲੋਂ ਚਿੜਾਉਂਦੇ ਰਹੇ।

ਇਸ ਤਰ੍ਹਾਂ ਦਾ ਹਾਸਾ-ਠੱਠਾ ਉਂਜ ਸਭ ਧੜੇਬੰਦਕ ਵਿਰੋਧਾਂ ਦੇ ਬਾਵਜੂਦ ਡੈਸਕ ਦੇ ਸਾਥੀਆਂ ਵਿਚ ਅਕਸਰ ਚਲਦਾ ਰਹਿੰਦਾ। ਇਹ ਵਧੀਆ ਅਤੇ ਯਾਦਗਾਰੀ ਦਿਨ ਸਨ। ਦਲਜੀਤ, ਸ਼ਮਸ਼ੇਰ ਸੰਧੂ, ਅਰਵਿੰਦਰ, ਨਰਿੰਦਰ ਅਤੇ ਮੇਰੇ ਵਿਚਕਾਰ ਆਪਸੀ ਨੋਕ ਝੋਕ ਸਦਾ ਹੀ ਚਲਦੀ ਰਹਿੰਦੀ। ਨਰਿੰਦਰ ਨਾਲ ਮੇਰੀ ਦੋਸਤੀ ਦਾ ਮੁੱਢ 'ਪੰਜਾਬੀ ਟ੍ਰਿਬਿਊਨ' ਵਿਚ ਕੰਮ ਕਰਨ ਸਮੇਂ ਹੀ ਬੱਝਿਆ ਸੀ। ਹਾਲਾਤ ਉਤੇ ਕ੍ਰਿਝਣ ਦੀ ਆਦਤ ਸਾਡੀ ਸਾਂਝੀ ਸੀ। ਸ਼ਮਸ਼ੇਰ ਸੰਧੂ ਤੇ ਅਰਵਿੰਦਰ ਕੌਰ ਨੇ ਕਹਿਣਾ, 'ਇਹ ਦੋਵੇਂ ਵੱਡੇ ਕਲੇਸ਼ੀ ਆ...ਜੌੜੇ ਭਰਾ।' ਅੱਗਿਓਂ ਮੇਰਾ ਜਵਾਬ ਹੁੰਦਾ, 'ਪਰ ਮੈਂ ਘੰਟਾ ਕੁ ਇਸ ਤੋਂ ਵੱਡਾ ਹਾਂ।'

1996 ਵਿਚ ਆਪਣੇ ਅਸਾਧ ਰੋਗ ਦਾ ਇਲਾਜ ਲੱਭਣ ਅਤੇ ਕੁਝ ਹੋਰ ਕਾਰਨਾਂ ਕਰ ਕੇ ਮੈਂ ਅਮਰੀਕਾ ਆ ਗਿਆ। 1998 ਵਿਚ ਮੈਂ ਕੁਝ ਮਹੀਨਿਆਂ ਲਈ ਇੰਡੀਆ ਗਿਆ, ਨਰਿੰਦਰ ਨਾਲ ਸਬੰਧ ਹੋਰ ਵੀ ਪੀਡੇ ਹੋ ਗਏ। ਉਦੋਂ ਹੀ ਮੈਂ ਉਸ ਨਾਲ ਅਮਰੀਕਾ ਵਿਚ ਅਖਬਾਰ ਕੱਢਣ ਬਾਰੇ ਮਨ ਵਿਚ ਉਠ ਰਹੇ ਫੁਰਨੇ ਬਾਰੇ ਗੱਲ ਕੀਤੀ। ਅਖਬਾਰ ਕੱਢਣ ਲਈ ਪੇਸ਼ ਆਉਣ ਵਾਲੀਆਂ ਮਾਲੀ ਮੁਸ਼ਕਿਲਾਂ ਬਾਰੇ ਖਬਰਦਾਰ ਕਰਦਿਆਂ ਉਸ ਮੈਨੂੰ ਆਪਣੀ ਤਰਫੋਂ ਹਰ ਸਹਿਯੋਗ ਦਾ ਭਰੋਸਾ ਦਿਤਾ। ਅਮਰੀਕਾ ਪਰਤ ਕੇ ਕੁਝ ਮਹੀਨਿਆਂ ਬਾਅਦ ਮੈਂ ਅਜ਼ਮਾਇਸ਼ੀ ਤੌਰ 'ਤੇ 'ਪੰਜਾਬ ਟਾਈਮਜ਼' ਕੱਢਣਾ ਸ਼ੁਰੂ ਕਰ ਦਿੱਤਾ। ਨਰਿੰਦਰ ਨਾਲ ਲਗਾਤਾਰ ਸੰਪਰਕ ਬਣਿਆ ਰਿਹਾ ਅਤੇ 'ਪੰਜਾਬ ਟਾਈਮਜ਼' ਬਾਰੇ ਉਹ ਆਪਣੇ ਸੁਝਾਅ ਵੀ ਦਿੰਦਾ ਰਿਹਾ। ਪਹਿਲੀ ਜਨਵਰੀ 2000 ਨੂੰ ਸ਼ਿਕਾਗੋ ਤੋਂ ਇਹ ਪਰਚਾ ਬਾਕਾਇਦਾ ਛਪਣਾ ਸ਼ੁਰੂ ਹੋ ਗਿਆ।

ਮਈ 2006 ਵਿਚ ਮੈਂ ਫਿਰ ਇੰਡੀਆ ਗਿਆ। ਕਰੀਬ 6 ਮਹੀਨੇ ਉਥੇ ਰਿਹਾ। ਹਰ ਹਫਤੇ ਮੈਂ ਤੇ ਨਰਿੰਦਰ ਨੇ ਦੋ-ਤਿੰਨ ਵਾਰ ਇਕੱਠੇ ਹੋਣਾ। ਸਾਡੇ ਵਿਚੋਂ ਪਿਆਕੜ ਭਾਵੇਂ ਕੋਈ ਵੀ ਨਹੀਂ ਸੀ, ਪਰ ਦਾਰੂ ਦਾ ਦੌਰ ਚੱਲਦਾ ਜ਼ਰੂਰ। ਇਕ ਖਾਸ ਮਾਹੌਲ ਵਿਚ ਅਸੀਂ ਦਿਲਾਂ ਦੀਆਂ ਬਾਤਾਂ ਪਾਉਣੀਆਂ। ਮੈਨੂੰ ਉਹ ਦਿਨ ਕਦੀ ਨਹੀਂ ਭੁੱਲਣੇ। ਮੇਰੀ ਸਿਹਤ ਉਦੋਂ ਤੱਕ ਕਾਫੀ ਖਰਾਬ ਹੋ ਚੁੱਕੀ ਸੀ। ਹੱਥ ਕਰੀਬ ਕਰੀਬ ਜਵਾਬ ਦੇ ਚੁੱਕੇ ਸਨ। ਲੱਤਾਂ ਵਿਚ ਵੀ ਤੁਰਨ-ਫਿਰਨ ਦਾ ਦਮ ਨਹੀਂ ਸੀ ਰਿਹਾ। ਜ਼ਰਾ ਨੀਵੇਂ ਥਾਂ ਬੈਠ ਕੇ ਉਠਣ ਲਈ ਸਹਾਰਾ ਲੈਣਾ ਪੈਂਦਾ। ਮੈਨੂੰ 'ਪੰਜਾਬ ਟਾਈਮਜ਼' ਦਾ ਫਿਕਰ ਸੀ ਕਿ ਹੋਰ ਸਿਹਤ ਖਰਾਬ ਹੋਣ ਦੀ ਸੂਰਤ ਵਿਚ ਇਸ ਨੂੰ ਕੌਣ ਚਲਾਵੇਗਾ? ਨਰਿੰਦਰ ਨਾਲ ਗੱਲ ਕੀਤੀ। ਟ੍ਰਿਬਿਊਨ ਦੀ ਨੌਕਰੀ ਛੱਡ ਕੇ ਆਉਣਾ ਉਹਨੂੰ ਔਖਾ ਲਗਦਾ ਸੀ, ਪਰ ਬੱਲ ਦੇ ਜ਼ੋਰ ਪਾਉਣ 'ਤੇ ਉਹ ਇਸ ਗੱਲ 'ਤੇ ਵਿਚਾਰ ਕਰਨ ਲਈ ਮੰਨ ਗਿਆ।

'ਪੰਜਾਬ ਟਾਈਮਜ਼' ਦਾ ਸਾਲਾਨਾ ਪ੍ਰੋਗਰਾਮ 'ਪੰਜਾਬ ਟਾਈਮਜ਼ ਨਾਈਟ' ਅਗਲੇ ਸਾਲ 4 ਮਈ 2007 ਨੂੰ ਰੱਖਿਆ ਤਾਂ ਨਰਿੰਦਰ ਅਤੇ ਕਰਮਜੀਤ ਭਾਅ ਜੀ ਆਪਣੀ ਵੱਡੀ ਬੇਟੀ ਜੋਤੀ ਸਮੇਤ ਮੇਰੇ ਪਾਸ ਪਹੁੰਚੇ। 'ਪੰਜਾਬ ਟਾਈਮਜ਼' ਨਾਈਟ ਮੌਕੇ ਬੋਲਦਿਆਂ ਕਰਮਜੀਤ ਭਾਅ ਜੀ ਨੇ ਮੇਰੀ ਹਿੰਮਤ ਅਤੇ ਮੇਰੇ ਸਿਰੜ ਦੀ ਤਾਰੀਫ ਕਰਦਿਆਂ ਮੇਰੀ ਤੁਲਨਾ ਮੇਰੇ ਵਾਲੇ ਰੋਗ ਤੋਂ ਹੀ ਪਿਛਲੇ ਲੰਮੇ ਸਮੇਂ ਤੋਂ ਪੀੜਤ ਨਾਮੀ ਵਿਗਿਆਨੀ ਸਟੀਫਨ ਹਾਅਕਿੰਗ ਨਾਲ ਕੀਤੀ। ਮੈਨੂੰ ਇਹ ਆਪਣੀ ਕੁਝ ਜ਼ਿਆਦਾ ਹੀ ਵਡਿਆਈ ਜਾਪੀ। ਉਂਜ, ਸਟੀਫਨ ਹਾਅਕਿੰਗ ਮੇਰਾ ਰੋਲ ਮਾਡਲ ਹੈ।

ਕਰਮਜੀਤ ਭਾਅ ਜੀ ਤਾਂ ਮੇਰੇ ਪਾਸ ਦੋ-ਚਾਰ ਦਿਨ ਰਹਿ ਕੇ ਨਿਊ ਯਾਰਕ ਚਲੇ ਗਏ ਪਰ ਨਰਿੰਦਰ ਮੇਰੇ ਪਾਸ ਕਰੀਬ ਤਿੰਨ ਮਹੀਨੇ ਰਿਹਾ, 10 ਅਗਸਤ 2007 ਤੱਕ। ਉਨ੍ਹੀਂ ਦਿਨੀਂ ਹਰ ਹਫਤੇ ਮੈਨੂੰ ਕਿਸੇ ਨਾ ਕਿਸੇ ਟੈਸਟ ਲਈ ਹਸਪਤਾਲ ਜਾਣਾ ਪੈਂਦਾ। ਨਰਿੰਦਰ ਹਮੇਸ਼ਾ ਮੇਰੇ ਨਾਲ ਹੁੰਦਾ। ਡਾਕਟਰ ਕੋਲ ਆਪਣੀ ਵਾਰੀ ਦੀ ਉਡੀਕ ਕਰਦਿਆਂ ਅਸੀਂ ਸਾਹਿਤ ਦੀਆਂ ਗੱਲਾਂ ਕਰਦੇ, 'ਪੰਜਾਬੀ ਟ੍ਰਿਬਿਊਨ' ਦੇ ਦਫਤਰ ਦੀਆਂ ਪੁਰਾਣੀਆਂ ਗੱਲਾਂ ਚੇਤੇ ਕਰਦੇ, ਅਮਰੀਕੀ ਜ਼ਿੰਦਗੀ ਬਾਰੇ ਗੱਲਾਂ ਹੁੰਦੀਆਂ। ਸ਼ਿਕਾਗੋ ਦੇ ਕੁਕ ਕਾਊਂਟੀ ਹਸਪਤਾਲ ਵਿਚ ਉਚੇ-ਲੰਮੇ ਪਰ ਬਹੁਤ ਮੋਟੇ ਕਾਲੇ ਲੋਕਾਂ ਨੂੰ ਵੇਖ ਨਰਿੰਦਰ ਨੇ ਬੜਾ ਹੈਰਾਨ ਹੋਇਆ ਕਰਨਾ।

ਨਰਿੰਦਰ ਧੁਰ ਅੰਦਰੋਂ ਕਮਿਊਨਿਸਟ ਸੀ, ਪਰ ਆਮ ਕਾਮਰੇਡਾਂ ਵਾਂਗ ਦਰਸ਼ਨੀ ਕਾਮਰੇਡ ਨਹੀਂ। ਧਰਮ ਦੀਆਂ ਵਲਗਣਾਂ ਤੋਂ ਮੁਨਕਰ ਸੀ, ਪਰ ਸਿੱਖ ਫਲਸਫੇ ਦੇ ਮਾਨਵਵਾਦ ਵਿਚ ਉਸ ਦਾ ਡੂੰਘਾ ਯਕੀਨ ਸੀ। ਉਸ ਨੂੰ ਪੱਕਾ ਯਕੀਨ ਸੀ ਕਿ



*ਨਰਿੰਦਰ ਆਪਣੀ ਪਤਨੀ ਸਤਵਿੰਦਰ ਕੌਰ ਨਾਲ*

ਇਨਕਲਾਬ ਆਵੇਗਾ। ਮੈਂ ਦਿਨ ਵਿਚ ਕਈ ਕਈ ਵਾਰ ਚਹੇਡ ਕਰਨੀ, 'ਕਾਮਰੇਡਾ, ਤੇਰਾ ਇਨਕਲਾਬ ਨਹੀਂ ਆਉਣ ਲੱਗਾ, ਘਟੋ-ਘੱਟ ਤੇਰੀ ਤੇ ਮੇਰੀ ਜ਼ਿੰਦਗੀ ਵਿਚ ਤਾਂ ਬਿਲਕੁੱਲ ਨਹੀਂ।' ਉਸ ਅੱਗਿਉਂ ਹੱਸ ਕੇ ਕਹਿਣਾ, 'ਸ਼ਾਇਦ ਤੂੰ ਠੀਕ ਕਹਿਨੈਂ।' ਇਕ ਦਿਨ ਅਮਰੀਕੀ ਸਿਟੀਜ਼ਨਸ਼ਿਪ ਲਈ ਹਲਫ ਲੈਣ ਦੀਆਂ ਸ਼ਰਤਾਂ ਦੀ ਗੱਲ ਤੁਰੀ ਤਾਂ ਇਨ੍ਹਾਂ ਵਿਚੋਂ ਇਕ ਸ਼ਰਤ ਸੀ ਕਿ 'ਤੁਸੀਂ ਕਮਿਊਨਿਸਟ ਨਹੀਂ ਹੋ', ਦੂਜੀ ਸੀ, 'ਜੇ ਲੋੜ ਪਈ ਤਾਂ ਤੁਸੀਂ ਆਪਣੇ ਨਵੇਂ ਅਪਣਾਏ ਦੇਸ਼ ਲਈ ਜਾਨ ਵਾਰ ਦਿਉਗੇ।' ਮੈਂ ਹੱਸ ਕੇ ਕਿਹਾ, 'ਕਾਮਰੇਡ, ਕੀ ਖਿਆਲ ਐ ਤੇਰਾ?...ਇਨ੍ਹਾਂ ਸ਼ਰਤਾਂ ਨਾਲ ਸਿਟੀਜ਼ਨ ਬਣੇਂਗਾ?' ਕਹਿਣ ਲੱਗਾ-'ਕਮਿਊਨਿਸਟ ਹੋਣ ਬਾਰੇ ਤਾਂ ਢਿੱਲ ਦਿੱਤੀ ਜਾ ਸਕਦੀ ਹੈ ਪਰ ਜਾਨ ਵਾਲੀ ਗੱਲ 'ਤੇ ਨਹੀਂ। ਜਾਨ ਸੌਖੀ ਕਰਨ ਵਾਸਤੇ ਤਾਂ ਅਮਰੀਕਾ ਆਉਣਾ ਹੈ,...ਤੇ ਉਹ ਵੀ ਵਾਰ ਦਿਉ। ਜੇ ਜਾਨ ਹੀ ਵਾਰਨੀ ਹੈ ਤਾਂ ਇੰਡੀਆ ਮਾੜੈ?' ਕਰੀਬ-ਕਰੀਬ ਹਰ ਸ਼ਾਮ ਮੈਨੂੰ ਵੀਲ੍ਹ ਚੇਅਰ ਵਿਚ ਬੈਠਾ ਕੇ ਉਸ ਨੇ ਸੈਰ ਕਰਨ ਲਈ ਨਿਕਲਿਆ ਕਰਨਾ। ਇਸ ਸਮੇਂ ਮੋਹ ਦਾ ਕੋਈ ਵਖਰਾ ਹੀ ਰੰਗ ਹੁੰਦਾ।

ਸਹਿਜ ਅਤੇ ਨਫਾਸਤ ਨਰਿੰਦਰ ਵਿਚ ਇਸ ਕਦਰ ਸੀ ਕਿ ਜਿੰਨਾ ਚਿਰ ਸਾਡੇ ਪਾਸ ਰਿਹਾ, ਉਸ ਇਹ ਕਦੇ ਮਹਿਸੂਸ ਹੀ ਨਹੀਂ ਹੋਣ ਦਿਤਾ ਕਿ ਉਹ ਸਾਡੇ ਪਰਿਵਾਰ ਤੋਂ ਅਲੱਗ ਹੈ। ਸਲੀਕਾ ਇਸ ਕਦਰ ਕਿ ਮਜਾਲ ਹੈ, ਘਰ ਵਿਚ ਜ਼ਰਾ ਜਿੰਨੀ ਵੀ ਡਿਸਟਰਬੈਂਸ ਹੋਣ ਦੇਵੇ। ਮੇਰੇ ਜਿਸ ਵੀ ਦੋਸਤ ਨੂੰ ਉਹ ਮਿਲਿਆ, ਆਪਣੇ ਖਲੂਸ ਕਰ ਕੇ ਇਕ ਅਲੱਗ ਰਿਸ਼ਤਾ ਬਣਾ ਲਿਆ; ਇਹ ਭਾਵੇਂ ਸੁਰਿੰਦਰ ਸਿੰਘ ਭਾਟੀਆ ਸੀ, ਹਰਜਿੰਦਰ ਸਿੰਘ ਖਹਿਰਾ, ਜੈ ਰਾਮ ਸਿੰਘ ਕਾਹਲੋਂ, ਇੰਦਰਮੋਹਨ ਸਿੰਘ, ਜਗਰਾਜ ਅਠਵਾਲ, ਹੈਪੀ ਹੀਰ...ਕਿਸ ਕਿਸ ਦਾ ਨਾਂ ਲਵਾਂ? ਸਤਨਾਮ ਸਿੰਘ ਔਲਖ ਨੂੰ ਮਿਲਿਆ, ਉਨ੍ਹਾਂ ਨੇ ਵੀ ਪਤਾ ਨਹੀਂ ਉਸ ਵਿਚ ਕੀ ਦੇਖਿਆ, ਝੱਟ ਉਸ ਨੂੰ ਆਪਣੇ ਘਰ ਆਉਣ ਦਾ ਸੱਦਾ ਦੇ ਦਿੱਤਾ। ਨਰਿੰਦਰ ਦੇ ਨਾਂ ਪਿੱਛੇ ਭੁੱਲਰ ਵੇਖ ਔਲਖ ਸਾਹਿਬ ਨੇ ਉਸ ਨੂੰ ਜੱਟ ਸਮਝ ਕੋਈ ਗੱਲ ਆਖੀ ਤਾਂ ਨਰਿੰਦਰ ਝੱਟ ਬੋਲ ਪਿਆ, 'ਨਹੀਂ ਭਾਅ ਜੀ, ਅਸੀਂ ਜੱਟ ਨਹੀਂ, ਰਾਮਗੜ੍ਹੀਏ ਹਾਂ। ਭੁੱਲਰ ਸਾਡੇ ਪਿੰਡ ਦਾ ਨਾਂ ਐ।' ਉਨ੍ਹਾਂ ਦਿਨਾਂ ਵਿਚ ਹੀ ਹੁਣ ਵਾਲਾ ਘਰ ਲੈਣ ਦੀ ਸਾਡੀ ਸਲਾਹ ਬਣੀ ਤਾਂ ਨਰਿੰਦਰ ਨੂੰ ਘਰ ਵਿਖਾਇਆ, ਨੀਟੂ ਕਾਹਲੋਂ ਵੀ ਨਾਲ ਸੀ। ਨਰਿੰਦਰ ਝੱਟ ਇਹ ਘਰ ਪਾਸ ਕਰਦਿਆਂ ਕਹਿਣ ਲੱਗਾ, 'ਇਹ ਘਰ ਵੇਖ ਕੇ ਐਂ ਲਗਦੈ ਜਿਵੇਂ ਕੁਦਰਤ ਨੇ ਆਪਣਾ ਸਾਰਾ ਸੁਹੱਪਣ ਇਸ ਜਗ੍ਹਾ 'ਤੇ ਕੇਂਦਰਿਤ ਕਰ ਦਿੱਤਾ ਹੋਵੇ।' ਉਸ ਨੇ ਕੀਟਸ ਦੀ ਮਸ਼ਹੂਰ ਨਜ਼ਮ 'ਓਡ ਟੂ ਆਟਮ' ਦੀਆਂ ਕੁਝ ਸਤਰਾਂ ਵੀ ਉਚਾਰੀਆਂ ਜਿਹੜੀਆਂ ਕੁਦਰਤ ਦੀ ਉਸਤਤ ਵਿਚ ਸਨ।

ਨਰਿੰਦਰ ਦੇ ਦੋਸਤਾਂ ਦਾ ਦਾਇਰਾ ਬਹੁਤ ਵਸੀਹ ਸੀ। ਇਨ੍ਹਾਂ ਦੋਸਤਾਂ ਵਿਚ ਬਲਦੇਵ ਧਾਲੀਵਾਲ, ਸੰਦੀਪ ਚੌਧਰੀ ਅਤੇ ਬਖਸ਼ਿੰਦਰ ਜਿਹੇ ਉਸ ਦੇ ਹਮਉਮਰ ਵੀ ਸ਼ਾਮਲ ਸਨ; ਜਸਵੀਰ ਸਮਰ ਤੇ ਦਲਜੀਤ ਅਮੀ ਜਿਹੇ ਉਮਰ ਤੋਂ ਬਹੁਤ ਛੋਟੇ ਵੀ; ਲੇਖਕ ਤੇ ਪੱਤਰਕਾਰ ਗੁਰਬਚਨ ਭੁੱਲਰ, ਦਵਿੰਦਰ ਸਤਿਆਰਥੀ, ਡਾ. ਪ੍ਰੇਮ ਸਿੰਘ ਤੇ ਮੋਹਨ ਭੰਡਾਰੀ ਜਿਹੇ ਆਪਣੇ ਬਾਪ ਦੀ ਉਮਰ ਦੇ ਲੋਕ ਵੀ। ਉਹ ਜਿਥੇ ਵੀ ਜਾਂਦਾ, ਨਵੇਂ ਦੋਸਤਾਂ ਦੀ ਸੂਚੀ ਵਿਚ ਹੋਰ ਵਾਧਾ ਕਰ ਲੈਂਦਾ। ਅਮਰੀਕਾ ਰਹਿੰਦਿਆਂ ਵਰਜੀਨੀਆ ਗਿਆ ਤਾਂ ਗੁਰਮੇਲ ਕੰਗ ਨੂੰ ਆਪਣੇ ਦੋਸਤਾਂ ਦੀ ਸੂਚੀ ਵਿਚ ਸ਼ਾਮਲ ਕਰ ਆਇਆ। ਪ੍ਰੋ. ਰਮਦੇਵ ਨੂੰ ਨਰਿੰਦਰ ਨਾਲ ਆਖਰੀ ਮੁਲਾਕਾਤ ਨਹੀਂ ਭੁੱਲਦੀ ਜਦੋਂ ਨਰਿੰਦਰ ਨੇ ਉਨ੍ਹਾਂ ਦੇ ਪੈਰੀਂ ਹੱਥ ਲਾਇਆ ਸੀ। ਪ੍ਰੋ. ਸਾਹਿਬ ਦੇ ਇਸ ਸਵਾਲ ਕਿ 'ਅੱਗੇ ਤਾਂ ਹਮੇਸ਼ਾ ਜੱਫੀ ਪਾ ਕੇ ਮਿਲਦਾ ਸੀ, ਅੱਜ ਇਹ ਕਿਉਂ?' ਨਰਿੰਦਰ ਦਾ ਜਵਾਬ ਸੀ- 'ਤੁਸੀਂ ਮੇਰੇ ਪਿਤਾ ਸਮਾਨ ਹੋ, ਆਸ਼ੀਰਵਾਦ ਦਿਓ।' ਅਮਰੀਕਾ ਤੋਂ ਵਾਪਸ ਜਾਣ ਤੋਂ ਕੁਝ ਦਿਨ ਪਹਿਲਾਂ ਸ਼ਿਕਾਗੋ ਵਿਚ ਉਸ ਦੇ ਬਣੇ ਨਵੇਂ ਮਿੱਤਰਾਂ ਨੇ ਉਸ ਦੇ ਮਾਣ ਵਿਚ ਇਕ ਮਹਿਫਿਲ ਸਜਾਈ ਜੋ ਅਜ ਤਕ ਵੀ ਸਭ ਦੇ ਚੇਤਿਆਂ ਵਿਚ ਦਰਜ ਹੈ।

ਨਰਿੰਦਰ ਨੇ 'ਪੰਜਾਬ ਟਾਈਮਜ਼' ਦੇ ਕੰਮ-ਕਾਰ ਦਾ ਅੰਦਾਜ਼ਾ ਲਿਆ ਅਤੇ ਉਹ ਜਦੋਂ ਵੀ ਲੋੜ ਪਵੇ ਇਸ ਦੀ ਵਾਗਡੋਰ ਸੰਭਾਲਣ ਲਈ ਸਹਿਮਤ ਹੋ ਗਿਆ। ਨਰਿੰਦਰ ਦਫਤਰੋਂ ਦੋ ਮਹੀਨੇ ਦੀ ਛੁੱਟੀ ਲੈ ਕੇ ਆਇਆ ਸੀ। ਇਕ ਮਹੀਨਾ ਛੁੱਟੀ ਉਸ ਹੋਰ ਵਧਾ ਲਈ। ਜਿੰਨੀ ਵਾਰੀ ਵੀ ਦਫਤਰ ਗੱਲ ਹੋਣੀ, ਸਭ ਨੇ ਕਹਿਣਾ, ਨਰਿੰਦਰ ਜਲਦੀ ਪਰਤ ਆਵੇ, ਦਫਤਰ ਦਾ ਕੰਮ ਨਹੀਂ ਚੱਲ ਰਿਹਾ। ਅਖੀਰ 10 ਅਗਸਤ 2007 ਨੂੰ ਉਹ ਇਥੋਂ ਪਰਤ ਗਿਆ। ਇੰਡੀਆ ਦੀ ਤਰੀਕ ਮੁਤਾਬਕ ਐਤਵਾਰ ਨੂੰ ਘਰ ਪੁੱਜਿਆ। ਮੰਗਲਵਾਰ ਅਤੇ ਬੁੱਧਵਾਰ ਦੋ ਦਿਨ ਹੀ ਡਿਊਟੀ ਕੀਤੀ ਸੀ ਅਜੇ। ਮੇਰੇ ਨਾਲ ਤਾਂ ਉਥੇ ਜਾ ਕੇ ਉਸ ਸਿਵਾਏ ਪਹੁੰਚ ਦੱਸਣ ਦੇ ਕੋਈ ਗੱਲ ਵੀ ਨਹੀਂ ਸੀ ਕੀਤੀ। ਬੁੱਧਵਾਰ ਰਾਤ ਨੂੰ 9 ਵਜੇ ਡਿਊਟੀ ਖਤਮ ਕਰ ਕੇ ਉਹ ਜ਼ੀਰਕਪੁਰ ਘਰ ਪਰਤ ਰਿਹਾ ਸੀ, ਕਿ ਪਿਛਿਓਂ ਕਿਸੇ ਸ਼ਰਾਬੀ ਡਰਾਈਵਰ ਨੇ ਕਾਰ ਉਸ ਦੇ ਸਕੂਟਰ ਵਿਚ ਮਾਰੀ। ਝੱਟਪਟ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸ ਨੂੰ ਬਚਾ ਨਾ ਸਕੇ।

ਅਗਲੇ ਦਿਨ ਸਵੇਰੇ ਸਵੇਰੇ ਫੋਨ ਦੀ ਘੰਟੀ ਵੱਜੀ। ਜਸਵੀਰ ਸਮਰ ਫੋਨ 'ਤੇ ਸੀ। ਉਸ ਨੇ ਨਰਿੰਦਰ ਦੇ ਸਦਾ ਸਦਾ ਲਈ ਤੁਰ ਜਾਣ ਬਾਰੇ ਦੱਸਿਆ। ਬੜਾ ਝਟਕਾ ਲੱਗਾ। ਮੂੰਹੋਂ ਸਹਿਜ ਭਾਅ ਨਿਕਲ ਗਿਆ, 'ਮੇਰੇ ਕੋਲ ਸੀ ਤਾਂ ਹਰ ਰੋਜ਼ ਤੁਹਾਡੀ ਜ਼ਿਦ ਹੁੰਦੀ ਸੀ, ਕੰਮ ਨਹੀਂ ਚਲਦਾ...ਹੁਣ ਚਲਾ ਲਓ ਕੰਮ!' ਅਸਲ ਵਿਚ ਮੇਰਾ ਦੋਸਤ ਹੀ ਨਹੀਂ ਸੀ ਤੁਰ ਗਿਆ, 'ਪੰਜਾਬ ਟਾਈਮਜ਼' ਦਾ ਭਵਿਖ ਦਾ ਸੰਪਾਦਕ ਵੀ ਚਲਦਾ ਬਣਿਆ ਸੀ। ਹੁਣ ਜਦੋਂ ਸਰੀਰਕ ਮੁਸ਼ਕਿਲਾਂ ਨਾਲ ਲੜਦਿਆਂ ਅਖਬਾਰ ਚਲਾ ਰਿਹਾ ਹਾਂ ਤਾਂ ਕੋਈ ਪਲ ਅਜਿਹਾ ਨਹੀਂ ਹੁੰਦਾ, ਜਦੋਂ ਮੈਨੂੰ ਨਰਿੰਦਰ ਚੇਤੇ ਨਾ ਆਵੇ।

ਉਸ ਦੇ ਅਚਾਨਕ ਵਿਛੋੜੇ 'ਤੇ ਉਸ ਦੇ ਸ਼ੁਭਚਿੰਤਕਾਂ ਨੇ ਸੋਗ ਸੁਨੇਹਿਆਂ ਵਿਚ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਨਰਿੰਦਰ ਨੂੰ ਸਦਾ ਸਦਾ ਲਈ ਵਿਦਾ ਕਰਦਿਆਂ ਗੁਰਬਚਨ ਭੁੱਲਰ ਦੀ ਧਾਹ ਨਿੱਕਲ ਗਈ, "ਮੈਨੂੰ ਤਾਂ ਅਜੇ ਤੱਕ ਸਮਝ ਨਹੀਂ ਆਈ, ਮੇਰਾ ਉਹਦੇ ਨਾਲ ਰਿਸ਼ਤਾ ਕੀ ਹੈ/ਸੀ। ਕਦੀ ਪੁੱਤ ਲੱਗਦਾ ਸੀ, ਕਦੀ ਨਿੱਕਾ ਭਰਾ ਅਤੇ ਇੰਨੀਆਂ ਸਿਆਣੀਆਂ ਗੱਲਾਂ ਕਰਦਾ ਕਦੀ ਪਿਓ ਲਗਦਾ ਸੀ।" ਦਲਜੀਤ ਸਰਾਂ ਨੇ ਨਰਿੰਦਰ ਭੁੱਲਰ ਨੂੰ ਯਾਦ ਕਰਦਿਆਂ ਆਪਣੇ ਸ਼ਰਧਾਂਜਲੀ ਲੇਖ 'ਉਠ ਗਿਆ ਗਵਾਂਢੋਂ ਯਾਰ' ਵਿਚ ਲਿਖਿਆ, "ਸਾਰੀ ਰਾਤ ਮੈਂ ਨਰਿੰਦਰ ਨਾਲ ਤੁਰਿਆ ਫਿਰਦਾ ਹਾਂ, ਚੰਡੀਗੜ੍ਹ ਦੀਆਂ ਸੜਕਾਂ ਉਤੇ, ਪ੍ਰੈਸ ਕਲੱਬ 'ਚ, ਪੰਜਾਬ ਬੁੱਕ ਸੈਂਟਰ, ਯੂਨੀਵਰਸਿਟੀ ਕੈਂਪਸ, ਟੈਗੋਰ ਥੀਏਟਰ, 17 ਸੈਕਟਰ, ਆਪਣੇ ਫਾਰਮ 'ਤੇ ਰੁੱਖਾਂ ਹੇਠ ਮੰਜੇ ਤੇ ਬੈਠੇ ...। ਉਹ ਕਦੋਂ ਮਿਲਿਆ ਸੀ, ਮੈਨੂੰ ਯਾਦ ਨਹੀਂ। ਉਹ ਕਦ ਮੇਰੇ ਨਾਲ ਹੋ ਤੁਰਿਆ, ਚੇਤਾ ਨਹੀਂ। 'ਪੰਜਾਬੀ ਟ੍ਰਿਬਿਊਨ' ਵਿਚ ਉਸ ਦਾ ਆਉਣਾ ਅਤੇ ਕੁਝ ਸਮੇਂ ਬਾਅਦ ਸਾਡੇ ਨਾਲ ਰਲ ਜਾਣਾ ਹੋਰਨਾਂ ਲਈ ਹੈਰਾਨੀਜਨਕ



*ਪ੍ਰੋ. ਜਗਿੰਦਰ ਸਿੰਘ ਰਮਦੇਵ ਨਾਲ ਸੰਜਮ ਤੇ ਹਰਲੀਨ। ਐਨ ਸੱਜੇ ਠਾਕਰ ਸਿੰਘ ਬਸਾਤੀ*



*ਇੰਡੀਆ ਵਾਪਸ ਪਰਤਣ ਦੇ ਕੁਝ ਹੀ ਦਿਨ ਪਹਿਲਾਂ ਇਕ ਸਨਮਾਨ ਸਮਾਗਮ ਵਿਚ ਨਰਿੰਦਰ ਮਿੱਤਰਾਂ-ਸਨੇਹੀਆਂ ਨਾਲ*

ਸੀ। ਬੜੇ ਬੇਬਾਕ ਅਤੇ ਦਲੇਰ ਨਰਿੰਦਰ ਲਈ ਕੋਈ ਗੱਲ ਅੜਿੱਕਾ ਨਹੀਂ ਸੀ ਬਣ ਸਕਦੀ। ਅੜਿੱਕਿਆਂ ਨੂੰ ਤਾਂ ਉਹ ਹੁੱਬ ਕੇ ਲੈਂਦਾ ਸੀ। ਫਿਰ ਵਰ੍ਹਿਆਂਬੱਧੀ ਨਰਿੰਦਰ ਮੇਰਾ ਮਹਿਜ਼ ਮਿੱਤਰ ਨਹੀਂ, ਸਗੋਂ ਆਵਾਜ਼ ਸੀ ਮੇਰੀ, ਮੇਰੇ ਵੱਲੋਂ ਕੁਝ ਕਹਿਣ ਲਈ ਜਾਂ ਮੈਨੂੰ ਕੁਝ ਕਹਿਣ ਲਈ। ਪੱਤਰਕਾਰੀ ਉਸ ਦੇ ਸਾਹਾਂ 'ਚ ਸੀ, ਲਿਖਣਾ ਉਸ ਦੇ ਪੋਟਿਆਂ 'ਤੇ ਅਤੇ ਵਧੀਕੀਆਂ ਵਿਰੁਧ ਜੂਝਣਾ ਉਸ ਦੀਆਂ ਸੋਚਾਂ 'ਚ। ਖਬਰ ਨੂੰ ਰੂਹ ਤੱਕ ਭਿੱਜ ਕੇ ਬਣਾਉਣ ਲਈ ਉਹ ਸਹਿਯੋਗੀਆਂ ਦੇ ਗਲ ਪੈਣ ਤੋਂ ਵੀ ਨਹੀਂ ਸੀ ਝਕਦਾ। ਕੁਝ ਵੀ ਚੰਗਾ ਅਤੇ ਨਵਾਂ ਪੜ੍ਹੇ ਬਿਨਾਂ ਸੌਣਾ ਨਰਿੰਦਰ ਲਈ 'ਸੂਲ ਸਰਾਹੀ ਖੰਜਰ ਪਿਆਲੇ' ਵਾਲੀ ਸਥਿਤੀ ਹੁੰਦੀ ਸੀ...।"

ਮੇਰੀ ਪਤਨੀ ਜਸਪ੍ਰੀਤ ਆਖਦੀ ਹੈ, "ਇਸ ਤੋਂ ਬਿਹਤਰ ਨਰਿੰਦਰ ਬਾਰੇ ਕੀ ਲਿਖਿਆ ਜਾ ਸਕਦੈ।" ਮੈਂ ਖੁਦ ਮਹਿਸੂਸ ਕਰਦਾ ਹਾਂ ਕਿ ਇਹ ਲਿਖ ਕੇ ਦਲਜੀਤ ਨੇ ਨਰਿੰਦਰ ਬਾਰੇ ਮੇਰੀ ਅੰਤਰ-ਆਤਮਾ ਦੇ ਭਾਵ ਪ੍ਰਗਟ ਕੀਤੇ ਹਨ।

'ਪੰਜਾਬ ਟਾਈਮਜ਼' ਦੇ ਪਹਿਲੀ ਸਤੰਬਰ, 2007 ਦੇ ਅੰਕ ਵਿਚ ਗੁਰਨਾਮ ਭਾਬੀ ਨੇ ਨਰਿੰਦਰ ਨੂੰ ਯਾਦ ਕਰਦਿਆਂ ਲਿਖਿਆ, "ਨਰਿੰਦਰ ਭੁੱਲਰ ਅੱਜ ਸਾਡੇ ਵਿਚ ਨਹੀਂ ਰਿਹਾ। ਸਾਧਾਰਨ ਦਿਖ ਵਾਲਾ ਉਹ ਬੰਦਾ, ਸਾਦੀ ਪੁਸ਼ਾਕ, ਬੋਲਚਾਲ ਵਿਚ ਸਿੱਧਾ ਸਾਦਾ ਇੰਨਾ ਹਰਮਨਪਿਆਰਾ ਹੋ ਸਕਦਾ ਹੈ, ਇਹ ਉਸ ਦੇ ਚਲੇ ਜਾਣ 'ਤੇ ਹੋਰ ਵੱਧ ਪਤਾ ਲੱਗਿਆ ਹੈ। ਮੈਂ ਸੋਚਦੀ ਸੀ, ਉਹ ਸਾਡਾ ਹੀ ਪਰਿਵਾਰਕ ਮਿੱਤਰ ਹੈ ਜੋ ਘਰ ਦੇ ਮੈਂਬਰਾਂ ਵਾਂਗ ਵੱਡਿਆਂ ਤੇ ਬੱਚਿਆਂ ਵਿਚ, ਸਾਡੇ ਰਿਸ਼ਤੇਦਾਰਾਂ ਤੇ ਦੋਸਤਾਂ ਵਿਚ ਰਚਿਆ ਮਿਚਿਆ ਹੋਇਆ ਹੈ; ਪਰ ਉਸ ਦੀ ਮੌਤ ਉਪਰੰਤ ਇਸ ਗੱਲ ਦਾ ਡੂੰਘਾ ਅਹਿਸਾਸ ਹੋਇਆ ਕਿ ਸਾਡੇ ਪਰਿਵਾਰ ਵਾਂਗ ਅਨੇਕਾਂ ਹੀ ਪਰਿਵਾਰ ਉਸ ਨੂੰ ਆਪਣਾ ਅੰਗ ਸਮਝਦੇ ਸਨ।"

'ਪੰਜਾਬ ਟਾਈਮਜ਼' ਦੇ ਇਸੇ ਅੰਕ ਵਿਚ ਸਾਡੇ ਮਿੱਤਰ ਜਗਰਾਜ ਅਠਵਾਲ ਦਾ 'ਨਰਿੰਦਰ ਭੁੱਲਰ ਦੀਆਂ ਅਮਿੱਟ ਯਾਦਾਂ' ਦੇ ਸਿਰਲੇਖ ਹੇਠ ਲਿਖਿਆ ਪੱਤਰ ਹੈ, "ਹੰਸ ਰਾਜ ਹੰਸ ਦੀ ਸੰਗੀਤਮਈ ਸ਼ਾਮ ਮਾਣਨ ਮਿਸ਼ੀਗਨ ਤੋਂ ਸ਼ਿਕਾਗੋ ਆਏ ਤਾਂ ਨਰਿੰਦਰ ਭੁੱਲਰ ਨਾਲ ਮੁਲਾਕਾਤ ਹੋਈ। ਵੱਖਰਾ ਹੀ ਅਨੰਦ ਸੀ ਉਸ ਸ਼ਾਮ ਦਾ। ਮਿਸ਼ੀਗਨ ਤੋਂ ਹੋਰ ਵੀ ਕਈ ਸਾਥੀ ਨਾਲ ਆਏ ਸਨ, ਪਰ ਮੈਂ ਉਨ੍ਹਾਂ ਨਾਲ ਵਾਪਸ ਜਾਣ ਦੀ ਥਾਂ ਅਮੋਲਕ ਭਾਅ ਦੇ ਘਰ ਆ ਗਿਆ। ਉਹ ਪਹਿਲਾ ਦਿਨ ਸੀ, ਨਰਿੰਦਰ ਭੁੱਲਰ ਨੂੰ ਅੰਦਰੋਂ ਜਾਣਨ ਦਾ ਅਤੇ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨ ਦਾ। ਭਾਅ ਅਮੋਲਕ ਸਿਹਤ ਠੀਕ ਨਾ ਹੋਣ ਕਰ ਕੇ ਘਰ ਆ ਕੇ ਜਲਦੀ ਸੌਂ ਗਏ, ਪਰ ਮੈਂ ਤੇ ਭੁੱਲਰ ਨੇ ਵੱਡੇ ਤੜਕੇ ਤੱਕ ਜ਼ਿੰਦਗੀ ਦਾ ਤਕਰੀਬਨ ਹਰ ਪਹਿਲੂ ਨਜਿੱਠਿਆ। ਗੱਲਬਾਤ ਵਿਚ ਸਾਦਗੀ, ਮਿੱਤਰਤਾ ਵਾਲਾ ਹੱਥ, ਦੂਜੇ ਦੇ ਧੁਰ ਅੰਦਰ ਤੱਕ ਲਹਿ ਜਾਣਾ, ਇਹ ਉਸ ਦੇ ਹੀ ਗੁਣ ਸਨ।"

ਇਕ ਹੋਰ ਲਿਖਤ ਨਰਿੰਦਰ ਦੇ ਯਾਰ ਜਸਵੀਰ ਸਮਰ ਦੀ ਹੈ, "ਨਰਿੰਦਰ ਸਿੰਘ ਭੁੱਲਰ ਨਾਲ ਅਜੇ ਇਉਂ ਲਿਖ ਕੇ ਗੱਲਾਂ ਨਹੀਂ ਸਨ ਕਰਨੀਆਂ। ਜਿਸ ਸਹਿਜ, ਸਬਰ, ਸਿਦਕ ਅਤੇ ਸਿਰੜ ਨਾਲ ਉਹ ਪੱਤਰਕਾਰੀ ਦੀ ਪੌੜੀ ਦੇ ਪੌਡੇ ਚੜ੍ਹ ਰਿਹਾ ਸੀ, ਉਸ ਦੀਆਂ ਗੱਲਾਂ ਹੋਣੀਆਂ ਹੀ ਸਨ, ਪਰ ਹੁਣ ਇਸ ਅਮਲ ਨੂੰ ਇਕਲਖ਼ਤ ਵੱਢ ਵੱਜ ਗਿਆ ਹੈ। ਜਿਸ ਤੀਬਰਤਾ ਨਾਲ ਉਸ ਦਾ ਦਫਤਰ, ਪਰਿਵਾਰ ਅਤੇ ਸੱਜਣ-ਮਿੱਤਰ ਉਸ ਨੂੰ ਅਮਰੀਕਾ ਤੋਂ ਉਡੀਕ ਰਹੇ ਸਨ, ਉਨੀ ਹੀ ਤੇਜ਼ੀ ਨਾਲ ਉਹ ਬਹੁਤ...ਬਹੁਤ ਅਗਾਂਹ ਨਿੱਕਲ ਗਿਆ। ਇੰਨਾ ਨਿਰਮੋਹਾ ਤਾਂ ਉਹ ਕਦੀ ਵੀ ਨਹੀਂ ਸੀ!...ਸਰੀਰ ਅਤੇ ਮਨ ਦੇ ਆਰਾਮ ਖ਼ਾਤਰ ਸਿਰਫ਼ 15 ਮਿੰਟਾਂ ਦਾ ਠੌਂਕਾ ਲਾਉਣ ਵਾਲਾ ਨਰਿੰਦਰ ਹਸਪਤਾਲ ਵਿਚ 15 ਘੰਟੇ ਲਗਾਤਾਰ ਬੇਹਰਕਤ ਪਿਆ ਰਿਹਾ। ਉਹਦੀ ਇੰਡੀ ਲੰਮੀ ਖ਼ਾਮੋਸ਼ੀ ਨੇ ਤਾਉਮਰ ਜਾਨ ਕੱਢੀ ਜਾਣੀ ਹੈ।"

ਨਰਿੰਦਰ ਦੀ ਮਾਂ, ਉਸ ਦੀਆਂ ਭੈਣਾਂ, ਬੱਚਿਆਂ ਅਤੇ ਉਸ ਦੀ ਪਤਨੀ ਦਾ ਦੁਖ ਤਾਂ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ।

ਅਮਰੀਕਾ ਵਿਚ ਜਿਸ ਗੱਲ ਤੋਂ ਨਰਿੰਦਰ ਸਭ ਤੋਂ ਵੱਧ ਪ੍ਰਭਾਵਤ ਹੋਇਆ, ਉਹ ਸੀ ਇਥੋਂ ਦੀਆਂ ਸੜਕਾਂ ਅਤੇ ਟਰੈਫਿਕ। ਜ਼ਿੰਦਗੀ ਵਿਚ ਜਿਸ ਗੱਲ ਤੋਂ ਉਹ ਸਭ ਤੋਂ ਵੱਧ ਤ੍ਰਹਿੰਦਾ ਸੀ ਉਹ ਸੀ ਸੜਕ ਹਾਦਸੇ। 17 ਅਗਸਤ 2006 ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਹਾਦਸਿਆਂ ਬਾਰੇ ਉਸ ਦਾ ਲੰਮਾ ਲੇਖ ਛਪਿਆ ਸੀ। ਇਸ ਤੋਂ ਠੀਕ ਇਕ ਸਾਲ ਬਾਅਦ 17 ਅਗਸਤ 2007 ਨੂੰ ਨਰਿੰਦਰ ਦਾ ਸਸਕਾਰ ਹੋ ਰਿਹਾ ਸੀ...ਉਹ ਵੀ ਹਾਦਸੇ ਦਾ ਸ਼ਿਕਾਰ ਹੋ ਕੇ ਮੌਤ ਦੀ ਗੋਦ ਵਿਚ ਜਾ ਬਹਿਣ ਪਿਛੋਂ।

ਨਰਿੰਦਰ ਦਾ ਜੀਵਨ ਸੰਘਰਸ਼ ਦੇ ਰਾਹ 'ਚੋਂ ਹੋ ਕੇ ਨਿਖਰਿਆ। ਅਜੇ ਉਹ 10-11 ਸਾਲ ਦਾ ਸੀ ਕਿ ਪਿਤਾ ਬਿਮਾਰ ਹੋ ਕੇ ਮੰਜੇ 'ਤੇ ਪੈ ਗਏ ਅਤੇ ਫਿਰ ਛੇਤੀ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਆਪਣੇ ਬਲਬੂਤੇ ਪੜ੍ਹਾਈ ਕੀਤੀ, ਭੈਣਾਂ ਦੇ ਘਰ ਵਸਾਏ। ਆਪਣਾ ਕੈਰੀਅਰ ਬਣਾਇਆ, ਘਰ ਬਣਾ ਕੇ ਅਜੇ ਉਸ ਦਾ ਅਨੰਦ ਵੀ ਨਹੀਂ ਸੀ ਮਾਣਿਆ ਕਿ ਧੁਰੋਂ ਸੱਦਾ ਆ ਗਿਆ।

ਅਜੇ 2006 ਵਿਚ ਹੀ ਉਸ ਨੇ ਚੰਡੀਗੜ੍ਹ ਤੋਂ ਬਾਹਰਵਾਰ ਜ਼ੀਰਕਪੁਰ ਵਿਚ ਘਰ ਬਣਾਇਆ ਸੀ। ਬੜੇ ਚਾਅ ਨਾਲ ਉਹ ਸਭ ਨੂੰ ਸੱਦੇ ਦਿੰਦਾ ਗਿਆ ਕਿ ਚੰਡੀਗੜ੍ਹ ਆਓ ਤਾਂ ਮੇਰੇ ਪਾਸ ਰੁਕਣਾ। ਹਰ ਕਿਸੇ ਨੂੰ ਆਪਣਾ ਅਤਾ-ਪਤਾ ਲਿਖ ਲਿਖ ਦਿੰਦਾ ਰਿਹਾ ਅਤੇ ਖੁਦ ਕਿਤੇ ਹੋਰ ਹੀ ਜਾ ਵਸਿਆ...!

ਕਿਤਾਬਾਂ ਖਰੀਦਣ ਤੇ ਪੜ੍ਹਨ ਦਾ ਨਰਿੰਦਰ ਨੂੰ ਖਬਤ ਸੀ। ਹਰ ਮਹੀਨੇ ਤਨਖਾਹ ਦਾ ਦਸਵੰਧ ਕਿਤਾਬਾਂ 'ਤੇ ਲਾਉਣਾ ਉਸ ਦਾ ਨੇਮ ਸੀ। ਅਮਰੀਕਾ ਆਏ ਲੋਕ ਆਪਣੇ ਮਿੱਤਰ ਪਿਆਰਿਆਂ ਲਈ ਵੰਨ-ਸੁਵੰਨੇ ਤੋਹਫੇ ਖਰੀਦਦੇ ਹਨ, ਨਰਿੰਦਰ ਕਿਤਾਬਾਂ ਖਰੀਦੀ ਗਿਆ। ਵਾਪਸੀ ਲਈ ਜਹਾਜ਼ ਚੜ੍ਹਨ ਸਮੇਂ ਉਸ ਦੇ ਸਾਮਾਨ ਵਿਚ ਬਾਕੀ ਚੀਜ਼ਾਂ ਘੱਟ ਸਨ, ਕਿਤਾਬਾਂ ਬਹੁਤੀਆਂ। ਮੈਂ ਹੱਸ ਕੇ ਕਿਹਾ, 'ਤੇਰੀ ਘਰਵਾਲੀ ਤੇਰਾ ਸਾਮਾਨ ਵੇਖ ਕੇ ਗਾਉਣ ਲੱਗੇਗੀ-ਸਭ ਲਾਏ ਫੁਲ, ਮੇਰਾ ਬੁੱਢਾ ਗੋਭੀ ਲੇ ਕੇ ਆ ਗਿਆ।' ਕਿਤਾਬਾਂ ਪੜ੍ਹਨ ਦੀ ਆਦਤ ਤਾਂ ਪਹਿਲਾਂ ਤੋਂ ਹੀ ਸੀ ਪਰ ਕਿਤਾਬਾਂ ਨੂੰ ਗੁੜ੍ਹਨ ਲਈ ਉਹ ਹਮੇਸ਼ਾਂ ਆਪਣੇ ਮੁਰਸ਼ਦ ਦੋਸਤ ਗੁਰਦਿਆਲ ਸਿੰਘ ਬਲ ਦਾ ਰਿਣੀ ਰਿਹਾ। ਇਹ ਵਸਦਾ ਰਸਦਾ ਸੰਸਾਰ ਛੱਡਣ ਤੋਂ ਕੁਝ ਹਫਤੇ ਪਹਿਲਾਂ ਹੀ ਨਰਿੰਦਰ ਨੇ ਕਿਹਾ ਸੀ ਕਿ 'ਜ਼ਿੰਦਗੀ ਦੇ ਆਰ-ਪਾਰ ਦੇਖਣ ਦੀ ਜਿੰਨੀ ਸੂਝ ਬਲ ਵਿਚ ਹੈ, ਮੈਨੂੰ ਹੋਰ ਕਿਧਰੇ ਨਹੀਂ ਦਿਸੀ। ਮਾਨਵੀ ਸਬੰਧਾਂ ਨੂੰ ਜਾਨਣ ਬਾਰੇ ਕਿਸੇ ਵੀ ਫੈਸਲੇ ਸਮੇਂ ਬਲ ਦੀ ਸਲਾਹ ਤੋਂ ਬਾਹਰ ਜਾ ਕੇ ਮੈਂ ਕੁਝ ਕੀਤਾ ਹੈ ਤਾਂ ਮਾਰ ਖਾਧੀ ਹੈ।'

ਸਾਡੇ ਘਰ ਦੇ ਬਹੁਤ ਨਜ਼ਦੀਕ ਨਵੀਆਂ-ਪੁਰਾਣੀਆਂ ਕਿਤਾਬਾਂ ਦੀ ਦੁਕਾਨ ਸੀ ਜਿਥੋਂ ਪੁਰਾਣੀਆਂ ਕਿਤਾਬਾਂ ਕਾਫੀ ਸਸਤੇ ਭਾਅ ਮਿਲ ਜਾਂਦੀਆਂ। ਨਰਿੰਦਰ ਨੇ ਹਰ ਰੋਜ਼ ਉਸ ਦੁਕਾਨ ਦਾ ਚੱਕਰ ਲਾਉਣਾ ਅਤੇ ਮਨਪਸੰਦ ਦੁਰਲਭ ਕਿਤਾਬਾਂ ਲੱਭ ਲਿਆਉਣੀਆਂ। ਉਨ੍ਹਾਂ ਦਿਨਾਂ ਤੱਕ ਮੇਰੇ ਹੱਥਾਂ ਵਿਚ ਇੰਨੀ ਜਾਨ ਨਹੀਂ ਸੀ ਰਹੀ ਕਿ ਕਿਤਾਬ ਫੜ ਕੇ ਖੁਦ ਪੰਨੇ ਪਰਤ ਸਕਾਂ। ਨਰਿੰਦਰ ਨੇ ਕੋਲ ਬੈਠ ਜਾਣਾ। ਇਕ ਕਿਤਾਬ ਆਪਣੇ ਹੱਥ ਅਤੇ ਦੂਜੀ ਮੇਰੇ ਹੱਥ ਫੜਾ ਦੇਣੀ; ਤੇ ਫਿਰ ਮੇਰੇ ਲਈ ਪੰਨੇ ਪਰਤੀ ਜਾਣੇ। ਉਨ੍ਹਾਂ ਤਿੰਨ ਮਹੀਨਿਆਂ ਵਿਚ ਉਸ ਮੈਨੂੰ ਕਈ ਕਿਤਾਬਾਂ ਇੰਜ ਹੀ ਪੜ੍ਹਾਈਆਂ। ਇਨ੍ਹਾਂ ਵਿਚ ਅਮਰੀਕਾ ਵਿਚ 16-17ਵੀਂ ਸਦੀ ਵਿਚ ਯੂਰਪੀ ਲੋਕਾਂ ਦੇ ਆ ਵਸਣ ਅਤੇ ਫਿਰ ਸਥਾਨਕ ਰੈਡ ਇੰਡੀਅਨਾਂ ਨਾਲ ਉਨ੍ਹਾਂ ਦੀਆਂ ਲੜਾਈਆਂ ਬਾਰੇ ਦੋ ਪੁਸਤਕਾਂ ਮੈਨੂੰ ਕੁਝ ਜ਼ਿਆਦਾ ਹੀ ਦਿਲਚਸਪ ਲਗੀਆਂ, ਇਹ ਸੀ ਵੀ ਕਾਫੀ ਵੱਡੀਆਂ।

ਇਕ ਦਿਨ ਉਹ ਉਸੇ ਦੁਕਾਨ ਤੋਂ ਇਰਾਨ ਦੀ ਨਾਵਲਕਾਰ ਅਜ਼ਰਾ ਨਫੀਸੀ ਦਾ 'ਰੀਡਿੰਗ ਲੋਲਿਤਾ ਇਨ ਤਹਿਰਾਨ' ਨਾਂ ਦਾ ਨਾਵਲ ਲੈ ਆਇਆ। ਯੁੱਗਾਂ-ਯੁੱਗਾਂ ਤੋਂ ਸਰਕਾਰਾਂ ਇਨਕਲਾਬੀਆਂ ਨੂੰ ਸੂਲੀ ਕੰਡੇ ਖੜ੍ਹੇ ਕਰਨ ਵਾਲੇ ਤਸੀਹੇ ਦਿੰਦੀਆਂ ਆਈਆਂ ਹਨ ਪਰ ਇਨਕਲਾਬੀ ਜੇ ਜਿੱਤ ਜਾਣ ਤਾਂ ਅਕਸਰ ਆਪਣੇ ਹੀ ਸਮਰਥਕਾਂ ਨਾਲ ਕਿਸ ਕਿਸਮ ਦਾ ਅਣਮਨੁੱਖੀ ਵਿਹਾਰ ਕਰਦੇ ਹਨ, ਉਸ ਦਾ ਲੋਕਾਂ ਨੂੰ ਘੱਟ ਹੀ ਪਤਾ ਲੱਗਦਾ ਹੈ। ਇਸ ਨਾਵਲ ਵਿਚ ਇਰਾਨ ਵਿਚ ਆਇਤਉਲਾ ਖੋਮੀਨੀ ਦੇ ਇਸਲਾਮੀ ਇਨਕਲਾਬ ਦੀ ਜਿੱਤ ਤੋਂ ਬਾਅਦ ਦੇ ਹਾਲਾਤ ਦਾ ਬੜਾ ਮਾਰਮਿਕ ਵਰਣਨ ਹੈ। ਨਰਿੰਦਰ ਨੂੰ ਇਹ ਕਿਤਾਬ ਬੜੀ ਚੰਗੀ ਲੱਗੀ ਅਤੇ ਉਸ ਨੇ ਸਿਮੋਨ ਦਿ ਬੋਵੀਅਰ ਦੀ ਜੀਵਨੀ ਦੇ ਅਨੁਵਾਦ ਤੋਂ ਬਾਅਦ ਇਸ ਦਾ ਪੰਜਾਬੀ ਵਿਚ ਤਰਜਮਾ ਕਰਨ ਦਾ ਮਨ ਬਣਾ ਲਿਆ ਸੀ। ਕਹਿੰਦਾ, ਇਹ ਦੋਵੇਂ ਕਿਤਾਬਾਂ ਬੱਲ ਨੂੰ ਸਮਰਪਿਤ ਕਰ ਦੇਣੀਆਂ ਹਨ। ਕੁਦਰਤ ਨੇ ਨਰਿੰਦਰ ਨੂੰ ਇਹ ਮੌਕਾ ਹੀ ਨਾ ਦਿੱਤਾ। ਇਸ ਕਿਤਾਬ 'ਤੇ ਆਧਾਰਤ ਪ੍ਰੋ. ਹਰਪਾਲ ਸਿੰਘ ਪੰਨੂ ਦਾ ਲਿਖਿਆ ਲੇਖ 'ਇਰਾਨ ਇਨਕਲਾਬ ਤੋਂ ਪਹਿਲਾਂ ਅਤੇ ਇਨਕਲਾਬ ਤੋਂ ਬਾਅਦ' 'ਪੰਜਾਬ ਟਾਈਮਜ਼' ਵਿਚ 2010 ਵਿਚ ਛਪਿਆ। ਉਦੋਂ ਨਰਿੰਦਰ ਬੜਾ ਈ ਯਾਦ ਆਇਆ।



*ਨਰਿੰਦਰ ਆਪਣੀ ਮਾਤਾ, ਤਿੰਨ ਭੈਣਾਂ ਅਤੇ ਵੱਡੀ ਭੈਣ ਦੇ ਬੱਚਿਆਂ ਨਾਲ*

ਨਰਿੰਦਰ ਦੀ ਪੰਜਾਬੀ ਸਾਹਿਤ ਬਾਰੇ ਸੰਵੇਦਨਾ ਕਮਾਲ ਦੀ ਸੀ। ਉਸ ਨੂੰ ਸਾਹਿਤ ਨਾਲ ਹੀਰ ਦੇ ਰਾਂਝੇ ਨਾਲ ਇਸ਼ਕ ਵਰਗਾ ਹੀ ਲਗਾਓ ਸੀ। ਦਲਜੀਤ ਨੇ ਬਿਲਕੁਲ ਠੀਕ ਕਿਹਾ ਹੈ ਕਿ ਹਰ ਰਾਤ ਕੋਈ ਨਵੀਂ ਲਿਖਤ ਪੜ੍ਹੇ ਬਗੈਰ ਸੌਣਾ ਉਸ ਲਈ 'ਸੂਲ ਸੁਰਾਹੀ ਖੰਜਰ ਪਿਆਲਾ' ਵਾਲੀ ਗੱਲ ਹੁੰਦੀ ਸੀ। ਨਰਿੰਦਰ ਦੇ ਆਪਣੇ ਦੱਸਣ ਅਨੁਸਾਰ ਰਾਤ 11 ਵਜੇ ਜਾਂ 1 ਵਜੇ ਵਾਲੀ ਡਿਊਟੀ ਤੋਂ ਆਉਣ 'ਤੇ ਵੀ ਉਹ ਕਿਸੇ ਨਾ ਕਿਸੇ ਕਿਤਾਬ ਦੇ ਕੁਝ ਪਤਰੇ ਪੜ੍ਹੇ ਬਿਨਾਂ ਕਦੀ ਸੁੱਤਾ ਨਹੀਂ ਸੀ; ਇਸ 'ਅਮਲ' ਨੂੰ ਪੂਰਾ ਕਰੇ ਬਗੈਰ ਉਸ ਨੂੰ ਕਦੀ ਨੀਂਦ ਹੀ ਨਹੀਂ ਆਈ ਸੀ!

ਨਰਿੰਦਰ ਦੀ ਸਾਹਿਤ ਸੰਵੇਦਨਾ ਤੇ ਸਮਝ ਦੇਖਣੀ ਹੋਵੇ ਤਾਂ ਜਸਵੰਤ ਸਿੰਘ ਕੰਵਲ ਦੇ ਨਾਵਲ ਜਗਤ ਦੇ ਕੇਂਦਰੀ ਥੀਮ ਬਾਰੇ ਨਿਰਖ-ਪਰਖ ਕਰਦਾ ਉਸ ਦਾ ਲੇਖ 'ਆਦਰਸ਼ ਅਤੇ ਰੁਮਾਂਸ ਦੀ ਖਿੜਕੀ ਵਿਚੋਂ ਦਿਸਦਾ ਇਨਕਲਾਬ' ਵਾਚਿਆ ਜਾ ਸਕਦਾ ਹੈ। ਉਸ ਦੇ ਸ਼ਾਬਦਿਕ ਸੰਜਮ ਤੇ ਵਿਚਾਰਾਂ ਦੀ ਸਪਸ਼ਟਤਾ 'ਤੇ ਰਸ਼ਕ ਆਉਂਦਾ ਹੈ। ਲੇਖ ਪੜ੍ਹਦਿਆਂ ਜਸਪ੍ਰੀਤ ਦੇ ਮੂੰਹੋਂ ਆਪਮੁਹਾਰੇ ਹੀ ਇਹ ਵਾਕ ਕਹਿ ਹੋ ਗਿਆ, 'ਨਰਿੰਦਰ ਨੂੰ ਕੰਵਲ ਦੇ ਸਾਹਿਤ ਦੀ ਕਿੰਨੀ ਬਾਰੀਕ ਸਮਝ ਸੀ, ਉਹ ਕਿਸੇ ਕਾਲਜ ਵਿਚ ਪ੍ਰੋਫੈਸਰ ਕਿਉਂ ਨਾ ਬਣਿਆ?' ਮੈਂ ਜਸਪ੍ਰੀਤ ਨੂੰ ਯਾਦ ਕਰਵਾਉਂਦਾ ਹਾਂ ਕਿ ਮੈਂ ਖੁਦ ਜ਼ਿੰਦਗੀ ਵਿਚ ਪ੍ਰੋਫੈਸਰ ਹੀ ਤਾਂ ਬਣਨਾ ਚਾਹਿਆ ਸੀ, ਪਰ ਵਕਤ ਹਰ ਸ਼ਖਸ ਦੀਆਂ ਖਾਹਿਸ਼ਾਂ ਜਾਂ ਸੰਭਾਵਨਾਵਾਂ ਨਾਲ ਵਫਾ ਕਦੋਂ ਕਰਦਾ ਹੈ!

'ਆਰਸੀ ਪਬਲਿਸ਼ਰਜ਼' ਨੇ 1998 ਵਿਚ ਕੰਵਲ ਦੇ 11 ਨਾਵਲ ਚਾਰ ਸੈਂਚੀਆਂ ਵਿਚ ਛਾਪੇ। ਇਨ੍ਹਾਂ ਸੈਂਚੀਆਂ ਦੇ ਸੰਖੇਪ ਰਿਵਿਊ ਵਜੋਂ ਹੀ ਨਰਿੰਦਰ ਨੇ 'ਪੰਜਾਬੀ ਟ੍ਰਿਬਿਊਨ' ਦੇ 2 ਅਗਸਤ, 1998 ਦੇ ਅੰਕ ਵਿਚ ਇਕ ਲੇਖ ਲਿਖਿਆ ਸੀ ਜੋ ਮਗਰੋਂ 'ਪੰਜਾਬ ਟਾਈਮਜ਼' ਵਿਚ ਵੀ ਛਪਿਆ।

ਕੰਵਲ ਦੇ ਸਮਾਜਕ ਵਿਜ਼ਨ ਦੀ ਕੇਂਦਰੀ ਕਮਜ਼ੋਰੀ ਵੱਲ ਇਸ਼ਾਰਾ ਕਰਦਿਆਂ ਨਰਿੰਦਰ ਲਿਖਦਾ ਹੈ, "ਜਦੋਂ ਕੰਵਲ ਦੇ ਪਾਤਰ ਸਹਿਜ ਚਾਲ ਜੀਵਨ ਜਿਉਣਾ ਚਾਹੁੰਦੇ ਹਨ ਅਤੇ ਸਹਿਜ ਭਾਅ ਆਪਣੀ ਤਬਦੀਲੀ ਨੂੰ ਅਪਣਾਉਣ ਲਈ ਹਰ ਸਮੇਂ ਤਿਆਰ ਰਹਿੰਦੇ ਹਨ ਤਾਂ ਉਹ ਕਿਉਂ ਖਾਹ-ਮਖਾਹ ਆਪਣੇ ਰੁਮਾਂਚਿਕ ਅਦਾਰਸ਼ਵਾਦ ਰਾਹੀਂ ਉਨ੍ਹਾਂ ਨੂੰ ਬਲਦੀ ਦੇ ਬੂਥੇ ਧੱਕਣ ਲਈ ਸ਼ਿਸ਼ਕੇਰਦਾ ਹੈ। ਇਥੇ ਇਕ ਸਵਾਲ ਇਹ ਵੀ ਕੀਤਾ ਜਾ ਸਕਦਾ ਹੈ ਕਿ ਕੀ ਹਰ ਸੰਘਰਸ਼ ਦਾ ਨਤੀਜਾ ਲੋਕਾਂ ਲਈ ਸਵਰਗ ਦੇ ਰੂਪ ਵਿਚ ਨਿਕਲਦਾ ਹੈ? ਕੀ ਸੋਵੀਅਤ ਯੂਨੀਅਨ ਵਿਚ ਲੋਕ ਸੁਖੀ ਹੋ ਗਏ ਸਨ? 100-50 'ਸਿਆਣੇ' ਬੰਦੇ ਜਦੋਂ ਸਮਾਜ ਲਈ ਆਪਣੀ ਜਾਚੇ ਕੋਈ ਉਚਾ-ਸੁੱਚਾ ਆਦਰਸ਼ ਮਿਥ ਕੇ ਲਹਿਰ ਖੜ੍ਹੀ ਕਰਦੇ ਹਨ, ਉਦੋਂ ਉਹ ਲੋਕਾਂ ਨੂੰ ਖਾਹ-ਮਖਾਹ ਬਲਦੀ ਦੇ ਬੂਥੇ ਹੀ ਦਿੰਦੇ ਹਨ, ਹੋਰ ਕੁਝ ਨਹੀਂ ਕਰਦੇ। ਕੰਵਲ ਦੇ ਸਬੰਧ ਵਿਚ ਤਾਂ ਵਿਡੰਬਨਾ ਇਹ ਹੈ ਕਿ ਉਸ ਨੂੰ ਨਕਸਲੀਆਂ ਅਤੇ ਸਿੱਖ ਖਾੜਕੂਆਂ ਵਿਚ ਕੋਈ ਅੰਤਰ ਹੀ ਵਿਖਾਈ ਨਹੀਂ ਦਿੰਦਾ। ਸਿਆਸੀ ਸੁਰ ਵਾਲੇ ਨਾਵਲਾਂ ਵਿਚ ਉਹ ਇਹੀ ਵੱਡੀ ਗੜਬੜ ਕਰਦਾ ਹੈ। ਵਸਤੂ ਸਥਿਤੀ ਨੂੰ ਰੁਮਾਂਸ ਨਾਲ ਜੋੜ ਕੇ ਯਥਾਰਥ ਨਾਲੋਂ ਤੋੜ ਦਿੰਦਾ ਹੈ।"

ਨਰਿੰਦਰ ਕੰਵਲ ਦੀ ਦੇਣ ਨੂੰ ਸਵੀਕਾਰ ਕਰਦਿਆਂ ਆਪਣੇ ਲੇਖ ਵਿਚ ਹੋਰ ਲਿਖਦਾ ਹੈ, "ਭਾਈ ਵੀਰ ਸਿੰਘ ਨਾਲ ਸ਼ੁਰੂ ਹੋਈ ਪੰਜਾਬੀ ਨਾਵਲ ਦੀ ਨਿਗੁਣੀ ਜਿਹੀ ਪਰੰਪਰਾ ਦੇ ਪਿਛੋਕੜ ਵਿਚ ਜਸਵੰਤ ਸਿੰਘ ਕੰਵਲ ਨੇ ਪੇਂਡੂ ਸਮਾਜਕ-ਆਰਥਿਕ ਜੀਵਨ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਅਤੇ ਮਾਲਵੇ ਦੇ ਸਾਧਾਰਨ ਲੋਕਾਂ ਨੂੰ ਪਾਤਰਾਂ ਦੇ ਰੂਪ ਵਿਚ ਚਿਤਰਿਆ ਤਾਂ ਪੰਜਾਬੀ ਨਾਵਲ ਜਗਤ ਵਿਚ ਮਾਨੋ ਕ੍ਰਿਸ਼ਮਾ ਜਿਹਾ ਹੀ ਵਾਪਰ ਗਿਆ ਸੀ।... ਪਰ 'ਰਾਤ ਬਾਕੀ ਹੈ' ਵਿਚ ਚਰਨ ਤੇ ਰਾਜ ਦੀ ਕਹਾਣੀ, 'ਭਵਾਨੀ' ਵਿਚ ਸੁਲੱਖਣ ਸਿੰਘ ਤੇ ਕਰਮਜੀਤ ਦੀ ਕਹਾਣੀ, 'ਤਾਰੀਖ ਵੇਖਦੀ ਹੈ' ਵਿਚ ਕੁਲਤਾਰ ਤੇ ਹਰਦੇਵ ਦੀ ਕਹਾਣੀ ਵੇਖੋ ਤਾਂ ਇਨ੍ਹਾਂ ਨਾਵਲਾਂ ਵਿਚ ਕਿਤੇ ਨਾਇਕਾਵਾਂ ਬਗਾਵਤ ਕਰਦੀਆਂ ਹਨ ਤੇ ਕਿਤੇ ਨਾਇਕ। ਉਹ ਲੇਖਕ ਵੱਲੋਂ ਮੜ੍ਹੇ ਗਏ ਕਾਰਜ ਖੇਤਰ ਵਿਚ ਅਮਲ ਕਰਦੇ ਹਨ-ਵਸਤੂ ਸਥਿਤੀ ਅਨੁਸਾਰ ਕਿਤੇ ਵੀ ਹਰਕਤ ਵਿਚ ਨਹੀਂ ਆਉਂਦੇ। ਪ੍ਰੇਮੀ-ਪ੍ਰੇਮਿਕਾ ਦੇ ਮਿਲਣ ਦੀ ਜੇ ਕਿਤੇ ਇਕ ਫੀਸਦੀ ਵੀ ਸੰਭਾਵਨਾ ਨਹੀਂ ਹੈ ਤਾਂ ਉਥੇ ਕੰਵਲ ਦਾ ਆਦਰਸ਼ਵਾਦ ਲਗਾਤਾਰ ਹਰ ਨਾਵਲ ਦੀ ਕਹਾਣੀ ਅੰਦਰ ਅਜਿਹੇ 'ਚਮਤਕਾਰ' ਸਹਿਜੇ ਹੀ ਕਰਵਾਈ ਜਾਂਦਾ ਹੈ...'ਪੂਰਨਮਾਸ਼ੀ' ਨਾਂ ਦੇ 'ਮਾਸਟਰਪੀਸ' ਵਿਚ ਅਜਿਹਾ ਆਦਰਸ਼ਵਾਦ ਹੀ ਉਸ ਨੂੰ ਨਾਵਲ ਦੇ ਨਾਇਕ ਰੂਪ ਦੇ ਪੁੱਤਰ ਤੇ ਚੰਨੋ ਦੀ ਪੁੱਤਰੀ ਪੁੰਨਿਆ ਦਾ ਵਿਆਹ ਕਰਵਾਉਣ ਵੱਲ ਤੋਰਦਾ ਹੈ। ਇਸ ਨਾਵਲ ਵਿਚ ਹੀ ਨਹੀਂ, 'ਹਾਣੀ' ਵਿਚ ਧੰਤੋ ਤੇ ਮੋਦਨ ਦਾ ਮਿਲਣ, 'ਮਿੱਤਰ ਪਿਆਰੇ ਨੂੰ' ਵਿਚ ਪ੍ਰਕਾਸ਼ ਤੇ ਹਰਦੀਪ ਦਾ ਮਿਲਣ, 'ਜੇਰਾ' ਵਿਚ ਹਰਿੰਦਰ ਤੇ ਗੁਰਜਿੰਦਰ ਦਾ ਮਿਲਣ, ਉਹ ਵਸਤੂਗਤ ਸਥਿਤੀ ਦੇ ਅਨੁਸਾਰ ਨਹੀਂ, ਸਗੋਂ ਪਹਿਲਾਂ ਹੀ ਨਿਸ਼ਚਿਤ ਕੀਤੀ ਆਪਣੀ ਬਹੁਤ ਪੇਤਲੀ ਰੁਮਾਂਚਿਕ ਆਦਰਸ਼ਵਾਦੀ ਧਾਰਨਾ ਦੇ ਅਨੁਸਾਰ ਕਰਵਾਉਂਦਾ ਹੈ।"

ਨਰਿੰਦਰ ਪਾਸ਼ ਦੀ ਕਵਿਤਾ ਦਾ ਤਕੜਾ ਉਪਾਸ਼ਕ ਸੀ। ਉਸ ਨੂੰ ਸ਼ਮਸ਼ੇਰ ਸੰਧੂ ਦੀ ਸ਼ਖਸੀਅਤ ਇਸ ਕਰ ਕੇ ਵੀ ਖਿੱਚ ਪਾਉਂਦੀ ਸੀ ਕਿ ਉਹ ਪਾਸ਼ ਦਾ ਜਿਗਰੀ ਯਾਰ ਰਿਹਾ ਸੀ। ਸ਼ਮਸ਼ੇਰ, ਪਾਸ਼ ਬਾਰੇ ਬੜੀਆਂ ਗੱਲਾਂ ਸੁਣਾਉਂਦਾ, ਸਾਹਿਤਕ ਵੰਨਗੀ ਤੋਂ ਐਨ ਵੱਖਰੀਆਂ। ਇਨ੍ਹਾਂ ਗੱਲਾਂ ਵਿਚ ਪਾਸ਼ ਦਾ ਜਿਹੜਾ ਬਿੰਬ ਉਭਰਦਾ, ਨਰਿੰਦਰ ਚਾਹੁੰਦਾ ਸੀ, ਉਸ ਨੂੰ ਸਾਰਾ ਪੰਜਾਬੀ ਜਗਤ ਜਾਣੇ। ਇਨ੍ਹਾਂ ਗੱਲਾਂ ਵਿਚ ਪਾਸ਼ ਦੀ ਜ਼ਿੰਦਗੀ ਨਾਲ ਜੁੜੇ ਵੇਰਵੇ ਬਹੁਤ ਦਿਲਚਸਪ ਸਨ। ਨਰਿੰਦਰ ਇਹ ਵੇਰਵੇ ਲਿਖਣ ਲਈ ਸ਼ਮਸ਼ੇਰ ਨੂੰ ਵਾਰ ਵਾਰ ਆਖਦਾ। ਫਿਰ ਸ਼ਮਸ਼ੇਰ ਨੇ ਪਾਸ਼ ਬਾਰੇ ਜਿਹੜੀ ਕਿਤਾਬ (ਇਕ ਪਾਸ਼ ਇਹ ਵੀ) ਲਿਖੀ, ਸਾਹਿਤ ਜਗਤ ਵਿਚ ਉਸ ਦੀ ਬੜੀ ਚਰਚਾ ਹੋਈ।

ਨਰਿੰਦਰ ਨੂੰ ਸ਼ਮਸ਼ੇਰ ਸੰਧੂ ਸਿਰੇ ਦੀ ਸਹਿਜ ਕਹਾਣੀ 'ਭੂਆ ਖਤਮ ਕੌਰ' ਲਿਖਣ ਕਰ ਕੇ ਵੀ ਚੰਗਾ ਲਗਦਾ ਸੀ। ਇਕ ਦਿਨ ਸ਼ਾਮ ਨੂੰ ਸੈਰ ਕਰਦਿਆਂ ਮੱਠੀ ਮੱਠੀ ਕਿਣ ਮਿਣ ਸ਼ੁਰੂ ਹੋ ਗਈ ਅਤੇ ਮੌਸਮ ਬਹੁਤ ਸੁਹਾਵਣਾ ਸੀ। ਨਰਿੰਦਰ ਨੇ 'ਭੂਆ ਖਤਮ ਕੌਰ' ਬਾਰੇ ਗੱਲਾਂ ਸ਼ੁਰੂ ਕਰ ਲਈਆਂ। ਕਹਿਣ ਲੱਗਾ, "ਜੇ ਸ਼ਮਸ਼ੇਰ 'ਤੇਰੇ 'ਚੋਂ ਤੇਰਾ ਯਾਰ ਬੋਲਦਾ' ਵਾਲਾ ਕੌਤਕ ਨਾ ਵੀ ਕਰਦਾ ਤਾਂ ਵੀ ਸਾਹਿਤਕ ਸੰਸਾਰ ਵਿਚ ਉਸ ਦਾ ਸਥਾਨ 'ਭੂਆ ਖਤਮ ਕੌਰ' ਲਿਖਣ ਨਾਲ ਹੀ ਇੱਟ ਵਾਂਗੂ ਪੱਕਾ ਹੋ ਗਿਆ ਸੀ।"

ਨਰਿੰਦਰ ਨੂੰ ਚੇਤੇ ਕਰਨ ਬੈਠਾ ਹਾਂ ਤਾਂ ਉਸ ਦੀਆਂ ਕਈ ਗੱਲਾਂ ਮਸਤਕ ਵਿਚ ਉਠ ਰਹੀਆਂ ਹਨ। ਜਦੋਂ ਸ਼ਿਕਾਗੋ ਆਇਆ ਤਾਂ ਉਸ ਕੋਲ ਯਾਂ ਪਾਲ ਸਾਰਤਰ ਦੀ ਸਾਥਣ ਸਿਮੋਨ ਦਿ ਬੋਵੀਅਰ ਦੀ ਜੀਵਨੀ ਸੀ। ਪੰਜਾਬੀ ਰਸਾਲੇ 'ਹੁਣ' ਦੇ ਜਨਵਰੀ ਅਤੇ ਮਈ 2007 ਵਾਲੇ ਦੋ ਅੰਕ ਉਹ ਮੇਰੇ ਲਈ ਲੈ ਕੇ ਆਇਆ ਸੀ। ਮੇਰੇ ਬਜ਼ੁਰਗ ਦੋਸਤ ਪ੍ਰੋ. ਜੋਗਿੰਦਰ ਸਿੰਘ ਰਮਦੇਵ ਘਰ ਆਏ ਤਾਂ ਮੈਂ ਉਨ੍ਹਾਂ ਨਾਲ ਨਰਿੰਦਰ ਦਾ ਤੁਆਰਫ ਕਰਵਾਇਆ। ਨਰਿੰਦਰ ਇਕਦਮ ਬਜ਼ੁਰਗਾਂ ਦੇ ਚਰਨਾਂ ਵਿਚ ਹੀ ਬੈਠ ਗਿਆ। ਮੈਂ ਸੋਚਿਆ, ਬਜ਼ੁਰਗੀ ਦੇ ਲਿਹਾਜ ਉਹ ਅਜਿਹਾ ਕਰ ਰਿਹਾ ਹੋਵੇਗਾ। ਪਤਾ ਲੱਗਾ ਕਿ ਸਤਿਕਾਰ ਦੇ ਅਜਿਹੇ ਭਾਵ ਪਿਛੇ ਰਹੱਸਮਈ ਕੜੀ 'ਮਾਦਾਮ ਬਾਵਾਰੀ' ਸੀ। ਉਸ ਨੂੰ ਪਤਾ ਸੀ ਕਿ ਇਸ ਸੰਸਾਰ ਪ੍ਰਸਿੱਧ ਨਾਵਲ ਦਾ ਤਰਜਮਾ ਪ੍ਰੋ. ਰਮਦੇਵ ਨੇ ਹੀ ਕੋਈ ਅੱਧੀ ਸਦੀ ਪਹਿਲਾਂ ਕੀਤਾ ਸੀ ਅਤੇ ਨਰਿੰਦਰ ਨੇ ਉਹ ਨਾਵਲ ਪੜ੍ਹਿਆ ਹੋਇਆ ਸੀ।

ਹੱਥ ਵਿਚ ਫੜੀ ਸਿਮੋਨ ਦਿ ਬੋਵੀਅਰ ਦੀ ਜੀਵਨੀ ਵਲ ਇਸ਼ਾਰਾ ਕਰਦਿਆਂ ਨਰਿੰਦਰ ਕਹਿਣ ਲੱਗਾ, "ਆਪਣਾ ਬੱਲ ਬਾਬਾ ਸਿਮੋਨ ਦਿ ਬੋਵੀਅਰ 'ਤੇ ਫਿਦਾ ਹੈ। ਉਸ ਦੀ ਖਾਹਿਸ਼ ਹੈ ਕਿ ਪੰਜਾਬ ਦਾ ਹਰ ਕੁੜੀ-ਮੁੰਡਾ ਇਸ ਨੂੰ ਪੜ੍ਹੇ। ਉਸ ਦੀ ਜੀਵਨੀ ਦਾ ਮੈਂ ਪੰਜਾਬੀ ਵਿਚ ਤਰਜਮਾ ਕਰ ਦੇਣਾ ਹੈ। ਬਾਬਾ ਸਾਡੀ ਪ੍ਰੇਰਨਾ ਦਾ ਸੋਮਾ ਹੈ। ਘੱਟੋ-ਘੱਟ ਉਸ ਦੀ ਇਕ-ਅੱਧ ਖਾਹਿਸ਼ ਪੂਰੀ ਕਰਨੀ ਤਾਂ ਸਾਡੀ ਜ਼ਿੰਮੇਵਾਰੀ ਬਣਦੀ ਹੈ।" ਇਹ ਸੁਣ ਕੇ ਪ੍ਰੋ. ਰਮਦੇਵ ਨੇ ਗਾਲਿਬ ਦੀ ਗਜ਼ਲ ਦਾ ਇਹ ਸ਼ੇਅਰ ਕਹਿ ਦਿੱਤਾ:

ਹਜ਼ਾਰੋਂ ਖਵਾਹਿਸ਼ੇ ਐਸੀ ਕਿ
ਹਰ ਖਵਾਹਿਸ਼ ਪੇ ਦਮ ਨਿਕਲੇ।
ਬੜੇ ਨਿਕਲੇ ਮੇਰੇ ਅਰਮਾਨ ਲੇਕਿਨ
ਫਿਰ ਭੀ ਕਮ ਨਿਕਲੇ।

ਨਰਿੰਦਰ 'ਪੰਜਾਬ ਟਾਈਮਜ਼' ਲਈ 'ਉਪਰੇਸ਼ਨ ਬਲੈਕ ਥੰਡਰ' ਨਾਂ ਦੀ ਕਿਤਾਬ ਵੀ ਲੈ ਕੇ ਆਇਆ। 'ਉਪਰੇਸ਼ਨ ਬਲਿਊ ਸਟਾਰ' ਤੋਂ ਬਾਅਦ ਖਾੜਕੂ ਲਹਿਰ ਦੇ ਸਿਖਰ ਦੇ ਸਾਲਾਂ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ ਨੇ ਇਸ ਕਿਤਾਬ ਵਿਚ ਆਪਣੇ ਨਿੱਜੀ ਅਨੁਭਵ ਅਤੇ ਤਜਰਬੇ ਦਰਜ ਕੀਤੇ ਹੋਏ ਹਨ। 2002 ਵਿਚ ਛਪੀ ਇਸ ਪੁਸਤਕ ਦਾ ਅਨੁਵਾਦ ਨਰਿੰਦਰ ਨੇ ਆਪਣੇ ਸੀਨੀਅਰ ਸਾਥੀ ਸੁਰਿੰਦਰ ਸਿੰਘ ਤੇਜ ਨਾਲ ਰਲ ਕੇ ਕੀਤਾ ਸੀ। ਅਨੁਵਾਦ ਇੰਨਾ ਰਵਾਂ ਹੈ ਕਿ ਪਤਾ ਹੀ ਨਹੀਂ ਲਗਦਾ ਕਿ ਅਨੁਵਾਦ ਹੈ ਜਾਂ ਮੌਲਿਕ ਲਿਖਤ।

ਮੈਨੂੰ ਤਸੱਲੀ ਹੈ ਕਿ ਨਰਿੰਦਰ ਦਾ ਪੁੱਤਰ ਸੰਜਮ ਅਤੇ ਧੀ ਹਰਲੀਨ ਉਹਦੇ ਵਾਂਗ ਹੋਣਹਾਰ ਨਿਕਲੇ ਹਨ। ਸੰਜਮ ਐਮ.ਏ. ਇਕਨਾਮਿਕਸ ਕਰਨ ਪਿਛੋਂ ਚੰਡੀਗੜ੍ਹ 'ਹਿੰਦੁਸਤਾਨ ਟਾਈਮਜ਼' ਦੇ ਸੰਪਾਦਕੀ ਅਮਲੇ ਵਿਚ ਕੰਮ ਕਰ ਰਿਹਾ ਹੈ, ਆਪਣੇ ਪਿਤਾ ਵਾਂਗ ਹੀ ਠੋਕ-ਵਜਾ ਕੇ; ਤੇ ਕੁੜੀ ਬੰਗਲੌਰ ਫੈਸ਼ਨ ਡਿਜ਼ਾਇਨਿੰਗ ਦੀ ਡਿਗਰੀ ਕਰ ਰਹੀ ਹੈ। ਸੰਜਮ ਨੇ ਆਪਣੇ ਪਿਤਾ ਦੀਆਂ ਕਿਤਾਬਾਂ ਦਾ ਭੰਡਾਰ ਬੜੀ ਸ਼ਰਧਾ ਨਾਲ ਸੰਭਾਲਿਆ ਹੋਇਆ ਹੈ। ਇਹੀ ਨਹੀਂ, ਉਹ ਨਰਿੰਦਰ ਵਾਂਗ ਆਪ ਵੀ ਇਸ ਭੰਡਾਰ ਵਿਚ ਆਏ ਮਹੀਨੇ ਕਿਤਾਬਾਂ ਜੋੜੀ ਜਾਂਦਾ ਹੈ।

ਸਾਡਾ ਨਰਿੰਦਰ ਭੁੱਲਰ ਅਜਿਹੀਆਂ ਰੂਹਾਂ ਵਿਚੋਂ ਇਕ ਸੀ ਜਿਨ੍ਹਾਂ ਤੋਂ ਲੋਕਾਂ ਨੂੰ ਸਹੀ ਅਰਥਾਂ ਵਿਚ ਇਨਸਾਨ ਬਣ ਕੇ ਜਿਉਣ ਦੀ ਪ੍ਰੇਰਨਾ ਮਿਲਦੀ ਹੈ; ਜੋ ਦੰਤ ਕਥਾਵਾਂ ਦਾ ਵਿਸ਼ਾ ਬਣਦੀਆਂ ਹਨ ਅਤੇ ਜਿਨ੍ਹਾਂ ਨੂੰ ਚੇਤੇ ਕਰਦਿਆਂ ਅਜਿਹੇ ਭਾਵ ਵੀ ਮਨ ਅੰਦਰ ਉਜਾਗਰ ਹੁੰਦੇ ਹਨ:

ਮਿੱਟੀ ਨਾ ਫਰੋਲ ਜੋਗੀਆ
ਨਹੀਂ ਲੱਭਣੇ ਲਾਲ ਗਵਾਚੇ।



*ਨਰਿੰਦਰ ਆਪਣੇ ਬੇਟੇ ਸੰਜਮ ਅਤੇ ਧੀ ਹਰਲੀਨ ਨਾਲ*

# ਕਲਿ ਆਈ ਕੁਤੇ ਮੁਹੀ ਖਾਜੁ ਮੁਰਦਾਰ ਗੁਸਾਈ



ਡਾ. ਗੁਰਨਾਮ ਕੌਰ, ਕੈਨੇਡਾ

**ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੇ ਹਾਲਾਤ ਨੂੰ ਕਲਿਜੁਗ ਦਾ ਸਮਾਂ ਦੱਸਦੇ ਹੋਏ, ਇਸ ਸਮੇਂ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਅੱਗੇ ਦੱਸਿਆ ਹੈ ਕਿ ਕਲਿਜੁਗ ਆ ਗਿਆ ਹੈ ਜਿਸ ਦਾ ਮੂੰਹ ਕੁੱਤੇ ਦੀ ਨਿਆਂਈਂ ਹੈ, ਜਿਨ੍ਹਾਂ ਦੀ ਖ਼ੁਰਾਕ ਮਰੇ ਹੋਏ ਜੀਵਾਂ ਨੂੰ ਖਾਣਾ ਹੈ। ਵਾੜ ਦਾ ਕੰਮ ਖੇਤ ਦੀ ਰਾਖੀ ਕਰਨਾ ਹੁੰਦਾ ਹੈ, ਫਸਲ ਨੂੰ ਅਵਾਰਾ ਪਸ਼ੂਆਂ ਅਤੇ ਹੋਰ ਉਜਾੜੇ ਤੋਂ ਬਚਾਉਣਾ ਹੁੰਦਾ ਹੈ, ਇਸੇ ਮਕਸਦ ਲਈ ਵਾੜ ਖੇਤ ਦੇ ਦੁਆਲੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਰਾਜੇ ਦਾ ਕੰਮ ਪਰਜਾ ਨੂੰ ਇਨਸਾਫ ਦੇਣਾ ਹੁੰਦਾ ਹੈ ਪਰ ਕਲਿਜੁਗ ਦੀ ਇਹ ਨਿਸ਼ਾਨੀ ਹੈ ਕਿ ਸਾਰਾ ਕੁੱਝ ਉਲਟ ਹੋ ਜਾਂਦਾ ਹੈ। ਜਦੋਂ ਰਾਜਾ ਇਨਸਾਫ ਦੇਣ ਦੀ ਥਾਂ ਆਪ ਹੀ ਪਾਪ ਜਾਂ ਅਨਿਆਂ ਕਰਨ ਲੱਗ ਪਵੇ ਤਾਂ ਇਹ ਵਾੜ ਦੇ ਖੇਤ ਨੂੰ ਖਾਣ ਵਰਗੀ ਗੱਲ ਹੋ ਜਾਂਦੀ ਹੈ ਜੋ ਬਚਾਅ ਕਰਨ ਦੀ ਥਾਂ ਉਜਾੜੇ ਦਾ ਕਾਰਨ ਬਣਦੀ ਹੈ।**

ਵੈਦਿਕ ਹਿੰਦੂ ਮਿਥਿਹਾਸ ਪਰੰਪਰਾ ਅਨੁਸਾਰ ਸਮੇਂ ਦੀ ਵੰਡ ਚਾਰ ਜੁਗਾਂ ਵਿਚ ਕੀਤੀ ਗਈ ਹੈ-ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ। ਇਸ ਧਾਰਨਾ ਅਨੁਸਾਰ ਸਤਿਜੁਗ ਵਿਚ ਧਰਮ ਆਪਣੇ ਚਾਰ ਪੈਰਾਂ 'ਤੇ ਕਾਇਮ ਸੀ ਅਤੇ ਸੱਚ ਦਾ ਬੋਲਬਾਲਾ ਸੀ। ਸਤਿਜੁਗ ਤੋਂ ਬਾਅਦ ਤ੍ਰੇਤਾ ਆਇਆ ਜਿਸ ਵਿਚ ਧਰਮ ਦਾ ਇੱਕ ਪੈਰ ਖਿਸਕ ਗਿਆ ਅਤੇ ਧਰਮ ਆਪਣੇ ਤਿੰਨ ਪੈਰਾਂ 'ਤੇ ਰਹਿ ਗਿਆ। ਤ੍ਰੇਤੇ ਤੋਂ ਬਾਅਦ ਦੁਆਪਰ ਆਇਆ ਤਾਂ ਧਰਮ ਦੇ ਦੋ ਪੈਰ ਖਿਸਕ ਗਏ ਭਾਵ ਧਰਮ ਅੱਧਾ ਹਿੱਸਾ ਹੀ ਰਹਿ ਗਿਆ। ਕਲਿਜੁਗ ਵਿਚ ਧਰਮ ਦੇ ਤਿੰਨ ਪੈਰ ਖਿਸਕ ਗਏ ਅਤੇ ਧਰਮ ਦਾ ਸਿਰਫ ਚੌਥਾ ਹਿੱਸਾ ਬਚਿਆ ਰਹਿ ਗਿਆ।

ਭਾਈ ਗੁਰਦਾਸ ਨੇ ਇਸ ਦੀ ਵਿਆਖਿਆ ਕਰਦਿਆ ਲਿਖਿਆ ਹੈ ਕਿ ਇਸ ਪਰੰਪਰਾ ਅਨੁਸਾਰ ਨਾ ਸਿਰਫ ਚਾਰ ਜੁਗ ਹੀ ਥਾਪੇ ਗਏ ਬਲਕਿ ਚਾਰ ਜੁਗਾਂ ਵਿਚ ਚਾਰ ਵਰਣ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਚਾਰ ਜੁਗਾਂ ਦੇ ਚਾਰ ਰਾਜੇ ਵੀ ਥਾਪੇ ਗਏ ਅਤੇ ਹਰ ਜੁਗ ਵਿਚ ਉਸ ਜੁਗ ਦੀ ਬਿਰਤੀ ਅਨੁਸਾਰ ਕਿਸ ਵਰਣ ਦੀ ਪ੍ਰਧਾਨਤਾ ਹੋਣੀ ਹੈ, ਇਹ ਧਾਰਨਾ ਵੀ ਸਥਾਪਤ ਕਰ ਲਈ ਗਈ। ਸਤਿਜੁਗ ਦਾ 'ਹੰਸ' (ਹੰਸ ਦਾ ਸਬੰਧ ਗਿਆਨ ਨਾਲ ਮੰਨਿਆ ਜਾਂਦਾ ਹੈ) ਅਵਤਾਰ ਹੋਇਆ ਅਤੇ 'ਸੋਹਮ ਬ੍ਰਹਮ' ਭਾਵ 'ਮੈਂ ਹੀ ਬ੍ਰਹਮ ਹਾਂ' ਦਾ ਵਿਚਾਰ ਦ੍ਰਿੜ ਕਰਵਾਇਆ ਗਿਆ, ਸਭ ਬ੍ਰਹਮ ਹੀ ਬ੍ਰਹਮ ਹੈ, ਦਾ ਸਿਧਾਂਤ ਸਥਾਪਤ ਸੀ, 'ਬ੍ਰਹਮ' ਤੋਂ ਬਿਨਾ ਹੋਰ ਕਿਸੇ ਹਸਤੀ ਨੂੰ ਮੰਨਣ ਦਾ ਪਖੰਡ ਨਹੀਂ ਸੀ। ਲੋਕ ਮੋਹ-ਮਾਇਆ ਤੋਂ ਨਿਰਲੇਪ ਇੱਕ ਬ੍ਰਹਮ ਦੇ ਧਿਆਨ ਵਿਚ ਹੀ ਮਗਨ ਸਨ। ਉਹ ਜੰਗਲ ਵਿਚ ਜਾ ਕੇ ਕਠਿਨ ਤਪੱਸਿਆ ਕਰਦੇ ਸਨ ਅਤੇ ਕੰਦ ਮੂਲ ਖਾ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਕਹਿਣ ਤੋਂ ਭਾਵ ਸਤਿਜੁਗ ਰਿਸ਼ੀਆਂ-ਮੁਨੀਆਂ ਦਾ ਸਮਾਂ ਸੀ ਜਿਸ ਵਿਚ ਮਨੁੱਖ ਦਾ ਜੀਵਨ ਬੜਾ ਸਿੱਧਾ-ਸਾਦਾ ਸੀ, ਕੋਈ ਮਾਇਆਵੀ ਇਛਾਵਾਂ ਨਹੀਂ ਸਨ, ਇੱਕ ਬ੍ਰਹਮ ਦੇ ਧਿਆਨ ਵਿਚ ਲੋਕ ਮਗਨ ਸਨ। ਧਰਮ ਦਾ ਬੋਲ-ਬਾਲਾ ਸੀ। ਸਤਿਜੁਗ ਵਿਚ ਲੋਕਾਂ ਦੀ ਉਮਰ ਬਹੁਤ ਲੰਬੀ ਅਰਥਾਤ ਲੱਖ ਸਾਲ ਦੀ ਮੰਨੀ ਗਈ ਹੈ। ਏਨੀ ਲੰਬੀ ਉਮਰ ਵਿਚ ਵੀ ਵੱਡੇ ਵੱਡੇ ਮਹਿਲ, ਮਾੜੀਆਂ ਜਾਂ ਮੰਦਰ ਉਸਾਰਨ ਵੱਲ ਕਿਸੇ ਦਾ ਧਿਆਨ ਨਹੀਂ ਸੀ।

ਸਤਿਜੁਗ ਬੀਤ ਜਾਣ 'ਤੇ ਤ੍ਰੇਤਾ ਜੁਗ ਆਇਆ ਜਿਸ ਵਿਚ ਸੂਰਜਬੰਸੀ ਖੱਤਰੀ ਅਵਤਾਰ ਹੋਇਆ, ਇਸ ਤੋਂ ਭਾਵ ਰਾਮਚੰਦਰ ਦੇ ਅਵਤਾਰ ਧਾਰਨ ਤੋਂ ਹੈ। ਇਸ ਵਿਚ ਮਨੁੱਖ ਦੀ ਉਮਰ ਨੌਂ ਹਿੱਸੇ ਘਟ ਗਈ। ਮਾਇਆ, ਮੋਹ ਅਤੇ ਹਉਮੈ ਆਦਿ ਮਾਰੂ ਬਿਰਤੀਆਂ ਦੀ ਪ੍ਰਧਾਨਤਾ ਹੋ ਗਈ। ਦੁਆਪਰ ਜੁਗ ਵਿਚ ਯਾਦਵ ਵੰਸ ਦਾ ਅਵਤਾਰ ਕ੍ਰਿਸ਼ਨ ਹੋਇਆ ਅਤੇ ਹਰ ਜੁਗ ਵਿਚ ਮਨੁੱਖ ਦੀ ਉਮਰ ਅਤੇ ਆਚਾਰ ਦੋਵੇਂ ਘਟਦੇ ਗਏ। ਰਿਗ ਵੇਦ ਵਿਚ ਹੋਮ, ਯੱਗ ਆਦਿ ਦਾ ਵਿਧੀ-ਵਿਧਾਨ ਦੱਸਿਆ ਗਿਆ ਹੈ, ਇਸ ਲਈ ਇਹ ਸ਼ੁਭ ਕਰਮ ਤੇ ਵਿਚਾਰ-ਚਰਚਾ ਹੈ ਅਤੇ ਪੂਰਬ ਵੱਲ ਮੁੱਖ ਹੈ। ਖੱਤਰੀਆਂ ਨੇ ਯਜੁਰ ਵੇਦ ਦੀ ਸਥਾਪਨਾ ਕੀਤੀ, ਦੱਖਣ ਵੱਲ ਮੁੱਖ ਕਰ ਕੇ ਦਾਨ ਦੇਣ 'ਤੇ ਜ਼ੋਰ ਦਿੱਤਾ। ਵੈਸ਼ ਵਰਨ ਨੇ ਸਿਆਮ ਵੇਦ ਥਾਪਿਆ ਅਤੇ ਪੱਛਮ ਵੱਲ ਮੁੱਖ ਕਰਕੇ ਸੀਸ ਨਿਵਾਇਆ। ਤਿੰਨਾਂ ਵੇਦਾਂ ਨਾਲ ਤਿੰਨ ਰੰਗ ਸਬੰਧਤ ਹਨ: ਰਿਗ ਵੇਦ ਦਾ ਰੰਗ ਨੀਲਾ ਹੈ ਭਾਵ ਨੀਲੇ ਵਸਤਰ ਪਹਿਨਣੇ, ਯਜੁਰ ਵੇਦ ਦਾ ਰੰਗ ਪੀਲਾ ਦੱਸਿਆ ਗਿਆ ਹੈ ਅਤੇ ਸਿਆਮ ਵੇਦ ਦਾ ਰੰਗ ਚਿੱਟਾ ਹੈ। ਇਸ ਤਰ੍ਹਾਂ ਤਿੰਨਾਂ ਵੇਦਾਂ ਵਿਚ ਤਿੰਨਾਂ ਯੁਗਾਂ ਦਾ ਧਰਮ ਦੱਸਿਆ ਗਿਆ ਹੈ।

ਹਿੰਦੂ ਵੈਦਿਕ ਪਰੰਪਰਾ ਦੇ ਇਸ ਜੁਗ-ਵੰਡ ਦੇ ਵਿਚਾਰ ਦੀ ਚਰਚਾ ਨੂੰ ਅੱਗੇ ਤੋਰਦੇ ਹੋਏ ਭਾਈ ਗੁਰਦਾਸ ਦੱਸਦੇ ਹਨ ਕਿ ਚੌਥਾ ਜੁਗ ਕਲਿਜੁਗ ਥਾਪਿਆ ਜਿਸ ਵਿਚ ਇਸੇ ਵਿਚਾਰ ਅਨੁਸਾਰ ਸ਼ੂਦਰ-ਬਿਰਤੀ ਸਾਰੇ ਸੰਸਾਰ 'ਤੇ ਵਰਤਣ ਲੱਗ ਪਈ। ਧਰਮ ਦਾ ਇੱਕ ਪੈਰ ਰਹਿ ਜਾਣ ਕਰਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਮਾੜੀਆਂ ਬਿਰਤੀਆਂ ਦਾ ਬੋਲ-ਬਾਲਾ ਹੋ ਗਿਆ, ਸੱਚ ਪਿੱਛੇ ਰਹਿ ਗਿਆ। ਮਾਇਆ-ਮੋਹ ਨੇ ਸਾਰੇ ਸੰਸਾਰ ਨੂੰ ਆਪਣੇ ਵਿਚ ਭਰਮ-ਜਾਲ ਵਿਚ ਫਸਾ ਲਿਆ। ਦੁਨੀਆਂ ਹਉਮੈ ਵਿਚ ਸੜਨ ਲੱਗ ਪਈ ਅਤੇ ਇੱਕ ਦੂਸਰੇ ਨਾਲ ਬੇਹੱਦ ਨਫਰਤ ਪੈਦਾ ਹੋ ਗਈ। ਧਰਮ-ਕਰਮ ਨਾਲ ਕਿਸੇ ਦਾ ਕੋਈ ਸਬੰਧ ਨਹੀਂ ਰਿਹਾ, ਨਾ ਕੋਈ ਕਿਸੇ ਦੀ ਪੂਜਾ ਕਰਦਾ ਹੈ, ਨਾ ਉਚੇ ਜਾਂ ਨੀਵੇਂ ਦਾ ਕੋਈ ਖਿਆਲ ਹੈ।

ਰਾਜੇ ਦਾ ਨਿਆਂ ਨਾਲ ਸਬੰਧ ਮੰਨਿਆ ਜਾਂਦਾ ਹੈ, ਪਰਜਾ ਨੂੰ ਇਨਸਾਫ਼ ਦੇਣਾ ਰਾਜ-ਕਰਤਾ ਦਾ ਪਹਿਲਾ ਫਰਜ਼ ਹੈ ਪਰ ਕਲਿਜੁਗ ਵਿਚ ਰਾਜੇ ਅਨਿਆਂਈਂ ਹੋ ਗਏ, ਇਨਸਾਫ਼ ਨਾਲ ਉਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਰਿਹਾ, ਕਲਿਜੁਗ ਨੂੰ ਕੈਂਚੀ ਵਰਗਾ ਕਿਹਾ ਗਿਆ ਹੈ ਜਿਸ ਵਿਚ ਅਮੀਰ, ਅਫ਼ਸਰ ਜਾਂ ਮੁਸਾਹਿਬ ਕਸਾਈਆਂ ਵਾਂਗ ਲੋਕਾਂ ਦਾ ਇੱਕ ਤਰ੍ਹਾਂ ਨਾਲ ਕਤਲ ਕਰਦੇ ਹਨ। ਪਹਿਲੇ ਤਿੰਨੇ ਜੁਗ ਇਨਸਾਫਪਸੰਦ ਸਨ ਜਦ ਕਿ ਚੌਥਾ ਕਲਿਜੁਗ ਅਜਿਹਾ ਸਮਾਂ ਹੈ ਕਿ ਜੇ ਕੋਈ ਕੁੱਝ ਦਿੰਦਾ ਹੈ (ਅਰਥਾਤ ਰਿਸ਼ਵਤ ਆਦਿ) ਤਾਂ ਉਹ ਕੁੱਝ ਪਾ ਲੈਂਦਾ ਹੈ। ਇਸ ਤਰ੍ਹਾਂ ਕਲਿਜੁਗ ਵਿਚ ਸਾਰਾ ਸੰਸਾਰ ਕਰਮ ਭ੍ਰਿਸ਼ਟ ਹੋ ਗਿਆ ਹੈ।

ਗੁਰੂ ਨਾਨਕ ਆਗਮਨ ਤੋਂ ਪਹਿਲਾਂ ਉਸ ਵੇਲੇ ਦੇ ਹਾਲਾਤ ਦਾ ਬਿਆਨ ਕਰਦਿਆਂ ਭਾਈ ਗੁਰਦਾਸ ਉਸ ਸਮੇਂ ਨੂੰ ਵੀ ਕਲਿਜੁਗ ਦਾ ਸਮਾਂ ਕਹਿੰਦੇ ਹਨ, ਕਿਉਂ? ਕਿਉਂਕਿ ਉਹ ਸਮਾਂ ਵੀ ਸੰਸਾਰ ਤੇ ਖਾਸ ਕਰਕੇ ਹਿੰਦੁਸਤਾਨ ਦੇ ਸੰਦਰਭ ਵਿਚ ਨਫਰਤ ਵਾਲਾ ਸਮਾਂ ਸੀ। ਸਮੁੱਚੇ ਵਿਸ਼ਵ ਦੇ ਨਜ਼ਰੀਏ ਤੋਂ ਵੀ ਮੱਧ-ਕਾਲ ਨੂੰ ਇਤਿਹਾਸਕ ਤੌਰ 'ਤੇ 'ਹਨੇਰਾ ਜੁਗ' ਕਿਹਾ ਜਾਂਦਾ ਹੈ। ਇਸ ਸਮੇਂ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਨੇ ਇਸ ਨੂੰ ਸੰਸਾਰ ਵਿਚ ਨਫਰਤ ਦਾ ਫੈਲਣਾ ਕਿਹਾ ਹੈ। ਸਭ ਤੋਂ ਪਹਿਲਾ ਕਾਰਨ ਧਾਰਮਿਕ ਫਿਰਕਿਆਂ ਦਾ ਵਖਰੇਵਾਂ ਅਤੇ ਆਪਸੀ ਨਫ਼ਰਤ ਹੈ।

ਵੇਦ-ਸ਼ਾਸਤਰਾਂ ਅਨੁਸਾਰ ਧਰਮ ਵਰਣ-ਆਸ਼ਰਮ ਧਰਮ ਦੇ ਸਿਧਾਂਤ 'ਤੇ ਆਧਾਰਤ ਹੋਣ ਕਰਕੇ ਸਾਰੇ ਵਰਣਾਂ ਲਈ ਅਲੱਗ ਅਲੱਗ ਕਿਸਮ ਦਾ ਮੰਨਿਆ ਗਿਆ ਹੈ, ਫਿਰ ਮਨੁੱਖ ਦੇ ਜੀਵਨ ਦੇ ਹਰ ਆਸ਼ਰਮ ਭਾਵ ਪੜਾ ਦਾ ਵੱਖਰਾ ਵੱਖਰਾ ਧਰਮ ਮੰਨਿਆ ਹੈ। ਅੱਗੋਂ ਸੰਨਿਆਸੀਆਂ, ਜੋਗੀਆਂ, ਜੰਗਮਾਂ, ਜੈਨੀਆਂ/ਦਿਗੰਬਰਾਂ ਦੇ ਵੱਖਰੇ ਵੱਖਰੇ ਫਿਰਕੇ ਹਨ ਜਿਨ੍ਹਾਂ ਵਿਚ ਤਰ੍ਹਾਂ ਤਰ੍ਹਾਂ ਦਾ ਵਿਵਾਦ ਅਤੇ ਸਿਧਾਂਤਕ ਝਗੜਾ ਹੁੰਦਾ ਰਹਿੰਦਾ ਹੈ। ਵੱਖਰੇ ਵੱਖਰੇ ਸ਼ਾਸਤਰਾਂ, ਵੇਦਾਂ ਅਤੇ ਪੁਰਾਣਾਂ ਕਾਰਨ ਬ੍ਰਾਹਮਣਾਂ ਦਾ ਆਪਸੀ ਵਿਵਾਦ, ਅਤੇ ਨਾਲ ਹੀ ਇਨ੍ਹਾਂ ਵਿਚ ਕੋਈ ਧਾਰਮਿਕ ਅਗਵਾਈ ਦੇਣ ਦੀ ਥਾਂ ਤੇ ਛੋਟੀ ਕਿਸਮ ਦਾ ਪਖੰਡ ਸ਼ਾਮਲ ਹੈ। ਤੰਤਰ-ਮੰਤਰ, ਜਾਦੂ-ਟੂਣੇ ਸਭ ਚੱਲ ਰਹੇ ਹਨ ਜਿਸ ਨੂੰ ਭਾਈ ਸਾਹਿਬ ਨੇ 'ਕਾਲਖਿ ਲਪਟਾਏ' ਕਿਹਾ ਹੈ। ਇਹ ਸਭ ਧਾਰਮਿਕ ਜਾਲ ਮਨੁੱਖ ਲਈ ਕੋਈ ਰਾਹ ਦਰਸਾਵਾ ਹੋਣ ਦੀ ਥਾਂ ਭਰਮ ਅਤੇ ਭੁਲੇਖੇ ਵਿਚ ਪਾਉਣ ਦਾ ਕਾਰਨ ਬਣ ਗਿਆ ਹੈ, ਜਿਸ ਨੂੰ ਭਾਈ ਸਾਹਿਬ ਨੇ 'ਕਲਿਜੁਗ ਅੰਦਰਿ ਭਰਮਿ ਭੁਲਾਏ' ਕਿਹਾ ਹੈ।

ਗੁਰਮਤਿ ਅਨੁਸਾਰ ਕਲਿਜੁਗ ਕਿਸੇ ਖਾਸ ਸਮੇਂ ਨਹੀਂ ਆਉਂਦਾ। ਜਦੋਂ ਸੰਸਾਰ ਦਾ ਵਰਤਾਰਾ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਆਦਿ ਮਾੜੀਆਂ ਬਿਰਤੀਆਂ ਦੇ ਅਧੀਨ ਹੋ ਜਾਂਦਾ ਹੈ, ਉਹ ਸਮਾਂ ਕਲਿਜੁਗ ਦਾ ਸਮਾਂ ਹੁੰਦਾ ਹੈ ਅਤੇ ਇਹ ਕਿਸੇ ਵੇਲੇ ਵਿਚ ਵੀ, ਕਿਸੇ ਵੀ ਸਥਾਨ ਜਾਂ ਮੁਲਕ ਵਿਚ ਵਾਪਰ ਸਕਦਾ ਹੈ। ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੇ ਹਾਲਾਤ ਨੂੰ ਕਲਿਜੁਗ ਦਾ ਸਮਾਂ ਦੱਸਦੇ ਹੋਏ, ਇਸ ਸਮੇਂ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਅੱਗੇ ਦੱਸਿਆ ਹੈ ਕਿ ਕਲਿਜੁਗ ਆ ਗਿਆ ਹੈ ਜਿਸ ਦਾ ਮੂੰਹ ਕੁੱਤੇ ਦੀ ਨਿਆਂਈਂ ਹੈ, ਜਿਨ੍ਹਾਂ ਦੀ ਖੁਰਾਕ ਮਰੇ ਹੋਏ ਜੀਵਾਂ ਨੂੰ ਖਾਣਾ ਹੈ। ਵਾੜ ਦਾ ਕੰਮ ਖੇਤ ਦੀ ਰਾਖੀ ਕਰਨਾ ਹੁੰਦਾ ਹੈ, ਫਸਲ ਨੂੰ ਅਵਾਰਾ ਪਸ਼ੂਆਂ ਅਤੇ ਹੋਰ ਉਜਾੜੇ ਤੋਂ ਬਚਾਉਣਾ ਹੁੰਦਾ ਹੈ, ਇਸੇ ਮਕਸਦ ਲਈ ਵਾੜ ਖੇਤ ਦੇ ਦੁਆਲੇ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਰਾਜੇ ਦਾ ਕੰਮ ਪਰਜਾ ਨੂੰ ਇਨਸਾਫ ਦੇਣਾ ਹੁੰਦਾ ਹੈ ਪਰ ਕਲਿਜੁਗ ਦੀ ਇਹ ਨਿਸ਼ਾਨੀ ਹੈ ਕਿ ਸਾਰਾ ਕੁੱਝ ਉਲਟ ਹੋ ਜਾਂਦਾ ਹੈ। ਜਦੋਂ ਰਾਜਾ ਇਨਸਾਫ ਦੇਣ ਦੀ ਥਾਂ ਆਪ ਹੀ ਪਾਪ ਜਾਂ ਅਨਿਆਂ ਕਰਨ ਲੱਗ ਪਵੇ ਤਾਂ ਇਹ ਵਾੜ ਦੇ ਖੇਤ ਨੂੰ ਖਾਣ ਵਰਗੀ ਗੱਲ ਹੋ ਜਾਂਦੀ ਹੈ ਜੋ ਬਚਾਅ ਕਰਨ ਦੀ ਥਾਂ ਉਜਾੜੇ ਦਾ ਕਾਰਨ ਬਣਦੀ ਹੈ। ਇਹੀ ਨਹੀਂ ਕਿ ਰਾਜੇ ਪਾਪੀ ਅਤੇ ਅਨਿਆਈ ਹਨ, ਪਰਜਾ ਵੀ ਅਗਿਆਨੀ ਹੈ ਅਤੇ ਅਕਲ ਦੀ ਅੰਨ੍ਹੀ ਹੈ ਜਿਸ ਨੂੰ ਸਹੀ ਅਤੇ ਗਲਤ, ਜਾਂ ਭਲੇ ਅਤੇ ਬੁਰੇ ਦੀ ਪਹਿਚਾਣ ਨਹੀਂ ਹੈ। ਇਸੇ ਲਈ ਸੱਚ ਪਛਾਨਣ ਜਾਂ ਸੱਚ ਬੋਲਣ ਦੀ ਥਾਂ ਮੂੰਹ ਤੋਂ ਝੂਠ ਅਤੇ ਪਾਪ ਹੀ ਬੋਲਦੀ ਹੈ। ਕਲਿਜੁਗ ਦੀ ਚਾਲ ਹੀ ਉਲਟੀ ਹੈ। ਬਜਾਇ ਇਸ ਦੇ ਕਿ ਗੁਰੂ ਚੇਲਿਆਂ ਨੂੰ ਪਿੱਛੇ ਲਾਉਣ, ਇਸ ਦੀ ਥਾਂ ਚੇਲੇ ਸਾਜ ਵਜਾ ਰਹੇ ਹਨ ਅਤੇ ਗੁਰੂ ਉਨ੍ਹਾਂ ਦੇ ਸਾਜ ਦੀ ਤਾਲ 'ਤੇ ਨੱਚ ਰਹੇ ਹਨ। ਸਹੀ ਰੀਤ ਇਹ ਹੈ ਕਿ ਗੁਰੂ ਆਪਣੇ ਟਿਕਾਣੇ 'ਤੇ ਬੈਠੇ ਅਤੇ ਚੇਲੇ ਉਸ ਦੇ ਸਥਾਨ 'ਤੇ ਉਸ ਕੋਲ ਚੱਲ ਕੇ ਜਾਣ ਪਰ ਕਲਿਜੁਗ ਦੀ ਉਲਟੀ ਚਾਲ ਹੈ ਕਿ ਚੇਲੇ ਆਪਣੇ ਘਰਾਂ ਵਿਚ ਬੈਠਦੇ ਹਨ ਅਤੇ ਗੁਰੂ ਉਨ੍ਹਾਂ ਕੋਲ ਚੱਲ ਕੇ ਜਾਂਦੇ ਹਨ। ਧਾਰਮਿਕ ਆਗੂ (ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ) ਦਾ ਫ਼ਰਜ਼ ਹੈ, ਹਕ ਜਾਂ ਇਨਸਾਫ ਦੇਣਾ/ਦੁਆਉਣਾ ਪਰ ਇਸ ਸਮੇਂ ਕਾਜ਼ੀ (ਧਾਰਮਿਕ ਆਗੂ) ਰਿਸ਼ਵਤਖੋਰ ਹੋ ਗਏ ਹਨ, ਵੱਢੀ ਲੈਣ ਕਰਕੇ ਸਹੀ ਗੱਲ ਨਹੀਂ ਕਰਦੇ। ਲੋਕੀਂ ਏਨੇ ਲਾਲਚੀ ਹੋ ਗਏ ਹਨ ਕਿ ਕੁਥਾਂ (ਭਾਵ ਮਾੜੀ ਥਾਂ) ਜਾਣ ਤੇ ਵੀ ਇਸਤਰੀ ਜਾਂ ਪੁਰਸ਼ ਇੱਕ-ਦੂਸਰੇ ਨੂੰ ਟੋਕਦੇ ਨਹੀਂ। ਇਸ ਤਰ੍ਹਾਂ ਸਾਰੇ ਸੰਸਾਰ ਤੇ ਪਾਪ ਦਾ ਬੋਲ-ਬਾਲਾ ਹੈ।

ਗੁਰੂ ਨਾਨਕ ਦੇਵ ਉਸ ਸਮੇਂ ਦੀ ਕਲਿਜੁਗ ਦੇ ਰੂਪ ਵਿਚ ਵਿਆਖਿਆ ਕਰਦੇ ਹੋਏ 'ਮਾਝ ਕੀ ਵਾਰ' ਵਿਚ ਫੁਰਮਾਉਂਦੇ ਹਨ ਕਿ ਇਹ ਘੋਰ ਕਲਿਜੁਗੀ ਸਮਾਂ ਅਜਿਹਾ ਹੈ ਜਿਸ ਦਾ ਸੁਭਾ ਛੁਰੀ ਵਾਂਗ ਹੈ, ਜਿਸ ਕਰਕੇ ਰਾਜੇ ਜ਼ਾਲਮ ਹੋ ਗਏ ਹਨ ਅਤੇ ਲੋਕਾਂ ਨੂੰ ਕਸਾਈਆਂ ਵਾਂਗ ਕੋਹ ਰਹੇ ਹਨ। ਇਸੇ ਕਰਕੇ ਧਰਮ ਦਾ ਪਤਾ ਹੀ ਨਹੀਂ ਲਗਦਾ ਕਿ ਉਹ ਖੰਭ ਲਾ ਕੇ ਕਿਥੇ ਉਡ ਗਿਆ ਹੈ। ਕੂੜ ਮੱਸਿਆ ਦੇ ਅੰਧੇਰੇ ਦੀ ਤਰ੍ਹਾਂ ਫੈਲਿਆ ਹੋਇਆ ਹੈ ਜਿਸ ਕਰਕੇ ਸੱਚ-ਰੂਪੀ ਚੰਦਰਮਾ ਕਿਧਰੇ ਨਜ਼ਰ ਨਹੀਂ ਆਉਂਦਾ (ਝੂਠ ਅਤੇ ਅਗਿਆਨ ਨੂੰ ਮੱਸਿਆ ਦੀ ਰਾਤ ਨਾਲ ਤੁਲਨਾ ਦਿੱਤੀ ਜਾਂਦੀ ਹੈ ਜਿਸ ਵਿਚ ਸਹੀ ਅਤੇ ਗਲਤ ਦੀ ਪਛਾਣ ਕਰਨ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ। ਜਿਸ ਤਰ੍ਹਾਂ ਮੱਸਿਆ ਦੀ ਰਾਤ ਨੂੰ ਕਿਉਂਕਿ ਚੰਦਰਮਾ ਅਲੋਪ ਹੋ ਜਾਂਦਾ ਹੈ ਅਤੇ ਹਨੇਰਾ ਸੰਘਣਾ ਹੋਣ ਕਰਕੇ ਕੁੱਝ ਵੀ ਨਜ਼ਰ ਨਹੀਂ ਆਉਂਦਾ, ਇਸੇ ਤਰ੍ਹਾਂ ਝੂਠ ਅਤੇ ਅਗਿਆਨ ਮਨੁੱਖ ਨੂੰ ਮਾਨਸਿਕ ਅਤੇ ਚੇਤੰਨਤਾ ਦੇ ਤੌਰ 'ਤੇ ਅੰਨ੍ਹਾ ਕਰ ਦਿੰਦਾ ਹੈ ਅਤੇ ਮਨੁੱਖ ਸਹੀ ਅਤੇ ਗਲਤ ਦੀ ਪਛਾਣ ਗੁਆ ਬੈਠਦਾ ਹੈ)।

ਗੁਰੂ ਨਾਨਕ ਇੱਕ ਜਗਿਆਸੂ ਦੇ ਤੌਰ 'ਤੇ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ (ਬਾਣੀ ਵਿਚ ਇੱਕ ਅਕਾਲ ਪੁਰਖ ਨੂੰ ਪੁਰਸ਼ ਅਤੇ ਜੀਵਾਂ ਨੂੰ ਇਸਤਰੀ ਮੰਨਿਆ ਗਿਆ ਹੈ, ਇਸੇ ਲਈ ਗੁਰੂ ਸਾਹਿਬਾਨ ਆਪਣੇ ਆਪ ਨੂੰ ਇੱਕ ਇਸਤਰੀ ਦੇ ਰੂਪ ਵਿਚ ਸੰਬੋਧਨ ਕਰਦੇ ਹਨ) ਕਿ ਮੈਂ ਸੱਚ ਰੂਪ ਚੰਦਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਈ ਹਾਂ ਪਰ ਮੈਨੂੰ ਉਹ ਕਿਧਰੇ ਵੀ ਨਜ਼ਰ ਨਹੀਂ ਪੈਂਦਾ, ਇਸ ਕਲਿਜੁਗੀ ਹਨੇਰੇ ਵਿਚ ਕੋਈ ਰਾਸਤਾ ਨਜ਼ਰ ਨਹੀਂ ਆਉਂਦਾ। ਇਸ ਝੂਠ-ਰੂਪੀ ਹਨੇਰੇ ਵਿਚ ਸ੍ਰਿਸ਼ਟੀ ਹਉਮੈ ਦੇ ਕਾਰਨ ਦੁਖੀ ਹੋ ਰਹੀ ਹੈ, ਇਸ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਗੁਰੂ ਅਮਰ ਦਾਸ ਮਨੁੱਖ ਦੇ ਸੁਭਾ ਵਿਚ ਚੰਡਾਲ-ਬਿਰਤੀ ਦੇ ਘਰ ਕਰ ਲੈਣ ਨੂੰ ਕਲਿਜੁਗ ਕਹਿੰਦੇ ਹਨ। ਉਨ੍ਹਾਂ ਅਨੁਸਾਰ ਜਿਸ ਕੁਕਰਮੀ ਮਨੁੱਖ ਦੇ ਸੁਭਾ ਵਿਚ ਸਮਝੋ ਕਲਿਜੁਗ ਆ ਜਾਂਦਾ ਹੈ ਅਤੇ ਇਸ ਕੁਕਰਮ ਦਸ਼ਾ ਵਿਚ ਸਾਰੇ ਕਰਮ-ਧਰਮ ਗੁਆਚ ਜਾਂਦੇ ਹਨ। ਅਜਿਹੇ ਕੁਕਰਮੀ ਸੁਭਾ ਤੋਂ ਮਨੁੱਖ ਨੂੰ ਸਿਰਫ਼ ਇੱਕ ਪਰਮਾਤਮਾ ਦਾ ਨਾਮ ਹੀ ਛੁਡਾ ਸਕਦਾ ਹੈ।

ਹੁਣ ਤੱਕ ਦੀ ਵਿਚਾਰ ਚਰਚਾ ਤੋਂ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਲਿਜੁਗ ਉਦੋਂ ਵਾਪਰਦਾ ਹੈ ਜਦੋਂ ਮਨੁੱਖ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਭਾਰੂ ਹੋ ਜਾਂਦੀਆਂ ਹਨ, ਮਨੁੱਖ ਸਦ-ਗੁਣਾਂ 'ਤੇ ਚੱਲਣ ਦੀ ਥਾਂ ਇਨ੍ਹਾਂ ਦੇ ਅਧੀਨ ਹੋ ਕੇ ਸਹੀ-ਗਲਤ ਦੀ ਪਛਾਣ ਭੁੱਲ ਜਾਂਦਾ ਹੈ ਅਤੇ ਇਨ੍ਹਾਂ ਅਨੁਸਾਰ ਕਰਮ ਕਰਦਾ ਹੈ। ਜਦੋਂ ਇਹ ਬਿਰਤੀਆਂ ਵਿਆਪਕ ਰੂਪ ਵਿਚ ਮਨੁੱਖੀ ਸੁਭਾ ਉਤੇ ਭਾਰੂ ਹੋ ਜਾਂਦੀਆਂ ਹਨ ਤਾਂ ਉਸ ਸਮੇਂ ਨੂੰ ਕਲਿਜੁਗ ਦਾ ਨਾਮ ਦੇ ਦਿੱਤਾ ਜਾਂਦਾ ਹੈ। ਹੁਣ ਦੇ ਸਮੇਂ ਨੂੰ ਹਿੰਦੁਸਤਾਨ ਦੇ ਸੰਦਰਭ ਵਿਚ ਆਮ ਅਤੇ ਪੰਜਾਬ ਦੇ ਸੰਦਰਭ ਵਿਚ ਖਾਸ ਕਰਕੇ ਦੇਖਿਆ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਧਰਮ ਦਾ ਅਸਲੀ ਰੂਪ ਨਜ਼ਰ ਨਹੀਂ ਆਉਂਦਾ। ਧਰਮ ਵਿਚ ਪਖੰਡ ਅਤੇ ਦਿਖਾਵੇ ਦਾ ਜ਼ੋਰ ਵਧ ਗਿਆ ਹੈ (ਇਹ ਗੱਲ ਤਕਰੀਬਨ ਹਰ ਧਾਰਮਿਕ ਪਰੰਪਰਾ ਵਿਚ ਮਹਿਸੂਸ ਕੀਤੀ ਅਤੇ ਦੇਖੀ ਜਾ ਸਕਦੀ ਹੈ)। ਹਰ ਧਰਮ ਵਿਚ ਸਿਆਸਤ ਭਾਰੂ ਹੋ ਗਈ ਹੈ ਅਤੇ ਸਿਆਸਤਦਾਨਾਂ ਦਾ ਜ਼ੋਰ ਵੱਧ ਗਿਆ ਹੈ, ਇਸ ਲਈ ਧਾਰਮਿਕ ਆਗੂ ਨਿਆਂ ਦੇਣ ਦੀ ਥਾਂ ਸਿਆਸਤਦਾਨਾਂ ਦੇ ਹਿਤਾਂ ਦੀ ਹੀ ਪਾਲਣਾ ਕਰ ਰਹੇ ਹਨ। ਰਾਜਨੀਤੀ ਵਿਚ ਨੇਤਾ ਕਿਸੇ ਆਦਰਸ਼, ਲੋਕ-ਭਲਾਈ ਜਾਂ ਇਨਸਾਫ ਦੇਣ ਲਈ ਪ੍ਰਵੇਸ਼ ਨਹੀਂ ਕਰਦੇ (ਭਾਵੇਂ ਲੋਕਾਂ ਨੂੰ ਝੂਠ ਏਹੀ ਬੋਲਿਆ ਜਾਂਦਾ ਹੈ ਕਿ ਉਹ ਰਾਜ ਕਰਨ ਲਈ ਨਹੀਂ, ਸੇਵਾ ਕਰਨ ਲਈ ਵੋਟਾਂ ਚਾਹੁੰਦੇ ਹਨ ਅਤੇ ਇਸ ਝੂਠ ਦੇ ਆਸਰੇ ਤਾਕਤ ਵਿਚ ਆਉਂਦੇ ਹਨ)।

ਪਿਛਲੇ ਸਮੇਂ ਵਿਚ ਜਿਸ ਕਿਸਮ ਦੀਆਂ ਘਟਨਾਵਾਂ ਪੰਜਾਬ ਵਿਚ ਵਾਪਰੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਨਿਆਂ ਅਤੇ ਸੱਚ ਖੰਭ ਲਾ ਕੇ ਉਡ ਗਏ ਹਨ। ਕਾਮ, ਕ੍ਰੋਧ ਅਤੇ ਅਹੰਕਾਰ ਆਦਿ ਮਾੜੀਆਂ ਬਿਰਤੀਆਂ ਦਾ ਬੋਲ-ਬਾਲਾ ਹੀ ਤਾਂ ਹੈ ਕਿ ਹਰ ਤਰ੍ਹਾਂ ਦੇ ਅਪਰਾਧ ਸਰਕਾਰੀ ਸਰਪ੍ਰਸਤੀ ਹੇਠ ਹੋ ਰਹੇ ਹਨ ਜਿਵੇਂ ਨਸ਼ਿਆਂ ਦੀ ਤਸਕਰੀ, ਬਲਾਤਕਾਰ, ਚੋਰੀਆਂ, ਲੁੱਟਾਂ-ਖੋਹਾਂ, ਦੂਸਰਿਆਂ ਦੀਆਂ ਜਾਇਦਾਦਾਂ ਹਥਿਆਉਣਾ ਅਤੇ ਹੋਰ ਹਰ ਕਿਸਮ ਦਾ ਧੱਕਾ ਆਦਿ। ਚੇਤੰਨਤਾ ਰੱਖਣ ਵਾਲਾ ਹਰ ਸ਼ਹਿਰੀ ਹੈਰਾਨ ਅਤੇ ਪ੍ਰੇਸ਼ਾਨ ਹੈ ਕਿ ਆਮ ਮਨੁੱਖ ਦਾ ਕੀ ਬਣੇਗਾ? ਆਮ ਆਦਮੀ ਦਾ ਜੀਵਨ ਮਹਿਫ਼ੂਜ਼ ਨਹੀਂ ਰਿਹਾ। ਇਹ ਸਭ ਮਨੁੱਖ ਅੰਦਰ ਲੋਭ-ਲਾਲਚ, ਕਾਮ, ਕ੍ਰੋਧ ਆਦਿ ਮਾੜੀਆਂ ਰੁਚੀਆਂ ਦੇ ਵਧ ਜਾਣ ਕਾਰਨ ਹੀ ਹੋ ਰਿਹਾ ਹੈ। ਅੱਜ ਦਾ ਮਨੁੱਖ ਏਨਾ ਬੇਵੱਸ ਹੋ ਗਿਆ ਹੈ ਕਿ ਆਪਣੇ ਬੱਚਿਆਂ ਦੀ ਹਿਫ਼ਾਜ਼ਤ ਵੀ ਆਪ ਨਹੀਂ ਕਰ ਸਕਦਾ (ਜਿਵੇਂ ਏ. ਐਸ. ਆਈ. ਆਪਣੀ ਕੁੜੀ ਦੀ ਰੱਖਿਆ ਕਰਦਾ ਮਾਰਿਆ ਗਿਆ, ਸ਼ਰੁਤੀ ਦੇ ਮਾਂ-ਬਾਪ ਆਪਣੇ ਘਰ ਦੇ ਅੰਦਰ ਆਪਣੀ ਕੁੜੀ ਦੀ ਹਿਫ਼ਾਜ਼ਤ ਨਹੀਂ ਕਰ ਸਕੇ)। ਇਸ ਕਿਸਮ ਦੇ ਵਰਤਾਰੇ ਨੂੰ ਹੀ ਗੁਰਬਾਣੀ ਵਿਚ ਕਲਿਜੁਗ ਦਾ ਨਾਮ ਦਿੱਤਾ ਗਿਆ ਹੈ।

---

**ਗੁਰਬਾਣੀ ਗਿਆਨ**

# ਜਿਥੈ ਨਾਮੁ ਜਪੀਐ ਪ੍ਰਭ ਪਿਆਰੇ

ਮਾਝ ਮਹਲਾ ੫
ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥
ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇੰਦਾ
ਸੇਈ ਨਗਰ ਉਜਾੜੀ ਜੀਉ॥੧॥
ਹਰਿ ਰੁਖੀ ਰੋਟੀ ਖਾਇ ਸਮਾਲੇ॥
ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ॥
ਖਾਇ ਖਾਇ ਕਰੇ ਬਦਫੈਲੀ
ਜਾਣੁ ਵਿਸੂ ਕੀ ਵਾੜੀ ਜੀਉ॥੨॥
ਸੰਤਾ ਸੇਤੀ ਰੰਗੁ ਨ ਲਾਏ॥
ਸਾਕਤ ਸੰਗਿ ਵਿਕਰਮ ਕਮਾਏ॥
ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ॥੩॥
ਤੇਰੀ ਸਰਣਿ ਮੇਰੇ ਦੀਨ ਦਇਆਲਾ॥
ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਉਸ ਮਿਹਰਬਾਨ ਪ੍ਰਭੂ ਦੇ ਨਾਮ ਸਿਮਰਨ ਦੀ ਸਿਫ਼ਤ ਸਾਲਾਹ ਕਰ ਰਹੇ ਹਨ ਕਿ ਹੇ ਭਾਈ! ਜਿਸ ਥਾਂ 'ਤੇ ਹਰ ਵੇਲੇ ਪ੍ਰਭੂ ਦੇ ਨਾਮ ਦਾ ਸਿਮਰਨ ਚਲਦਾ ਹੈ, ਉਹ ਥਾਂ ਭਾਵੇਂ ਰੋੜਾਂ ਨਾਲ ਭਰੇ ਹੋਏ ਟਿੱਬੇ ਦੀ ਹੋਵੇ, ਪਰ ਨਾਮ ਦੀ ਮਹਿਮਾ ਕਰ ਕੇ ਸੋਨੇ ਦੇ ਚੁਬਾਰਿਆਂ ਵਾਂਗ ਲਗਦੀ ਹੈ। ਹੇ ਮੇਰੇ ਗੋਬਿੰਦ ਪ੍ਰਭ ਜੀਉ! ਜਿਥੇ ਤੇਰਾ ਨਾਮ ਨਹੀਂ ਜਪਿਆ ਜਾਂਦਾ; ਉਹ ਨਗਰ ਵੀ ਉਜਾੜ ਹੀ ਲਗਦੇ ਹਨ। ਨਾਮ ਸਿਮਰਨ ਦੀ ਮਹਿਮਾ ਸਭ ਤੋਂ ਉਤਮ ਹੈ ਜੋ ਜੰਗਲ 'ਚ ਵੀ ਮੰਗਲ ਲਾ ਦਿੰਦੀ ਹੈ।

ਹਰਿ ਰੁਖੀ ਰੋਟੀ ਖਾਇ ਸਮਾਲੇ॥
ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ॥
ਖਾਇ ਖਾਇ ਕਰੇ ਬਦਫੈਲੀ
ਜਾਣੁ ਵਿਸੂ ਕੀ ਵਾੜੀ ਜੀਉ॥੨॥

ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਜਿਹੜੇ ਜੀਵ ਰੁਖੀ-ਸੁਖੀ ਰੋਟੀ ਖਾ ਕੇ ਵੀ ਉਸ ਪ੍ਰਭੂ ਦੇ ਸੋਹਣੇ ਨਾਮ ਸਿਮਰਨ ਨੂੰ ਆਪਣੇ ਅੰਦਰ ਸਾਂਭ ਕੇ ਰੱਖਦੇ ਹਨ, ਅਕਾਲ ਪੁਰਖ ਪਿਤਾ ਵੀ ਉਨ੍ਹਾਂ ਜੀਵਾਂ 'ਤੇ ਆਪਣੀ ਮਿਹਰ ਦੀ ਨਜ਼ਰ ਰੱਖਦਾ ਹੈ ਤੇ ਸਦਾ ਅੰਗ-ਸੰਗ ਰਹਿੰਦਾ ਹੈ; ਪਰ ਜਿਹੜੇ ਜੀਵ ਸੰਸਾਰ ਦੇ ਪਦਾਰਥ ਖਾਣ ਵਿਚ ਹੀ ਲੱਗੇ ਹੋਏ ਹਨ ਤੇ ਖਾ-ਖਾ ਕੇ ਬਦਫੈਲੀ, ਭਾਵ ਬੁਰੇ ਕਰਮ ਹੀ ਕਰ ਰਹੇ ਹਨ, ਸਮਝੋ ਕਿ ਉਹ ਜੀਵ ਜ਼ਹਿਰ ਦੇ ਬਾਗ ਵਿਚ ਹੀ ਵੜੇ ਹੋਏ ਹਨ।

ਸੰਤਾ ਸੇਤੀ ਰੰਗੁ ਨ ਲਾਏ॥
ਸਾਕਤ ਸੰਗਿ ਵਿਕਰਮ ਕਮਾਏ॥
ਦੁਲਭ ਦੇਹ ਖੋਈ ਅਗਿਆਨੀ ਜੜ
ਅਪੁਣੀ ਆਪਿ ਉਪਾੜੀ ਜੀਉ॥੩॥

ਹੁਣ ਗੁਰਦੇਵ ਜੀ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਜਿਹੜਾ ਜੀਵ ਸੰਤ ਪੁਰਸ਼ਾਂ ਨਾਲ ਰੰਗ, ਭਾਵ ਪ੍ਰੀਤ ਨਹੀਂ ਪਾਉਂਦਾ ਅਤੇ ਸਾਕਤ ਸੰਗ, ਭਾਵ ਪਰਮੇਸ਼ਰ ਨਾਲੋਂ ਟੁੱਟੇ ਹੋਏ ਸਾਕਤ ਬੰਦਿਆਂ ਦੀ ਸੰਗਤ ਵਿਚ ਰਲ ਕੇ ਵਿਕਰਮ ਕਮਾਏ, ਭਾਵ ਸਦਾ ਭੈੜੇ ਕਰਮ ਹੀ ਕਰਦਾ ਰਹਿੰਦਾ ਹੈ; ਉਸ ਅਗਿਆਨੀ ਭਾਵ ਮੂਰਖ ਇਨਸਾਨ ਨੇ ਇਹ ਮਾਨਸ ਜਨਮ ਅਤੇ ਅਤਿ ਦੁਰਲਭ ਸਰੀਰ ਨੂੰ ਐਵੇਂ ਅਜਾਈਂ ਹੀ ਗਵਾ ਕੇ ਆਪਣੀਆਂ ਜੜ੍ਹਾਂ ਆਪ ਹੀ ਪੁੱਟ ਲਈਆਂ ਹਨ। ਉਹਦਾ ਇਸ ਸੰਸਾਰ 'ਚ ਆਉਣਾ ਵੀ ਕਿਸੇ ਲੇਖੇ ਨਾ ਲੱਗਿਆ ਤੇ ਸਾਰਾ ਜੀਵਨ ਵਿਅਰਥ ਹੀ ਚਲਾ ਗਿਆ।

ਤੇਰੀ ਸਰਣਿ ਮੇਰੇ ਦੀਨ ਦਇਆਲਾ॥
ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਉਸ ਮਿਹਰਬਾਨ ਪ੍ਰਭੂ, ਜੋ ਦੀਨਾਂ ਉਤੇ ਵੀ ਸਦਾ ਦਇਆ ਕਰਨ ਵਾਲਾ ਹੈ, ਅੱਗੇ ਅਰਦਾਸ ਕਰਦੇ ਹਨ ਕਿ ਹੇ ਸੁੱਖਾਂ ਦੇ ਸਮੁੰਦਰ ਪ੍ਰਭੂ ਜੀਉ! ਸੰਸਾਰ ਦੇ ਪ੍ਰਤਿ ਪਾਲਕ ਪ੍ਰਭੂ ਜੀਉ!! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੇਰੇ 'ਤੇ ਸਦਾ ਆਪਣੀ ਕਿਰਪਾ ਬਣਾਈ ਰੱਖੋ ਤਾਂ ਕਿ ਇਹ ਤੇਰਾ ਦਾਸ ਨਾਨਕ ਸਦਾ ਹੀ ਤੇਰੇ ਗੁਣਾਂ ਦਾ ਗਾਇਣ ਕਰਦਾ ਰਹੇ, ਤੇ ਸਦਾ ਹੀ ਤੇਰੇ ਸੋਹਣੇ ਚਰਨ ਕੰਵਲਾਂ ਨਾਲ ਜੁੜਿਆ ਰਹੇ। ਹੇ ਪ੍ਰਭੂ ਆਪ ਸਦਾ ਹੀ ਸਾਡੀ ਸਰਮ, ਭਾਵ ਇੱਜ਼ਤ ਰੱਖੋ, ਪਰਦੇ ਢੱਕੋ। ਅਸੀਂ ਪ੍ਰਭੂ ਜੀ, ਸਦਾ ਹੀ ਤੇਰੇ ਨਾਮ ਨਾਲ ਜੁੜੇ ਰਹੀਏ।

ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਲਮਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ

ਤਲਵੰਡੀ ਸਾਬੋ ਸਾਡੇ ਪਿੰਡ ਪਿੱਥੋ ਤੋਂ ਅਠਾਰਾਂ ਕੋਹ ਵਾਟ ਹੈ। ਇਹਨੂੰ ਦਮਦਮਾ ਸਾਹਿਬ ਦੇ ਧਾਰਮਿਕ ਨਾਂ ਨਾਲ ਜਾਣਿਆ ਜਾਂਦਾ ਹੈ। ਇਥੇ ਲਗਦਾ ਵਿਸਾਖੀ ਦਾ ਮੇਲਾ ਦੂਰ ਦੂਰ ਤੱਕ ਪ੍ਰਸਿੱਧ ਹੈ। ਮੇਰੇ ਬਚਪਨ ਵਿਚ ਸਾਲ ਪਿੱਛੋਂ ਮੇਲੇ ਸਮੇਂ ਹੁੰਦੀ ਰੌਣਕ ਤੋਂ ਇਲਾਵਾ ਇਹ ਅਜੇ ਸਾਧਾਰਨ ਪਿੰਡ ਸੀ। ਆਵਾਜਾਈ ਦਾ ਕੋਈ ਸਾਧਨ ਨਹੀਂ ਸੀ; ਤਾਂ ਵੀ ਵਿਸਾਖੀ ਦਾ ਮੇਲਾ ਹੁਣ ਵਾਂਗ ਹੀ ਭਰਦਾ ਸੀ। ਗੁਰਦੁਆਰਿਆਂ ਵਿਚ ਸਜਦੇ ਦੀਵਾਨਾਂ ਤੋਂ ਇਲਾਵਾ ਸਰੋਵਰ ਦੇ ਨਾਲ ਲਗਦੀ ਖੁੱਲ੍ਹੀ ਥਾਂ ਵਿਚ ਵੀ ਦੀਵਾਨ ਸਜਦੇ ਜਿਨ੍ਹਾਂ ਵਿਚ ਧਾਰਮਿਕ ਪ੍ਰਵਚਨਾਂ ਤੇ ਰਾਜਨੀਤਕ ਭਾਸ਼ਣਾਂ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਤੋਂ ਇਲਾਵਾ ਕਵੀਸ਼ਰ ਵੀ ਧਾਰਮਿਕ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ। ਦੂਰੋਂ ਦੂਰੋਂ ਲੋਕ ਪੈਦਲ ਚੱਲ ਕੇ ਜਾਂ ਬੋਤਿਆਂ ਅਤੇ ਘੋੜਿਆਂ ਦੀ ਸਵਾਰੀ ਕਰ ਕੇ ਇਸ਼ਨਾਨ ਕਰਨ ਤੇ ਮੇਲੇ ਦੀਆਂ ਰੌਣਕਾਂ ਦੇਖਣ ਵਾਸਤੇ ਹੁੰਮਹੁਮਾ ਕੇ ਪੁੱਜਦੇ। ਹੁਣ ਇਹ ਨਗਰ ਸੜਕਾਂ ਨਾਲ ਜੁੜਿਆ ਹੋਇਆ ਹੈ। ਧਾਰਮਿਕ ਸਥਾਨਾਂ ਤੋਂ ਇਲਾਵਾ ਇਥੇ ਕਈ ਵਿਦਿਅਕ ਸੰਸਥਾਵਾਂ ਵੀ ਕਾਇਮ ਹੋ ਗਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੰਤ ਫਤਿਹ ਸਿੰਘ ਜੋ ਇਸੇ ਇਲਾਕੇ ਦੇ ਸਨ, ਦੇ ਬੋਲਬਾਲੇ ਦੇ ਜ਼ਮਾਨੇ ਵਿਚ ਦਮਦਮਾ ਸਾਹਿਬ ਨੂੰ ਸਿੱਖਾਂ ਦਾ ਪੰਜਵਾਂ ਤਖ਼ਤ ਐਲਾਨੇ ਜਾਣ ਅਤੇ ਇਥੇ ਗੁਰੂ ਕਾਸ਼ੀ ਕਾਲਜ ਸ਼ੁਰੂ ਕੀਤੇ ਜਾਣ ਨਾਲ ਇਸ ਦੇ ਧਾਰਮਿਕ-ਵਿਦਿਅਕ ਵਿਕਾਸ ਦਾ ਰਾਹ ਖੁੱਲ੍ਹ ਗਿਆ। ਮਈ 1967 ਤੱਕ ਕੁਛ ਸਮੇਂ ਲਈ ਮੈਨੂੰ ਵੀ ਇਸ ਕਾਲਜ ਵਿਚ ਪੜ੍ਹਾਉਣ ਦਾ ਮੌਕਾ ਮਿਲਿਆ ਸੀ। ਉਸ ਸਾਲ ਦੀ ਵਿਸਾਖੀ ਦਾ ਮੇਲਾ ਦੇਖਣ ਲਈ ਜਸਵੰਤ ਸਿੰਘ ਕੰਵਲ ਨਾਲ ਬਲਰਾਜ ਸਾਹਨੀ ਵੀ ਮੇਰੇ ਕਾਲਜੀ ਨਿਵਾਸ ਵਿਚ ਆਏ ਸਨ।

ਧਾਰਮਿਕ ਇਸ਼ਨਾਨ ਦੇ ਮਹੱਤਵ ਤੋਂ ਇਲਾਵਾ ਵੱਡੀ ਹੱਦ ਤੱਕ ਇਹਦੇ ਰੌਣਕੀ ਮੇਲੇ ਵਾਲੇ ਰੂਪ ਕਾਰਨ ਲੋਕਾਂ ਨੂੰ ਸਾਰਾ ਸਾਲ ਵਿਸਾਖੀ ਦੀ ਉਡੀਕ ਰਹਿੰਦੀ। ਗੁਰਦੁਆਰਿਆਂ ਵਿਚ ਤਾਂ ਲੰਗਰ ਚਲਦੇ ਹੀ ਸਨ, ਪਿੰਡ ਦੇ ਹਰ ਘਰ ਵਿਚ ਵੀ ਰਿਸ਼ਤੇਦਾਰਾਂ ਤੇ ਹੋਰ ਪ੍ਰਾਹੁਣਿਆਂ ਲਈ ਪਹਿਲਾਂ ਹੀ ਆਟਾ ਪਿਹਾ ਕੇ ਰੱਖ ਲਿਆ ਜਾਂਦਾ। ਖੇਤੀ ਦੇ ਕੰਮਾਂ ਵਿਚ ਸਹਾਇਕ ਮਸ਼ੀਨਰੀ ਦੀ ਅਜੇ ਮੁਕੰਮਲ ਅਣਹੋਂਦ ਸੀ। ਹਾੜ੍ਹੀ ਦੀ ਵਾਢੀ ਦੇ ਜ਼ੋਰ ਦੇ ਇਨ੍ਹਾਂ ਦਿਨਾਂ ਵਿਚ ਇਕ ਇਕ ਦਿਹਾੜੀ ਦੀ ਕਦਰ ਹੁੰਦੀ ਸੀ। ਕਿਸਾਨ ਤੇ ਕਾਮੇ ਵਿਸਾਖੀ ਤੋਂ ਪਹਿਲੇ ਦਿਨ ਪਿਛਲੇ ਪਹਿਰ ਤੱਕ ਕੰਮ ਨਿਬੇੜਦੇ ਅਤੇ ਨ੍ਹਾ-ਧੋ ਕੇ ਪਰਿਵਾਰ ਦੇ ਜੀਆਂ ਸਮੇਤ ਤੁਰ ਪੈਂਦੇ। ਸੁਵਖਤੇ ਤੁਰੇ ਹੋਏ ਲੋਕ ਤਾਂ ਧੁਰ ਪਹੁੰਚ ਕੇ ਸਰੋਵਰ ਦੇ ਚੁਫੇਰੇ ਦੀ ਖੁੱਲ੍ਹੀ ਥਾਂ ਵਿਚ ਕਿਤੇ ਡੇਰਾ ਜਾ ਲਾਉਂਦੇ ਪਰ ਥੱਕੇ-ਟੁੱਟੇ ਅਨੇਕ ਲੋਕ ਕਈ ਕੋਹ ਪਹਿਲਾਂ ਤਲਵੰਡੀ ਸਾਬੋ ਕੋਲੋਂ ਦੀ ਲੰਘਦੇ ਸੂਏ ਤੱਕ ਪੁੱਜ ਕੇ ਪਟੜੀ ਉਤੇ ਹੀ ਕਿਤੇ ਨਾ ਕਿਤੇ ਘੂਕ ਸੌਂ ਜਾਂਦੇ ਅਤੇ ਸਵੇਰੇ ਸਵੇਰੇ ਜਾਗ ਕੇ ਅੰਮ੍ਰਿਤ ਵੇਲੇ ਜਾ ਇਸ਼ਨਾਨ ਕਰਦੇ। ਕਿਸਾਨ-ਕਾਮੇ ਇਸ਼ਨਾਨ ਮਗਰੋਂ ਘਰਾਂ ਨੂੰ ਚਾਲੇ ਪਾ ਦਿੰਦੇ ਪਰ ਵਿਹਲ ਵਾਲੇ ਲੋਕ ਦਿਨ ਭਰ ਮੇਲਾ ਦੇਖਦੇ, ਜਲੇਬੀਆਂ ਤੇ ਪਕੌੜੇ ਖਾਂਦੇ ਅਤੇ ਮੇਲੇ ਵਿਚ ਲੱਗੀਆਂ ਭਾਂਤ-ਭਾਂਤ ਦੀਆਂ ਦੁਕਾਨਾਂ ਤੋਂ ਚੀਜ਼ਾਂ-ਵਸਤਾਂ ਖਰੀਦਦੇ। ਸਾਡੇ ਇਲਾਕੇ ਦਾ ਮੁੱਖ ਮੇਲਾ ਹੋਣ ਸਦਕਾ ਸਾਨੂੰ ਬੱਚਿਆਂ ਨੂੰ ਇਸ ਦਾ ਇੰਨਾ ਚਾਅ ਹੁੰਦਾ ਕਿ ਅਠਾਰਾਂ ਕੋਹ ਵਾਟ ਦੁਪਾਸੀ ਕਰਨ ਨਾਲ ਵੀ ਥਕੇਵਾਂ ਮਹਿਸੂਸ ਨਹੀਂ ਸੀ ਹੁੰਦਾ।

ਅਸੀਂ ਸਕੂਲੀ ਵਿਦਿਆਰਥੀ ਇਸ ਭਰੋਸੇ ਨਾਲ ਵੀ ਮੇਲੇ ਜਾਂਦੇ ਕਿ ਗੁਰਦੁਆਰਾ ਲਿਖਣਸਰ ਵਿਚ ਪੈਂਤੀ ਲਿਖਣ ਨਾਲ ਵਿਦਿਆ ਬਹੁਤੀ ਆਵੇਗੀ। ਵੱਖ ਵੱਖ ਗੁਰਦੁਆਰਿਆਂ ਵਿਚ ਮੱਥਾ ਟੇਕਦੇ ਹੋਏ ਲਿਖਣਸਰ ਜਾਣ ਸਮੇਂ ਸਾਨੂੰ ਉਚੇਚਾ ਚਾਅ ਤੇ ਉਤਸ਼ਾਹ ਹੁੰਦਾ। ਇਹ ਉਹ ਸਥਾਨ ਹੈ ਜਿਥੇ ਕੱਚੇ ਟੋਭੇ ਦੇ ਕਿਨਾਰੇ ਤੰਬੂ ਲਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਵੇਂ ਗੁਰੂ ਜੀ ਦੀ ਸੰਪਾਦਿਤ ਬੀੜ ਵਿਚ ਢੁੱਕਵੀਆਂ ਥਾਂਵਾਂ ਉਤੇ ਨੌਵੇਂ ਗੁਰੂ ਜੀ ਦੀ ਬਾਣੀ ਪਾਈ ਅਤੇ ਸੰਪੂਰਨ ਬੀੜ ਨਵੇਂ ਸਿਰਿਉਂ ਲਿਖਵਾਈ। ਉਹ ਇਸ ਇਲਾਕੇ ਵਿਚ ਆਮ ਉਗਦੇ ਸਰਕੜੇ ਦੀ ਕਲਮ ਘੜਦੇ ਅਤੇ ਲਿਖਾਈ ਕਰਦਿਆਂ ਘਸ ਕੇ ਮੋਟੀ ਹੋ ਜਾਣ ਮਗਰੋਂ ਉਹਨੂੰ ਪਾਸੇ ਰੱਖ ਕੇ ਹੋਰ ਘੜ ਲਿੰਦੇ। ਸਮੁੱਚੇ ਕਾਰਜ ਦੀ ਸੰਪੂਰਨਤਾ ਮਗਰੋਂ ਉਨ੍ਹਾਂ ਨੇ ਬਚੀ ਹੋਈ ਸਿਆਹੀ ਅਤੇ ਵਰਤੀਆਂ ਹੋਈਆਂ ਸਭ ਕਲਮਾਂ ਦੇ ਨਾਲ ਹੀ ਬਹੁਤ ਸਾਰੀਆਂ ਨਵੀਆਂ ਕਲਮਾਂ ਘੜ ਕੇ ਟੋਭੇ ਦੀ ਭੇਟ ਕਰ ਦਿੱਤੀਆਂ। ਉਸ ਟੋਭੇ ਨੂੰ ਉਨ੍ਹਾਂ ਨੇ ਲਿਖਣਸਰ ਦਾ ਨਾਂ ਦਿੱਤਾ ਅਤੇ ਵਚਨ ਕੀਤਾ ਕਿ ਇਹ ਸਥਾਨ 'ਗੁਰੂ ਕੀ ਕਾਸ਼ੀ' ਹੈ ਅਤੇ ਇਸ ਇਲਾਕੇ ਵਿਚ ਵਿੱਦਿਆ ਦਾ ਚਾਨਣ ਹੋਵੇਗਾ ਤੇ ਕਲਮ ਦੇ ਧਨੀ ਪੈਦਾ ਹੋਣਗੇ! ਅਸੀਂ ਵਿਹੜੇ ਵਿਚ ਕਿਤੇ ਵੀ ਬੈਠ ਕੇ ਹਥੇਲੀ ਨਾਲ ਥਾਂ ਸਾਫ਼ ਕਰਦੇ ਅਤੇ ਚਿਰਾਂ ਤੋਂ ਆਉਂਦੀ ਪੈਂਤੀ ਇਕ ਵਾਰ ਫੇਰ ਉਂਗਲ ਨਾਲ ਲਿਖਦੇ ਤੇ ਪੈਰਾਂ ਹੇਠ ਆਉਣ ਦੇ ਡਰੋਂ ਉਥੋਂ ਤੁਰਨ ਤੋਂ ਪਹਿਲਾਂ ਉਹਨੂੰ ਆਪ ਹੀ ਹਥੇਲੀ ਨਾਲ ਸਾਫ਼ ਵੀ ਕਰ ਦਿੰਦੇ। ਮਗਰੋਂ ਜਦੋਂ ਸਾਹਿਤ ਲਿਖਣਾ ਸ਼ੁਰੂ ਕੀਤਾ, ਇੰਨੇ ਹੀ ਭਰੋਸੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਲਮਾਂ ਯਾਦ ਆਉਂਦੀਆਂ।




*ਗੁਰਦੁਆਰਾ ਲਿਖਣਸਰ ਵਿਖੇ ਅੱਖਰ ਵਾਹ ਰਿਹਾ ਇਕ ਨੰਨ੍ਹਾ।*

ਕਹਾਵਤ ਹੈ ਕਿ ਵੇਦਕਾਲ ਵਿਚ ਉਤਰੀ ਭਾਰਤ ਵਿਚ ਵਿੱਦਿਆ ਦੇ ਦੋ ਵੱਡੇ ਕੇਂਦਰ ਸਨ। ਇਕ 'ਸਥਾਨ-ਈਸ਼ਵਰ' ਸੀ ਜੋ ਸਮੇਂ ਨਾਲ ਥਾਨੇਸਰ ਬਣ ਗਿਆ ਅਤੇ ਦੂਜਾ ਉਤਰ-ਕਾਸ਼ੀ ਸੀ। ਉਤਰ-ਕਾਸ਼ੀ ਉਸ ਸਮੇਂ ਇਥੋਂ ਹੋ ਕੇ ਵਗਦੀ ਸਰਸਵਤੀ ਨਦੀ ਦੇ ਕੰਢੇ ਉਤੇ ਉਸ ਥਾਂ ਸੀ ਜਿਥੇ ਹੁਣ ਤਲਵੰਡੀ ਸਾਬੋ ਹੈ। ਮਗਰੋਂ ਉਤਰ-ਕਾਸ਼ੀ ਹੋਰ ਬਹੁਤ ਸਾਰੇ ਇਤਿਹਾਸ ਵਾਂਗ ਸਦੀਆਂ ਦੀ ਧੂੜ ਹੇਠ ਦੱਬੀ ਗਈ। ਅੱਗੇ ਸਾਖੀ ਇਉਂ ਤੁਰਦੀ ਹੈ ਕਿ ਜਦੋਂ ਨੌਵੇਂ ਗੁਰੂ ਜੀ ਤਲਵੰਡੀ ਸਾਬੋ ਆਏ, ਉਨ੍ਹਾਂ ਨੇ ਡੇਰਾ ਲਾਉਣ ਲਈ ਉਚੇ ਟਿੱਬੇ ਦੀ ਚੋਣ ਕੀਤੀ ਪਰ ਟਿਕਾਣਾ ਉਸ ਉਤੇ ਕਰਨ ਦੀ ਥਾਂ ਹੇਠਾਂ ਉਸ ਦੇ ਕੋਲ ਕੀਤਾ। ਸਿੱਖਾਂ ਨੇ ਪੁੱਛਿਆ ਤਾਂ ਉਤਰ ਮਿਲਿਆ, "ਇਸ ਟਿੱਬੇ ਉਤੇ ਬੈਠਣ ਵਾਲਾ ਵੀ ਛੇਤੀ ਹੀ ਆਵੇਗਾ। ਬਾਣੀ ਦੀ ਰਚਨਾ ਕਰੇਗਾ। ਇਸ ਥਾਂ ਜੋ ਪੁਰਾਤਨ ਕਾਸ਼ੀ ਸੀ, ਉਸ ਨੂੰ ਪਰਗਟ ਕਰੇਗਾ।" ਜਦੋਂ ਗੁਰੂ ਗੋਬਿੰਦ ਸਿੰਘ ਇਥੇ ਪੁੱਜੇ ਤਾਂ ਉਨ੍ਹਾਂ ਨੇ ਕਮਰਕੱਸਾ ਟਿੱਬੇ ਉਤੇ ਬੈਠ ਕੇ ਹੀ ਖੋਲ੍ਹਿਆ। ਇਸੇ ਕਰ ਕੇ ਇਸ ਥਾਂ ਦਾ ਨਾਂ ਦਮਦਮਾ ਸਾਹਿਬ ਪੈ ਗਿਆ।

ਹੱਥੀਂ ਲਿਖ ਲਿਖ ਕੇ ਦਮਦਮੀ ਬੀੜ ਦੇ ਉਤਾਰੇ ਕਰਨਾ ਸਮੇਂ ਨਾਲ ਇਥੋਂ ਦੀ ਪਰੰਪਰਾ ਬਣ ਗਈ। ਸਿੱਖ ਰਿਆਸਤਾਂ ਦੇ ਰਾਜਿਆਂ ਨੇ ਇਥੇ ਆਪਣੇ ਆਪਣੇ ਬੁੰਗੇ ਬਣਵਾਏ। ਉਨ੍ਹਾਂ ਵਿਚ ਰਹਿ ਕੇ ਲਿਖਾਰੀ ਗ੍ਰੰਥ ਸਾਹਿਬ ਦੀ ਬੀੜ ਦੇ ਉਤਾਰੇ ਕਰਿਆ ਕਰਦੇ ਸਨ। ਇਨ੍ਹਾਂ ਲਿਖਾਰੀਆਂ ਦੀ ਪੂਰੀ ਸਾਂਭ-ਸੰਭਾਲ ਸਬੰਧਤ ਰਿਆਸਤ ਦਾ ਰਾਜ-ਦਰਬਾਰ ਕਰਦਾ ਸੀ। ਜਦੋਂ ਕਿਸੇ ਪਿੰਡ ਵਿਚ ਗੁਰਦੁਆਰਾ ਬਣਾਇਆ ਜਾਂਦਾ, ਪੰਚਾਇਤ ਆਪਣੇ ਰਾਜੇ ਤੋਂ ਪਰਚੀ ਲੈ ਕੇ ਬੁੰਗੇ ਵਿਚ ਜਾਂਦੀ ਅਤੇ ਬੀੜ ਲੈ ਆਉਂਦੀ ਜਿਸ ਦਾ ਕੋਈ ਮੁੱਲ ਨਹੀਂ ਸੀ ਲਿਆ ਜਾਂਦਾ। ਬੀੜ ਤਿਆਰ ਕਰਨ ਦੀ ਵਿਸ਼ੇਸ਼ ਵਿਧੀ ਵਿਕਸਿਤ ਹੋ ਗਈ ਸੀ। ਅਜਿਹੀ ਕਾਲੀ ਸਿਆਹੀ ਤਿਆਰ ਕੀਤੀ ਜਾਂਦੀ ਸੀ ਜਿਸ ਨਾਲ ਵਰਕੇ ਆਮ ਕਾਲੀ ਸਿਆਹੀ ਨਾਲ ਲਿਖਿਆਂ ਵਾਂਗ ਜੁੜਦੇ ਨਹੀਂ ਸਨ। ਹੱਥੀਂ ਤਿਆਰ ਕੀਤਾ ਕਾਗਜ਼ ਵੱਡੇ ਕੌਡੇ ਦੇ ਪੁੱਠੇ ਪਾਸੇ ਨਾਲ ਰਗੜ ਰਗੜ ਕੇ ਪੱਧਰਾ ਮੁਲਾਇਮ ਬਣਾਇਆ ਜਾਂਦਾ ਸੀ। ਹੱਥੀਂ ਘੜੀ ਹੋਈ ਸਰਕੜੇ ਦੀ ਕਲਮ ਜਦੋਂ ਇਕਸਾਰ ਲਿਖਾਈ ਤੋਂ ਮੋਟੀ ਹੋ ਜਾਂਦੀ, ਉਹਦੀ ਥਾਂ ਨਵੀਂ ਘੜ ਲਈ ਜਾਂਦੀ ਸੀ। ਕਿਸੇ ਬੀੜ ਉਤੇ ਲਕੀਰ ਮਾਰੀ ਹੋਈ ਨਹੀਂ ਹੁੰਦੀ ਤਾਂ ਵੀ ਸਤਰਾਂ ਬਿਲਕੁਲ ਸਿੱਧੀਆਂ ਅਤੇ ਅੱਖਰ ਬਰਾਬਰ ਆਕਾਰ ਦੇ ਹੁੰਦੇ ਸਨ। ਇਹਦੇ ਲਈ ਬੜੀ ਦਿਲਚਸਪ ਜੁਗਤ ਲੱਭ ਲਈ ਗਈ ਸੀ। ਕਾਗਜ਼ ਦੇ ਵਰਕੇ ਦੇ ਆਕਾਰ ਤੋਂ ਕੁਛ ਵੱਡੇ ਲੱਕੜ ਦੇ ਫੱਟੇ ਵਿਚ ਸੱਜੇ ਤੇ ਖੱਬੇ ਪਾਸੇ ਅੱਖਰਾਂ ਦੀ ਉਚਾਈ ਜਿੰਨੀ ਦੂਰ ਦੋ ਦੋ ਛੇਕ ਸਤਰਾਂ ਦੀ ਗਿਣਤੀ ਦੇ ਹਿਸਾਬ ਨਾਲ ਕੱਢ ਲਏ ਜਾਂਦੇ ਸਨ। ਉਨ੍ਹਾਂ ਛੇਕਾਂ ਵਿਚ ਵੱਟਿਆ ਹੋਇਆ ਸੂਤ ਦਾ ਧਾਗਾ ਪਰੋ ਦਿੱਤਾ ਜਾਂਦਾ ਅਤੇ ਧਾਗੇ ਉਤੇ ਕੁਛ ਕਾਗਜ਼ ਰੱਖ ਕੇ ਇਕ ਹੋਰ ਫੱਟੇ ਨਾਲ ਦਬਾ ਦਿੱਤੇ ਜਾਂਦੇ। ਕੁਛ ਦਿਨਾਂ ਮਗਰੋਂ ਜਦੋਂ ਕਾਗਜ਼ ਕੱਢਿਆ ਜਾਂਦਾ, ਧਾਗੇ ਕਾਰਨ ਉਸ ਉਤੇ ਫੱਟੇ ਨਾਲ ਖਿੱਚੀਆਂ ਲਕੀਰਾਂ ਵਰਗੇ ਨਿਸ਼ਾਨ ਪਏ ਹੋਏ ਹੁੰਦੇ। ਲਿਖਾਰੀ ਉਨ੍ਹਾਂ ਨਿਸ਼ਾਨਾਂ ਵਿਚਕਾਰ ਇਕਸਾਰ ਲਿਖਾਈ ਕਰਦੇ। ਸਮਾਂ ਪਾ ਕੇ ਧਾਗੇ ਦੇ ਨਿਸ਼ਾਨ ਆਪਣੇ ਆਪ ਮਿਟ ਜਾਂਦੇ ਅਤੇ ਕਾਗਜ਼ ਬਿਲਕੁਲ ਪੱਧਰਾ ਹੋ ਜਾਂਦਾ। ਦੇਖਣ ਵਾਲੇ ਹੈਰਾਨ ਹੁੰਦੇ ਕਿ ਲਕੀਰਾਂ ਮਾਰੇ ਬਿਨਾਂ ਇੰਨੀ ਸਿੱਧੀ ਤੇ ਇਕਸਾਰ ਲਿਖਾਈ ਕਿਵੇਂ ਕਰ ਲਈ ਗਈ!

ਹੁਣ ਜਦੋਂ ਤੋਂ ਸਿੱਖ ਇਤਿਹਾਸ ਤੇ ਵਿਰਸੇ ਲਈ ਘਾਤਕ ਸੰਗਮਰਮਰ ਦਾ ਬੋਲਬਾਲਾ ਹੋਇਆ ਹੈ, ਲਿਖਣਸਰ ਦਾ ਉਹ ਪੁਰਾਤਨ ਕਮਰਾ ਢਾਹ ਕੇ ਨਵੀਂ ਉਸਾਰੀ ਕਰ ਦਿੱਤੀ ਗਈ ਹੈ। ਵਿਹੜਾ ਪੱਥਰ ਦਾ ਬਣਾ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਕਲਮਾਂ ਵਾਲੇ ਪੂਜਣਜੋਗ ਕੱਚੇ ਟੋਭੇ ਜਿਸ ਦੇ ਪੱਤਣਾਂ ਉਤੇ ਉਨ੍ਹਾਂ ਦੇ ਸ੍ਰੀਚਰਨਾਂ ਨੇ ਪੈੜਾਂ ਕੀਤੀਆਂ ਸਨ, ਨੂੰ ਵੀ ਪਥਰੀਲੇ ਸਰੋਵਰ ਦਾ ਰੂਪ ਦੇ ਦਿੱਤਾ ਗਿਆ ਹੈ। ਅੱਖਰ ਪਾਉਣ ਲਈ ਇਕ ਛੋਟੀ ਜਿਹੀ ਖੋਲ ਵਿਚ ਰੇਤਾ ਵਿਛਾ ਦਿੱਤਾ ਗਿਆ ਹੈ।

---

ਪ੍ਰਿੰ. ਸਰਵਣ ਸਿੰਘ

# ਪੁਸਤਕ 'ਜੱਗ ਜਿਉਂਦਾ ਰਿਸ਼ਤਾ ਮਿੱਟੀ ਦਾ'

ਸਾਧਾ ਸਿੰਘ ਵੜੈਚ ਦੀ ਪੁਸਤਕ 'ਜੱਗ ਜਿਉਂਦਾ ਰਿਸ਼ਤਾ ਮਿੱਟੀ ਦਾ' ਮਿੱਟੀ ਦੇ ਮੋਹ ਦੀ ਮਾਰਮਿਕ ਗਾਥਾ ਹੈ। ਦਰਦ ਭਿੱਜੀ ਦਾਸਤਾਨ। ਇਸ ਪੁਸਤਕ ਨੂੰ ਪੜ੍ਹਨਾ ਦਰਦ ਦੇ ਦਰਿਆ ਨੂੰ ਪਾਰ ਕਰਨਾ ਤੇ ਮੋਹ-ਮੁਹੱਬਤ ਦੇ ਸਾਗਰ ਵਿਚ ਡੁੱਬਣਾ ਹੈ। ਇਸ ਨੂੰ ਪੜ੍ਹਦਿਆਂ ਮੇਰਾ ਮਨ ਅਨੇਕਾਂ ਵਾਰ ਮਸੋਸਿਆ ਜਾਂਦਾ ਰਿਹਾ ਤੇ ਅੱਖਾਂ ਸਿੰਮਦੀਆਂ ਰਹੀਆਂ। ਕਵੀ ਅਨੂਪ ਵਿਰਕ ਤਾਂ ਇਸ ਨੂੰ ਪੜ੍ਹ ਕੇ ਇਥੋਂ ਤਕ ਲਿਖ ਗਿਆ, "ਸਾਧਾ ਸਿੰਘ ਵੜੈਚ ਨੇ ਆਪਣੀ ਮਿੱਟੀ ਤੋਂ ਮਹਿਰੂਮ ਹੋਏ ਮਨ ਦੀ ਵੇਦਨਾ ਨੂੰ ਸ਼ਬਦਾਂ ਦਾ ਜਾਮਾ ਪੁਆ ਕੇ, ਦਰਦ ਦੇ ਦਰਿਆ ਦੀ ਅੱਗ ਦੇ ਸੇਕ ਨੂੰ ਜਿਸ ਮਾਰਮਿਕ ਸ਼ੈਲੀ ਵਿਚ ਪੇਸ਼ ਕੀਤਾ ਹੈ, ਉਸ ਨੇ ਮੇਰੀਆਂ ਵਲੂੰਧਰੀਆਂ ਯਾਦਾਂ ਦੇ ਜੰਗਲ ਨੂੰ ਅੱਗ ਲਾ ਦਿੱਤੀ ਏ।"

ਇਹ ਪੁਸਤਕ 1947 ਵਿਚ ਪੰਜਾਬ-ਵੰਡ ਦੇ ਦੁਖਾਂਤ ਦੀ ਹੱਡ ਬੀਤੀ ਤੇ ਲੇਖਕ ਦਾ 2005 ਵਿਚ ਆਪਣੀ ਜਨਮ ਭੋਇੰ 'ਤੇ ਦੀਨਦਾਰ ਬਣ ਕੇ ਰਹਿ ਰਹੇ ਆਪਣੇ ਸਾਕ ਸਬੰਧੀਆਂ ਨੂੰ ਮਿਲਣ ਜਾਣ ਦਾ ਸਫ਼ਰਨਾਮਾ ਹੈ। ਚਾਰ ਸਾਲ ਦੀ ਫੁੱਲ ਭਰ ਅਉਧ 'ਚ ਪੁਰਖਿਆਂ ਦੀ ਮਿੱਟੀ ਤੋਂ ਮਹਿਰੂਮ ਹੋਣ ਤੇ 62 ਸਾਲ ਦੀ ਪਕਰੋੜ ਉਮਰ ਵਿਚ ਉਸ ਮਿੱਟੀ ਨਾਲ ਮੁੜ ਮਿਲਣ ਦੀ ਸੰਵੇਦਨਾ ਭਰੀ ਕਹਾਣੀ ਹੈ। ਕਰੁਣਾਮਈ ਬਿਰਤਾਂਤ ਦਾ ਸਿਖਰ ਹੈ ਇਹ ਪੁਸਤਕ।

ਕੇਹਾ ਵਕਤ ਸੀ ਉਹ ਜਦ ਮਾਂਵਾਂ ਤੋਂ ਪੁੱਤ ਨਾ ਸੰਭਾਲੇ ਗਏ ਤੇ ਪੁੱਤਾਂ ਤੋਂ ਮਾਂਵਾਂ। ਭਾਦਰੋਂ ਦੇ ਕਹਿਰ ਦਾ ਦਿਨ ਆਇਆ ਤਾਂ ਸਾਧੇ ਦੇ ਬਾਪ ਨੇ ਪਸ਼ੂਆਂ ਦੇ ਰੱਸੇ ਖੋਲ੍ਹ ਦਿੱਤੇ ਤੇ ਘੋੜੀ ਉਤੇ ਚੜ੍ਹ ਕੇ ਜਿੰਨਿਆਂ ਦੀ ਬਚਦੀ ਸੀ ਜਾਨ ਬਚਾਉਣ ਦੀ ਵਾਹ ਲਾਈ। ਦਾਦੀ ਮਾਂ ਕਹਿਣ ਲੱਗੀ, "ਪੁਤਰੋ ਤੁਸੀਂ ਜਿਵੇਂ ਹੁੰਦਾ ਜੇ ਨਿਕਲ ਜਾਓ, ਮੇਰਾ ਫਿਕਰ ਨਾ ਕਰੋ। ਮੇਰਾ ਕੀ ਏ ਮੈਂ ਤਾਂ ਉਂਜ ਈ ਮਰਨ ਕਿਨਾਰੇ ਆਂ। ਮੈਂ ਨਹੀਂ ਤੁਹਾਡੇ ਤੋਂ ਖਿੱਚੀ ਜਾਂਦੀ। ਮੇਰਾ ਲਾਲਚ ਛੱਡੋ, ਤੁਹਾਡਾ ਗੁਰੂ ਰਾਖਾ ਹੋਵੇ।"

ਸਾਧੇ ਦੇ ਬਾਪ ਨੇ ਪੁੱਤ ਨੂੰ ਅੱਗੇ ਬਹਾ ਲਿਆ ਤੇ ਪਤਨੀ ਨੂੰ ਪਿੱਛੇ। ਚਾਚਾ ਮੰਗਲ ਸਿੰਘ ਬਰਛਾ ਲੈ ਕੇ ਘੋੜੀ ਦੇ ਨਾਲ ਦੌੜ ਪਿਆ। ਪਿੰਡੋਂ ਨਿਕਲੇ ਹੀ ਸਨ ਕਿ ਠੱਕਰਕਿਆਂ ਤੇ ਲਾਲਾ ਕਿਰਪਾ ਸਾਗਰ ਦੇ ਪਿੰਡ ਪਪਨਾਖੇ ਵਿਚਕਾਰਲੇ ਕੱਲਰ 'ਚ ਹਮਲਾਵਰ ਆ ਪਏ। ਬਚ ਨਿਕਲਣ ਲਈ ਬਾਪ ਨੇ ਘੋੜੀ ਨੂੰ ਅੱਡੀ ਲਾਈ ਤਾਂ ਸਾਧੇ ਦੀ ਮਾਂ ਡੋਲ ਗਈ ਤੇ ਘੋੜੀ ਤੋਂ ਡਿੱਗ ਪਈ। ਡਿੱਗਦੀ ਮਾਂ ਨੇ ਆਪਣੇ ਸਿਰ ਦੇ ਸਾਈਂ ਨੂੰ ਕਿਹਾ, "ਹੁਣ ਤੂੰ ਰੁਕੀ ਨਾ, ਬੱਚੇ ਨੂੰ ਲੈ ਕੇ ਨਿਕਲ ਜਾ। ਮੇਰੀ ਫਿਕਰ ਨਾ ਕਰ, ਮੈਂ ਤੇ ਹੁਣ ਮਰਨਾ ਈ ਏ।"

ਮੰਗਲ ਸਿੰਘ ਦੌੜ ਕੇ ਕਮਾਦੀਂ ਜਾ ਲੁਕਿਆ। ਲੁੱਟਮਾਰਾਂ ਦੇ ਟੋਲੇ ਨੇ ਡਿੱਗੀ ਪਈ ਅਬਲਾ ਨੂੰ ਆ ਦੱਬਿਆ। ਮੌਤ ਸਾਹਮਣੇ ਸੀ। ਉਹਨੇ ਲੱਕ ਦੁਆਲੇ ਪੂਣੀ ਬਣਾ ਕੇ ਬੱਧੀਆਂ ਟੂੰਮਾਂ ਉਨ੍ਹਾਂ ਅੱਗੇ ਢੇਰੀ ਕਰਦਿਆਂ ਕਿਹਾ, "ਲਓ ਵੀਰੋ! ਮੇਰੇ ਕੋਲ ਤਾਂ ਬੱਸ ਇਹੋ ਕੁਝ ਸਾ ਜੇ। ਅੱਗੇ ਤੁਹਾਡੀ ਮਰਜ਼ੀ, ਮਾਰੋ ਭਾਵੇਂ ਛੱਡੋ।"

ਪਰ ਛੱਡਣੀ ਕੀਹਨੇ ਸੀ? ਮਾਂ ਨੇ ਧੌਣ ਨੀਵੀਂ ਕਰ ਲਈ ਤੇ ਇਕ ਜਣੇ ਨੇ ਕੁਹਾੜੀ ਸਿਰੋਂ ਉਤਾਂਹ ਚੁੱਕ ਲਈ। ਵਾਰ ਹੋਣ ਈ ਲੱਗਾ ਸੀ ਕਿ ਇਕ ਹੋਰ ਜਣੇ ਨੇ ਬਾਂਹ ਅੱਗੇ ਕਰ ਦਿੱਤੀ ਤੇ ਜਿਵੇਂ ਕਹਿੰਦੇ ਹਨ ਜੀਹਨੂੰ ਰੱਖੇ ਰੱਬ ਉਹਨੂੰ ਮਾਰੇ ਕੌਣ? ਛੁਡਾਉਣ ਵਾਲਾ ਠੱਕਰਕੇ ਵੜੈਚਾਂ ਦਾ ਮੋਚੀ ਸੀ ਜੀਹਦੀ ਪਰਿਵਾਰ ਨਾਲ ਸਾਂਝ ਦਾ ਪਤਾ ਪੁਸਤਕ ਪੜ੍ਹ ਕੇ ਹੀ ਲੱਗਦਾ ਹੈ। ਜਿਵੇਂ ਕਿਵੇਂ ਚਾਰਾਂ ਜੀਆਂ ਦਾ ਬਚਾਅ ਹੋ ਗਿਆ। ਸੌਂਤੇ ਪਏ ਉਹ ਉਸੇ ਘਰ ਪਰਤ ਆਏ ਜਿਥੋਂ ਨੱਠੇ ਸਨ। ਜਾਨ ਬਚਾਉਣ ਲਈ ਉਨ੍ਹਾਂ ਕਹਿ ਦਿੱਤਾ ਪਈ ਅਸੀਂ ਦੀਨਦਾਰ ਹੋ ਗਏ ਆਂ!

ਦੁੱਖਾਂ ਦਾ ਇਥੇ ਈ ਅੰਤ ਨਾ ਹੋਇਆ। ਦੁਖੜਿਆਂ ਦੀ ਥਾਹ ਤਾਂ ਪੂਰੀ ਪੁਸਤਕ ਪੜ੍ਹ ਕੇ ਹੀ ਪਾਈ ਜਾ ਸਕਦੀ ਹੈ ਕਿ ਕਿਵੇਂ ਲੋਕਾਂ ਨੇ

## ਮਿੱਟੀ ਦੇ ਮੋਹ ਦੀ ਮਾਰਮਿਕ ਗਾਥਾ

ਪੁਰਸਲਾਤ ਦਾ ਪੈਂਡਾ ਤੈਅ ਕੀਤਾ ਤੇ ਰਾਹਵਾਂ ਦੇ ਹਾਦਸੇ ਬਰਦਾਸ਼ਤ ਕੀਤੇ। ਕਈ ਦੀਨਦਾਰ ਬਣੇ ਵੀ ਮਾਰੇ ਗਏ, ਅਖੇ ਇਹ ਉਤੋਂ ਉਤੋਂ ਹਨ। ਕਈਆਂ ਨੂੰ ਯਕੀਨ ਬੰਨ੍ਹਾਉਣ ਲਈ ਮਸੀਤੇ ਬਾਂਗਾਂ ਵੀ ਦੇਣੀਆਂ ਪਈਆਂ। ਹਲਾਲ ਖੁਆਉਣ ਲਈ ਗੁਰਦੁਆਰੇ ਗਾਂ ਬੱਧੀ ਗਈ ਪਰ ਕਿਸੇ ਸੱਚੇ ਮੁਸਲਮਾਨ ਨੇ ਆ ਛੁਡਾਈ। ਕੀ ਨਹੀਂ ਹੋਇਆ ਓਦੋਂ? ਸਾਧਾ ਸਿੰਘ ਦਾ ਪਿਤਾ ਮੌਤ ਦੇ ਮੂੰਹ 'ਚੋਂ ਪਰਿਵਾਰ ਨੂੰ ਤਾਂ ਕੱਢ ਲਿਆਇਆ ਪਰ ਜਿਵੇਂ ਉਸ ਦੀ ਬੇਇਲਾਜੀ ਮੌਤ ਹੋਈ ਉਹ ਦਿਲ ਝੰਜੋੜ ਦੇਣ ਵਾਲਾ ਬਿਰਤਾਂਤ ਹੈ। ਉਹ ਸਮਾਣੇ ਕੋਲ ਮਰਿਆ ਜਿਥੋਂ ਦੇਹ ਨੂੰ ਸ਼ਤਰਾਣੇ ਲਿਜਾਣ ਜੋਗੀ ਵੀ ਪਰੋਖੋਂ ਨਹੀਂ ਸੀ। ਕਫ਼ਨ ਤੇ ਲੱਕੜਾਂ ਦਾ ਪ੍ਰਬੰਧ ਵੀ ਕਿਸੇ ਰਾਹਗੀਰ ਦਿਆਵਾਨ ਨੇ ਕੀਤਾ। ਉਹ ਮਸੂਮ ਪੁੱਤਰ, ਜੁਆਨ ਪਤਨੀ ਤੇ ਬਿਰਧ ਮਾਤਾ ਨੂੰ ਅੱਧ ਵਿਚਾਲੇ ਡੋਬਾ ਦੇ ਗਿਆ!

ਇਸ ਹੱਡ ਬੀਤੀ ਨੂੰ ਜ਼ੁਬਾਨ ਦਿੱਤੀ ਹੈ ਸਾਧੇ ਤੋਂ ਪ੍ਰੋਫੈਸਰ ਸਾਧਾ ਸਿੰਘ ਬਣੇ ਲੇਖਕ ਨੇ ਇਸ ਪੁਸਤਕ ਵਿਚ। ਸਾਧਾ ਸਿੰਘ ਵੜੈਚ 58 ਸਾਲਾਂ ਬਾਅਦ ਪੁਰਖਿਆਂ ਦੀ ਉਸੇ ਮਿੱਟੀ ਨੂੰ ਮਿਲਣ ਜਾਂਦਾ ਹੈ ਜਿਥੋਂ ਉਹ ਮਸੀਂ ਬਚ ਕੇ ਆਇਆ ਸੀ। ਇਸ ਪੁਸਤਕ ਦਾ ਪਾਠ ਅਹਿਮ ਸੁਆਲ ਪੈਦਾ ਕਰਦਾ ਹੈ। ਕਿਥੇ ਹੈ ਮਨੁੱਖ ਦੀ ਆਪਣੀ ਅਸਲੀ ਮਿੱਟੀ? ਸਾਧਾ ਸਿੰਘ ਗੁੱਜਰਾਂਵਾਲੇ ਦੇ ਪਿੰਡ ਠੱਕਰਕੇ ਵੜੈਚਾਂ ਵਿਚ ਜੰਮਿਆ ਜੋ ਅੱਜ ਕੱਲ੍ਹ ਪਾਕਿਸਤਾਨ ਵਿਚ ਹੈ। ਉਹ ਸ਼ਤਰਾਣੇ, ਮਸਤੂਆਣੇ ਤੇ ਪਟਿਆਲੇ ਵਿਚ ਰਿਹਾ ਜੋ ਭਾਰਤ ਵਿਚ ਹੈ। ਹੁਣ ਉਹ ਕੈਨੇਡਾ ਆ ਗਿਆ ਹੋਇਐ। ਉਹਦੀ ਔਲਾਦ ਨੇ ਕੈਨੇਡਾ ਦੀ ਹੋ ਕੇ ਰਹਿ ਜਾਣੈ ਤੇ ਅਗਲੀਆਂ ਪੀੜ੍ਹੀਆਂ ਦਾ ਪਤਾ ਨਹੀਂ ਕਿਹੜੇ ਮੁਲਕੀਂ ਜਾ ਵਸਣ? ਮੈਂ ਖ਼ੁਦ ਸੋਚਦਾਂ, ਮੇਰੇ ਪੋਤੇ ਪੋਤੀਆਂ ਜਿਨ੍ਹਾਂ ਦੀ ਜਨਮ ਭੋਇੰ ਕੈਨੇਡਾ ਹੈ ਉਨ੍ਹਾਂ ਦਾ ਮੇਰੀ ਜਨਮ ਭੋਇੰ ਨਾਲ ਕੀ ਰਿਸ਼ਤਾ ਹੋਵੇਗਾ? ਇਹ ਸਾਧਾ ਸਿੰਘ ਤੇ ਮੇਰੇ ਵਰਗਿਆਂ ਦਾ ਸੁਆਲ ਨਹੀਂ, ਪੰਜਾਬੀ ਕੌਮ ਜਾਂ ਸਿੱਖ ਕੌਮ ਦਾ ਵੀ ਨਹੀਂ ਸਗੋਂ ਸਮੁੱਚੀ ਮਾਨਵਤਾ ਦਾ ਹੈ ਕਿ ਉਹ ਕਿਸ ਮਿੱਟੀ ਨੂੰ ਆਪਣੀ ਸਮਝੇ? ਪੰਜਾਬ ਦੇ ਹੁਣ ਅਨੇਕਾਂ ਪੰਜਾਬ ਬਣ ਗਏ ਹਨ ਤੇ ਧਰਤੀ ਦੇ ਹੁਣ ਚੁਫੇਰੇ ਖਿਲਰ ਗਏ ਹਨ। ਦੇਸੀ ਪੰਜਾਬ ਤੇ ਪਰਦੇਸੀ ਪੰਜਾਬ। ਇਕੋ ਪਰਿਵਾਰ ਦਾ ਇਕ ਬੱਚਾ ਚੜ੍ਹਦੇ ਜਾਂ ਲਹਿੰਦੇ ਪੰਜਾਬ ਵਿਚ ਹੈ, ਦੂਜਾ ਇੰਗਲੈਂਡ, ਤੀਜਾ ਅਮਰੀਕਾ ਤੇ ਚੌਥਾ ਆਸਟ੍ਰੇਲੀਆ ਵਿਚ ਹੈ। ਖ਼ੂਨ ਦੇ ਰਿਸ਼ਤੇਦਾਰ ਚਹੁੰ ਕੂੰਟੀਂ ਖਿਲਰ ਗਏ ਹਨ। ਕਿਹੜੀ ਮਿੱਟੀ ਨਾਲ ਕੋਈ ਜੱਗ ਜਿਉਂਦਾ ਰਿਸ਼ਤਾ ਰੱਖੇ?

ਪੁਸਤਕ ਦੇ ਸਰਵਰਕ ਉਤੇ ਸ਼ਬਦ ਲਿਖੇ ਹਨ, "ਅਨੇਕ ਸਫ਼ਰਨਾਮੇ ਲਿਖੇ ਅਤੇ ਮਕਬੂਲ ਹੋਏ ਹਨ ਪਰ ਪ੍ਰੋਫੈਸਰ ਸਾਧਾ ਸਿੰਘ ਦੀ ਇਹ ਲਿਖਤ ਵਾਸਤਵ ਵਿਚ ਭੁਗੋਲ ਦੀ ਘੱਟ, ਅੰਦਰ ਦੀ ਯਾਤਰਾ ਵਧੀਕ ਹੈ।" 330 ਪੰਨਿਆਂ ਦੀ ਇਹ ਪੁਸਤਕ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ 2007 ਵਿਚ ਪ੍ਰਕਾਸ਼ਤ ਕੀਤੀ ਸੀ ਜੋ ਮੈਨੂੰ ਹੁਣ ਪੜ੍ਹਨ ਨੂੰ ਮਿਲੀ। ਜੋ ਪੜ੍ਹੇਗਾ, ਮਨੁੱਖੀ ਮਨ ਦੇ ਖੂਹ ਦੀ ਥਾਹ ਜ਼ਰੂਰ ਪਾਵੇਗਾ ਤੇ ਸੋਚੇਗਾ ਕਿ ਪੰਜਾਬੀ ਕੌਮ ਦਾ ਇਹ ਘਾਣ ਕਿਉਂ ਹੋਇਆ? ਕੀ ਮਜ਼ਹਬਾਂ ਦੇ ਨਾਂ 'ਤੇ ਮੁਲਕ ਬਣਾ ਕੇ ਹੀ ਆਜ਼ਾਦੀ ਮਾਣੀ ਤੇ ਤਰੱਕੀ ਕੀਤੀ ਜਾ ਸਕਦੀ ਹੈ? ਜੇ ਅਜਿਹਾ ਹੋਵੇ ਤਾਂ ਮਜ਼ਹਬ ਦੇ ਨਾਂ 'ਤੇ ਬਣਿਆ ਪਾਕਿਸਤਾਨ ਕਿੰਨੀ ਕੁ ਤਰੱਕੀ ਕਰ ਗਿਆ ਤੇ ਕਿੰਨੀ ਕੁ ਆਜ਼ਾਦੀ ਮਾਣ ਰਿਹੈ?

---

## ਦਾਮਿਨੀ ਦੀਆਂ ਭੈਣਾਂ ਦੇ ਨਾਂ

ਤੂੰ ਭਾਗੋ ਦੀ ਬੇਟੀ ਬਣ,
ਹੱਥ ਵਿਚ ਫੜ ਸ਼ਮਸ਼ੀਰ ਕੁੜੇ।
ਜਿਹੜਾ ਮੈਲੀ ਨਜ਼ਰ ਉਠਾਵੇ,
ਕਰ ਦੇ ਲੀਰੋ ਲੀਰ ਕੁੜੇ।
ਚਿੜੀਆਂ ਕੁੜੀਆਂ ਨਾਹੀਂ ਅਬਲਾ,
ਤੂੰ ਝਾਂਸੀ ਦੀ ਰਾਣੀ ਬਣ।
ਚਿੜੀਆਂ ਨੇ ਸੀ ਬਾਜ ਤੁੜਾਏ,
ਤੂੰ ਐਸੀ ਇਕ ਕਹਾਣੀ ਬਣ।
ਜ਼ੁਲਮ ਨਾਲ ਟੱਕਰ ਸ਼ੀਹਣੀ ਬਣ ਕੇ,
ਫੌਜਾਂ ਵਿਚ ਕਪਤਾਨੀ ਬਣ।
ਸਮੁੰਦਰ ਰਿੜਕ ਕੇ ਰੱਖਦੇ ਸਾਰਾ,
ਬਿਜਲਈ ਨਵੀਂ ਮਧਾਣੀ ਬਣ।
ਕਲਪਨਾ ਬਣ ਛਾ ਜਾਹ ਅਸਮਾਨੇ,
ਅਰਸ਼ੋਂ ਤਾਰੇ ਤੋੜ ਲਿਆ।
ਕੁਦਰਤ ਦੇ ਜੋ ਰਹੱਸ ਨੇ ਗੁੱਝੇ,
ਉਹ ਪਟਾਰੀ ਖੋਲ੍ਹ ਦਿਖਾ।
ਸਮਾਜ ਦੇ ਪਤਝੜ ਖੰਡਰਾਂ ਅੰਦਰ,
ਕਲੀਆਂ ਬਣ ਮੁਸਕਾਉਣਾ ਸਿੱਖ।
ਆਪਣੇ ਹੱਥੀਂ ਕਰਮ ਆਪਣੇ,
ਮਨਮਰਜ਼ੀ ਸੁੰਦਰ ਸੁਹਣੇ ਲਿਖ।
ਅਬਲਾ ਕੋਈ ਨਾ ਆਖੇ ਤੈਨੂੰ,
ਮਰਦਾਂ ਨੂੰ ਤੂੰ ਪਾਠ ਪੜ੍ਹਾ।
ਸਮਾਜ ਵਿਚ ਉਚਾ ਰੁਤਬਾ ਤੇਰਾ,
ਮਨੁੱਖਤਾ ਦੇ ਜ਼ਖ਼ਮੀਂ ਮਲ੍ਹਮ ਲਗਾ।
ਨਾ ਹੀ ਧੀਆਂ ਧਨ ਬਿਗਾਨਾ,
ਨਾ ਹੁਣ ਪੈਰ ਦੀ ਜੁੱਤੀ।
ਨਾ ਤੈਨੂੰ ਕੋਈ ਗੋਲੀ ਸਮਝੇ,
ਨਾ ਤੂੰ ਹੁਣ ਕਰਨੀ ਬੁੱਤੀ।
ਬਿਖੜੇ ਪੈਂਡੇ ਮੁੱਕਣਗੇ ਸਾਰੇ,
ਹੁਣ ਪੱਕੀਏ ਚੜ੍ਹ ਆਈ-ਆਂ ਪੰਨੂ।
ਮਰਦਾਂ ਤੋਂ ਹਰ ਕਦਮ ਨੇ ਅੱਗੇ,
ਮਾਈਆਂ ਰੱਬ ਰਜਾਈਆਂ ਤੂੰ।

*-ਚਰਨਜੀਤ ਪੰਨੂ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਜਮਹੂਰੀ ਹੱਕਾਂ ਦਾ ਮੁੱਦਾ: ਹਕੀਕਤਮੁਖੀ ਹੋਣ ਦੀ ਲੋੜ

**ਪ੍ਰਤੀਕਰਮ**

***ਪੰਜਾਬ ਟਾਈਮਜ਼ ਵਿਚ ਸਿੱਖ ਮਸਲਿਆਂ ਬਾਰੇ ਛਪਦੀ ਵਿਚਾਰ-ਚਰਚਾ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਕੁਝ ਹਫਤੇ ਪਹਿਲਾਂ ਸ. ਕਰਨੈਲ ਸਿੰਘ ਖਾਲਸਾ ਨੇ ਜਿੱਥੇ ਖੱਬੇਪੱਖੀ ਵਿਚਾਰਵਾਨਾਂ ਉਤੇ ਕੁਝ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ, ਉਥੇ ਪੰਜਾਬ ਟਾਈਮਜ਼ ਦੀ ਇਸ ਵਿਚਾਰ-ਚਰਚਾ ਬਾਰੇ ਪਹੁੰਚ ਨੂੰ ਇਕਪਾਸੜ ਕਰਾਰ ਦਿੰਦਿਆਂ ਉਨ੍ਹਾਂ ਇਸ ਉਤੇ ਖੱਬੇਪੱਖੀ ਸੋਚ ਦਾ ਧਾਰਨੀ ਹੋਣ ਦਾ ਦੋਸ਼ ਵੀ ਲਾਇਆ ਸੀ। ਇਹ ਗੱਲ ਅਸੀਂ ਪਾਠਕਾਂ 'ਤੇ ਹੀ ਛੱਡਦੇ ਹਾਂ ਕਿ ਪੰਜਾਬ ਟਾਈਮਜ਼ ਬਾਰੇ ਉਨ੍ਹਾਂ ਦੀ ਇਸ ਟਿੱਪਣੀ ਵਿਚ ਕਿੰਨੀ ਕੁ ਸੱਚਾਈ ਹੈ? ਸ. ਕਰਨੈਲ ਸਿੰਘ ਖਾਲਸਾ ਦੇ ਪ੍ਰਤੀਕਰਮ ਨੂੰ ਲੈ ਕੇ ਸ. ਬੂਟਾ ਸਿੰਘ ਨੇ ਆਪਣਾ ਇਹ ਲੇਖ ਸਾਨੂੰ ਭੇਜਿਆ ਹੈ ਜੋ ਸਭ ਨੂੰ ਆਪਣੀ ਗੱਲ ਕਹਿਣ ਦਾ ਬਰਾਬਰ ਦਾ ਹੱਕ ਦੇਣ ਦੀ ਨੀਤੀ ਤਹਿਤ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। -ਸੰਪਾਦਕ***

ਬੂਟਾ ਸਿੰਘ
ਫੋਨ: 91-94634-74342

'ਪੰਜਾਬ ਟਾਈਮਜ਼' ਦੇ 22 ਦਸੰਬਰ 2012 ਦੇ ਅੰਕ 'ਚ ਸ. ਕਰਨੈਲ ਸਿੰਘ ਖ਼ਾਲਸਾ ਨੇ ਜਮਹੂਰੀ ਹੱਕਾਂ ਦੀ ਲਹਿਰ ਦੀ ਮੁੜ-ਸੁਰਜੀਤੀ ਬਾਰੇ ਮੇਰੇ ਲੇਖ ਦੇ ਪ੍ਰਸੰਗ ਵਿਚ ਕੁਝ ਤਲਖ਼ ਟਿੱਪਣੀਆਂ ਕੀਤੀਆਂ ਹਨ, ਪ੍ਰਸੰਗ ਤੋਂ ਬਾਹਰੇ ਕਈ ਸਵਾਲ ਵੀ ਉਠਾਏ ਹਨ। ਉਂਜ, ਜੇ ਉਨ੍ਹਾਂ ਨੇ ਪਿਛਲੇ ਇਕ ਸਾਲ ਤੋਂ ਇਸ ਅਖ਼ਬਾਰ 'ਚ ਛਪ ਰਹੇ ਮੇਰੇ ਲੇਖ ਗੰਭੀਰਤਾ ਨਾਲ ਪੜ੍ਹੇ ਹੁੰਦੇ ਤਾਂ ਬਹੁਤੇ ਸਵਾਲਾਂ ਦੇ ਜਵਾਬ ਉਨ੍ਹਾਂ ਨੂੰ ਮਿਲ ਜਾਣੇ ਸਨ, ਪਰ ਉਨ੍ਹਾਂ ਨੇ ਸ਼ਾਇਦ ਇਸ ਖਲਜਗਣ 'ਚ ਪੈਣ ਦੀ ਥਾਂ ਆਪਣੀਆਂ ਬਣੀਆਂ-ਬਣਾਈਆਂ ਧਾਰਨਾਵਾਂ ਦੇ ਆਧਾਰ 'ਤੇ ਟਿੱਪਣੀ ਲਿਖ ਭੇਜੀ। ਨਾਲ ਹੀ ਉਨ੍ਹਾਂ ਇਸ ਪਰਚੇ 'ਚ ਲਿਖਣ ਵਾਲਿਆਂ ਨੂੰ 'ਖਾਲਸਾ ਪੰਥ ਦੀ ਪਾਤਸ਼ਾਹੀ ਰੋਲਣ ਤੇ ਇਸ ਨੂੰ ਭਾਰਤ ਦੇ ਪੈਰਾਂ ਨਾਲ ਨੂੜੀ ਰੱਖਣ ਦੇ ਮੁੱਦਈ' ਗਰਦਾਨ ਦਿੱਤਾ ਅਤੇ ਪੇਸ਼ੀਨਗੋਈ ਕੀਤੀ ਕਿ ਛੇਤੀ ਹੀ 'ਭਾਰਤ ਦੇ ਇਹ ਛਿੰਦੇ ਕਾਮਰੇਡ ਆਪਣੀਆਂ ਪੀਲੀਆਂ ਕਲਮਾਂ ਘਸਾ ਕੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ 'ਚ ਰੱਖ ਦੇਣਗੇ... ਸ. ਅਜਮੇਰ ਸਿੰਘ ਤੇ ਰਾਜਵਿੰਦਰ ਸਿੰਘ ਰਾਹੀ ਹੋਰਾਂ ਵਾਂਗ।' ਸ. ਅਜਮੇਰ ਸਿੰਘ ਦੀ ਨਵੀਂ ਸਿਆਸਤ ਦਾ ਰਾਜ਼ ਕੀ ਹੈ, ਇਹ ਤਾਂ ਉਨ੍ਹਾਂ ਦਾ ਨਿੱਜੀ ਮਾਮਲਾ ਹੈ ਅਤੇ ਇਥੇ ਇਹ ਕਿੱਸਾ ਨਾ ਛੋਹਣਾ ਹੀ ਠੀਕ ਹੈ।

ਮੁਲਕ ਦੇ ਮੌਜੂਦਾ ਹਾਲਾਤ 'ਚ ਸੰਵਿਧਾਨਕ, ਮਨੁੱਖੀ ਤੇ ਜਮਹੂਰੀ ਹੱਕਾਂ 'ਚੋਂ ਲੋਕ ਜਦੋਜਹਿਦਾਂ ਲਈ ਵੱਧ ਅਹਿਮੀਅਤ ਕਿਨ੍ਹਾਂ ਹੱਕਾਂ ਦੀ ਬਣਦੀ ਹੈ, ਇਹ ਮੇਰੇ ਲੇਖ ਦਾ ਕੇਂਦਰੀ ਨੁਕਤਾ ਸੀ। ਜਮਹੂਰੀ ਹੱਕਾਂ ਦੀ ਵੱਧ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਨਾ ਤਾਂ ਲੇਖ ਵਿਚ ਹੱਕਾਂ ਦੀਆਂ ਦੂਜੀਆਂ ਦੋ ਸ਼੍ਰੇਣੀਆਂ ਦੀ ਅਹਿਮੀਅਤ ਤੋਂ ਇਨਕਾਰ ਕੀਤਾ ਗਿਆ ਸੀ ਅਤੇ ਨਾ ਹੀ ਉਨ੍ਹਾਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਭੂਮਿਕਾ ਨੂੰ ਨਕਾਰਿਆ ਗਿਆ ਜੋ ਸਿਰਫ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਘਾਣ ਦਾ ਮੁੱਦਾ ਹੀ ਉਠਾਉਂਦੀਆਂ ਹਨ। ਲੇਖ ਵਿਚ ਇਨ੍ਹਾਂ ਜਥੇਬੰਦੀਆਂ ਦੇ ਕਾਰਜ-ਖੇਤਰ ਦੀ ਸੀਮਤਾਈ ਅਤੇ ਇਕਤਰਫ਼ਾ ਪਹੁੰਚ ਦਾ ਵਿਸ਼ਲੇਸ਼ਣ ਕਰਦਿਆਂ ਜਮਹੂਰੀ ਹੱਕਾਂ ਦੀ ਲਹਿਰ ਦੀ ਉਨ੍ਹਾਂ ਤੋਂ ਵੱਖਰੀ ਭੂਮਿਕਾ 'ਤੇ ਜ਼ੋਰ ਦਿੱਤਾ ਗਿਆ ਸੀ। ਇਸ ਵਿਚ 'ਖਾਲਸਾ ਪੰਥ ਦੀ ਪਾਤਿਸ਼ਾਹੀ ਰੋਲਣ ਤੇ ਇਸ ਨੂੰ ਭਾਰਤ ਦੇ ਪੈਰਾਂ ਨਾਲ ਨੂੜੀ ਰੱਖਣ' ਦਾ ਸਵਾਲ ਉਕਾ ਹੀ ਸ਼ਾਮਲ ਨਹੀਂ ਸੀ। ਨਾਲੇ ਕਿਸੇ ਭਾਈਚਾਰੇ ਦੀ ਪਾਤਸ਼ਾਹੀ ਐਨੀ ਹਲਕੀ ਨਹੀਂ ਹੁੰਦੀ ਕਿ ਦੋ ਚਾਰ 'ਪੀਲੀਆਂ ਕਲਮਾਂ' ਦੇ ਲੇਖਾਂ ਨਾਲ ਹੀ ਰੁਲ ਜਾਵੇ! ਜੇ ਇਹ ਰੁਲਦੀ ਹੈ ਤਾਂ ਇਸ ਦੇ ਕਾਰਨ ਕਿਤੇ ਡੂੰਘੇ ਤੇ ਪੇਚੀਦੇ ਹੁੰਦੇ ਹਨ। ਉਂਜ ਵੀ, ਕਿਹੜੀ ਕਲਮ 'ਪੀਲੀ' ਹੈ ਤੇ ਕਿਹੜੀ ਹੋਰ ਰੰਗ ਦੀ, ਇਹ ਕੁਝ ਬੰਦਿਆਂ ਦੇ ਮਨ ਦੇ ਵਹਿਮ ਤੋਂ ਤੈਅ ਨਹੀਂ ਹੁੰਦਾ। ਇਸ ਦਾ ਫ਼ੈਸਲਾ ਇਤਿਹਾਸ ਕਰਦਾ ਹੈ। ਇਤਿਹਾਸ ਗਵਾਹ ਹੈ ਕਿ 'ਸਿੱਖ ਪਾਤਸ਼ਾਹੀ' ਨੂੰ ਹੁਣ ਤੱਕ ਇਸ ਦੇ ਅੰਦਰਲੀਆਂ ਤਾਕਤਾਂ ਨੇ ਹੀ ਰੋਲਿਆ ਹੈ। ਇਸ ਲਈ ਹੁਣ ਜ਼ਰੂਰੀ ਹੈ ਕਿ ਹਵਾ 'ਚ ਤਲਵਾਰਾਂ ਮਾਰਨ ਦੀ ਥਾਂ ਉਨ੍ਹਾਂ ਤਾਕਤਾਂ ਦੀ ਸ਼ਨਾਖ਼ਤ ਕਰੀਏ ਜੋ ਹੁਣ ਤੱਕ ਇਸ ਨੂੰ ਰੋਲਣ ਲਈ ਅਸਲ ਜ਼ਿੰਮੇਵਾਰ ਹਨ।

ਪੰਜਾਬ ਨੂੰ 'ਭਾਰਤ ਦੇ ਪੈਰਾਂ ਨਾਲ ਨੂੜੀ ਰੱਖਣ' ਦਾ ਸਵਾਲ ਸਚਮੁੱਚ ਗੰਭੀਰ ਮੁੱਦਾ ਹੈ ਪਰ ਕਰਨੈਲ ਸਿੰਘ ਖਾਲਸਾ ਨੇ ਇਸ ਨੂੰ ਧੱਕੇ ਨਾਲ ਹੀ ਜਮਹੂਰੀ ਲਹਿਰ ਦੀ ਚਰਚਾ 'ਚ ਸ਼ਾਮਲ ਕਰ ਦਿੱਤਾ ਹੈ। ਇਸ ਕਰ ਕੇ ਅਗਾਂਹ ਗੱਲ ਕਰਨ ਤੋਂ ਪਹਿਲਾਂ ਇਸ ਬਾਰੇ ਕੁਝ ਕਹਿਣਾ ਚਾਹਾਂਗਾ।

ਸ. ਅਜਮੇਰ ਸਿੰਘ ਦੀਆਂ ਕਿਤਾਬਾਂ 'ਤੇ ਚਰਚਾ ਦੇ ਬਹਾਨੇ ਨਹੀਂ (ਜਿਵੇਂ ਟਿੱਪਣੀਕਾਰ ਦਾ ਦਾਅਵਾ ਹੈ), ਸਗੋਂ ਤ੍ਰੈਲੜੀ ਕਿਤਾਬਾਂ ਉਪਰ ਸੰਜੀਦਾ ਵਿਚਾਰ-ਚਰਚਾ ਵਿਚ ਦੋ ਦਰਜਨ ਦੇ ਕਰੀਬ ਲੇਖਕਾਂ ਨੇ ਸ. ਅਜਮੇਰ ਸਿੰਘ ਵਲੋਂ ਕੀਤੇ ਸਿੱਖ ਸਿਆਸਤ ਦੇ ਵਿਸ਼ਲੇਸ਼ਣ, ਕੌਮ ਦੀ ਪਰਿਭਾਸ਼ਾ, ਕੌਮੀ ਸਵਾਲ ਦੇ ਪ੍ਰਸੰਗ 'ਚ ਵੱਖਰੇ ਸਿੱਖ ਰਾਜ ਦੇ ਭਵਿੱਖ, ਭਾਰਤੀ ਰਾਜ ਦੇ ਸੁਭਾਅ ਆਦਿ ਬਾਰੇ ਆਪੋ-ਆਪਣੇ ਵਿਚਾਰ ਖੁੱਲ੍ਹੇ ਮਨ ਨਾਲ ਪੇਸ਼ ਕੀਤੇ ਸਨ। ਇਹ ਬਹਿਸ-ਵਿਚਾਰ ਗੁਰੂ ਸਾਹਿਬਾਨ ਦੀ ਸੰਵਾਦ ਦੀ ਪਰੰਪਰਾ 'ਕਿਛੁ ਸੁਣੀਐ ਕਿਛੁ ਕਹੀਐ' ਅਨੁਸਾਰ ਇਕ ਦੂਜੇ ਤੋਂ ਕੁਝ ਸਿੱਖਣ ਦੀ ਨੇਕ ਭਾਵਨਾ ਤਹਿਤ ਚੱਲੀ ਸੀ। ਇਸ ਪਿੱਛੇ ਕੋਈ ਮੰਦਭਾਵਨਾ ਨਹੀਂ ਸੀ। ਵਿਚਾਰ-ਚਰਚਾ ਦੌਰਾਨ ਜੇ ਭਾਰਤ ਤੋਂ ਅਲਹਿਦਾ ਹੋ ਕੇ ਵੱਖਰੀ ਸਿੱਖ ਪਾਤਿਸ਼ਾਹੀ ਮੁੜ ਸਥਾਪਤ ਕਰਨ ਦੇ ਹਾਮੀਆਂ ਨੇ ਆਪਣਾ ਪੱਖ ਬਾਦਲੀਲ ਤੇ ਧੜੱਲੇ ਨਾਲ ਪੇਸ਼ ਕੀਤਾ ਤਾਂ ਇਸ ਮੱਤ ਨਾਲ ਅਸਹਿਮਤੀ ਵਾਲਿਆਂ ਨੇ ਵੀ ਆਪਣਾ ਪੱਖ ਦਲੀਲ ਤੇ ਤੱਥਾਂ ਸਹਿਤ ਰੱਖਿਆ ਸੀ। ਕਿਸੇ ਨਿਰਣੇ ਜਾਂ ਸੋਚ ਨਾਲ ਸਹਿਮਤੀ ਜਾਂ ਅਸਹਿਮਤੀ ਸਹਿਜ ਜਮਹੂਰੀ ਅਮਲ ਹੈ। ਇਸ ਅਮਲ ਦਾ ਗਲਾ ਘੁੱਟ ਕੇ ਸਿਰਫ਼ ਆਪਣੀ ਵਿਸ਼ੇਸ਼ ਸੋਚ ਜਾਂ ਵਿਸ਼ੇਸ਼ ਨਿਰਣੇ ਦੇ ਅਨੁਸਾਰੀ ਵਿਚਾਰ ਸੁਣਨ ਦੀ ਆਦੀ ਜ਼ਿਹਨੀਅਤ ਵਾਲਿਆਂ ਨੂੰ ਜੇ ਇਹ ਅਮਲ ਗਵਾਰਾ ਨਹੀਂ ਹੈ ਤਾਂ ਉਨ੍ਹਾਂ ਨੂੰ ਤੋਹਮਤਬਾਜ਼ੀ ਦੀ ਥਾਂ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ; ਕਿਉਂਕਿ ਇਸ ਤਰ੍ਹਾਂ ਦੀ ਤੰਗਨਜ਼ਰ ਬਿਰਤੀ ਦੇ ਹੱਥ ਜਦੋਂ ਬੰਦੂਕ ਦੀ ਤਾਕਤ ਆ ਜਾਂਦੀ ਹੈ, ਜਾਂ ਜਦੋਂ ਇਹ ਬਿਰਤੀ ਸੱਤਾ 'ਚ ਆ ਜਾਂਦੀ ਹੈ ਤਾਂ ਫ਼ਾਸ਼ੀ ਬਣ ਕੇ ਹੀ ਸਾਹਮਣੇ ਆਉਂਦੀ ਹੈ, ਇਸ ਦਾ ਬਾਹਰੀ ਸਰੂਪ ਚਾਹੇ ਸਿੱਖ ਹੋਵੇ, ਮੁਸਲਿਮ, ਨਾਜ਼ੀ, ਕਮਿਊਨਿਸਟ ਜਾਂ ਕੋਈ ਹੋਰ।

ਜੇ ਕਰਨੈਲ ਸਿੰਘ ਵਰਗੇ ਵੀਰ 'ਸਿੱਖ ਖਾੜਕੂਆਂ ਵੱਲੋਂ ਕਾਮਰੇਡਾਂ ਨੂੰ ਕਰੜੇ ਹੱਥੀਂ ਲੈਣ' ਨੂੰ ਅੱਜ ਵੀ ਗੱਜ-ਵੱਜ ਕੇ ਜਾਇਜ਼ ਠਹਿਰਾਉਂਦੇ ਹਨ ਤਾਂ ਸਾਨੂੰ ਇਹ ਸਵਾਲ ਕਰਨ ਦਾ ਪੂਰਾ ਹੱਕ ਹੈ ਕਿ ਵੱਖਰੇ ਸਿਆਸੀ ਵਿਚਾਰਾਂ ਨੂੰ ਏ.ਕੇ. ਸੰਤਾਲੀ ਨਾਲ ਦਬਾਉਣ, ਵੱਖਰੇ ਧਾਰਮਿਕ ਅਕੀਦੇ ਵਾਲੇ ਬੇਗੁਨਾਹਾਂ ਨੂੰ ਬੱਸਾਂ ਵਿਚੋਂ ਲਾਹ ਕੇ ਗੋਲੀਆਂ ਨਾਲ ਭੁੰਨਣ, ਬਾਜ਼ਾਰਾਂ 'ਚ ਬੰਬਾਂ ਰਾਹੀਂ ਬੇਗੁਨਾਹਾਂ ਨੂੰ ਕਤਲ ਕਰਨ ਦੀ ਇਜਾਜ਼ਤ ਕੀ ਨਾਨਕਸ਼ਾਹੀ ਪਰੰਪਰਾ ਦਿੰਦੀ ਹੈ? ਕੀ ਇਹ ਸਿੱਖ ਪਰੰਪਰਾ ਅਨੁਸਾਰ ਸੀ? ਇਨ੍ਹਾਂ ਬੇਗੁਨਾਹਾਂ ਦੇ ਸੱਥਰ ਵਿਛਾ ਕੇ ਕਿਸ 'ਹਿੰਦੂ ਰਾਜ' ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ? ਇਹ ਸਵਾਲ ਇਨਸਾਨੀਅਤ ਦਾ ਦਰਦੀ ਹਰ ਬੁੱਧੀਜੀਵੀ, ਸਿਆਸੀ ਕਾਰਕੁਨ, ਹਰ ਜ਼ਮੀਰ ਵਾਲਾ ਇਨਸਾਨ ਉਦੋਂ ਵੀ ਪੁੱਛਦਾ ਸੀ, ਚਾਹੇ ਉਹ 'ਕਾਮਰੇਡ' ਸੀ ਜਾਂ ਕੋਈ ਹੋਰ, ਅੱਜ ਵੀ ਪੁੱਛਦਾ ਹੈ ਅਤੇ ਇਸ ਸਵਾਲ ਦਾ ਸਾਹਮਣਾ 'ਸਿੱਖ ਖਾੜਕੂਆਂ' ਨੂੰ ਇਤਿਹਾਸ ਵਿਚ ਹਮੇਸ਼ਾ ਕਰਨਾ ਪਵੇਗਾ। ਸ. ਅਜਮੇਰ ਸਿੰਘ ਦੀਆਂ ਪੁਰਾਣੀਆਂ ਲਿਖਤਾਂ ਫਰੋਲ ਲਉ, ਉਦੋਂ ਉਹ ਵੀ ਇਹ ਸਵਾਲ ਕਰਦੇ ਸਨ।

ਟਿੱਪਣੀਕਾਰ ਸ. ਕਰਨੈਲ ਸਿੰਘ ਖਾਲਸਾ ਨੇ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲੇ ਲੇਖਕਾਂ ਨੂੰ 'ਇੱਕੀਵੀਂ ਸਦੀ ਦੇ ਪੁਲਾੜ ਯੁੱਗ ਵਿਚ ਦੁਨੀਆਂ ਨੂੰ ਮੂਰਖ ਬਣਾਉਣ ਦੀਆਂ ਕੋਸ਼ਿਸ਼ਾਂ' ਵਿਚ ਜੁੱਟੇ ਅਤੇ ਪੰਥ ਦੋਖੀ ਗਰਦਾਨਿਆ ਹੈ। ਪੁਲਾੜ ਯੁੱਗ 'ਚ ਖੜ੍ਹ ਕੇ ਕੌਣ ਸੋਚ ਰਿਹਾ ਹੈ ਅਤੇ ਮੱਧ ਯੁਗ 'ਚ ਕੌਣ ਖੜ੍ਹਾ ਹੈ, ਇਸ ਦਾ ਫ਼ੈਸਲਾ ਪਾਠਕਾਂ 'ਤੇ ਛੱਡ ਦੇਣਾ ਚਾਹੀਦਾ ਹੈ, ਪਰ ਸਾਡਾ ਨਿਮਾਣਾ ਜਿਹਾ ਵਿਚਾਰ ਵੀ ਸੁਣ ਜ਼ਰੂਰ ਲੈਣਾ ਚਾਹੀਦਾ ਹੈ; ਜੇ ਮੁਆਫ਼ਕ ਹੋਵੇ ਤਾਂ ਗ਼ੌਰ ਜ਼ਰੂਰ ਕਰ ਲੈਣਾ। 21ਵੀਂ ਸਦੀ ਆਉਣ ਤੱਕ ਪੰਜਾਬ ਨਾਂ ਦੇ ਇਲਾਕੇ ਦਾ ਸਾਡੇ ਨਾਲ ਲੱਗਵੇਂ ਬਾਕੀ ਖ਼ਿੱਤੇ ਨਾਲ ਆਰਥਿਕ, ਸਭਿਆਚਾਰਕ ਅਤੇ ਰਾਜਸੀ ਰਿਸ਼ਤਾ ਐਨਾ ਡੂੰਘਾ ਹੋ ਚੁਕਾ ਹੈ ਕਿ ਇਸ ਤੋਂ ਵੱਖ ਹੋ ਕੇ ਵੱਖਰੇ ਸਿੱਖ ਰਾਜ ਵਜੋਂ ਸਥਾਪਤ ਕਰਨ ਦਾ ਠੋਸ ਬਾਹਰਮੁਖੀ ਆਧਾਰ ਮੌਜੂਦ ਨਹੀਂ ਹੈ, (ਇਸ ਬਾਰੇ ਇੱਥੇ ਲੇਖ ਦੀ ਸੀਮਾ ਨੂੰ ਮੁੱਖ ਰੱਖਦਿਆਂ ਇਸ਼ਾਰੇ ਮਾਤਰ ਹੀ ਗੱਲ ਕੀਤੀ ਜਾ ਰਹੀ ਹੈ। ਇਸ ਦਾ ਹਕੀਕੀ ਬਦਲ ਕੀ ਹੈ, ਇਹ ਅਗਲੇ ਕਿਸੇ ਲੇਖ 'ਚ ਦਿੱਤਾ ਜਾਵੇਗਾ); ਪੰਜਾਬ ਨਾਲ ਇਕ ਕੌਮੀਅਤ ਵਜੋਂ, ਸਿੱਖ ਭਾਈਚਾਰੇ ਨਾਲ ਧਾਰਮਿਕ ਘੱਟਗਿਣਤੀ ਵਜੋਂ ਕੁਲ ਧੱਕੇ ਤੇ ਵਿਤਕਰੇ ਦੇ ਬਾਵਜੂਦ।

ਟਿੱਪਣੀ ਦੀ ਪਹਿਲੀ ਸਤਰ ਤੋਂ ਹੀ ਸਪਸ਼ਟ ਹੈ ਕਿ ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਛਪੇ ਕੁਝ ਲੇਖ (ਅਤੇ ਇਨ੍ਹਾਂ ਦੇ ਲੇਖਕ) ਇਸ 'ਪੰਥ ਦਰਦੀ' ਵੀਰ ਦੀ ਪਸੰਦ ਅਨੁਸਾਰ ਨਹੀਂ ਸਨ; ਬੇਸ਼ੱਕ ਇਨ੍ਹਾਂ ਦੀ ਪਸੰਦ ਵਾਲਿਆਂ ਨੇ ਵੀ ਬਹਿਸ 'ਚ ਭਰਵੀਂ ਹਾਜ਼ਰੀ ਲਵਾਈ ਸੀ। ਪਾਠਕ ਸ. ਅਜਮੇਰ ਸਿੰਘ ਦੀਆਂ ਤ੍ਰੈਲੜੀ ਕਿਤਾਬਾਂ ਅਤੇ ਵੱਖੋ-ਵੱਖਰੇ ਨਜ਼ਰੀਏ ਵਾਲੇ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਉਠਾਏ ਗਏ ਸਵਾਲਾਂ ਅਤੇ ਮੁੱਦਿਆਂ ਬਾਰੇ ਆਪਣੇ ਆਜ਼ਾਦਾਨਾ ਵਿਚਾਰ ਬਣਾ ਹੀ ਸਕਦੇ ਹਨ।

ਟਿੱਪਣੀਕਾਰ ਦਾ ਦਾਅਵਾ ਹੈ ਕਿ 'ਖ਼ਾਲਸਤਾਨ ਕੋਈ ਹਊਆ ਨਹੀਂ ਹੈ...ਖ਼ਾਲਸਤਾਨ ਤਾਂ ਗੁਰਮਤਿ ਗਾਡੀ ਰਾਹ ਦੀ ਰਾਜ ਪ੍ਰਣਾਲੀ ਹੈ ਅਤੇ ਸਿੱਖ ਗੁਰੂ ਸਾਹਿਬਾਨ ਦੇ ਇਲਾਹੀ ਸਿਧਾਂਤਾਂ 'ਚ ਰੰਗੇ ਹੋਏ ਰਾਜ ਦਾ ਮਾਡਲ ਹੈ...।' ਮੈਂ ਇਹ ਕਹਿਣ ਦੀ ਗੁਸਤਾਖ਼ੀ ਕਰਨੀ ਚਾਹਾਂਗਾ ਕਿ ਉਨ੍ਹਾਂ ਦਾ ਇਹ ਦਾਅਵਾ ਹਕੀਕਤ ਨਾਲ ਮੇਲ ਨਹੀਂ ਖਾਂਦਾ। ਖ਼ਾਲਸਤਾਨ ਦੀ ਜੱਦੋਜਹਿਦ ਦੌਰਾਨ ਸਾਹਮਣੇ ਆਇਆ ਵਤੀਰਾ ਹਵਾਲਾ ਦਿੱਤੇ ਇਲਾਹੀ ਸਿਧਾਂਤਾਂ ਅਨੁਸਾਰ ਨਹੀਂ ਸੀ। ਖ਼ੁਦ ਟਿੱਪਣੀਕਾਰ ਦਾ ਫ਼ਤਵੇ ਦੇਣ ਦਾ ਰੁਝਾਨ ਵੀ ਇਨ੍ਹਾਂ ਇਲਾਹੀ ਸਿਧਾਂਤਾਂ ਦਾ ਅਨੁਸਾਰੀ ਨਹੀਂ ਹੈ।

ਪਹਿਲੀ ਗੱਲ ਤਾਂ 80ਵਿਆਂ ਤੋਂ ਲੈ ਕੇ ਅੱਜ ਤੱਕ ਖ਼ਾਲਸਤਾਨ ਦੀ ਗੱਲ ਕਰਨ ਵਾਲਿਆਂ ਵਲੋਂ ਇਸ ਦਾ ਕੋਈ ਠੋਸ ਪ੍ਰੋਗਰਾਮ ਪੇਸ਼ ਨਹੀਂ ਕੀਤਾ ਜਾ ਰਿਹਾ। ਜਦੋਂ ਖ਼ਾਲਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਲਹਿਰ ਜ਼ੋਰਾਂ 'ਤੇ ਸੀ, ਉਦੋਂ ਵੀ ਇਸ ਦੀ ਵਿਆਖਿਆ ਸਾਹਮਣੇ ਨਹੀਂ ਸੀ ਆਈ। ਹਮੇਸ਼ਾ ਹੀ ਦੋ ਚਾਰ ਵਾਕਾਂ 'ਚ ਸਿੱਖੀ ਸਿਧਾਂਤਾਂ ਦਾ ਰਸਮੀ ਜ਼ਿਕਰ ਕਰ ਕੇ ਗੱਲ ਮੁਕਾ ਦਿੱਤੀ ਜਾਂਦੀ ਰਹੀ। ਸਮਾਜ ਦੀ ਠੋਸ ਹਕੀਕਤ ਨੂੰ ਮੁਖ਼ਾਤਿਬ ਹੋਇਆ ਹੀ ਨਹੀਂ ਜਾਂਦਾ। ਹੁਣ ਵੀ ਟਿੱਪਣੀਕਾਰ ਨੇ ਹਲੇਮੀ ਰਾਜ ਵਿਚ 'ਹਰ ਭਾਈ ਲਾਲੋ ਕਿਰਤੀ ਦਾ ਵਾਰਸ ਸਰਦਾਰੀ ਭੋਗੇਗਾ' ਦਾ ਦਾਅਵਾ ਕੀਤਾ ਹੈ, ਪਰ ਇਹ ਨਹੀਂ ਦੱਸਿਆ ਕਿ ਕਿਸੇ ਸਿੱਖ ਸਰਮਾਏਦਾਰ ਦੀ ਫੈਕਟਰੀ ਜਾਂ ਸਿੱਖ ਧਨਾਢ ਕਿਸਾਨ ਦੇ ਫਾਰਮ 'ਚ ਕੰਮ ਕਰਨ ਵਾਲਾ ਭਾਈ ਲਾਲੋ ਆਰਥਿਕ ਨਾਬਰਾਬਰੀ ਨੂੰ ਖ਼ਤਮ ਕਰਨ ਵਾਲਾ ਠੋਸ ਪ੍ਰੋਗਰਾਮ ਅਮਲ 'ਚ ਲਿਆਂਦੇ ਬਗ਼ੈਰ ਖ਼ੁਦ-ਬਖ਼ੁਦ ਹੀ ਸਰਦਾਰੀ ਦੀ ਬੁਲੰਦੀ 'ਤੇ ਕਿਵੇਂ ਪਹੁੰਚ ਜਾਵੇਗਾ? ਪੰਜਾਬ 'ਚ ਸੈਂਕੜੇ ਫੈਕਟਰੀਆਂ ਅਤੇ ਪਿੰਡਾਂ ਵਿਚ ਸਿੱਖੀ ਸਰੂਪ ਕਿਸਾਨੀ ਦੇ ਫਾਰਮਾਂ 'ਚ ਕੰਮ ਕਰਨ ਵਾਲੇ ਕਿੰਨੇ ਕੁ ਕਿਰਤੀ ਹਨ ਜਿਨ੍ਹਾਂ ਨੂੰ ਸਰਕਾਰੀ ਦਰਾਂ ਅਨੁਸਾਰ ਮਜ਼ਦੂਰੀ ਦਿੱਤੀ ਜਾਂਦੀ ਹੈ, ਭਾਵੇਂ ਕਿਰਤੀ ਵੀ ਸਿੱਖੀ ਸਰੂਪ ਹੀ ਕਿਉਂ ਨਾ ਹੋਣ? ਬਰਾਬਰੀ ਦੀ ਤਾਂ ਗੱਲ ਹੀ ਛੱਡੋ। ਤੁਸੀਂ ਬੇਗਮਪੁਰੇ ਦੀ ਗੱਲ ਕਰਦੇ ਹੋ, ਪੰਜਾਬ ਦੇ ਇਕ ਵੀ ਪਿੰਡ 'ਚ ਜਾਤਾਂ ਦੇ ਆਧਾਰ 'ਤੇ ਬਣੇ ਗੁਰਦੁਆਰੇ ਵੀ ਸਾਂਝੇ ਨਹੀਂ ਹੋਏ, ਊਚ-ਨੀਚ ਦਾ ਖ਼ਾਤਮਾ ਤਾਂ ਦੂਰ ਦੀ ਗੱਲ ਹੈ; ਹਾਲਾਂਕਿ ਇਨ੍ਹਾਂ ਸ਼ਰਧਾਲੂਆਂ ਵਿਚੋਂ ਬਥੇਰੇ ਨਾਮ ਵੀ ਜਪਦੇ ਹਨ, ਨੇਮ ਨਾਲ ਗੁਰਦੁਆਰੇ ਵੀ ਜਾਂਦੇ ਹਨ ਪਰ ਕਿੰਨੇ ਹੱਥੀਂ ਕਿਰਤ ਕਰ ਕੇ ਵੰਡ ਛਕਣ ਦੇ ਅਸੂਲ 'ਤੇ ਅਮਲ ਕਰਦੇ ਹਨ? ਇਥੇ ਖ਼ਾਲਸਾ ਪੰਥ ਨੂੰ ਗਾਡੀ ਰਾਹ 'ਤੇ ਚੱਲਣ ਤੋਂ ਕੌਣ ਰੋਕਦਾ ਹੈ? ਤੁਸੀਂ ਠੀਕ ਹੀ ਫ਼ਰਮਾਇਆ ਹੈ ਕਿ ਗੱਲੀਂਬਾਤੀਂ ਨਹੀਂ, ਪ੍ਰੈਕਟੀਕਲ ਰੂਪ 'ਚ ਜਵਾਬ ਦੇਣਾ ਪਵੇਗਾ!

ਜਿੱਥੋਂ ਤੱਕ ਗੁਰਮਤਿ ਗਾਡੀ ਰਾਹ ਦਾ ਸਵਾਲ ਹੈ, ਜੇ ਕਿਸੇ ਫ਼ਲਸਫ਼ੇ ਦੇ ਪੈਰੋਕਾਰਾਂ ਵਲੋਂ ਮਹਿਜ਼ ਐਨਾ ਕੁ ਰਸਮੀ ਦਾਅਵਾ ਕਰਨ ਨਾਲ ਹੀ ਕੰਮ ਚਲਦਾ ਹੁੰਦਾ ਤਾਂ ਐਨੇ ਘੋਰ ਸੰਕਟ ਪੈਦਾ ਹੀ ਨਹੀਂ ਸੀ ਹੋਣੇ। ਬਦਕਿਸਮਤੀ ਨੂੰ ਇਹ ਸਵਾਲ ਐਨਾ ਆਸਾਨ ਨਹੀਂ ਹੈ। ਪੱਛਮੀ ਬੰਗਾਲ 'ਚ ਸੀ.ਪੀ.ਐਮ. ਮਾਰਕਸਵਾਦੀ ਵਿਚਾਰਧਾਰਾ ਦੀ ਸਿੱਕੇਬੰਦ ਪੈਰੋਕਾਰ ਕਹਾਉਂਦੀ ਸੀ, ਪਰ ਉਸ ਦੇ ਵਿਹਾਰ ਨੇ ਸਾਬਤ ਕਰ ਦਿੱਤਾ ਕਿ ਉਸ ਦੀ ਕਹਿਣੀ ਤੇ ਅਮਲਾਂ 'ਚ ਜ਼ਮੀਨ-ਆਸਮਾਨ ਦਾ ਫ਼ਰਕ ਸੀ। ਇਸੇ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਪੂਰਾ ਇਕ ਦਹਾਕਾ ਖ਼ਾਲਸਤਾਨ ਤਹਿਰੀਕ ਨੂੰ ਨੇੜਿਓਂ ਦੇਖਿਆ ਹੈ। ਇਸ ਤਹਿਰੀਕ ਦੇ ਜਰਨੈਲ ਵੀ ਗੁਰਮਤਿ ਸਿਧਾਂਤਾਂ 'ਤੇ ਆਧਾਰਤ ਖ਼ਾਲਸਾ ਰਾਜ ਬਣਾਉਣ ਦੇ ਦਾਅਵੇ ਕਰਦੇ ਸਨ। ਕੀ ਉਨ੍ਹਾਂ ਦੀ ਕਰਨੀ ਵਿਚ ਗੁਰਮਤਿ ਸਿਧਾਂਤ ਸਾਕਾਰ ਹੋ ਰਹੇ ਸਨ? ਉਹ ਜਦੋਂ ਵੀ ਲੋਕਾਂ ਨੂੰ ਮੁਖ਼ਾਤਿਬ ਹੁੰਦੇ ਸਨ, ਬੰਦੂਕ ਰਾਹੀਂ ਹੀ ਹੁੰਦੇ ਸਨ। ਵੱਖਰੇ ਵਿਚਾਰਾਂ ਵਾਲੇ ਕਵੀਆਂ, ਲੇਖਕਾਂ, ਪੱਤਰਕਾਰਾਂ ਹਰ ਕਿਸੇ ਪ੍ਰਤੀ ਇਹੀ ਰਵੱਈਆ ਸੀ। ਗੱਲੀਂਬਾਤੀਂ ਉਦੋਂ ਵੀ ਉਹ 'ਆਤਮਿਕ ਬੁਲੰਦੀਆਂ' ਦੇ ਦਾਅਵੇ ਕਰਦੇ ਸਨ ਪਰ ਹਕੀਕਤ ਕੀ ਸੀ, ਇਸ ਦੀ ਇਕ ਝਲਕ ਸ. ਦਲਜੀਤ ਸਿੰਘ ਬਿੱਟੂ ਦੇ ਨਾਂ ਹੇਠ ਜਾਰੀ ਕੀਤੀ ਗਈ ਸਵੈ-ਆਲੋਚਨਾ ਕਰਦੀ ਲਿਖਤ 'ਚ ਦੇਖੀ ਜਾ ਸਕਦੀ ਹੈ ਜੋ ਉਨ੍ਹਾਂ ਵਲੋਂ ਜੇਲ੍ਹ ਵਿਚ ਲਿਖੀ ਗਈ ਦੱਸੀਦੀ ਹੈ: "ਲੋਕਾਂ ਨੂੰ ਦਲੀਲਬਾਜ਼ੀ ਨਾਲ ਕਾਇਲ ਕਰਨ ਦੀ ਬਜਾਏ ਏ.ਕੇ. ਸੰਤਾਲੀ ਦੀ ਦਹਿਸ਼ਤ ਨਾਲ ਚੁੱਪ ਕਰਾਉਣ ਦੀ ਧੱਕੜ ਬਿਰਤੀ ਕਾਰਨ ਖਾੜਕੂ ਲਹਿਰ ਸਿੱਖ ਸੰਗਤਾਂ ਨਾਲ ਸੁਘੜ ਸੰਵਾਦ ਅਤੇ ਰਾਬਤਾ ਕਾਇਮ ਨਾ ਸਕੀ।...ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਖਾੜਕੂਆਂ ਦੀ ਵੱਡੀ ਗਿਣਤੀ ਆਪਣੇ ਸੰਘਰਸ਼ਸ਼ੀਲ ਅਮਲ ਦੌਰਾਨ ਸਦਾਚਾਰਕ ਮਿਆਰਾਂ ਨੂੰ ਕਾਇਮ ਨਹੀਂ ਰੱਖ ਸਕੀ। ਖਾੜਕੂਆਂ ਉਤੇ ਬੰਦੂਕ ਦੇ ਜ਼ੋਰ ਧਨ ਉਗਰਾਹੁਣ, ਇਸ ਧਨ ਦੀ ਆਪਣੀ ਨਿੱਜੀ ਐਸ਼ੋ-ਇਸ਼ਰਤ ਜਾਂ ਜ਼ਮੀਨ-ਜਾਇਦਾਦ ਖਰੀਦਣ ਲਈ ਵਰਤੋਂ ਕਰਨ, ਆਪਣਾ ਨਾਂ ਚਮਕਾਉਣ ਦੀ ਲਾਲਸਾ ਦਾ ਪ੍ਰਗਟਾਵਾ ਕਰਨ ਦੇ ਦੋਸ਼ ਆਮ ਹੀ ਲੱਗਦੇ ਰਹੇ ਹਨ। ਤੱਥ ਦੇ ਤੌਰ 'ਤੇ ਮੰਨਣਾ ਪਵੇਗਾ ਕਿ ਉਪਰ ਗਿਣੇ ਅਨੈਤਿਕ ਅਮਲਾਂ ਦਾ ਖਾੜਕੂ ਲਹਿਰ ਅੰਦਰ ਵੱਡੀ ਪੱਧਰ 'ਤੇ ਪ੍ਰਗਟਾਵਾ ਹੋਇਆ।" (ਸਫ਼ਾ 7) ਟਿੱਪਣੀਕਾਰ ਅਨੁਸਾਰ ਕਾਮਰੇਡ ਤਾਂ ਨਾਮ ਜਪਣ ਦੀ ਅਹਿਮੀਅਤ ਸਮਝ ਹੀ ਨਹੀਂ ਸਕਣਗੇ। ਸਵਾਲ ਹੈ ਕਿ ਖਾੜਕੂਆਂ ਨੇ ਤਾਂ ਸਮਝ ਲਈ ਸੀ! ਫਿਰ ਇਨ੍ਹਾਂ ਨੂੰ ਗੁਰਮਤਿ ਗਾਡੀ ਰਾਹ 'ਤੇ ਚੱਲਣ ਤੋਂ ਕੌਣ ਰੋਕ ਰਿਹਾ ਸੀ?

ਟਿੱਪਣੀਕਾਰ ਨੇ ਕਾਮਰੇਡ-ਕਾਮਰੇਡ ਦਾ ਵਾਵੇਲਾ ਖੜ੍ਹਾ ਕਰ ਕੇ ਅਸਲ ਮੁੱਦੇ ਨੂੰ ਗੰਧਲਾਉਣਾ ਚਾਹਿਆ ਹੈ। ਅਜਿਹਾ ਕਰਦਿਆਂ ਉਹ ਭੁੱਲ ਹੀ ਗਿਆ ਕਿ ਹਰ ਫਲਸਫ਼ੇ ਦੇ ਪੈਰੋਕਾਰ ਕਹਾਉਣ ਵਾਲਿਆਂ 'ਚ ਨਿੱਘਰੇ ਹੋਏ ਹਿੱਸੇ ਵੀ ਹੁੰਦੇ ਹਨ ਅਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਨਰੋਏ ਹਿੱਸੇ ਵੀ। ਫ਼ਲਸਫ਼ੇ ਦੀ ਹੋਣੀ ਦਾ ਨਿਬੇੜਾ ਨਰੋਏ ਹਿੱਸਿਆਂ ਦੇ ਅਮਲਾਂ ਤੋਂ ਹੁੰਦਾ ਹੈ। ਦੋਵੇਂ ਤਰ੍ਹਾਂ ਦੇ ਹਿੱਸਿਆਂ ਨੂੰ ਰਲਗੱਡ ਕਰ ਕੇ ਪੇਸ਼ ਕਰਨ ਪਿੱਛੇ ਟਿੱਪਣੀਕਾਰ ਦੀ ਜਾਣਕਾਰੀ ਦੀ ਘਾਟ ਕੰਮ ਕਰਦੀ ਹੈ ਜਾਂ ਖ਼ਾਸ ਵਿਚਾਰਧਾਰਾ ਨੂੰ ਭੰਡਣ ਦੀ ਬਦਨੀਅਤ? ਇਹ ਤਾਂ ਉਹੀ ਦੱਸ ਸਕਦੇ ਹਨ ਪਰ ਇਹ ਸਵਾਲ ਉਨ੍ਹਾਂ ਨੂੰ ਸਪਸ਼ਟ ਜ਼ਰੂਰ ਕਰਨਾ ਚਾਹੀਦਾ ਹੈ ਕਿ ਜੇ ਕੱਲ੍ਹ ਨੂੰ ਕੋਈ ਸ. ਬਾਦਲ, ਜਥੇਦਾਰ ਟੌਹੜਾ ਜਾਂ ਬਰਨਾਲਾ ਆਦਿ ਅਕਾਲੀ ਧੜਿਆਂ ਵਲੋਂ ਦਹਾਕਿਆਂ ਤੋਂ ਨਿਭਾਈ ਜਾ ਰਹੀ ਲੋਕ ਦੁਸ਼ਮਣ ਭੂਮਿਕਾ ਦੇ ਆਧਾਰ 'ਤੇ ਸਿੱਖ-ਸਿੱਖ ਦਾ ਵਾਵੇਲਾ ਖੜ੍ਹਾ ਕਰ ਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਭੰਡਣਾ ਸ਼ੁਰੂ ਕਰ ਦੇਵੇ, ਕੀ ਤੁਸੀਂ ਇਸ ਨਾਲ ਸਹਿਮਤ ਹੋਵੋਗੇ?

ਰਹੀ ਗੱਲ ਸਿੱਖਾਂ ਨੂੰ ਭਾਰਤ ਦੀ ਝੋਲੀ ਪਾਉਣ ਦੀ, ਇਹ ਕੰਮ ਪੰਥ ਦੇ ਆਗੂ ਹੀ ਬਥੇਰਾ ਕਰੀ ਜਾ ਰਹੇ ਹਨ। ਕਰਨੈਲ ਸਿੰਘ ਵਰਗੇ ਵੀਰਾਂ ਦਾ ਤਰਜੀਹੀ ਕਾਰਜ ਪੰਥ ਨੂੰ ਇਨ੍ਹਾਂ ਤੋਂ ਬਚਾਉਣ ਦੀ ਚਿੰਤਾ ਕਰਨ ਦਾ ਹੋਣਾ ਚਾਹੀਦਾ ਹੈ। ਗੱਲੀਂਬਾਤੀਂ ਨਹੀਂ, ਵਿਹਾਰਕ ਤੌਰ 'ਤੇ! ਟਿੱਪਣੀਕਾਰ ਨੇ ਕਾਮਰੇਡਾਂ 'ਤੇ ਗੁਰਦੁਆਰਾ ਕਮੇਟੀਆਂ ਦੀ ਪ੍ਰਧਾਨਗੀ ਲਈ ਤਰਲੋਮੱਛੀ ਹੋਣ ਦਾ ਦੋਸ਼ ਲਾਇਆ ਹੈ। ਇਹ ਸਚਮੁੱਚ ਚਿੰਤਾਜਨਕ ਗੱਲ ਹੈ। ਗੁਰਦੁਆਰਾ ਕਮੇਟੀਆਂ ਉਪਰ ਕਬਜ਼ੇ ਲਈ ਤਾਂ ਸਿੱਖੀ ਸਰੂਪ ਵਾਲੇ ਸੱਜਣਾਂ ਦਰਮਿਆਨ ਹੀ ਬਹੁਤ ਮੁਕਾਬਲੇਬਾਜ਼ੀ ਹੈ। ਜੇ ਕੋਈ ਲੀਹੋਂ ਲੱਥੇ ਕਾਮਰੇਡ ਵੀ ਇਸ ਦੌੜ 'ਚ ਸ਼ਾਮਲ ਹਨ ਤਾਂ ਇਹ ਉਨ੍ਹਾਂ ਦੀ ਗਿਰਾਵਟ ਦੀ ਨਿਸ਼ਾਨੀ ਹੀ ਕਹੀ ਜਾ ਸਕਦੀ ਹੈ। ਜੇ ਉਨ੍ਹਾਂ 'ਚ ਆਪਣੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਨ ਦਾ ਜਜ਼ਬਾ ਹੈ ਤਾਂ ਕਰਨ ਵਾਲੇ ਬਥੇਰੇ ਕੰਮ ਹਨ, ਉਹ ਆਪਣੀ ਤਾਕਤ ਸਮਾਜ ਸੇਵੀ ਕੰਮਾਂ 'ਚ ਲਾਉਣ।

ਸਿੱਖ ਭਾਈਚਾਰੇ ਨਾਲ ਸਬੰਧਤ ਵੱਖ-ਵੱਖ ਰਾਜਨੀਤਕ ਧੜਿਆਂ ਦੇ ਭਾਰਤ 'ਚ ਸ਼ਾਮਲ ਰਹਿਣ ਜਾਂ ਅੱਡ ਹੋ ਕੇ ਖ਼ਾਲਸਤਾਨ ਬਣਾਉਣ ਬਾਰੇ ਇਕ ਵਿਚਾਰ ਨਹੀਂ ਹਨ। ਇਸੇ ਤਰ੍ਹਾਂ ਕਮਿਊਨਿਸਟ ਲਹਿਰ ਦੇ ਨਾਂ ਹੇਠ ਕੰਮ ਕਰਦੇ ਵੱਖ-ਵੱਖ ਰਾਜਨੀਤਕ ਧੜਿਆਂ ਦੇ ਵਿਚਾਰ ਵੀ ਅੱਡ-ਅੱਡ ਹਨ। ਚਾਹੇ 1947 ਦੀ ਸੱਤਾ ਬਦਲੀ ਹੋਵੇ, ਗਾਂਧੀ-ਨਹਿਰੂ ਦੀ ਅਗਵਾਈ ਵਾਲੀ ਕਾਂਗਰਸ ਦੀ ਭੂਮਿਕਾ ਹੋਵੇ, ਭਾਰਤ ਰਾਜ ਦੀ ਫ਼ਿਤਰਤ ਦਾ ਸਵਾਲ ਹੋਵੇ ਜਾਂ ਜਮਹੂਰੀਅਤ, ਧਰਮਨਿਰਪੇਖਤਾ, ਭਾਰਤ ਦੀ ਏਕਤਾ-ਅਖੰਡਤਾ ਦੇ ਦਾਅਵਿਆਂ ਦੇ ਸਵਾਲ ਹੋਣ। ਜੇ ਮੁੱਖ ਧਾਰਾ ਕਮਿਊਨਿਸਟ ਧੜੇ ਏਕਤਾ-ਅਖੰਡਤਾ ਦੇ ਮੁੱਦਈ ਹਨ ਤਾਂ ਬਹੁਤੇ ਨਕਸਲੀ ਗਰੁਪ ਕੌਮਾਂ ਦੇ ਸਵੈ-ਨਿਰਣੇ (ਸਮੇਤ ਵੱਖ ਹੋਣ ਦੇ ਹੱਕ) ਦੀ ਵਜਾਹਤ ਕਰਦੇ ਹਨ। ਉਹ ਇਸ ਨੂੰ ਸੱਚੀ ਜਮਹੂਰੀਅਤ ਦਾ ਅਨਿੱਖੜਵਾਂ ਅੰਗ ਮੰਨਦੇ ਹੋਏ ਇਸ ਦੇ ਆਧਾਰ 'ਤੇ ਇਸ ਖਿੱਤੇ ਦੀ ਰਾਜਨੀਤਕ ਇਕਾਈ ਨੂੰ ਫੈਡਰਲ ਆਧਾਰ 'ਤੇ ਨਵੇਂ ਸਿਰਿਓਂ ਜਥੇਬੰਦ ਕਰਨ ਦੇ ਹੱਕ 'ਚ ਹਨ। ਤੁਸੀਂ ਸਾਰਿਆਂ ਨੂੰ ਇਕੋ ਬਣਾ ਕੇ ਪੇਸ਼ ਨਹੀਂ ਕਰ ਸਕਦੇ। ਜਿਹੜੇ ਕਮਿਊਨਿਸਟ ਹਿੱਸੇ ਨੇ ਸਮਾਜਕ ਤਬਦੀਲੀ ਨੂੰ ਤਿਲਾਂਜਲੀ ਦੇ ਕੇ ਆਪਣੀ ਹੋਣੀ ਸਥਾਪਤੀ ਨਾਲ ਜੋੜ ਲਈ ਹੈ, ਉਨ੍ਹਾਂ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੈ ਅਤੇ ਜਿਹੜੇ ਸਮਾਜ ਨੂੰ ਬਿਹਤਰ ਬਣਾਉਣ ਲਈ ਜਾਨ-ਹੂਲਵੀਂ ਜੱਦੋਜਹਿਦ ਕਰ ਰਹੇ ਹਨ, ਉਨ੍ਹਾਂ ਬਾਰੇ ਤੁਹਾਨੂੰ ਵੀ ਮਨੋਂ ਭੁਲੇਖਾ ਕੱਢ ਦੇਣਾ ਚਾਹੀਦਾ ਹੈ। ਅਜਿਹੇ ਸਥਾਪਤੀ ਦੇ 'ਸੱਜਣਾਂ' ਦੀ ਪੰਥ ਵਿਚ ਵੀ ਕੋਈ ਕਮੀ ਨਹੀਂ ਹੈ।

ਇਸ ਵੀਰ ਦੀ ਚਿੰਤਾ ਪੂਰੀ ਤਰ੍ਹਾਂ ਜਾਇਜ਼ ਹੈ ਕਿ ਗ਼ਦਰੀ ਦੇਸ਼ ਭਗਤਾਂ ਦੇ ਸਮਾਗਮਾਂ ਦੇ ਬਹਾਨੇ ਘਟੀਆ ਸਭਿਆਚਾਰ ਪੇਸ਼ ਕੀਤਾ ਜਾ ਰਿਹਾ ਹੈ। ਇਸ ਦਾ ਡਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ, ਪਰ ਟਿੱਪਣੀਕਾਰ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ 'ਚ ਹੀ ਨਹੀਂ, ਦੁਨੀਆਂ ਭਰ 'ਚ ਪੰਜਾਬੀ ਗਾਇਕੀ ਤੇ ਫਿਲਮਾਂ ਦੇ ਨਾਂ ਹੇਠ ਜਿੰਨਾ ਗੰਦ-ਮੰਦ ਪੇਸ਼ ਕਰ ਕੇ ਅਤੇ ਨਸ਼ਿਆਂ ਦੇ ਦਰਿਆ ਵਗਾ ਕੇ ਜਵਾਨੀ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ, ਉਸ ਵਿਰੁਧ ਕੌਣ ਲੜ ਰਿਹਾ ਹੈ? ਤਾਜ਼ਾ ਵਿਸ਼ਵ ਕਬੱਡੀ ਕੱਪ 'ਚ ਅਸ਼ਲੀਲ ਸਭਿਆਚਾਰ 'ਤੇ ਵਹਾਏ ਕਰੋੜਾਂ ਰੁਪਏ ਇਸ ਦੀ ਮਿਸਾਲ ਹੈ। ਇਹ ਇਸਤਰੀ ਜਾਗ੍ਰਿਤੀ ਮੰਚ ਦੀਆਂ ਕਮਿਊਨਿਸਟ ਬੀਬੀਆਂ ਅਤੇ ਕਿਸਾਨ ਸੰਘਰਸ਼ ਕਮੇਟੀ ਵਾਲੇ ਹੀ ਹਨ ਜਿਨ੍ਹਾਂ ਨੇ ਇਸ ਨਿਘਾਰ ਵਿਰੁਧ ਜੱਦੋਜਹਿਦ ਵਿੱਢੀ ਤੇ ਜਾਰੀ ਰੱਖੀ ਹੋਈ

***ਸ. ਅਜਮੇਰ ਸਿੰਘ ਦੀਆਂ ਕਿਤਾਬਾਂ 'ਤੇ ਚਰਚਾ ਦੇ ਬਹਾਨੇ ਨਹੀਂ (ਜਿਵੇਂ ਟਿੱਪਣੀਕਾਰ ਦਾ ਦਾਅਵਾ ਹੈ), ਸਗੋਂ ਤ੍ਰੈਲੜੀ ਕਿਤਾਬਾਂ ਉਪਰ ਸੰਜੀਦਾ ਵਿਚਾਰ-ਚਰਚਾ ਵਿਚ ਦੋ ਦਰਜਨ ਦੇ ਕਰੀਬ ਲੇਖਕਾਂ ਨੇ ਸ. ਅਜਮੇਰ ਸਿੰਘ ਵਲੋਂ ਕੀਤੇ ਸਿੱਖ ਸਿਆਸਤ ਦੇ ਵਿਸ਼ਲੇਸ਼ਣ, ਕੌਮ ਦੀ ਪਰਿਭਾਸ਼ਾ, ਕੌਮੀ ਸਵਾਲ ਦੇ ਪ੍ਰਸੰਗ 'ਚ ਵੱਖਰੇ ਸਿੱਖ ਰਾਜ ਦੇ ਭਵਿੱਖ, ਭਾਰਤੀ ਰਾਜ ਦੇ ਸੁਭਾਅ ਆਦਿ ਬਾਰੇ ਆਪੋ-ਆਪਣੇ ਵਿਚਾਰ ਖੁੱਲ੍ਹੇ ਮਨ ਨਾਲ ਪੇਸ਼ ਕੀਤੇ ਸਨ। ਇਹ ਬਹਿਸ-ਵਿਚਾਰ ਗੁਰੂ ਸਾਹਿਬਾਨ ਦੀ ਸੰਵਾਦ ਦੀ ਪਰੰਪਰਾ 'ਕਿਛੁ ਸੁਣੀਐ ਕਿਛੁ ਕਹੀਐ' ਅਨੁਸਾਰ ਇਕ ਦੂਜੇ ਤੋਂ ਕੁਝ ਸਿੱਖਣ ਦੀ ਨੇਕ ਭਾਵਨਾ ਤਹਿਤ ਚੱਲੀ ਸੀ। ਇਸ ਪਿੱਛੇ ਕੋਈ ਮੰਦਭਾਵਨਾ ਨਹੀਂ ਸੀ। ਵਿਚਾਰ-ਚਰਚਾ ਦੌਰਾਨ ਜੇ ਭਾਰਤ ਤੋਂ ਅਲਹਿਦਾ ਹੋ ਕੇ ਵੱਖਰੀ ਸਿੱਖ ਪਾਤਿਸ਼ਾਹੀ ਮੁੜ ਸਥਾਪਤ ਕਰਨ ਦੇ ਹਾਮੀਆਂ ਨੇ ਆਪਣਾ ਪੱਖ ਬਾਦਲੀਲ ਤੇ ਧੜੱਲੇ ਨਾਲ ਪੇਸ਼ ਕੀਤਾ ਤਾਂ ਇਸ ਮੱਤ ਨਾਲ ਅਸਹਿਮਤੀ ਰੱਖਣ ਵਾਲਿਆਂ ਨੇ ਵੀ ਆਪਣਾ ਪੱਖ ਬਾਦਲੀਲ, ਤੱਥਾਂ ਸਹਿਤ ਰੱਖਿਆ ਸੀ। ਕਿਸੇ ਨਿਰਣੇ, ਵਿਚਾਰ ਜਾਂ ਸੋਚ ਨਾਲ ਸਹਿਮਤੀ ਜਾਂ ਅਸਹਿਮਤੀ ਹੋਣਾ ਸਹਿਜ ਜਮਹੂਰੀ ਅਮਲ ਹੈ।***

ਹੈ। ਭੋਂਇ ਮਾਫ਼ੀਆ ਵਲੋਂ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਖੋਹਣ ਵਿਰੁਧ ਕੌਣ ਲੜ ਰਿਹਾ ਹੈ? ਕਿੰਨੇ ਕੁ ਸਿੱਖ ਬੁੱਧੀਜੀਵੀਆਂ ਅਤੇ ਸੰਸਥਾਵਾਂ ਨੇ ਸੱਭਿਆਚਾਰਕ ਨਿਘਾਰ, ਨਸ਼ਿਆਂ ਦੇ ਪਸਾਰੇ ਅਤੇ ਕਿਸਾਨੀ ਦੇ ਉਜਾੜੇ ਵਿਰੁਧ ਜਦੋਜਹਿਦ ਦੀ ਪਹਿਲਕਦਮੀ ਕੀਤੀ ਹੈ?

ਟਿੱਪਣੀਕਾਰ ਨੇ ਮਾਰਕਸੀ ਫਲਸਫ਼ੇ ਬਾਰੇ ਵਿਅੰਗ ਕੱਸਿਆ ਹੈ। ਟਿੱਪਣੀਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਜੇ ਭਾਰਤੀ ਰਾਜ ਨੂੰ ਟਿਕਾਊ ਰਾਜਨੀਤਕ ਲਹਿਰ ਵਜੋਂ ਕੋਈ ਗੰਭੀਰ ਚੁਣੌਤੀ ਦਿੱਤੀ ਜਾ ਰਹੀ ਹੈ ਤਾਂ ਉਸ ਫਲਸਫ਼ੇ ਦੇ ਪੈਰੋਕਾਰਾਂ ਵਲੋਂ ਹੀ ਦਿੱਤੀ ਜਾ ਰਹੀ ਹੈ ਜਿਸ ਨੂੰ ਇਹ ਵੀਰ 'ਬਹੁਤ ਕਮਜ਼ੋਰ ਜਿਹੀ, ਥੱਕੀ ਜਹੀ, ਨਿਤਾਣੀ ਜਿਹੀ, ਹੰਭੀ ਜਿਹੀ ਅਤੇ ਮੁਰਦਾ ਜਿਹੀ' ਫਿਲਾਸਫ਼ੀ ਐਲਾਨਦਾ ਹੈ। ਇਸ ਜਾਨਦਾਰ ਕਮਿਊਨਿਸਟ ਹਿੱਸੇ ਨੇ 1967 'ਚ ਰਵਾਇਤੀ ਕਮਿਊਨਿਸਟ ਲੀਡਰਸ਼ਿਪ ਦੇ ਗ਼ੈਰ-ਇਨਕਲਾਬੀ ਅਮਲ ਵਿਰੁਧ ਬਗ਼ਾਵਤ ਕਰ ਕੇ ਨਾ ਸਿਰਫ਼ ਜਾਨ ਹੂਲਵੀਂ ਜੱਦੋਜਹਿਦ 'ਚ ਹਜ਼ਾਰਾਂ ਦੀ ਗਿਣਤੀ 'ਚ ਜਾਨਾਂ ਹੀ ਵਾਰੀਆਂ, ਸਗੋਂ 70ਵਿਆਂ ਦੇ ਸ਼ੁਰੂ ਦੀਆਂ ਗੰਭੀਰ ਗ਼ਲਤੀਆਂ ਦਾ ਆਲੋਚਨਾਤਮਕ ਰਿਵਿਊ ਕਰ ਕੇ ਇਨ੍ਹਾਂ ਨੂੰ ਸੰਜੀਦਗੀ ਨਾਲ ਸੁਧਾਰਿਆ ਵੀ ਅਤੇ ਇਨਸਾਨੀ ਜ਼ਿੰਦਗੀ ਲਈ ਜਿਉਣ ਦੇ ਕਾਬਿਲ ਸਮਾਜ ਸਿਰਜਣ ਦੀ ਜੱਦੋਜਹਿਦ ਨੂੰ ਅਣਥੱਕ ਰੂਪ 'ਚ ਜਾਰੀ ਵੀ ਰੱਖਿਆ ਹੋਇਆ ਹੈ। ਉਨ੍ਹਾਂ ਦੇ ਸੰਜੀਦਾ ਸਵੈ-ਮੁਲੰਕਣ ਜ਼ਰੀਏ ਗ਼ਲਤੀਆਂ ਤੋਂ ਸਿੱਖਣ ਦਾ ਹੀ ਸਿੱਟਾ ਹੈ ਕਿ 'ਹੰਭੀ ਹੋਈ ਫਿਲਾਸਫ਼ੀ' ਦੀ ਰਹਿਨੁਮਾਈ ਵਾਲੀ ਲਹਿਰ ਦੇ ਜ਼ਬਰਦਸਤ ਉਭਾਰ ਨੇ ਹੁਕਮਰਾਨਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ; ਜਿਸ ਨੂੰ ਹੁਕਮਰਾਨ ਮੁਲਕ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਮੰਨਦੇ ਹਨ। ਮੈਂ ਕਿਸੇ ਰਾਜਨੀਤਕ ਪਾਰਟੀ ਦਾ ਮੈਂਬਰ ਨਹੀਂ ਹਾਂ, ਸਿਰਫ਼ ਸਮਾਜੀ ਸਰੋਕਾਰ ਰੱਖਣ ਵਾਲੇ ਇਨਸਾਨ ਵਜੋਂ ਆਪਣੇ ਸਮਾਜ ਦੇ ਵਰਤਾਰਿਆਂ ਨੂੰ ਸਮਝਣ ਦੇ ਗੰਭੀਰ ਯਤਨ ਕਰਦਿਆਂ ਵੱਖ-ਵੱਖ ਮੁੱਦਿਆਂ ਬਾਰੇ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਹਾਂ, ਪਰ ਇਹ ਗੁਜ਼ਾਰਿਸ਼ ਜ਼ਰੂਰ ਕਰਾਂਗਾ ਕਿ ਕਿਸੇ ਫਲਸਫ਼ੇ ਬਾਰੇ ਸਤਹੀ ਫ਼ਿਕਰੇ ਕੱਸ ਕੇ ਤੁਸੀਂ ਮਾਨਸਿਕ ਸਕੂਨ ਤਾਂ ਹਾਸਲ ਕਰ ਸਕਦੇ ਹੋ ਪਰ ਸਮਾਜਕ ਵਰਤਾਰਿਆਂ ਨਾਲ ਇਨਸਾਫ਼ ਨਹੀਂ ਕਰ ਸਕਦੇ। ਤੁਸੀਂ ਕਿਸੇ ਫਲਸਫ਼ੇ ਨੂੰ ਮਹਿਜ਼ ਸੌ ਕੁ ਸਾਲ ਦੇ ਅਰਸੇ ਦੇ ਆਧਾਰ 'ਤੇ ਫੇਲ੍ਹ ਹੋਇਆ ਮਾਰਗ ਐਲਾਨੋਗੇ ਤਾਂ ਇਸ ਤੋਂ ਕਈ ਸਦੀਆਂ ਪਹਿਲਾਂ ਹੋਂਦ 'ਚ ਆਏ ਫਲਸਫ਼ਿਆਂ ਦੇ ਮਾਰਗ ਉਪਰ ਵੀ ਇਹੀ ਸਵਾਲ ਹੂ-ਬ-ਹੂ ਲਾਗੂ ਹੁੰਦੇ ਹਨ। ਕੋਈ ਅਗਾਂਹਵਧੂ ਫਲਸਫ਼ਾ ਐਨਾ ਅਸਾਨੀ ਨਾਲ ਮੁਰਦਾ ਕਰਾਰ ਨਹੀਂ ਦਿੱਤਾ ਜਾ ਸਕਦਾ। ਆਲਮੀ ਸਰਮਾਏਦਾਰੀ ਦੇ ਕੌਮਾਂਤਰੀ ਧਨੰਤਰ ਵਿਦਵਾਨਾਂ ਨੇ ਅਜਿਹੇ ਬਥੇਰੇ ਦਾਅਵੇ ਕੀਤੇ ਸਨ, ਉਨ੍ਹਾਂ ਨੂੰ ਛੇਤੀ ਹੀ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ। ਤੱਥ ਇਹ ਹੈ ਕਿ ਮਾਰਕਸੀ ਫਲਸਫ਼ੇ ਦੇ ਆਧਾਰ 'ਤੇ ਅੱਜ ਵੀ ਜ਼ਬਰਦਸਤ ਲਹਿਰਾਂ ਉਠ ਰਹੀਆਂ ਹਨ। ਭਾਰਤ ਵੱਲ ਹੀ ਨਿਗ੍ਹਾ ਮਾਰ ਲੈਣੀ ਚਾਹੀਦੀ ਹੈ। ਨਕਸਲੀ ਲਹਿਰ ਦੇ ਉਭਾਰ ਅਤੇ ਇਸ ਉਪਰ ਢਾਹੇ ਜਾ ਰਹੇ ਜਬਰ ਬਾਰੇ ਵਿਸ਼ਵ ਪ੍ਰਸਿੱਧ ਸਵੀਡਿਸ਼ ਲੇਖਕ ਜਾਨ ਮਿਰਡਲ, ਬੁੱਕਰ ਇਨਾਮ ਜੇਤੂ ਭਾਰਤੀ ਲੇਖਿਕਾ ਅਰੁੰਧਤੀ ਰਾਏ, ਮਸ਼ਹੂਰ ਚਿੰਤਕ ਤੇ ਜਮਹੂਰੀ ਹੱਕਾਂ ਦੇ ਨਾਮਵਰ ਘੁਲਾਟੀਏ ਗੌਤਮ ਨਵਲੱਖਾ, ਨਾਮਵਰ ਪੱਤਰਕਾਰ ਰਾਹੁਲ ਪੰਡਿਤਾ ਸਮੇਤ ਦਰਜਨ ਦੇ ਕਰੀਬ ਆਜ਼ਾਦ ਲੇਖਕਾਂ/ਚਿੰਤਕਾਂ ਨੇ ਆਲੋਚਨਾਤਮਕ ਨਜ਼ਰੀਏ ਨਾਲ ਕਿਤਾਬਾਂ ਲਿਖੀਆਂ ਹਨ (ਇਨ੍ਹਾਂ ਵਿਚੋਂ ਕਈ ਕਿਤਾਬਾਂ ਅਤੇ ਲੇਖ ਮੈਂ ਖ਼ੁਦ ਪੰਜਾਬੀ 'ਚ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਮੁਹੱਈਆ ਕਰਵਾਏ ਹਨ)। ਇਹ ਕਿਤਾਬਾਂ ਤੁਹਾਨੂੰ 'ਹੰਭੀ ਜਿਹੀ, ਮੁਰਦਾ ਜਿਹੀ' ਫਿਲਾਸਫ਼ੀ ਦੇ ਆਧਾਰ 'ਤੇ ਲੜੇ ਜਾ ਰਹੇ ਸੰਘਰਸ਼ਾਂ ਬਾਰੇ ਚਾਨਣਾ ਪਾ ਸਕਦੀਆਂ ਹਨ।

ਟਿੱਪਣੀਕਾਰ ਨੇ ਜਮਹੂਰੀ ਹੱਕਾਂ ਦੀ ਲਹਿਰ ਤੋਂ ਪ੍ਰੈਕਟੀਕਲ ਜਵਾਬ ਮੰਗਿਆ ਹੈ। ਇਹ ਵੀ ਉਸ ਦੀ ਗ਼ੈਰ-ਸੰਜੀਦਗੀ ਅਤੇ ਜਾਣਕਾਰੀ ਦੀ ਘਾਟ ਦਾ ਨਤੀਜਾ ਹੈ। ਜਵਾਬ ਤਾਂ ਉਸ ਲੇਖ ਦੇ ਵਿਚ ਹੀ ਹੈ। ਜਮਹੂਰੀ ਹੱਕਾਂ ਦੀ ਲਹਿਰ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਕੰਮ ਕਰ ਰਹੀ ਹੈ। ਇਸ ਵਿਚ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀ ਕਮੇਟੀ, ਪੀ.ਯੂ.ਡੀ.ਆਰ. (ਦਿੱਲੀ), ਪੀ.ਯੂ. ਸੀ.ਐਲ, ਕੋਆਰਡੀਨੇਸ਼ਨ ਆਫ ਹਿਊਮਨ ਰਾਈਟਸ (ਮਨੀਪੁਰ), ਮਾਨਵ ਅਧਿਕਾਰ ਸੰਗਰਾਮ ਸਮਿਤੀ (ਆਸਾਮ), ਪੀਪਲਜ਼ ਕਮੇਟੀ ਫਾਰ ਹਿਊਮਨ ਰਾਈਟਸ (ਜੰਮੂ-ਕਸ਼ਮੀਰ) ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ, ਜੰਮੂ-ਕਸ਼ਮੀਰ ਅਤੇ ਉਤਰ-ਪੂਰਬੀ ਰਾਜਾਂ ਦੀਆਂ ਦੋ ਦਰਜਨ ਦੇ ਕਰੀਬ ਜਥੇਬੰਦੀਆਂ ਸ਼ਾਮਲ ਹਨ। ਜਮਹੂਰੀ ਅਧਿਕਾਰ ਸਭਾ, ਪੰਜਾਬ ਇਨ੍ਹਾਂ ਵਿਚੋਂ ਸਿਰਫ਼ ਇਕ ਜਥੇਬੰਦੀ ਹੈ। ਇਹ ਸਾਰੀਆਂ ਜਥੇਬੰਦੀਆਂ ਨਾ ਸਿਰਫ਼ ਟਾਡਾ, ਪੋਟਾ, ਯੂ.ਏ. ਪੀ.ਏ. (ਟਾਡਾ, ਪੋਟਾ ਦੇ ਨਵੇਂ ਰੂਪ), ਦੇਸ਼ਧ੍ਰੋਹ, ਰਾਜ ਵਿਰੁਧ ਜੰਗ ਛੇੜਨ ਵਰਗੀਆਂ ਸੰਵਿਧਾਨਕ ਧਾਰਾਵਾਂ ਵਰਗੇ ਕਾਲੇ ਕਾਨੂੰਨਾਂ ਰਾਹੀਂ ਭਾਰਤ, ਜੰਮੂ-ਕਸ਼ਮੀਰ ਤੇ ਉਤਰ-ਪੂਰਬੀ ਰਾਜਾਂ ਦੇ ਲੋਕਾਂ ਦਾ ਦਮਨ ਕਰਨ ਵਿਰੁਧ ਆਪੋ-ਆਪਣੇ ਪੱਧਰ 'ਤੇ ਲਗਾਤਾਰ ਆਵਾਜ਼ ਉਠਾ ਰਹੀਆਂ ਹਨ, ਸਗੋਂ ਇਕ ਤਾਲਮੇਲ ਕਰਕੇ ਵੀ ਕੰਮ ਰਹੀਆਂ ਹਨ।

ਇਹ ਸਾਰੀਆਂ ਪੰਜਾਬ 'ਚ ਝੂਠੇ ਪੁਲਿਸ ਮੁਕਾਬਲਿਆਂ, ਸਾਕਾ ਨੀਲਾ ਤਾਰਾ ਅਤੇ ਹੋਰ ਦਮਨ ਦਾ ਵਿਰੋਧ ਕਰਦੀਆਂ ਰਹੀਆਂ ਹਨ। ਅਹਿਮ ਫ਼ਰਕ ਇਹ ਹੈ ਕਿ ਇਹ ਜਥੇਬੰਦੀਆਂ ਸਿੱਖ ਮਨੁੱਖੀ ਅਧਿਕਾਰ ਜਥੇਬੰਦੀਆਂ ਵਾਂਗ ਖ਼ਾਲਸਤਾਨੀ ਲਹਿਰ ਵਲੋਂ ਕੀਤੇ ਮਨੁੱਖੀ ਹੱਕਾਂ ਦੇ ਘਾਣ ਨੂੰ ਨਜ਼ਰਅੰਦਾਜ਼ ਨਹੀਂ ਕਰਦੀਆਂ; ਇਸ ਦਾ ਵੀ ਵਿਰੋਧ ਕਰਦੀਆਂ ਹਨ। ਇਹ ਪੀ.ਯੂ.ਡੀ.ਆਰ. ਅਤੇ ਪੀ.ਯੂ. ਸੀ.ਐਲ. ਹੀ ਸਨ ਜਿਨ੍ਹਾਂ ਨੇ 1984 'ਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਇਕ ਹਫ਼ਤੇ ਦੇ ਅੰਦਰ ਹੀ ਅਹਿਮ ਰਿਪੋਰਟ 'ਹੂ ਆਰ ਗਿਲਟੀ' ਤਿਆਰ ਕਰ ਕੇ ਛਾਪੀ ਸੀ (ਜਿਸ ਨੂੰ ਜਮਹੂਰੀ ਅਧਿਕਾਰ ਸਭਾ ਨੇ ਤੁਰੰਤ 'ਦੋਸ਼ੀ ਕੌਣ ਹਨ' ਦੇ ਅਨੁਵਾਦ ਹੇਠ ਪੰਜਾਬੀ 'ਚ ਉਦੋਂ ਦੋ ਵਾਰ ਛਾਪਿਆ। ਇਹ ਜਥੇਬੰਦੀਆਂ ਹੀ ਹਨ ਜੋ ਅੱਜ ਭਾਰਤ, ਜੰਮੂ-ਕਸ਼ਮੀਰ ਤੇ ਉਤਰ-ਪੂਰਬ ਵਿਚ ਯੂ.ਏ.ਪੀ.ਏ., ਅਫਸਪਾ ਵਰਗੇ ਕਾਨੂੰਨਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਘਾਣ ਵਿਰੁਧ ਲਗਾਤਾਰ ਆਵਾਜ਼ ਉਠਾ ਰਹੀਆਂ ਹਨ। ਇਨ੍ਹਾਂ ਵਲੋਂ ਸਾਂਝੇ ਰੂਪ 'ਚ ਤਿਆਰ ਕੀਤੀ ਅਹਿਮ ਰਿਪੋਰਟ 'ਟੈਰਰ ਆਫ ਲਾਅ' ਹਾਲੇ ਕੁਝ ਮਹੀਨੇ ਪਹਿਲਾਂ ਹੀ ਛਪੀ ਹੈ।

ਅੰਤ 'ਚ ਇਹੀ ਗੁਜ਼ਾਰਿਸ਼ ਹੈ ਕਿ ਬੁਖਲਾਹਟ 'ਚ ਆ ਕੇ ਤਲਖ਼ ਟਿੱਪਣੀਆਂ ਕਰਨ ਦੀ ਥਾਂ ਦਲੀਲ ਦਾ ਪੱਲਾ ਫੜਿਆ ਜਾਵੇ; ਪਾਠਕਾਂ ਨੂੰ ਵੀ ਕੁਝ ਸਿੱਖਣ ਨੂੰ ਮਿਲੇਗਾ, ਸੋਚ ਦਾ ਦਾਇਰਾ ਵੀ ਵਿਸ਼ਾਲ ਹੋਵੇਗਾ। ਸਰਬੱਤ ਦੇ ਭਲੇ ਦੀ ਗੱਲ ਵੀ ਫਿਰ ਅੱਗੇ ਵਧ ਸਕੇਗੀ।

ਗੁਰਮਤਿ ਵਿਚਾਰ

# ਮਾਸੁ ਮਾਸੁ ਕਰਿ ਮੂਰਖ ਝਗੜੇ ਗਿਆਨੁ ਧਿਆਨੁ ਨਹੀ ਜਾਣੈ

**ਸੋਹਣ ਸਿੰਘ ਬਿਲਖੂ, ਓਹਾਇਓ**
**ਫੋਨ: 513-546-7246**

ਝਗੜਾ ਇਸੇ ਕਰਕੇ ਹੀ ਹੁੰਦਾ ਹੈ ਕਿ ਜਗਿਆਸੂ ਗਿਆਨ ਤੋਂ ਸੱਖਣਾ ਹੈ। ਭਗਤ ਕਬੀਰ ਦਾ ਸ਼ਲੋਕ ਹੈ,

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ
ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ
ਜਹਾ ਖਿਮਾ ਤਹ ਆਪਿ॥ (ਪੰਨਾ 1364)

ਜਿਥੇ ਗਿਆਨ ਹੈ ਉਥੇ ਧਰਮ ਹੈ। ਧਰਮ ਨਾਂ ਹੈ, ਆਪਣੇ ਫਰਜ਼ ਨੂੰ ਪੂਰਾ ਕਰਨ ਦਾ। ਗੁਰੂ ਗ੍ਰੰਥ ਸਾਹਿਬ ਦਾ ਸਭ ਨੂੰ ਹੁਕਮ ਹੈ, ਝੂਠ ਬੋਲਣਾ ਪਾਪ ਹੈ। ਜਿਸ ਦੇ ਹਿਰਦੇ ਵਿਚ ਵੱਸ ਗਿਆ ਕਿ ਝੂਠ ਬੋਲਣਾ ਪਾਪ ਹੈ, ਉਹ ਕਦੇ ਝੂਠ ਨਹੀਂ ਬੋਲੇਗਾ। ਜੈਸੇ ਚੋਗੇ ਦੇ ਲੋਭ ਪਿਛੇ ਮੱਛੀ ਕੁੰਡੀ ਨੂੰ ਨਿਗਲ ਕੇ ਫਸਦੀ ਤੇ ਮਰਦੀ ਹੈ, ਇਸੇ ਤਰ੍ਹਾਂ ਹੀ ਜਗਿਆਸੂ ਮਾਇਆ ਦੇ ਲੋਭ ਕਰਕੇ ਸੰਸਾਰ ਜਿੱਲ੍ਹਣ ਵਿਚ ਫਸ ਕੇ ਪੁਰਸਾਰਥ ਵੱਲੋਂ ਮਰ ਜਾਂਦੇ ਹਨ। ਜਿਥੇ ਝੂਠ ਨਹੀਂ, ਲੋਭ ਨਹੀਂ ਉਥੇ ਖਿਮਾ ਕਰਨਾ ਵੀ ਸੌਖਾ ਹੋ ਜਾਂਦਾ ਹੈ।

ਸ਼ਬਦ ਗੁਰੂ ਦਾ ਗਿਆਨ ਧਿਆਨ ਨਾ ਹੋਣ ਕਰਕੇ ਹੀ ਝੂਠ, ਲੋਭ ਅਤੇ ਗੁਰੂ ਦੀ ਗੋਲਕ ਦਾ ਲੋਭ (ਜੱਫਾ) ਹੀ ਕਾਰਨ ਬਣਦਾ ਹੈ, ਜਿੰਦਗੀ ਵਿਚ ਅਸ਼ਾਂਤੀ ਅਤੇ ਖੁਆਰੀ ਦਾ। ਇਸ ਕਰਕੇ ਹੀ ਗੁਰੂ ਘਰਾਂ ਵਿਚ ਲੜਾਈਆਂ ਅਤੇ ਮੁਕੱਦਮੇਬਾਜ਼ੀ ਹੁੰਦੀ ਹੈ। ਜ਼ਰੂਰਤ ਹੈ, ਗੁਰੂ ਵਾਲੇ ਬਣਨ ਦੀ (ਖੰਡੇ ਬਾਟੇ ਦੀ ਪਹੁਲ ਲੈਣ ਦੀ), ਬਾਣੀ ਪੜ੍ਹ ਕੇ ਵਿਚਾਰ ਕਰਨ ਦੀ ਅਤੇ ਸਮਝਣ ਦੀ, ਫੇਰ ਨਾਮ ਜਪਣ ਦੀ। ਨਾਮ ਜਪ ਜਪ ਕੇ ਹੀ ਗਿਆਨ ਉਪਜਣਾ ਹੈ।

ਸਿੱਖ ਲਈ ਸ਼ਬਦ ਗੁਰੂ ਤੋਂ ਬਿਨਾਂ ਹੋਰ ਕੋਈ ਗੁਰੂ ਹੋ ਹੀ ਨਹੀਂ ਸਕਦਾ। ਫੇਰ ਕਿਸ ਲਈ ਪਾਖੰਡੀ ਸਾਧਾਂ ਸੰਤਾਂ ਦੇ ਡੇਰਿਆਂ 'ਤੇ ਜੀਵਨ ਬਰਬਾਦ ਕਰਦੇ ਹਾਂ। ਕਿਉਂਕਿ ਗੁਰੂ ਦਾ ਹੁਕਮ ਹਿਰਦੇ ਵਿਚ ਨਹੀਂ ਵਸਿਆ, ਕੋਈ ਗਿਆਨ ਨਹੀਂ ਹੋਇਆ ਇਸ ਕਰਕੇ। ਗੁਰੂ ਦਾ ਸਿੱਖ ਉਹ ਹੀ ਅਖਵਾ ਸਕਦਾ ਹੈ ਜਿਹੜਾ ਗੁਰੂ ਵਾਲਾ ਬਣੇ ਅਤੇ ਗੁਰੂ ਦੀ ਸਿੱਖਿਆ ਆਪਣੇ ਜੀਵਨ ਵਿਚ ਢਾਲੇ। ਭਾਈ ਗੁਰਦਾਸ ਜੀ ਕਹਿੰਦੇ ਹਨ, ਗੁਰ ਦੀਖਿਆ (ਗੁਰਵਾਲਾ) ਲੈ ਸਿਖਿ ਸਿਖੁ ਸਦਾਇਆ।

ਇਸ ਵਿਚਾਰ ਤੋਂ ਸਾਫ ਹੈ ਕਿ ਬਿਨਾ ਗਿਆਨ-ਧਿਆਨ ਤੋਂ ਹੀ ਘਰੇਲੂ, ਸਮਾਜਕ ਅਤੇ ਮਾਸ ਮਾਸ ਕਰ ਮੂਰਖ, ਝਗੜਦੇ ਹਨ। ਮਾਸ ਖਾਣ ਜਾਂ ਨਾ ਖਾਣ ਬਾਰੇ ਗੁਰੂ ਦੇ ਸ਼ਬਦ ਦੀ ਵਿਚਾਰ ਤਾਂ ਕਰਨੀ ਜ਼ਰੂਰੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਨਹੀਂ ਲਿਖਿਆ ਹੋਇਆ ਕਿ ਮਾਸ ਨਹੀਂ ਖਾਣਾ। ਮਾਸ ਨਾ ਖਾਣ ਬਾਰੇ ਜਿਹੜੇ ਲਿਖਾਰੀਆਂ ਨੇ ਕਿਤਾਬਾਂ ਲਿਖੀਆਂ ਹਨ, ਉਨ੍ਹਾਂ ਨੂੰ ਗੁਰੂ ਦੇ ਸ਼ਰਦ ਦਾ ਗਿਆਨ-ਧਿਆਨ ਨਹੀਂ ਹੋਇਆ। ਆਪਣੀ ਮਨਮਤ ਨਾਲ ਅਰਥ ਕੱਢ ਦਿੱਤੇ। ਆਉ, ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਭਾਈ, ਮਾਸ ਮਾਸ ਕਰ ਕੇ ਝਗੜਨ ਦੀ ਕੋਈ ਲੋੜ ਨਹੀਂ। ਦਿਲ ਕਰਦਾ ਹੈ ਖਾਉ, ਨਹੀਂ ਦਿਲ ਕਰਦਾ, ਨਾ ਖਾਉ। ਗੁਰਵਾਕ ਹੈ,

ਬਾਬਾ ਹੋਰੁ ਖਾਣਾ ਖੁਸੀ ਖੁਆਰ॥
ਜਿਤ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥ (ਪੰਨਾ 16)

ਹੇ ਭਾਈ! ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ (ਭੀ ਕਈ) ਮੰਦੇ ਖਿਆਲ ਆ ਜਾਂਦੇ ਹਨ, ਉਨ੍ਹਾਂ ਪਦਾਰਥਾਂ ਨੂੰ ਖਾਣ ਨਾਲ ਖੁਆਰ ਹੋਈਦਾ ਹੈ। ਉਹ ਪਦਾਰਥ ਨਹੀਂ ਖਾਣੇ ਚਾਹੀਦੇ। ਗੁਰਵਾਕ ਹੈ,

ਰਸੁ ਸੁਇਨਾ ਰਸੁ ਰੁਪਾ
ਕਾਮਣਿ ਰਸੁ ਪਰਮਲ ਕੀ ਵਾਸੁ॥
ਰੁਸ ਘੋੜੇ ਰਸੁ ਸੇਜਾ ਮੰਦਰ
ਰੁਸ ਮੀਠਾ ਰੁਸ ਮਾਸੁ॥
ਏਤੇ ਰਸ ਸਰੀਰ ਕੇ
ਕੈ ਘਟਿ ਨਾਮ ਨਿਵਾਸੁ॥ (ਪੰਨਾ 15)

ਭਾਵ ਸੋਨਾ ਚਾਂਦੀ (ਇਕੱਠਾ ਕਰਨ) ਦਾ ਚਸਕਾ ਇਸਤਰੀ (ਭਾਵ, ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ (ਦੀ ਸਵਾਰੀ) ਦਾ ਸ਼ੌਕ, (ਨਰਮ ਨਰਮ) ਸੇਜਾਂ ਤੇ (ਸੋਹਣੇ) ਮਹਿਲ-ਮਾੜੀਆਂ ਦੀ ਲਾਲਸਾ, (ਸੁਆਦਲੇ) ਮਿੱਠੇ ਪਦਾਰਥ ਤੇ ਮਾਸ (ਖਾਣ) ਦਾ ਚਸਕਾ-ਜੇ ਮਨੁੱਖਾ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ? ਗੁਰੂ ਉਪਦੇਸ਼ ਤੋਂ ਸਾਫ ਜ਼ਾਹਰ ਹੈ ਕਿ ਮਾਸ ਵੀ ਬਾਕੀ ਪਦਾਰਥਾਂ ਦੀ ਤਰ੍ਹਾਂ ਇਕ ਖਾਣ ਵਾਲਾ ਪਦਾਰਥ ਹੈ। ਗੁਰਵਾਕ ਹੈ,

ਮਹਲਾ ਪਹਿਲਾ॥
ਕਿਆ ਖਾਧੈ ਕਿਆ ਪੈਧੈ ਹੋਇ॥
ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ
ਕਿਆ ਮੈਦਾ ਕਿਆ ਮਾਸ॥
ਕਿਆ ਕਪੜ ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ
ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ
ਸਭੇ ਟੋਲ ਵਿਣਾਸੁ॥ (ਪੰਨਾ 461)

ਭਾਵ (ਜਿਸ ਪ੍ਰਭੂ ਨੇ ਸਾਰੇ ਸੋਹਣੇ ਪਦਾਰਥ ਦਿੱਤੇ ਹਨ) ਜੇ ਉਹ ਸੱਚਾ ਪ੍ਰਭੂ ਹਿਰਦੇ ਵਿਚ ਨਹੀਂ ਵੱਸਦਾ ਤਾਂ (ਸੋਹਣੇ ਭੋਜਨ) ਖਾਣ ਤੇ (ਸੋਹਣੇ ਕੱਪੜੇ) ਹੰਢਾਉਣ ਦਾ ਕੀ ਲਾਭ ਹੈ? ਕੀ ਹੋਇਆ ਜੇ ਮੇਵੇ, ਘਿਓ, ਮਿੱਠਾ ਗੁੜ, ਮੈਦਾ ਤੇ ਮਾਸ ਆਦਿਕ ਪਦਾਰਥ ਵਰਤੇ? ਕੀ ਹੋਇਆ ਜੇ (ਸੋਹਣੇ) ਕੱਪੜੇ ਤੇ ਸੌਖੀ ਸੇਜ ਮਿਲ ਗਈ ਤੇ ਜੇ ਮੌਜਾਂ ਮਾਣ ਲਈਆਂ? ਤਾਂ ਕੀ ਬਣ ਗਿਆ ਜੇ ਫੌਜ, ਚੋਬਦਾਰ, ਚੌਰੀ ਦਰਬਾਰ ਮਿਲ ਗਏ ਤੇ ਮਹਿਲਾਂ ਵਿਚ ਵਾਸ ਨਸੀਬ ਹੋਇਆ? ਗੁਰਵਾਕ ਹੈ,

ਪਹਿਲਾਂ ਮਾਸਹੁ ਨਿੰਮਿਆ
ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ
ਮਿਲਿਆ ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ
ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ
ਕੀ ਮਾਸੈ ਅੰਦਰਿ ਮਾਸੁ॥
ਵਡਾ ਹੋਇਆ ਵੀਆਹਿਆ
ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੂ ਉਪਜੈ
ਮਾਸਹੁ ਸਪੈ ਸਾਕੁ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ
ਤਾਂ ਕੋ ਆਵੈ ਰਾਸਿ॥
ਆਪਿ ਛੁਟੇ ਨਹ ਛੁਟੀਐ
ਨਾਨਕ ਬਚਨਿ ਬਿਣਾਸੁ॥ (ਪੰਨਾ 1289)

ਭਾਵ ਸਭ ਤੋਂ ਪਹਿਲਾਂ ਮਾਸ (ਭਾਵ, ਪਿਤਾ ਦੇ ਵੀਰਜ) ਤੋਂ ਹੀ (ਜੀ ਦੀ ਹਸਤ ਦਾ) ਮੁੱਢ ਬੱਝਦਾ ਹੈ, (ਫਿਰ) ਮਾਸ (ਭਾਵ, ਮਾਂ ਦੇ ਪੇਟ) ਵਿਚ ਹੀ ਇਸ ਦਾ ਵਸੇਬਾ ਹੁੰਦਾ ਹੈ; ਜਦੋਂ (ਪੁਤਲੇ ਵਿਚ) ਜਾਨ ਪੈਂਦੀ ਹੈ ਤਾਂ ਜੀਭ ਰੂਪ ਮਾਸ ਮੂੰਹ ਵਿਚ ਮਿਲਦਾ ਹੈ (ਇਹਦੇ ਸਰੀਰ ਦੀ ਸਾਰੀ ਹੀ ਘਾੜਤ) ਹੱਡ ਚੰਮ ਸਰੀਰ ਸਭ ਕੁਝ ਮਾਸ (ਹੀ ਬਣਦਾ ਹੈ)

ਜਦੋਂ (ਮਾਂ ਦੇ ਪੇਟ ਰੂਪ) ਮਾਸ ਵਿਚੋਂ ਬਹਰ ਭੇਜਿਆ ਜਾਂਦਾ ਹੈ ਤਾਂ ਭੀ ਮੰਮਾ (ਰੂਪ) ਮਾਸ ਖੁਰਾਕ ਮਿਲਦੀ ਹੈ; ਇਸ ਦਾ ਮੂੰਹ ਭੀ ਮਾਸ ਦਾ ਹੈ, ਜੀਭ ਭੀ ਮਾਸ ਦੀ ਹੈ। ਮਾਸ ਵਿਚ ਸਾਹ ਲੈਂਦਾ ਹੈ। ਜਦੋਂ ਜੁਆਨ ਹੁੰਦਾ ਹੈ ਤੇ ਵਿਆਹਿਆ ਜਾਂਦਾ ਹੈ ਤਾਂ ਭੀ (ਇਸਤਰੀ ਰੂਪ) ਮਾਸ ਹੀ ਘਰ ਲੈ ਆਉਂਦਾ ਹੈ? (ਫਿਰ) ਮਾਸ ਤੋਂ ਹੀ (ਬੱਚਾ ਰੂਪ) ਮਾਸ ਜੰਮਦਾ ਹੈ; (ਸੋ ਜਗਤ ਦਾ ਸਾਰਾ) ਸਾਕ ਸਬੰਧ ਮਾਸ ਤੋਂ ਹੀ ਹੈ। ਮਾਸ ਖਾਣ ਜਾਂ ਨਾ ਖਾਣ ਦਾ ਨਿਰਣਾ ਸਮਝਣਾ ਬਹੁਤ ਜ਼ਰੂਰੀ ਹੈ। ਜੇ ਸਤਿਗੁਰੂ ਮਿਲ ਪਏ ਤੇ ਪ੍ਰਭੂ ਦੀ ਰਜ਼ਾ ਸਮਝੀਏ ਤਾਂ ਜੀਵ (ਦਾ ਜਗਤ ਵਿਚ ਆਉਣਾ) ਸਫਲ ਹੁੰਦਾ ਹੈ (ਨਹੀਂ ਤਾਂ ਜੀਵ ਨੂੰ ਮਾਸ ਨਾਲ ਜੰਮਣ ਤੋਂ ਲੈ ਕੇ ਮਰਨ ਤਕ ਇਤਨਾ ਡੂੰਘਾ ਵਾਸਤਾ ਪੈਂਦਾ ਹੈ ਕਿ) ਆਪਣੇ ਜ਼ੋਰ ਨਾਲ ਇਸ ਤੋਂ ਬਚਿਆ ਨਹੀਂ ਜਾ ਸਕਦਾ। ਹੇ ਨਾਨਕ! (ਇਸ ਕਿਸਮ ਦੀ) ਚਰਚਾ ਨਾਲ (ਨਿਰੀ) ਹਾਨੀ ਹੀ ਹੁੰਦੀ ਹੈ। ਗੁਰਵਾਕ ਹੈ,

ਮਾਸੁ ਮਾਸੁ ਕਰਿ ਮੂਰਖ ਝਗੜੈ
ਗਿਆਨੁ ਧਿਆਨੁ ਨਹੀਂ ਜਾਣੈ॥
ਕਾਉਨੁ ਮਾਸੁ ਕਉਨੁ ਸਾਗੁ ਕਹਾਵੈ
ਕਿਸ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ
ਦੇਵਤਿਆਂ ਕੀ ਬਾਣੈ॥....
ਬਾਹਰ ਕਾ ਮਾਸੁ ਮੰਦਾ ਸੁਆਮੀ
ਘਰ ਕਾ ਮਾਸੁ ਚੰਗੇਰਾ।

ਭਾਵ (ਆਪਣੇ ਵਲੋਂ ਮਾਸ ਦਾ ਤਿਆਗੀ) ਮੂਰਖ (ਪੰਡਿਤ) ਮਾਸ ਮਾਸ ਆਖ ਕੇ ਚਰਚਾ ਕਰਦਾ ਹੈ, ਪਰ ਨਾ ਇਹਨੂੰ ਆਤਮਿਕ ਜੀਵਨ ਦੀ ਸਮਝ, ਨਾ ਹੀ ਸੁਰਤਿ ਹੈ (ਨਹੀਂ ਤਾਂ ਇਹ ਗਹੁ ਨਾਲ ਵਿਚਾਰ ਕਿ) ਮਾਸ ਤੇ ਸਾਗ ਵਿਚ ਕੀ ਫਰਕ ਹੈ, ਤੇ ਕਿਸ ਦੇ ਖਾਣ ਵਿਚ ਪਾਪ ਹੈ। (ਪੁਰਾਣੇ ਸਮੇਂ ਵਿਚ ਭੀ, ਲੋਕ) ਦੇਵਤਿਆਂ ਦੇ ਸੁਭਾਉ ਅਨੁਸਾਰ (ਭਾਵ ਦੇਵਤਿਆਂ ਨੂੰ ਖੁਸ਼ ਕਰਨ ਲਈ) ਗੈਂਡਾ ਮਾਰ ਕੇ ਹੋਮ ਤੇ ਜੱਗ ਕਰਦੇ ਸਨ।

ਇਥੇ ਗੁਰੂ ਜੀ ਪੰਡਿਤ ਨੂੰ ਪੁੱਛਦੇ ਹਨ ਕਿ ਬਾਹਰੋਂ ਲਿਆਂਦਾ ਹੋਆ ਮਾਸ ਕਿਉਂ ਮੰਦਾ ਹੈ, ਘਰ ਦਾ ਮਾਸ ਕਿਉਂ ਚੰਗਾ ਹੈ? ਗੁਰੂ ਉਪਦੇਸ਼ ਮੁਤਾਬਕ ਬਾਹਰ ਦਾ ਮਾਸ ਅਤੇ ਘਰ ਦੇ ਮਾਸ ਵਿਚ ਕੋਈ ਫਰਕ ਨਹੀਂ ਹੈ। ਤਾਂ ਤੇ ਜਿਸ ਦਾ ਜੀ ਕਰਦਾ ਖਾਉ, ਜਿਸ ਦਾ ਜੀ ਨਹੀਂ ਕਰਦਾ ਨਾ ਖਾਉ। ਗੈਂਡਾ ਮਾਰ ਕੇ ਤਾਂ ਇਕ ਜਿੰਦ ਜਾਂਦੀ ਹੈ ਅਤੇ ਸਾਰਾ ਜੱਗ ਹੋ ਜਾਂਦਾ ਹੈ। ਸਾਗ ਅਤੇ ਹੋਰ ਹਰੀਆਂ ਸਬਜ਼ੀਆਂ ਵਿਚ ਇਕ ਤੋਂ ਵਧ ਜੀਵ ਹੁੰਦੇ ਹਨ। ਹਰ ਜੀਵ ਵਿਚ ਜਿੰਦ ਹੈ। ਪਤਾ ਨਹੀਂ ਆਪਾਂ ਸਾਰੇ ਕਿੰਨੇ ਜੀਆਂ ਦਾ ਰੋਜ਼ ਮਾਸ ਖਾਂਦੇ ਹਾਂ। ਗੁਰਵਾਕ ਹੈ,

ਗੋਹੇ ਅਤੈ ਲਕੜੀ ਅੰਦਰਿ ਕੀਤਾ ਹੋਇ॥
ਜੇਤੇ ਦਾਣੇ ਅਨਿ ਕੇ ਜੀਆ ਬਾਝੁ ਨ ਕੋਇ॥
(ਪੰਨਾ 472)

ਭਾਵ ਸਾਫ ਹੈ। ਗੋਹੇ ਤੇ ਲਕੜੀ ਦੇ ਅੰਦਰ ਵੀ ਕੀੜੇ ਹੁੰਦੇ ਹਨ, ਅੰਨ ਦੇ ਜਿਤਨੇ ਭੀ ਦਾਣੇ ਹਨ, ਕੋਈ ਦਾਣਾ ਵੀ ਜੀਵ ਤੋਂ ਬਿਨਾਂ ਨਹੀਂ ਹੈ। ਜਦੋਂ ਰਸੋਈ ਵਿਚ ਗੋਹਾ ਤੇ ਲਕੜੀ ਜਲਦੇ ਹਨ, ਪਤਾ ਨਹੀਂ ਕਿੰਨੇ ਜੀਵਾਂ ਦੀ ਹੱਤਿਆ ਹੋ ਜਾਂਦੀ ਹੈ। ਜਦੋਂ ਅੰਨ ਤੋਂ ਪਕਵਾਨ ਬਣਦਾ ਕੇ ਖਾਂਦੇ ਹਾਂ ਤਾਂ ਪਤਾ ਨਹੀਂ ਕਿੰਨੇ ਜੀਵ ਖਾ ਜਾਂਦੇ ਹਾਂ। ਵਿਚਾਰ ਲਵੋ ਭਾਈ। ਗੁਰਵਾਕ ਹੈ,

ਕਬੀਰ ਭਾਗ ਮਛੁਲੀ ਸੁਰਾਪਾਨਿ
ਜੋ ਜੋ ਪ੍ਰਾਣੀ ਖਾਹਿ॥
ਤੀਰਥ ਬਰਤ ਨੇਮ ਕੀਏ ਤੇ
ਸਭ ਰਸਾਤਲ ਜਾਹਿ॥ (ਪੰਨਾ 1377)

ਇਥੇ ਵਿਚਾਰ ਦੀ ਲੋੜ ਹੈ, ਪੂਰਨ ਗੁਰੂ ਗ੍ਰੰਥ ਸਾਹਿਬ ਨੇ ਮਾਸ ਨੂੰ ਬਾਕੀ ਖਾਣ ਵਾਲੇ ਪਦਾਰਥਾਂ ਬਰਾਬਰ ਹੀ ਮੰਨਿਆ ਹੈ। ਮੱਛੀ ਜਾਂ ਮਾਸ ਖਾਣ ਨਾਲ ਤੀਰਥ, ਬਰਤ ਅਤੇ ਨੇਮ (ਨਿਯਮ) ਨਰਕ (ਰਸਾਤਲ) ਵਿਚ ਨਹੀਂ ਜਾਂਦੇ। ਇਹ ਭੰਗ ਤੇ ਸਰਾਬ (ਸੁਰਾਪਾਨਿ) ਜਾਂ ਕੋਈ ਹੋਰ ਭੀ ਨਸ਼ਾ ਹੋਵੇ। ਇਨ੍ਹਾਂ ਨਾਲ (ਤੀਰਥ, ਬਰਤ ਅਤੇ ਨਿਯਮ) ਨਰਕ ਵਿਚ ਜਾਂਦੇ ਹਨ। ਕਿਉਂਕਿ ਇਨ੍ਹਾਂ ਨਸ਼ਿਆਂ ਨਾਲ ਦਿਮਾਗ ਦਾ ਸੰਤੁਲਨ ਖਰਾਬ ਹੋ ਜਾਂਦਾ ਹੈ, ਸੋਚ ਭੈੜੀ ਹੋ ਜਾਂਦੀ ਹੈ। ਇਨਸਾਨ, ਕਈ ਵਾਰ ਤਾਂ ਹੈਵਾਨਾਂ ਵਾਲੇ ਕੰਮ ਵੀ ਕਰ ਜਾਂਦਾ ਹੈ। ਗੁਰੂ ਉਪਦੇਸ਼ਾਂ ਤੋਂ ਸਾਫ ਜ਼ਾਹਰ ਹੈ ਕਿ ਨਾ ਹੀ ਮਾਸ ਖਾਣ ਨਾਲ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਮਾਸ ਨਾ ਖਾਣ ਨਾਲ।

ਕਈ ਲਿਖਾਰੀਆਂ ਨੇ ਮਾਸ ਨਾ ਖਾਣ 'ਤੇ ਕਿਤਾਬਾਂ ਲਿਖ ਕੇ ਗੁਰਬਾਣੀ ਦੇ ਗਲਤ ਅਤੇ ਮਨਮਤਿ ਨਾਲ ਅਰਥ ਕਰਕੇ ਗਲਤ ਪ੍ਰਚਾਰ ਕੀਤਾ ਅਤੇ ਕਰ ਰਹੇ ਹਨ। ਕਈ ਪ੍ਰਾਣੀ ਜਿਹੜੇ ਮਾਸ ਖਾਂਦੇ ਹਨ, ਮਾਸ ਨਾ ਖਾਣ ਦੇ ਪ੍ਰਚਾਰ ਕਾਰਨ ਅੰਮ੍ਰਿਤ ਤੋਂ ਵਾਂਝੇ ਰਹਿ ਜਾਂਦੇ ਹਨ।

ਆਉ, ਵਿਚਾਰ ਕਰੀਏ, ਵਾਹਿਗੁਰੂ ਨੂੰ ਕਿਵੇਂ ਪਾਈਏ। ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸਣਾ ਹੀ ਵਾਹਿਗੁਰੂ ਨੂੰ ਪਾਉਣਾ ਹੈ। ਨਾਮ ਹਿਰਦੇ ਵਿਚ ਕਿਉਂ ਨਹੀਂ ਵਸਦਾ? ਗੁਰਵਾਕ ਹੈ,

ਖੋਟ ਨ ਕੀਚਈ ਪ੍ਰਭ ਪਰਖਣਹਾਰਾ॥
ਕੂੜ ਕਪਟੁ ਕਮਾਵਦੜੇ ਜਨਮਹਿ ਸੰਸਾਰਾ॥
ਸੰਸਾਰੁ ਸਾਗਰੁ ਤਿਨੀ ਤਰਿਆ
ਜਿਨੀ ਏਕ ਧਿਆਇਆ॥
ਤਜਿ ਕਾਮੁ ਕ੍ਰੋਧ ਅਨਿੰਦ ਨਿੰਦਾ
ਪ੍ਰਭ ਸਰਣਾਈ ਆਇਆ॥

ਭਾਵ ਹੇ ਭਾਈ! ਕਦੇ ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ, ਪਰਮਾਤਮਾ ਖਰੇ ਖੋਟੇ ਦੀ ਪਛਾਣ ਕਰਨ ਦੇ ਸਮਰਥ ਹੈ। ਜਿਹੜੇ ਮਨੁੱਖ ਹੋਰਨਾਂ ਨੂੰ ਠੱਗਣ ਵਾਸਤੇ ਝੂਠ ਬੋਲਦੇ ਹਨ, ਉਹ ਸੰਸਾਰ ਵਿਚ ਮੁੜ ਮੁੜ ਜੰਮਦੇ (ਮਰਦੇ) ਹਨ। ਜਿਨ੍ਹਾਂ ਮਨੁੱਖਾਂ ਨੇ ਇਕ ਪਰਮਾਤਮਾ ਦਾ ਸਿਮਰਨ ਕੀਤਾ ਹੈ, ਕਾਮ, ਕਰੋਧ ਤਿਆਗ ਕੇ ਭਲਿਆਂ ਦੀ ਨਿੰਦਾ ਛੱਡ ਕੇ ਪ੍ਰਭੂ ਦੀ ਸਰਨ (ਗੁਰੂ ਵਾਲੇ ਬਣ ਕੇ) ਆ ਗਏ ਹਨ, ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ। ਹਉਮੈ, ਖੋਟ (ਧੋਖਾ), ਕੂੜ ਕਪਟ (ਝੂਠ ਬੋਲਣਾ), ਕਾਮ, ਕਰੋਧ, ਨਿੰਦਾ ਤੇ ਚੁਗਲੀ ਦੀ ਹੀ ਕੂੜ ਦੀ ਕੰਧ ਇਨਸਾਨ ਅਤੇ ਵਾਹਿਗੁਰੂ ਵਿਚਕਾਰ ਖੜੀ ਹੈ। ਇਸ ਨੂੰ ਕਿਵੇਂ ਤੋੜਿਆ ਜਾਵੇ? ਗੁਰਵਾਕ ਹੈ,

ਮਨ ਹਠਿ ਕਿਨੈ ਨਾ ਪਾਇਓ
ਸਭ ਥਕੇ ਕਰਮ ਕਮਾਇ॥ (ਪੰਨਾ 583)

ਇਹ ਕੂੜ ਦੀ ਕੰਧ ਹਜ਼ਾਰਾਂ ਸਿਆਣਪਾਂ ਤੇ ਲੱਖਾਂ ਚਤੁਰਾਈਆਂ ਨਾਲ ਨਹੀਂ ਤੋੜੀ ਜਾ ਸਕਦੀ। ਗੁਰਵਾਕ ਹੈ, "ਸਹਸ ਸਿਆਣਪਾ ਲਖ ਹੋਹਿ ਤ ਇਕ ਨਾ ਚਲੇ ਨਾਲਿ॥" ਫਿਰ ਕੂੜ ਦੀ ਕੰਧ ਕਿਵੇਂ ਤੁਟੈ? ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੋ। ਗੁਰੂ ਕੀ ਬਾਣੀ ਪੜੋ ਅਤੇ ਵਿਚਾਰੋ। ਹੁਣ ਸਤਿਗੁਰੂ ਗ੍ਰੰਥ ਸਾਹਿਬ ਕੋਲ ਅਰਦਾਸ ਕਰੋ, ਸੱਚੇ ਪਾਤਸ਼ਾਹ ਮੈਨੂੰ ਗੁਰੁਬਾਣੀ ਦੀ ਸਮਝ (ਗਿਆਨ) ਬਖਸ਼ੋ। ਆਪਣਾ ਨਾਮ ਆਪ ਜਪਾਵੋ। ਗੁਰਵਾਕ ਹੈ,

ਸਤਿਗੁਰੂ ਸਦਾ ਦਇਆਲੁ
ਹੈ ਭਾਈ ਵਿਣੁ ਭਾਗਾ ਕਿਆ ਪਾਈਐ॥
ਏਕ ਨਦਰਿ ਕਰਿ ਵੇਖੈ ਸਭ ਊਪਰਿ
ਜੇਹਾ ਭਾਉ ਤੇਹਾ ਫਲੁ ਪਾਈਐ॥
(ਪੰਨਾ 601)

ਭਾਵ ਗੁਰੂ ਹਰ ਵਕਤ ਦਇਆਵਾਨ ਹੈ, ਜੇ ਕਿਸਮਤ ਵਿਚ ਨਾ ਹੋਵੇ ਤਾਂ ਕਿਵੇਂ ਮਿਲੇ? ਗੁਰੂ ਸਭਨਾਂ ਨੂੰ ਪਿਆਰ ਦੀ ਇਕੋ ਨਿਗਾਹ ਨਾਲ ਵੇਖਦਾ ਹੈ। ਜਿਸ ਭਾਵਨਾ, ਨੀਅਤ ਨਾਲ ਅਰਦਾਸ ਕਰਾਂਗੇ ਉਸ ਤਰ੍ਹਾਂ ਦਾ ਹੀ ਫਲ ਮਿਲ ਜਾਂਦਾ ਹੈ। ਗੁਰੂ ਨਾਨਕ ਦੇ ਦਰ ਤੋਂ ਕੋਈ ਖਾਲੀ ਨਹੀਂ ਜਾਂਦਾ। ਨਾਮ ਸਿਮਰਨ ਨਾਲ ਹੀ ਗੁਰਮਤਿ ਦੇ ਗੁਣ ਉਪਜਣੇ ਹਨ ਅਤੇ ਕੂੜ ਦੀ ਪਾਲ (ਕੰਧ) ਦੂਰ ਹੋਣੀ ਹੈ। ਨਾਮ ਸਿਮਰਨ ਨਾਲ ਹੀ ਹਿਰਦੇ ਵਿਚ ਵਸਣਾ ਹੈ। ਤਾਂ ਹੀ ਪਰਮਾਨੰਦ ਨੂੰ ਪਾਈਦਾ ਅਤੇ ਮਾਣੀ ਦਾ ਹੈ।

ਧਿਆਨਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਗੁਰਮਤਿ ਦੇ ਸਿਧਾਂਤ ਦੀ ਵਿਚਾਰਧਾਰਾ ਇਕ ਸਾਰ ਹੈ। ਜਿਵੇਂ ਹਊਮੈ, ਕਾਮ, ਕਰੋਧ, ਚੁਗਲੀ, ਨਿੰਦਾ ਆਦਿ ਵਿਕਾਰਾਂ ਦਾ ਇਕਸਾਰ ਖੰਡਨ ਕੀਤਾ। ਕਿਤੇ ਢਿੱਲ ਨਹੀਂ ਵਰਤੀ। ਇਸੇ ਤਰ੍ਹਾਂ ਸਾਰੀ ਗੁਰਬਾਣੀ ਵਿਚ ਖਾਣ ਪੀਣ ਵਾਲੇ ਪਦਾਰਥਾਂ ਦੇ ਚਸਕਿਆਂ, ਸੋਨੇ-ਚਾਂਦੀ ਆਦਿ ਪਦਾਰਥ ਇਕੱਠੇ ਕਰਨ ਦੀ ਲਾਲਸਾ ਦਾ ਇਕਸਾਰ ਖੰਡਨ ਕੀਤਾ ਹੈ। ਕਿਉਂਕਿ ਇਹ ਸਾਰੇ ਵਿਚਾਰ ਨਾਮ ਜਪਣ ਵਿਚ ਰੁਕਾਵਟ ਪਾਉਂਦੇ ਹਨ। ਵਾਹਿਗੁਰੂ ਦੇ ਨਾਮ ਸਿਮਰਨ ਨਾਲ ਦੈਵੀ ਗੁਣ ਉਪਜਣੇ ਹਨ ਅਤੇ ਪਰਮਾਨੰਦ ਦੀ ਪ੍ਰਾਪਤੀ ਹੋਣੀ ਹੈ।

## ਸੰਪਾਦਕ ਦੀ ਡਾਕ

# ‘ਪੰਜਾਬ ਟਾਈਮਜ਼’ ਨੇ ਬਹਿਸ ਵਾਲਾ ਮਾਹੌਲ ਸਿਰਜਿਆ

**ਪਿਆਰੇ ਅਮੋਲਕ,**

ਪਿਛਲੇ ਛੇ ਸਾਲਾਂ ਤੋਂ ਅਮਰੀਕਾ ਆਉਂਦੇ-ਜਾਂਦੇ ਰਹਿਣ ਕਾਰਨ ਟੁੱਟਵੇਂ ਜਿਹੇ ਰੂਪ ਵਿਚ ‘ਪੰਜਾਬ ਟਾਈਮਜ਼’ ਨਾਲ ਜੁੜਿਆ ਰਿਹਾ ਹਾਂ। ਮੇਰਾ ਪ੍ਰਭਾਵ ਹੈ ਕਿ ‘ਪੰਜਾਬ ਟਾਈਮਜ਼’ ਪੰਜਾਬੀ ਭਾਈਚਾਰੇ ਦੀ ਸਾਰਥਕ ਨੁਮਾਇੰਦਗੀ ਕਰਦਾ ਹੈ। ਪੰਜਾਬ ਅਤੇ ਭਾਰਤ ਬਾਰੇ ਖ਼ਬਰਾਂ ਨਵੀਂ ਛੋਹ ਦੇ ਕੇ ਨਿਵੇਕਲੀ ਸਮੀਖਿਆ ਸਮੇਤ ਪੇਸ਼ ਕੀਤੀਆਂ ਹੁੰਦੀਆਂ ਹਨ। ਅਜਿਹੀ ਪਹੁੰਚ ਕਾਰਨ ਖ਼ਬਰਾਂ ਦੀ ਪੁਣ-ਛਾਣ ਤਾਂ ਹੋ ਹੀ ਜਾਂਦੀ ਹੈ, ਪੱਤਰਕਾਰੀ ਦਾ ਅਨੁਭਵੀ ਰੰਗ ਵੀ ਸਾਹਮਣੇ ਆਉਂਦਾ ਹੈ। ਪਰਚੇ ਦੀ ਪੜ੍ਹਨ ਸਮੱਗਰੀ ਦੀ ਵੰਨ-ਸੁਵੰਨਤਾ ਹਰ ਤਰ੍ਹਾਂ ਦੇ ਪਾਠਕ ਦੀ ਲੋੜ ਪੂਰੀ ਕਰਦੀ ਹੈ। ਹੋ ਸਕਦਾ ਹੈ ਕਿ ਤੁਹਾਡੇ ‘ਪੰਜਾਬੀ ਟ੍ਰਿਬਿਊਨ’ ਵਾਲੇ ਤਜਰਬਿਆਂ ਦਾ ਅਚੇਤ ਹੀ ਕੁਝ ਹਿੱਸਾ ਇਸ ਵਿਚ ਹੋਵੇ; ਉਂਜ, ਇਹ ਹਕੀਕਤ ਹੈ ਕਿ ਇਸ ਅਖਬਾਰ ਦੀ ਪੱਤਰਕਾਰੀ ਵਿਚ ਮੌਲਿਕਤਾ ਜ਼ਰੂਰ ਹੈ। ਇਹੀ ਕਾਰਨ ਹੈ ਕਿ ਪੱਛਮੀ ਦੇਸ਼ਾਂ ਵਿਚ ਪ੍ਰਕਾਸ਼ਤ ਹੁੰਦੀਆਂ ਅਖ਼ਬਾਰਾਂ ਵਿਚ ਇਹ ਨੰਬਰ ਇਕ ਹੈ।

ਮੰਟੋ ਜਿਹੇ ਮਹਾਨ ਕਥਾਕਾਰ ਨੂੰ ਪੇਸ਼ ਕਰਦਿਆਂ ਇਸ ਨੇ ਅਜਿਹੇ ਸੰਵੇਦਨਸ਼ੀਲ ਚਿੰਤਕ ਨਾਲ ਪਾਠਕਾਂ ਦੀ ਸਾਂਝ ਬਣਾਈ ਹੈ ਜਿਸ ਨੇ ਪੰਜਾਬੀ ਭਾਈਚਾਰੇ ਦੇ ਨਕਸ਼ਾਂ ਦੇ ਵਿਸਰ ਜਾਣ ਦੀ ਪੀੜ ਪੇਸ਼ ਕੀਤੀ ਹੈ। ਮੰਟੋ ਬਾਰੇ ਰਾਜਿੰਦਰ ਸਿੰਘ ਚੀਮਾ ਦਾ ਲੇਖ ਬਹੁਤ ਖੂਬਸੂਰਤ ਲੱਗਾ। ਜਾਪਿਆ ਕਿ ਮੇਰੀ ਪੀੜ੍ਹੀ ਦਾ ਚਿੰਤਕ ਮੰਟੋ ਨਾਲ ਧੁਰ ਅੰਦਰੋਂ ਰੂ-ਬ-ਰੂ ਹੋ ਰਿਹਾ ਹੈ। ਚੀਮਾ ਸਿਆਣਾ ਬੰਦਾ ਹੈ। ਮੈਂ ਲਾਇਲਪੁਰ ਖਾਲਸਾ ਕਾਲਜ ਵਿਚ ਉਸ ਦੇ ਅੰਗ-ਸੰਗ ਰਿਹਾ ਹਾਂ। ਜਿਥੇ ਹੁਣ ਉਹ ਵੱਡਾ ਵਕੀਲ ਬਣ ਗਿਆ ਹੈ, ਉਥੇ ਉਸ ਨੇ ਆਪਣੀ ਸਾਦਗੀ ਦੀ ਸਾਧਾਰਨਤਾ ਕਾਇਮ ਰੱਖੀ ਹੋਈ ਹੈ। ਉਹ ਸਾਹਿਤ ਦਾ ਰਸੀਆ ਹੈ ਅਤੇ ਰਚਨਾਤਮਕ ਪਲ ਹੰਢਾਉਣ ਦੀ ਸਮਰੱਥਾ ਰੱਖਦਾ ਹੈ।

ਤੁਹਾਡਾ ‘ਕਮਲਿਆਂ ਦਾ ਟੱਬਰ’ ਮੇਰਾ ਕਾਫ਼ੀ ਜਾਣਿਆ-ਪਛਾਣਿਆ ਹੈ। ਤੁਹਾਡੇ ‘ਪੰਜਾਬੀ ਟ੍ਰਿਬਿਊਨ’ ਵਿਚ ਗੁਜ਼ਾਰੇ ਦਿਨਾਂ ਵਾਲੇ ਸੀਨੀਅਰ, ਜੂਨੀਅਰ ਸਾਥੀਆਂ ਵਿਚੋਂ ਬਹੁਤਿਆਂ ਦੇ ਨਕਸ਼ ਮੇਰੇ ਜਾਣੇ-ਪਛਾਣੇ ਹਨ। ਹਰਭਜਨ ਹਲਵਾਰਵੀ ਦੇ ਚੰਗੇ-ਮਾੜੇ ਦਿਨਾਂ ਦਾ ਮੈਂ ਵਾਕਫ਼ ਹਾਂ, ਤੇ ਉਸ ਦੇ ਸੁਭਾਅ ਵਿਚਲੀ ਤਰਲਤਾ ਵੀ ਮੈਥੋਂ ਗੁੱਝੀ ਨਹੀਂ ਹੈ। ਸ਼ਾਮ ਸਿੰਘ, ਐਮ.ਏ. ਕਰਦਿਆਂ ਮੇਰੇ ਨਾਲ ਬੈਂਚ ‘ਤੇ ਬੈਠਦਾ ਰਿਹਾ ਹੈ। ਉਹ ਸੰਵੇਦਨਸ਼ੀਲ ਹੈ ਪਰ ਗੁਰਦਿਆਲ ਬੱਲ ਵਾਂਗ ਫੱਕਰ ਨਹੀਂ। ਉਸ ਕੋਲੋਂ ਨਿਸ਼ੰਗ ਹੋ ਕੇ ਪੈਂਤੜਾ ਅਪਨਾਉਣ ਦੀ ਆਸ ਕਰਨਾ ਸ਼ਾਇਦ ਠੀਕ ਨਾ ਹੋਵੇ।

ਦਲਬੀਰ ਪੱਤਰਕਾਰ ਦੇ ਤੌਰ ‘ਤੇ ਸਿਆਣਾ ਸੀ ਪਰ ਜੋੜ-ਤੋੜ ਵਿਚ ਕੁਝ ਵਧੇਰੇ ਹੀ ਤੇਜ਼ ਸੀ। ਕਾਲਜ ਵਿਚ ਉਹ ਮੇਰਾ ਸਮਕਾਲੀ ਸੀ ਤੇ ਉਸ ਵੇਲੇ ਵੀ ‘ਨਵਾਂ ਜ਼ਮਾਨਾ’ ਵਿਚ ਕੰਮ ਕਰਦਾ ਸੀ। ਉਸ ਦੀ ਪੱਤਰਕਾਰੀ ਦੀ ਸਿਖਲਾਈ ਜਗਜੀਤ ਸਿੰਘ ਆਨੰਦ, ਗੁਰਬਖ਼ਸ਼ ਸਿੰਘ ਬੰਨੋਆਣਾ ਤੇ ਸੁਰਜਨ ਜ਼ੀਰਵੀ ਦੀ ਅਗਵਾਈ ਵਿਚ ਹੋਈ ਸੀ। ਉਸ ਵਿਚ ਮੌਲਿਕ ਪੱਤਰਕਾਰ ਵਾਲੇ ਗੁਣ ਸਨ। ਸ਼ਾਇਦ ਇਹੀ ਕਾਰਨ ਸੀ ਕਿ ਬਰਜਿੰਦਰ ਸਿੰਘ ਹਮਦਰਦ ਉਸ ਨੂੰ ਟ੍ਰਿਬਿਊਨ ਵਿਚ ਲੈ ਗਿਆ ਸੀ।

ਤੁਹਾਡੇ ਟ੍ਰਿਬਿਊਨ ਵੇਲੇ ਦੇ ਤਲਖ ਅਨੁਭਵ ਇਹ ਦੱਸਦੇ ਹਨ ਕਿ ਤੁਹਾਡੇ ਕੰਮ ਸਾਥੀਆਂ ਵਿਚੋਂ ਬਹੁਤੇ ਤੁਹਾਡੇ ਰਾਹਾਂ ਦੇ ਕੰਡੇ ਚੁਗਣ ਦੀ ਥਾਂ ਤੁਹਾਡੇ ਲਈ ਮੁਸ਼ਕਿਲਾਂ ਪੈਦਾ ਕਰਦੇ ਰਹੇ। ਸੰਕਟ ਦਾ ਅਜਿਹਾ ਸਮਾਂ ਸਾਡੇ ਬਹੁਤੇ ਅਦਾਰਿਆਂ ਵਿਚ ਸੁਹਿਰਦ ਤੇ ਇਮਾਨਦਾਰ ਲੋਕਾਂ ਲਈ ਆਉਂਦਾ ਹੀ ਰਹਿੰਦਾ ਹੈ। ਕਈ ਵਾਰੀ ਛੋਟੀ-ਮੋਟੀ ਬੇਪਰਵਾਹੀ ਤੁਹਾਡੇ ਕੈਰੀਅਰ ਦੀ ਪੌੜੀ ਦੇ ਅਗਲੇ ਪੌਡਿਆਂ ਤੱਕ ਪਹੁੰਚਣ ਵਿਚ ਰੁਕਾਵਟ ਬਣ ਜਾਂਦੀ ਹੈ ਪਰ ਆਪਣੀ ਸਦਭਾਵੀ ਤੇ ਪਾਜ਼ਿਟਿਵ ਪਹੁੰਚ ਕਾਰਨ ਤੁਸੀਂ ਅੱਜ ਦੇ ਖੂਬਸੂਰਤ ਮੁਕਾਮ ਤੱਕ ਪਹੁੰਚ ਸਕੇ ਹੋ। ਸੰਕਟ ਵਾਲਾ ਹਰ ਸਮਾਂ ਰੁਕਾਵਟ ਬਣਦਾ ਹੈ ਪਰ ਸ਼ਕਤੀ ਤੇ ਪ੍ਰਤੀਬੱਧਤਾ ਵਿਚ ਵਾਧਾ ਕਰਨ ਵਾਲਾ ਪੜਾਅ ਵੀ ਬਣਦਾ ਹੈ। ਬੀਤ ਚੁੱਕੇ ਦੀ ਕੁੜੱਤਣ ਨੂੰ ਵਿਸਾਰਨ ਲਈ ਸ਼ਾਇਦ ਇਹ ਸ਼ੇਅਰ ਢੁੱਕਵਾਂ ਹੈ,

ਜ਼ਰਾ ਸੀ ਬਾਤ ਪੇ ਬਰਸੋਂ ਕੇ ਯਾਰਾਨੇ ਗਏ।
ਅੱਛਾ ਹੂਆ ਕੁਛ ਲੋਕ ਤੋਂ ਪਹਿਚਾਨੇ ਗਏ।

ਤੁਹਾਡੇ ਅਨੁਭਵ ਨੇ ਇਹ ਪਰਤੱਖ ਕਰ ਵਿਖਾਇਆ ਹੈ ਕਿ ਹਰ ਚੇਤਨ ਮਨੁੱਖ ਲਈ ਜ਼ਿੰਦਗੀ ਦੀ ਕਿਤਾਬ ਹੀ ਸਭ ਤੋਂ ਸਾਰਥਕ ਕਿਤਾਬ ਹੈ। ਤੁਹਾਡੇ ਬੋਲ ਵਿਚ ਜਿਹੜੀ ਰੜਕ ਹੈ, ਲਿਖਤ ਵਿਚ ਜਿਸ ਤਰ੍ਹਾਂ ਦੀ ਦਲੇਰੀ ਹੈ, ਉਹੀ ਤੁਹਾਡੀ ਸ਼ਕਤੀ ਹੈ। ਮੈਂ ਤੁਹਾਡਾ ਸ਼ੁਕਰਗੁਜ਼ਾਰ ਵੀ ਹਾਂ ਕਿ ਤੁਸੀਂ ਮੈਨੂੰ ਕੁਝ ਪੁਰਾਣੇ ਦੋਸਤਾਂ ਨਾਲ ਜੋੜਿਆ ਹੈ। ਪ੍ਰੇਮ ਗੋਰਖੀ ਨਾਲ ਜਲੰਧਰ ਰਹਿੰਦਿਆਂ ਮੇਰੀ ਦੁਆ-ਸਲਾਮ ਰਹੀ ਹੈ। ਉਸ ਦੀਆਂ ਚੰਗੀਆਂ-ਮਾੜੀਆਂ ਗੱਲਾਂ ਸਭ ਉਸ ਦੇ ਜੀਵਨ-ਬੋਧ ਦਾ ਹੀ ਹਿੱਸਾ ਹਨ। ਦਲਜੀਤ ਸਰਾਂ ਤੇ ਕਰਮਜੀਤ ਸਿੰਘ ਨੂੰ ਉਨ੍ਹਾਂ ਦੀਆਂ ਬੁਨਿਆਦੀ ਸ਼ਖ਼ਸੀ ਖੂਬੀਆਂ ਕਰ ਕੇ ਜਾਣਦਾ ਹਾਂ। ਗੁਰਦਿਆਲ ਬੱਲ ਅੰਦਰੋਂ-ਬਾਹਰੋਂ ਇਕ ਹੈ। ਉਸ ਵਰਗਾ ਬੰਦਾ ਜਾਂ ਕਿਸੇ ਦਾ ਦੁਸ਼ਮਣ ਹੋ ਸਕਦਾ ਹੈ ਜਾਂ ਦੋਸਤ; ਵਿਚ-ਵਿਚਾਲੇ ਵਾਲੀ ਗੱਲ ਉਸ ਨੂੰ ਮੇਚ ਨਹੀਂ ਹੈ।

ਪ੍ਰੋ. ਹਰਿੰਦਰ ਸਿੰਘ ਮਹਿਬੂਬ ਬਾਰੇ ਕੁਝ ਸੱਜਣਾਂ ਦੀਆਂ ਟਿੱਪਣੀਆਂ ਵਧੇਰੇ ਨਿੱਜੀ ਹੋ ਗਈਆਂ ਜਾਪਦੀਆਂ ਹਨ। ਮਹਿਬੂਬ ਵਧੀਆ ਇਨਸਾਨ ਸੀ ਤੇ ਵੱਡਾ ਕਵੀ ਵੀ। ਅਜਮੇਰ ਸਿੰਘ ਬਾਰੇ ਬਹਿਸ ਕਰਵਾ ਕੇ ਤੁਸੀਂ ਉਸ ਦੀਆਂ ਪੁਸਤਕਾਂ ਤੇ ਸ਼ਖ਼ਸੀਅਤ ਦੀ ਚੜ੍ਹਤ ਲਈ ਹੀ ਸਹਾਇਕ ਹੋਏ ਹੋ। ਮੈਂ ਬਹੁਤ ਵਰ੍ਹਿਆਂ ਤੋਂ ਉਸ ਨੂੰ ਜਾਣਦਾ ਹਾਂ, ਉਸ ਦੀ ਸੁਹਿਰਦਤਾ ਤੇ ਇਮਾਨਦਾਰੀ ਬਾਰੇ ਕਿੰਤੂ ਸੋਭਦਾ ਨਹੀਂ। ਸਿੱਖ ਭਾਈਚਾਰੇ ਦੇ ਇਤਿਹਾਸ ਬਾਰੇ ਕੁਝ ਤੱਥਾਂ ਦੇ ਪੱਖ ਤੋਂ ਵੱਖਰੀ ਸੋਚ ਹੋ ਸਕਦੀ ਹੈ ਪਰ ਘੱਟ-ਗਿਣਤੀ ਭਾਈਚਾਰੇ ਦੇ ਕੌਮੀ ਨਕਸ਼ਾਂ ਬਾਰੇ ਵਾਵੇਲਾ ਠੀਕ ਨਹੀਂ ਜਾਪਦਾ। ਉਂਜ, ‘ਪੰਜਾਬ ਟਾਈਮਜ਼’ ਨੇ ਵੱਖ-ਵੱਖ ਮੁੱਦਿਆਂ ਬਾਰੇ ਚਰਚਾ ਛੇੜ ਕੇ “ਕਿਛੁ ਸੁਣੀਐ ਕਿਛੁ ਕਹੀਐ” ਦਾ ਮਾਹੌਲ ਪੈਦਾ ਕੀਤਾ ਹੈ। ਤੁਸੀਂ ਵੱਖ-ਵੱਖ ਖੇਤਰਾਂ ਨਾਲ ਜੁੜੇ ਹੋਏ ਸਿਆਣਿਆਂ ਦੀ ਪਰ੍ਹਿਆ ਕਾਇਮ ਕਰ ਲਈ ਹੈ, ਵਧਾਈ ਦੇ ਪਾਤਰ ਹੋ।

ਵਰਿਆਮ ਸਿੰਘ ਸੰਧੂ, ਜਤਿੰਦਰ ਪੰਨੂੰ, ਗੁਰਨਾਮ ਕੌਰ, ਅਸ਼ੋਕ ਭੌਰਾ, ਸਵਰਨ ਸਿੰਘ ਟਹਿਣਾ, ਤਰਲੋਚਨ ਸਿੰਘ ਦੁਪਾਲਪੁਰ ਤੇ ਮੇਜਰ ਕੁਲਾਰ ਦੇ ਨਾਲ-ਨਾਲ ‘ਸ਼ਬਦ ਝਰੋਖੇ’ ਵਾਲਾ ਬਲਜੀਤ ਬਾਸੀ ਆਪੋ-ਆਪਣੇ ਖੇਤਰ ਵਿਚ ਕਲਮ ਦੇ ਧਨੀ ਹਨ। ਸਾਰੇ ‘ਪੰਜਾਬ ਟਾਈਮਜ਼’ ਦੇ ਗੁਲਦਸਤੇ ਵਿਚ ਵੰਨ-ਸੁਵੰਨੀ ਖੂਬਸੂਰਤੀ ਤੇ ਮਹਿਕ ਭਰਦੇ ਹਨ। ਅਖੀਰ ਵਿਚ ਇਕ ਸ਼ੇਅਰ ਅੱਜ ਦੇ ਜ਼ਮਾਨੇ ਦਾ-

ਹੁੰਦਾ ਹਾਂ ਤੇਰੇ ਕੋਲ ਜਦ ਵੀ,
ਅਹਿਸਾਸ ਹੋਰ ਕਿ ਮੈਂ ਅਜਨਬੀ ਹਾਂ।

*-ਨਿਰੰਜਨ ਸਿੰਘ ਢੇਸੀ*
*ਇੰਡੀਅਨਐਪੋਲਿਸ।*

# ਬੇਗਰਜ਼ ਗਦਰੀਆਂ ਨੂੰ ਸਿਜਦਾ

‘ਪੰਜਾਬ ਟਾਈਮਜ਼’ ਦੇ 29 ਦਸੰਬਰ 2012 ਅਤੇ 5 ਜਨਵਰੀ 2013 ਵਾਲੇ ਅੰਕਾਂ ਵਿਚ ਲਾਲ ਹਰਦਿਆਲ ਬਾਰੇ ਲੰਮਾ ਲੇਖ ‘ਲਾਲਾ ਹਰਦਿਆਲ: ਬੌਧਿਕ ਬੁਲੰਦੀ ਅਤੇ ਸੁਹਿਰਦਤਾ ਦਾ ਮੁਜੱਸਮਾ’ ਪੜ੍ਹਨ ਨੂੰ ਮਿਲਿਆ। ਲੇਖਕ ਸ. ਚਰਨ ਸਿੰਘ ਜੱਜ ਅਤੇ ਅਦਾਰੇ ਦਾ ਇਹ ਕਾਰਜ ਸਲਾਹੁਣਯੋਗ ਹੈ। ਮੈਨੂੰ ਵੀ ਲਾਲਾ ਜੀ ਦੇ ਅਮਰੀਕਾ ’ਚੋਂ ਦੇਸ਼ ਨਿਕਾਲੇ ਬਾਰੇ ਪੜ੍ਹਨ ਦਾ ਮੌਕਾ ਇਕ ਹੋਰ ਕਿਤਾਬ ’ਚੋਂ ਮਿਲਿਆ ਹੈ। ਇਸ ਕਿਤਾਬ ਦਾ ਨਾਂ ‘ਡਾਇਰੀ ਬਾਬਾ ਹਰੀ ਸਿੰਘ ਉਸਮਾਨ’ (ਸਵੈ-ਜੀਵਨੀ ਤੇ ਲਿਖਤਾਂ) ਹੈ। ਇਸ ਦੇ ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਹਨ। ਇਸ ਕਿਤਾਬ ਨੂੰ ਪਹਿਲਾਂ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਅਤੇ ਫਿਰ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਛਾਪਿਆ। ਲਾਲਾ ਹਰਦਿਆਲ ਬਾਰੇ ਜੋ ਬਾਬਾ ਹਰੀ ਸਿੰਘ ਉਸਮਾਨ ਦੱਸਦੇ ਹਨ, ਉਹ ਵੇਰਵਾ ਮੈਂ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਵੇਰਵਾ ਇਉਂ ਹੈ:

“ਯੁਗਾਂਤਰ ਆਸ਼ਰਮ ਖੋਲ੍ਹ ਕੇ ਗਦਰ ਅਖ਼ਬਾਰ ਸ਼ੁਰੂ ਕਰ ਦਿੱਤਾ (ਗਿਆ)। ਪਹਿਲਾ ਪਰਚਾ 1 ਨਵੰਬਰ 1913 ਨੂੰ ਕੱਢਿਆ ਗਿਆ। ਜਦ ‘ਗ਼ਦਰ’ ਅਖ਼ਬਾਰ ਦਾ ਉਹ ਪਰਚਾ ਮੇਰੇ ਪਾਸ ਪਹੁੰਚਿਆ ਤਾਂ ਮੇਰੇ ਦਿਮਾਗ ਨੂੰ ਚੱਕਰ ਆਉਣ ਲੱਗਾ। ਜਿਥੇ ਜਿਥੇ ਵੀ ਹਿੰਦੁਸਤਾਨੀ ਮਜ਼ਦੂਰ ਕੰਮ ਕਰਦੇ ਸਨ, ਸਭ ਥਾਂਈਂ ਜਲਸੇ ਹੋਣੇ ਸ਼ੁਰੂ ਹੋ ਗਏ। ਲਾਲਾ ਹਰਦਿਆਲ ਨੇ ਪਰਚੇ ਵਿਚ ਲਿਖ ਦਿੱਤਾ ਕਿ ਦੁਨੀਆਂ ਦੇ ਸਾਰੇ ਮੁਲਕਾਂ ਵਿਚ ਅਜਿਹੇ ਸਵਾਲ-ਜਵਾਬ ਚੱਲ ਰਹੇ ਹਨ ਕਿ ਬਗੈਰ ਜੰਗ ਦੇ ਫ਼ੈਸਲਾ ਨਹੀਂ ਹੋ ਸਕਦਾ। ਸਾਨੂੰ ਵੀ ਹਿੰਦੁਸਤਾਨ ਦੀ ਆਜ਼ਾਦੀ ਹਾਸਲ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਦ ਅੰਗਰੇਜ਼ੀ ਕੌਂਸਲ ਨੇ ਅਮਰੀਕਨ ਸਰਕਾਰ ਤੋਂ ਇਜਾਜ਼ਤ ਲੈ ਕੇ ਲਾਲਾ ਹਰਦਿਆਲ ਨੂੰ ਫੜਨ ਲਈ ਵਾਰੰਟ ਜਾਰੀ ਕਰ ਦਿੱਤੇ। ਉਸ ਵੇਲੇ ਲਾਲਾ ਹਰਦਿਆਲ ਸੈਨ ਫਰਾਂਸਿਸਕੋ ਨੇੜੇ ਬਰਕਲੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਸਨ।

ਜਿਸ ਪੁਲਿਸ ਇੰਸਪੈਕਟਰ ਦੀ ਡਿਊਟੀ ਲਾਲਾ ਹਰਦਿਆਲ ਨੂੰ ਗ੍ਰਿਫ਼ਤਾਰ ਕਰਨ ਲਈ ਲਾਈ ਗਈ ਸੀ, ਉਸ ਦੀ ਲੜਕੀ ਉਸੇ ਯੂਨੀਵਰਸਿਟੀ (ਬਰਕਲੇ) ਵਿਚ ਪੜ੍ਹਦੀ ਸੀ। ਉਹ ਲੜਕੀ ਲਾਲਾ ਹਰਦਿਆਲ ਦੇ ਲੈਕਚਰਾਂ ਤੋਂ ਬਹੁਤ ਪ੍ਰਭਾਵਿਤ ਸੀ। ਜਦ ਉਸ ਨੇ ਆਪਣੇ ਬਾਪ ਤੋਂ ਸੁਣਿਆ ਕਿ ਕੱਲ੍ਹ ਸਵੇਰੇ ਅੱਠ ਵਜੇ ਲਾਲਾ ਹਰਦਿਆਲ ਨੂੰ ਫੜ ਲਿਆ ਜਾਏਗਾ ਤਾਂ ਉਸ ਲੜਕੀ ਨੇ ਆਪਣੀ ਮਾਂ ਕੋਲੋਂ (ਬਾਪ ਤੋਂ ਚੋਰੀ) 500 ਡਾਲਰ ਲਿਜਾ ਕੇ ਲਾਲਾ ਹਰਦਿਆਲ ਦੇ ਸਾਹਮਣੇ ਰੱਖ ਦਿੱਤੇ ਤੇ ਉਨ੍ਹਾਂ ਨੂੰ ਦੱਸਿਆ ਕਿ ਕੱਲ੍ਹ ਸਵੇਰੇ ਅੱਠ ਵਜੇ ਮੇਰਾ ਬਾਪ ਤੁਹਾਨੂੰ ਫੜਨ ਲਈ ਆਉਣ ਵਾਲਾ ਹੈ। ਸੋ, ਤੁਸੀਂ ਇਹ ਡਾਲਰ ਲੈ ਕੇ ਦੇਸ਼ ਤੋਂ ਬਾਹਰ ਚਲੇ ਜਾਉ। ਉਸੇ ਵੇਲੇ ਲਾਲਾ ਹਰਦਿਆਲ ਗੱਡੀ ‘ਤੇ ਬੈਠ ਕੇ ਮੈਕਸੀਕੋ ਵੱਲ ਚਲੇ ਗਏ ਤੇ ਉਥੋਂ ਸਵਿਟਜ਼ਰਲੈਂਡ ਪਹੁੰਚ ਗਏ। ਉਨ੍ਹਾਂ ਮਗਰੋਂ ਅਖ਼ਬਾਰ ਦਾ ਐਡੀਟਰ ਰਾਮ ਚੰਦ ਨੂੰ ਬਣਾਇਆ ਗਿਆ।...”

ਇਹ ਜਾਣਕਾਰੀ ਮੈਂ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਸਾਂ। ਮੈਂ ਲਾਲਾ ਜੀ ਅਤੇ ਸਾਰੇ ਦੇ ਸਾਰੇ ਬੇਗਰਜ, ਗੌਰਵਮਈ ਅਤੇ ਗੈਰਤਮੰਦ ਗਦਰੀ ਬਾਬਿਆਂ ਅਤੇ ਉਨ੍ਹਾਂ ਦੀਆਂ ਮਹਾਨ ਲਾਸਾਨੀ ਕੁਰਬਾਨੀਆਂ ਨੂੰ ਸਿਜਦਾ ਕਰਦਾ ਹਾਂ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

## ਪ੍ਰਤੀਕਰਮ

# ਪ੍ਰੋ. ਮਹਿਬੂਬ ਦੀ ਸੁਹਿਰਦਤਾ ਤੇ ਪਵਿੱਤਰ ਪਿਆਰ ਦੀ ਗੱਲ

***ਪਿਛਲੇ ਕੁਝ ਅਰਸੇ ਤੋਂ ਸਵਰਗੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੂੰ ਲੈ ਕੇ ਉਨ੍ਹਾਂ ਦੇ ਵਿਰੋਧ ਅਤੇ ਹੱਕ ਵਿਚ ਪੰਜਾਬ ਟਾਈਮਜ਼ ਨੂੰ ਲਗਾਤਾਰ ਟਿੱਪਣੀਆਂ ਮਿਲਦੀਆਂ ਰਹੀਆਂ ਹਨ ਜੋ ਅਸੀਂ ਛਾਪੀਆਂ ਵੀ ਹਨ। ਜਾਪਣ ਲੱਗਿਆ ਸੀ ਕਿ ਇਹ ਗੱਲ ਨਿਜੀ ਵਿਰੋਧਾਂ ਤੱਕ ਪਹੁੰਚ ਗਈ ਹੈ। ਇਸੇ ਕਰਕੇ ਅਸੀਂ ਪਾਠਕਾਂ ਤੋਂ ਖਿਮਾ ਮੰਗੀ ਸੀ ਕਿ ਸਵਰਗੀ ਮਹਿਬੂਬ ਬਾਰੇ ਇਸ ਲੜੀ ਵਿਚ ਹੋਰ ਟਿੱਪਣੀਆਂ ਨਹੀਂ ਛਾਪ ਸਕਾਂਗੇ ਪ੍ਰੰਤੂ ਇਕ ਧਿਰ ਵਲੋਂ ਸਾਨੂੰ ਇਹ ਉਲ੍ਹਾਮਾ ਦਿੱਤਾ ਗਿਆ ਕਿ ਅਸੀਂ ਉਨ੍ਹਾਂ ਦਾ ਪੱਖ ਪੂਰੀ ਤਰ੍ਹਾਂ ਨਹੀਂ ਛਾਪਿਆ। ਇਸ ਉਲ੍ਹਾਮੇ ਕਰਕੇ ਹੀ ਅਸੀਂ ਇਹ ਦੋ ਲਿਖਤਾਂ ਛਾਪ ਰਹੇ ਹਾਂ। -ਸੰਪਾਦਕ***

‘ਪੰਜਾਬ ਟਾਈਮਜ਼’ ਵਿਚ ਡਾ. ਗੁਰਤਰਨ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਡਾ. ਹਰਪਾਲ ਸਿੰਘ ਪੰਨੂੰ ਦੇ ਪ੍ਰਸੰਗ ਵਿਚ ਵਿਚਾਰ ਪੜ੍ਹੇ। ਦਿਲ ਰਤਾ ਕੁ ਦੁਖਿਆ ਵੀ। ਡਾ. ਪੰਨੂੰ ਨੂੰ ਪਾਪਾ ਹਮੇਸ਼ਾ ਆਪਣਾ ਕਰੀਬੀ ਦੋਸਤ ਮੰਨਦੇ ਰਹੇ; ਬੇਸ਼ਕ ਉਨ੍ਹਾਂ ਦੀ ਲਿਖਤ ਦੀਆਂ ਕਮੀਆਂ ਉਨ੍ਹਾਂ ਨੂੰ ਰੜਕਦੀਆਂ ਸਨ ਪਰ ਇਨ੍ਹਾਂ ਦੇ ਪ੍ਰਸੰਗ ਵਿਚ ਉਹ ਦੋਸਤੀ ਦੇ ਪੈਮਾਨੇ ਨੂੰ ਨਹੀਂ ਛੇੜਦੇ ਸਨ।

ਪ੍ਰੋ. ਮਹਿਬੂਬ ਦਾ ਗਿਆਨ ਤਾਂ ਸਮੁੰਦਰ ਦੀ ਅਥਾਹ ਡੂੰਘਾਈ ਸਮਾਨ ਸੀ। ਉਨ੍ਹਾਂ ਕੋਲ ਭਾਵੇਂ ਕੋਈ ਵੀ ਸ਼ਖਸ ਸਿੱਖੀ ਬਾਰੇ ਜਾਂ ਸਾਹਿਤ ਬਾਰੇ ਗੱਲ ਕਰਦਾ, ਜਿੰਨਾ ਚਿਰ ਅਗਲੇ ਦੀ ਤਸੱਲੀ ਨਾ ਹੁੰਦੀ, ਉਹ ਸੰਸਾਰ ਦੀਆਂ ਸ਼ਾਹਕਾਰ ਰਚਨਾਵਾਂ ਦੀਆਂ ਮਿਸਾਲਾਂ ਦੇ ਕੇ ਸਮਝਾਉਂਦੇ ਸਨ। ਜੇ ਸਮਝਣ ਵਾਲਾ ਅਲਪ ਬੁੱਧੀ ਦਾ ਹੋਵੇ ਤਾਂ ਉਹ ਉਨ੍ਹਾਂ ਗੱਲਾਂ ਨੂੰ ਹੋਰ ਰੂਪ ਨਾਲ ਸਮਝਾਉਂਦੇ ਸਨ।

ਸਾਹਿਤ ਅਕੈਡਮੀ ਦਾ ਇਨਾਮ ਮੋੜਨ ਨਾਲ ਲੋਕ ਤਾਂ ਬੇਸ਼ਕ ਉਪਰੋਂ-ਉਪਰੋਂ ਖ਼ੁਸ਼ ਹੋ ਜਾਂਦੇ ਪਰ ਨੁਕਸਾਨ ਕੋਈ ਵੱਡਾ ਵੀ ਹੋ ਸਕਦਾ ਸੀ। ਇਹ ਗੱਲ ਤਾਂ ਸਮਝਣ ਦੀ ਹੈ। ਖੁਸ਼ਵੰਤ ਸਿੰਘ ਤੇ ਹੋਰਾਂ ਦੀ ਗੱਲ ਹੋਰ ਏ। ਐਵਾਰਡ ਵਾਪਸ ਨਾ ਕਰਨ ਦਾ ਕਾਰਨ ਜੋ ਅਕਸਰ ਉਹ ਸਾਡੇ ਨਾਲ ਸਾਂਝਾ ਕਰਦੇ ਸਨ, ਇਹ ਸੀ ਕਿ ਜੇ ਮੈਂ ਐਵਾਰਡ ਵਾਪਸ ਕਰ ਦਿੱਤਾ ਤਾਂ ਸਰਕਾਰ ਨੇ ਮੈਨੂੰ ਮਹਾਂ-ਕਾਵਿ ਨਹੀਂ ਲਿਖਣ ਦੇਣਾ ਜੋ ਸਿੱਖਾਂ ਲਈ ਬਹੁਤ ਵੱਡਾ ਕਾਰਜ ਹੈ। ਗੱਲ ਬਿਲਕੁਲ ਠੀਕ ਹੈ, ਐਵਾਰਡ ਤਾਂ ਮਹਾਂ-ਕਾਵਿ ਨਾਲੋਂ ਬਹੁਤ ਛੋਟਾ ਹੈ। ਇਕ ਗੱਲ ਹੋਰ, ਉਨ੍ਹਾਂ ਨੂੰ ਤਾਂ ਐਵਾਰਡ ਦਾ ਚਿਤ-ਚੇਤਾ ਵੀ ਨਹੀਂ ਸੀ। ਇਹ ਖ਼ਬਰ ਸਾਨੂੰ ਅੱਧੀ ਰਾਤ ਕਿਸੇ ਦੇ ਫੋਨ ਕਰਨ ’ਤੇ ਪਤਾ ਲੱਗੀ। ਸਵੇਰੇ ਅਖ਼ਬਾਰ ਪੜ੍ਹ ਕੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਪ੍ਰੋ. ਸਾਹਿਬ ਨੂੰ ਤਾਂ ਇਸ ਤੋਂ ਵੀ ਸੰਗ ਲੱਗਦੀ ਸੀ। ਕਿਸ ਨੇ ਐਵਾਰਡ ਦਿਵਾਇਆ, ਕਿਸ ਨੇ ਸਿਫ਼ਾਰਸ਼ ਕੀਤੀ, ਕੁਝ ਨਹੀਂ ਸੀ ਪਤਾ। ਬੱਸ ਰੌਲਾ ਪੈਣ ਦੀ ਖ਼ਬਰ ਐਵਾਰਡ ਨਾਲੋਂ ਵੀ ਤੇਜ਼ੀ ਨਾਲ ਫੈਲੀ ਸੀ।

ਡਾ. ਪੰਨੂੰ ਨੇ ਡਾ. ਗੁਰਤਰਨ ਸਿੰਘ ਨੂੰ ਬਹੁਤ ਵੱਡਾ ਦੁਸ਼ਮਣ ਬਣਾ ਕੇ ਪੇਸ਼ ਕੀਤਾ ਹੈ। ਪ੍ਰੋ. ਮਹਿਬੂਬ ਦਾ ਕੋਈ ਵੀ ਕਾਰਜ ਡਾ. ਗੁਰਤਰਨ ਦੀ ਸ਼ਮੂਲੀਅਤ ਤੋਂ ਬਿਨਾਂ ਅਧੂਰਾ ਹੈ। ਬਚਪਨ ਦੇ ਬੇਲੀ, ਗੁਰੋਂ ਸਾਂਝੇ। ਪ੍ਰੋ. ਸਾਹਿਬ ਦੀ ਲਿਖਤ ਨੂੰ ਜਿੰਨਾ ਬਾਖੂਬੀ ਗੁਰਤਰਨ ਸਿੰਘ ਸਮਝਦੇ ਹਨ, ਹੋਰ ਕੋਈ ਨਹੀਂ। ਇਕ-ਦੋ ਹੋਰ ਦੋਸਤਾਂ ਨੇ ਬੇਸ਼ੱਕ ਇਸ ਦੋਸਤੀ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਪਰ ਸਮਾਂ ਆਉਣ ‘ਤੇ ਇਹ ਦੋਸਤ ਉਨੇ ਹੀ ਕਰੀਬ ਹੋ ਗਏ, ਜਿਵੇਂ ਸ਼ੁਰੂ ਤੋਂ ਸਨ। ਉਨ੍ਹਾਂ ਦੇ ਪਿਆਰ ਦਾ ਅੰਦਾਜ਼ਾ ਤਾਂ ਇਸ ਵਾਕਿਆ ਤੋਂ ਹੀ ਲੱਗ ਸਕਦਾ ਹੈ ਕਿ ਜਦੋਂ ਡਾ. ਗੁਰਤਰਨ ਨੂੰ ਨਾਮੁਰਾਦ ਬਿਮਾਰੀ ਨੇ ਆ ਘੇਰਿਆ, ਤਾਂ ਪਾਪਾ 40 ਦਿਨ ਇਕ ਲੱਤ ਭਾਰ ਖਲੋ ਕੇ ਰੋਜ਼ ਅਰਦਾਸ ਕਰਦੇ ਸਨ ਕਿ ਮੇਰੇ ਦੋਸਤ ਦੀ ਬਿਮਾਰੀ ਠੀਕ ਹੋ ਜਾਵੇ, ਮੈਂ ਬੇਸ਼ੱਕ ਬਿਮਾਰ ਹੋ ਜਾਵਾਂ।

ਰਹੀ ਸ. ਰਛਪਾਲ ਸਿੰਘ ਗਿੱਲ ਤੇ ਪ੍ਰੋ. ਮਹਿਬੂਬ ਦੀ ਸੁਹਿਰਦਤਾ ਤੇ ਪਿਆਰ ਦੀ ਗੱਲ...ਕਦੇ ਪ੍ਰੋ. ਮਹਿਬੂਬ, ਡਾ. ਗੁਰਤਰਨ ਤੇ ਰਛਪਾਲ ਸਿੰਘ ਤਿੰਨੋ ਇਕ-ਦੂਜੇ ਦੇ ਬਹੁਤ ਨੇੜੇ ਸਨ। ਕਿਸੇ ਤੀਜੇ ਬੰਦੇ ਨੇ ਇਸ ਦੋਸਤੀ ਵਿਚ ਫਿੱਕ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਸ. ਗਿੱਲ ਤੇ ਡਾ. ਗੁਰਤਰਨ ਸਿੰਘ ਦੋਵੇਂ ਹੀ ਪ੍ਰੋ. ਸਾਹਿਬ ਨੂੰ ਸੱਚੇ ਦਿਲੋਂ ਤੇ ਬੇਗਰਜ਼ ਪਿਆਰ ਕਰਦੇ ਹਨ।

‘ਸਹਿਜੇ ਰਚਿਓ ਖਾਲਸਾ’ ਦੇ ਦੂਜੇ ਐਡੀਸ਼ਨ ਦੇ ਸਮਰਪਣ ਬਾਰੇ: ਗੱਲ ਜ਼ਰੂਰ ਹੋਈ ਸੀ, ਕਈ ਵਾਰੀ ਪ੍ਰੋ. ਮਹਿਬੂਬ ਆਪਣੇ ਸੁਭਾਅ ਮੁਤਾਬਿਕ ਕਿਸੇ ‘ਤੇ ਨੁਕਤਾਚੀਨੀ ਕਰ ਕੇ ਉਹਦੀ ਰਾਇ ਵੀ ਲੈਂਦੇ ਸਨ ਪਰ ਡਾ. ਗੁਰਤਰਨ ਤੋਂ ਸਮਰਪਣ ਵਾਪਸ ਲੈਣ ਬਾਰੇ ਕਦੇ ਸੰਜੀਦਗੀ ਨਾਲ ਨਹੀਂ ਸੀ ਗੱਲ ਕੀਤੀ। ਅਸਲ ਵਿਚ ਡਾ. ਗੁਰਤਰਨ ਸਿੰਘ ਦੇ ਸੁਭਾਅ ਵਿਚ ਥੋੜ੍ਹਾ ਕਾਹਲਾਪਣ ਹੋਣ ਕਰ ਕੇ ਇਹ ਗੱਲਾਂ ਵਕਤੀ ਹੀ ਹੁੰਦੀਆਂ ਸਨ। ਬਾਅਦ ਵਿਚ ਪ੍ਰੋ. ਸਾਹਿਬ ਨੇ ਕਹਿਣਾ ਕਿ ‘ਤਰਨੀ ਪੜ੍ਹਿਆ ਬਹੁਤ ਹੈ ਤੇ ਪੂਰੀ ਸਮਝ ਰੱਖਦਾ ਹੈ।’

**ਗੜ੍ਹਦੀਵਾਲਾ ਛੱਡਣ ਬਾਰੇ:** ਪ੍ਰੋ. ਮਹਿਬੂਬ ਦੀ ਜਨਮ ਭੂਮੀ ਬੇਸ਼ਕ ਨਨਕਾਣਾ ਸਾਹਿਬ ਤੋਂ 9 ਕੋਹ ਦੀ ਵਾਟ ‘ਤੇ 33 ਚੱਕ ਲਾਇਲਪੁਰ ਜ਼ਿਲ੍ਹੇ ਵਿਚ ਹੈ, ਪਰ ਉਨ੍ਹਾਂ ਦੀ ਕਰਮ ਭੂਮੀ ਗੜ੍ਹਦੀਵਾਲਾ ਹੀ ਸੀ। ਪ੍ਰੋ. ਸਾਹਿਬ ਨੇ 29 ਸਾਲ ਖਾਲਸਾ ਕਾਲਜ ਗੜ੍ਹਦੀਵਾਲ ਵਿਚ ਅੰਗਰੇਜ਼ੀ ਦੇ ਅਧਿਆਪਕ ਵਜੋਂ ਸੇਵਾ ਨਿਭਾਈ ਅਤੇ ਨਾਲ ਹੀ ਆਪਣੀਆਂ ਲਿਖਤਾਂ ਦਾ ਕਾਰਜ ਨਿਰੰਤਰ ਜਾਰੀ ਰੱਖਿਆ। ਵਾਰਤਕ ‘ਸਹਿਜੇ ਰਚਿਓ ਖਾਲਸਾ’, ਸੱਤ ਕਿਤਾਬਾਂ ਦਾ ਸੰਗ੍ਰਹਿ ‘ਝਨਾਂ ਦੀ ਰਾਤ’ ਅਤੇ ਤਿੰਨੇ ਮਹਾਂ-ਕਾਵਿ ਇਸੇ ਧਰਤੀ ‘ਤੇ ਲਿਖੇ। ਗੜ੍ਹਦੀਵਾਲਾ ਛੱਡਣਾ ਔਖਾ ਜ਼ਰੂਰ ਸੀ। ਪਿੰਡ ਦੇ ਲੋਕ ਪ੍ਰੋ. ਸਾਹਿਬ ਦਾ ਸਤਿਕਾਰ ਬਹੁਤ ਕਰਦੇ ਸਨ। ਡਾ. ਗੁਰਤਰਨ ਪਿੰਡ ਰਹਿੰਦੇ ਸਨ, ਤੇ ਇਹ ਆਮ ਜਿਹੀ ਗੱਲ ਹੈ ਕਿ ਸਪੱਸ਼ਟ ਤੇ ਸੱਚਾਈ ‘ਤੇ ਖੜ੍ਹਨ ਵਾਲੇ ਬੰਦੇ ਦੀ ਵੁਕਤ ਘੱਟ ਹੀ ਹੁੰਦੀ ਹੈ।

ਪ੍ਰੋ. ਸਾਹਿਬ ਅਕਸਰ ਕਹਿੰਦੇ ਸਨ, ਖਾਸ ਕਰ ਕੇ ਬਿਮਾਰੀ ਦੇ ਦਿਨਾਂ ਵਿਚ ਕਿ ‘ਪਿਆਰੇ ਦੋਸਤੋ, ਬੇਸ਼ੱਕ ਮੈਂ ਸਰੀਰਕ ਤੌਰ ’ਤੇ ਤੁਹਾਡੇ ਕੋਲ ਨਹੀਂ ਰਹਾਂਗਾ ਪਰ ਮੈਂ ਆਪਣੀਆਂ ਲਿਖਤਾਂ ਵਿਚੋਂ ਹਮੇਸ਼ਾ ਤੁਹਾਡੀ ਪਹਿਲਕਦਮੀ ਕਰਦਾ ਰਹਾਂਗਾ।’ ਡਾ. ਗੁਰਤਰਨ ਤੇ ਹੋਰ ਕਰੀਬੀ ਦੋਸਤ ਲਗਾਤਾਰ ਉਨ੍ਹਾਂ ਦੀ ਗੱਲ ਤੋਰ ਰਹੇ ਹਨ। ਅੱਗੇ ਵੀ ਇੱਦਾਂ ਹੀ ਹੋਈ ਜਾਵੇ, ਸਾਡੀ ਇਹੀ ਦੁਆ ਹੈ।

*-ਡਾ. ਬਲਜਿੰਦਰ ਸਿੰਘ ਬੱਲੀ*
*ਡਾ. ਸਤਵੰਤ ਕੌਰ*
*ਫੋਨ: 91-98783-55944*
*ਖਾਲਸਾ ਕਾਲਜ ਗੜ੍ਹਦੀਵਾਲਾ।*

# ਮਹਿਬੂਬ ਬਾਰੇ ਟਿੱਪਣੀਆਂ ਦੀ ਗੱਲ

ਪ੍ਰੋ. ਹਰਿੰਦਰ ਸਿੰਘ ਮਹਿਬੂਬ ਬਾਰੇ ਡਾ. ਹਰਪਾਲ ਸਿੰਘ ਪੰਨੂ, ਡਾ. ਗੁਰਤਰਨ ਸਿੰਘ, ਰਛਪਾਲ ਸਿੰਘ ਗਿੱਲ ਅਤੇ ਕਈ ਹੋਰਨਾਂ ਦੀਆਂ ਟਿੱਪਣੀਆਂ ਪੰਜਾਬ ਟਾਈਮਜ਼ ਵਿਚ ਛਪੀਆਂ ਹਨ। ਮੈਂ ਕੁਝ ਗੱਲਾਂ ਸਪਸ਼ਟ ਕਰਨਾ ਚਾਹੁੰਦੀ ਹਾਂ। ਪਹਿਲੀ, ਪ੍ਰੋ. ਪੰਨੂ ਨੇ ਕਿਹਾ ਕਿ ਉਨ੍ਹਾਂ ਹਰਿੰਦਰ ਸਿੰਘ ਮਹਿਬੂਬ ਨੂੰ ਸ਼੍ਰੋਮਣੀ ਕਮੇਟੀ ਤੋਂ 2 ਲੱਖ ਰੁਪਏ ਦਿਵਾਏ। ਪ੍ਰੋ. ਪੰਨੂ, ਉਹ ਦੋ ਲੱਖ ਰੁਪਏ ਸਬੂਤ ਨਹੀਂ ਕਰ ਸਕੇ ਕਿ ਉਨ੍ਹਾਂ ਨੇ ਦਿਵਾਏ ਜਦ ਕਿ ਮਹਿਬੂਬ ਸਾਹਿਬ ਨੂੰ ਡੇਢ ਲੱਖ ਰੁਪਏ ਹੀ ਮਿਲੇ ਸਨ। ਪ੍ਰੋ. ਪੰਨੂ ਨੇ ਕਿਹਾ ਕਿ ਮਹਿਬੂਬ ਸਾਹਿਬ ਨੇ ਭਾਰਤ ਸਰਕਾਰ ਤੋਂ ਇਨਾਮ ਕਿਉਂ ਲਿਆ? ਜਦੋਂਕਿ ਉਹ ਇਸ ਦੇ ਖਿਲਾਫ਼ ਸਨ। ਭਾਰਤ ਵਿਚ ਸੱਤ ਧਰਮ ਹਨ, ਸੱਤਾਂ ਵਿਚੋਂ ਇੰਦਰਾ ਗਾਂਧੀ ਦੇ ਧਰਮ ਦੀ ਇੱਕ ਵੋਟ ਸੀ, ਇਸ ਕਰਕੇ ਇਨਾਮ ਉਹ ਕਿਉਂ ਛੱਡਦੇ?

ਪ੍ਰੋ. ਪੰਨੂ ਨੇ ਇਹ ਵੀ ਕਿਹਾ ਕਿ ਹਿੰਦੂਆਂ ਦੇ ਖਿਲਾਫ਼ ਹੋਣ ਕਰਕੇ ਮਹਿਬੂਬ ਨੇ ਸ਼੍ਰੀ ਗੁਰੂ ਨਾਨਕ ਦੇਵ ਦੇ ਨਾਮ ਨਾਲੋਂ ਦੇਵ ਕੱਟ ਕੇ ਸਾਹਿਬ ਲਾਇਆ। ਡਾ. ਗੁਰਤਰਨ ਸਿੰਘ ਨੇ ਇਸ ਦੇ ਸਬੂਤ ਵਜੋਂ ਹਰਿੰਦਰ ਸਿੰਘ ਮਹਿਬੂਬ ਦਾ 22 ਸਾਲ ਦੀ ਉਮਰ ਵਿਚ ਲਿਖਿਆ ਲੇਖ ‘ਰਿਗਵੇਦ ਦੀਆਂ ਆਵਾਜ਼ਾਂ’ ਛਪਵਾਇਆ ਜਿਸ ਨੂੰ ਹਿੰਦੂ ਵੀਰ ਵੀ ਪੜ੍ਹ ਕੇ ਸਮਝ ਸਕਦੇ ਹਨ ਕਿ ਮਹਿਬੂਬ ਸਾਹਿਬ ਦਾ ਹਿੰਦੂਆਂ ਅਤੇ ਹਿੰਦੂ ਧਰਮ ਗ੍ਰੰਥਾਂ ਪ੍ਰਤੀ ਕੀ ਰਵੱਈਆ ਸੀ? ਪ੍ਰੋ. ਪੰਨੂ ਨੇ ਇਹ ਵੀ ਲਿਖਿਆ ਕਿ ਮਹਿਬੂਬ ਨੂੰ ਦੇਵ ਦੇ ਅਰਥ ਵੀ ਨਹੀਂ ਸੀ ਆਉਂਦੇ। ਇੱਕ ਪਾਸੇ ਤਾਂ ਪ੍ਰੋ. ਪੰਨੂ ਮਹਿਬੂਬ ਸਾਹਿਬ ਨੂੰ ਸ਼ਬਦਾਂ ਦੇ ਅਰਥ ਸਮਝਾਉਂਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦਾ ਲਿਖਿਆ ਲੇਖ ਵੀ ਪ੍ਰੋ. ਪੰਨੂ ਦੇ ਸਮਝ ਨਹੀਂ ਆਇਆ। ਉਨ੍ਹਾਂ ਆਪ ਹੀ ਮੰਨਿਆ ਹੈ, ਇਹ ਸਭ ਗੱਲਾਂ ਯੂਨੀਵਰਸਿਟੀ ਦੇ ਪ੍ਰੋਫੈਸਰ ਦੇ ਤੌਰ ’ਤੇ ਉਨ੍ਹਾਂ ਦੀ ਥਾਂ ਨੂੰ ਸ਼ੱਕੀ ਬਣਾਉਂਦੀਆਂ ਹਨ। ਪ੍ਰੋ. ਪੰਨੂ ਨੇ ਖੁਦ ਮੰਨਿਆ ਹੈ ਕਿ ਸ਼ਾਇਰ ਦਰਵੇਸ਼ ਹੁੰਦੇ ਹਨ, ਪੰਜਾਬ ਦੀ ਧਰਤੀ ’ਤੇ ਦਰਵੇਸ਼ ਫ਼ਕੀਰ ਪਹਿਲਾਂ ਤੇ ਲਿਖ਼ਤ ਮਗਰੋਂ ਹੈ, ਜੇ ਦਰਵੇਸ਼ ਨਹੀਂ ਤਾਂ ਉਹਦੀ ਲਿਖ਼ਤ ਦਾ ਕੋਈ ਮਾਅਨਾ ਨਹੀਂ।

(ਬਾਕੀ ਅਗਲੇ ਸਫੇ ’ਤੇ)

# ਰੁਮਾਂਟਕ ਤੇ ਰੁਮਾਂਚਕ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਰੁਮਾਂਟਕ ਤੇ ਰੁਮਾਂਚਕ ਸ਼ਬਦਾਂ ਨੂੰ ਕ੍ਰਮਵਾਰ ਰੋਮਾਂਟਕ ਤੇ ਰੋਮਾਂਚਕ ਵੀ ਲਿਖਿਆ ਜਾਂਦਾ ਹੈ। ਇਕਸਾਰਤਾ ਰੱਖਣ ਦੇ ਇਰਾਦੇ ਨਾਲ ਮੈਂ ਅਗਾਂਹ ਇਨ੍ਹਾਂ ਨੂੰ ਰੁਮਾਂਟਕ ਤੇ ਰੁਮਾਂਚਕ ਹੀ ਲਿਖਾਂਗਾ। ਇਨ੍ਹਾਂ ਸ਼ਬਦਾਂ ਨੂੰ ਕਈ ਲੋਕ ਇਕੋ ਅਰਥ ਵਾਲੇ ਸਮਝਦੇ ਹੋਏ ਇਕ ਦੂਜੇ ਦੇ ਬਦਲ ਵਜੋਂ ਵਰਤ ਲੈਂਦੇ ਹਨ। ਖਾਸ ਤੌਰ 'ਤੇ ਰੁਮਾਂਚਕ ਨੂੰ ਰੁਮਾਂਟਕ ਦੇ ਬਦਲ ਵਜੋਂ ਆਮ ਹੀ ਲਿਖਿਆ ਮਿਲਦਾ ਹੈ। ਮਿਸਾਲ ਵਜੋਂ, "ਗਰਮੀਆਂ ਦੇ ਦਿਨਾਂ 'ਚ ਹਵਾਹਾਰੇ ਸਟੇਜ ਲੱਗੀ ਹੋਈ ਸੀ। ਸਾਰਾ ਕੁਝ ਤਾਂ ਯਾਦ ਨਹੀਂ ਪਰ ਮਾਹੌਲ ਬੜਾ ਰੁਮਾਂਚਕ ਸੀ।" ਇਸੇ ਤਰ੍ਹਾਂ ਰੁਮਾਂਟਕ ਕਾਮਿਡੀ ਨੂੰ ਆਮ ਹੀ ਰੁਮਾਂਚਕ ਕਾਮਿਡੀ ਲਿਖ ਦਿਤਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੇ ਸਰੋਤ ਵੱਖੋ ਵੱਖਰੇ ਹਨ ਜਿਸ ਕਾਰਨ ਅਰਥਾਂ ਵਿਚ ਵੀ ਭਿੰਨਤਾ ਹੈ। ਪਰ ਤਾਂ ਵੀ ਕਿਤੇ ਕਿਤੇ ਇਨ੍ਹਾਂ ਦੀ ਆਪਸ ਵਿਚ ਕਰੰਘੜੀ ਵੀ ਪਈ ਹੋਈ ਹੈ ਜਿਸ ਕਾਰਨ ਭੁਲੇਖੇ ਦੀ ਗੁੰਜਾਇਸ਼ ਬਣੀ ਹੋਈ ਹੈ।

ਰੁਮਾਂਟਕ ਸ਼ਬਦ ਸਿਧਾ ਅੰਗਰੇਜ਼ੀ ਤੋਂ ਆਇਆ ਹੈ ਜੋ ਰੁਮਾਂਸ ਸ਼ਬਦ ਦਾ ਵਿਸ਼ੇਸ਼ਣ ਹੈ। ਜੇ ਸਿਧੀ ਤੇ ਮੋਟੀ ਜਿਹੀ ਗੱਲ ਕਰਨੀ ਹੋਵੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਰੁਮਾਂਟਕ ਸ਼ਬਦ ਅੰਤਮ ਤੌਰ 'ਤੇ ਇਟਲੀ ਦੇ ਸ਼ਹਿਰ 'ਰੋਮ' ਨਾਲ ਜਾ ਜੁੜਦਾ ਹੈ। ਇਹ ਜੋੜ ਕਿਵੇਂ ਹੈ, ਏਹੀ ਘੁੰਡੀ ਖੋਲ੍ਹਣ ਵਾਲੀ ਹੈ। ਰੋਮਨ ਸਾਮਰਾਜ ਅਧੀਨ ਜਿਸ ਜਿਸ ਪਰਦੇਸ਼ ਵਿਚ ਰੋਮਨ ਫੌਜੀ, ਵਪਾਰੀ, ਪ੍ਰਸ਼ਾਸਕ, ਗੁਲਾਮ ਤੇ ਹੋਰ ਆਮ ਲੋਕ ਗਏ ਉਥੇ ਉਥੇ ਇਨ੍ਹਾਂ ਦੀਆਂ ਭਾਸ਼ਾਵਾਂ ਗਈਆਂ ਜੋ ਮੂਲ ਰੂਪ ਵਿਚ ਬੋਲਚਾਲ ਵਾਲੀ ਲਾਤੀਨੀ ਭਾਸ਼ਾ ਸੀ। ਪੰਜਵੀਂ ਸਦੀ ਤੱਕ ਇਨ੍ਹਾਂ ਬੋਲਣਹਾਰਿਆਂ ਨੇ ਹਿੰਦ-ਆਰੀਆ ਭਾਸ਼ਾ ਪਰਿਵਾਰ ਦੇ ਨਵੇਂ ਠੁਕ ਵਾਲੇ ਇਕ ਵੱਖਰੇ ਉਪ ਭਾਸ਼ਾ ਪਰਿਵਾਰ ਨੂੰ ਜਨਮ ਦਿੱਤਾ ਜੋ ਰੋਮ ਦੇ ਨਾਂ ਤੇ 'ਰੋਮਾਂਸ' ਵਜੋਂ ਜਾਣਿਆ ਜਾਣ ਲੱਗਾ। ਇਸ ਉਪ-ਪਰਿਵਾਰ ਵਿਚ ਫਰਾਂਸੀਸੀ, ਸਪੈਨਿਸ਼, ਪੁਰਤਗਾਲੀ, ਰੁਮਾਨੀਅਨ, ਇਤਾਲਵੀ ਸਮੇਤ ਤਿੰਨ-ਚਾਰ ਦਰਜਨ ਭਾਸ਼ਾਵਾਂ ਸ਼ਾਮਿਲ ਹਨ। ਲਾਤੀਨੀ ਰੋਮ ਦੇ ਆਸਪਾਸ ਦੇ ਲੋਕਾਂ ਦੀ ਭਾਸ਼ਾ ਸੀ। ਚੌਧਵੀਂ ਸਦੀ ਵਿਚ ਰੋਮਾਂਸ ਦਾ ਅੰਗਰੇਜ਼ੀ ਵਿਚ ਇਕ ਹੋਰ ਅਰਥ ਉਭਰਿਆ, 'ਸੂਰਮਿਆਂ ਦੇ ਕਾਰਨਾਮਿਆਂ ਦੀਆਂ ਕਹਾਣੀਆਂ।' ਅਸਲ ਵਿਚ ਮਧਯੁਗੀ ਰੋਮ ਵਿਚ ਵੀਰਤਾ ਭਰੀਆਂ ਕਹਾਣੀਆਂ ਲਿਖੀਆਂ ਜਾਂਦੀਆਂ ਸਨ। ਸੋ ਰੁਮਾਂਸ ਸ਼ਬਦ ਦੀ ਕ੍ਰਿਆ ਦਾ ਮਤਲਬ ਹੁੰਦਾ ਸੀ, 'ਰੋਮ ਦੇ ਵੀਰ ਰਸੀ ਕਿੱਸਿਆਂ ਵਾਂਗ ਲਿਖਣਾ।' ਇਸ ਲਿਹਾਜ ਨਾਲ ਪੰਜਾਬੀ ਦੀਆਂ ਪ੍ਰੀਤ ਕਹਾਣੀਆਂ ਜਾਂ ਕਿੱਸਿਆਂ ਨੂੰ ਵੀ ਰੋਮਾਂਸ ਕਿਹਾ ਜਾਂਦਾ ਹੈ। ਬਾਅਦ ਵਿਚ ਇਸ ਦਾ ਭਾਵ ਪਿਆਰ ਕਹਾਣੀ ਵੀ ਹੋ ਗਿਆ। ਉਨ੍ਹਾਂ ਜ਼ਮਾਨਿਆਂ ਵਿਚ ਪਿਆਰ ਜਿਹੇ ਜੋਖਿਮ ਭਰੇ ਕੰਮ ਕਰਨੇ ਹਮਾਤੜਾਂ ਦੇ ਵੱਸ ਦਾ ਰੋਗ ਨਹੀਂ ਸੀ ਬਲਕਿ ਵੱਡੇ ਵਡੇ ਵੀਰ ਯੋਧੇ ਹੀ ਇਹ ਕੰਮ ਸਹੇੜ ਸਕਦੇ ਸਨ।

ਉਨ੍ਹੀਵੀਂ-ਵੀਹਵੀਂ ਸਦੀ ਦੌਰਾਨ ਯੂਰਪੀ ਸਾਹਿਤ ਤੇ ਕਲਾ ਵਿਚ ਚੱਲੀ ਰੁਮਾਂਸਵਾਦੀ ਲਹਿਰ ਦੇ ਫਲਸਰੂਪ ਸਾਹਿਤ ਤੇ ਕਲਾ ਵਿਚ ਕਲਪਨਾ, ਕੁਦਰਤ ਪਿਆਰ, ਅਦਭੁਤਤਾ, ਪ੍ਰਤੀਕਵਾਦ, ਮਿਥਾਂ ਤੇ ਸਾਧਾਰਨ ਜੀਵਨ ਦੇ ਚਿਤਰਣ ਦਾ ਰੁਝਾਨ ਵਧਿਆ ਤੇ ਇਹੋ ਜਿਹੇ ਗੁਣਾਂ ਵਾਲੀਆਂ ਕਿਰਤਾਂ ਨੂੰ ਰੁਮਾਂਸਵਾਦੀ ਕਿਹਾ ਜਾਣ ਲੱਗਾ। ਉਨ੍ਹੀਵੀਂ ਸਦੀ ਦੇ ਅਖੀਰ ਵਿਚ ਰੁਮਾਂਸ ਦਾ ਅਰਥ ਆਦਰਸ਼ ਵੀ ਹੋ ਗਿਆ ਤੇ ਬਾਅਦ ਵਿਚ ਇਸ ਨੇ ਇਸ਼ਕ, ਪਿਆਰ, ਮੁਹੱਬਤ ਆਦਿ ਜਿਹਾ ਅਰਥ ਗ੍ਰਹਿਣ ਕਰ ਲਿਆ ਜੋ ਹੁਣ ਤੱਕ ਇਸ ਦਾ ਮੁਖ ਅਰਥ ਹੈ। ਸਿੱਟੇ ਵਜੋਂ ਇਸ ਤੋਂ ਬਣੇ 'ਰੋਮੈਂਟਿਕ' ਦਾ ਮੁਢਲਾ ਅਰਥ 'ਵੀਰਤਾ ਭਰੀਆਂ ਕਹਾਣੀਆਂ ਵਰਗਾ' ਵੀ ਵਿਗਸਦਾ ਵਿਗਸਦਾ 'ਆਦਰਸ਼ਕ ਪਿਆਰ ਵਾਲਾ' ਹੋ ਗਿਆ। ਪਿਆਰ ਵਿਚ ਆਦਮੀ ਆਦਰਸ਼ਕ ਜਿਹੀ ਖਿਆਲੀ ਦੁਨੀਆਂ ਵਿਚ ਰਹਿੰਦਾ ਹੈ। ਇਸ ਲਈ ਕਿਸੇ ਵੀ ਔਖੇ ਆਦਰਸ਼ ਦੀ ਲਗਨ ਰਖਣ ਦੀ ਸਥਿਤੀ ਨੂੰ ਵੀ ਅਤੇ ਦੁਰਗਮ, ਭੂਤ ਜਾਂ ਭਵਿਖ ਦੀ ਹੀ ਕਲਪਨਾ ਕਰੀ ਜਾਣ ਦੀ ਸਥਿਤੀ ਨੂੰ ਵੀ ਰੁਮਾਂਟਕ ਬਿਰਤੀ ਕਿਹਾ ਜਾਣ ਲੱਗਾ। ਪੰਜਾਬੀ ਵਿਚ ਇਸ਼ਕ ਕਰਨਾ ਨੂੰ ਰੁਮਾਂਸ ਲੜਾਉਣਾ ਦੀ ਉਕਤੀ ਮਿਲ ਗਈ। ਭਾਰਤ ਵਿਚ ਰੋਮ ਸ਼ਹਿਰ ਨੂੰ ਰੂਮ ਵੀ ਕਿਹਾ ਜਾਂਦਾ ਰਿਹਾ ਹੈ, ਇਸ ਲਈ ਰੁਮਾਂਟਕ ਲਈ ਭਾਰਤੀ ਭਾਸ਼ਾਵਾਂ ਵਿਚ ਰੁਮਾਨੀ ਤੇ ਰੁਮਾਂਸ/ ਰੁਮਾਂਸਵਾਦ ਲਈ ਰੁਮਾਨੀਅਤ ਸ਼ਬਦ ਵੀ ਚਲਦੇ ਰਹੇ ਹਨ। ਰੋਮਾਨੀਆ, ਰੋਮੀਓ ਤੇ ਰੂਮੀ ਨਾਮ ਰੋਮ ਤੋਂ ਬਣੇ ਹਨ।



ਰੁਮਾਂਚਕ ਵਿਸ਼ੇਸ਼ਣ ਦਾ ਅਰਥ ਹੈ- ਸਨਸਨੀਖੇਜ਼, ਉਤੇਜਨਾ ਭਰਪੂਰ। ਇਹ ਤੇਜ਼ੀ ਨਾਲ ਮੋੜ ਘੇੜ ਜਾਂ ਉਤਰਾ-ਚੜ੍ਹਾ ਵਾਲੀ ਸਥਿਤੀ, ਘਟਨਾ ਜਾਂ ਵਰਤਾਰਾ ਆਦਿ ਵੱਲ ਸੰਕੇਤ ਕਰਦਾ ਹੈ। ਅਜਿਹੇ ਅਨੁਭਵ ਦੌਰਾਨ ਤੁਸੀਂ ਅੱਖ ਨਹੀਂ ਝਮਕ ਸਕਦੇ, ਸਾਹ ਵੀ ਜਾਣੋਂ ਉਪਰ ਦਾ ਉਪਰ ਹੀ ਰਹਿੰਦਾ ਹੈ। ਮੁਕਦੀ ਗੱਲ ਕਿ ਬੰਦੇ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਅੱਜ ਕਲ੍ਹ ਕ੍ਰਿਕਟ ਜਿਹੇ ਟਕਰਾਵੇਂ ਮੈਚ ਦੇ ਵਰਣਨ ਕਰਦੀਆਂ ਖਬਰਾਂ ਵਿਚ ਇਹ ਵਿਸ਼ੇਸ਼ਣ ਆਮ ਹੀ ਵਰਤਿਆ ਮਿਲਦਾ ਹੈ, ਜਿਵੇਂ ਭਾਰਤ ਤੇ ਪਕਿਸਤਾਨ ਦਾ ਰੋਮਾਂਚਕ ਮੈਚ। ਪਿਆਰ ਵਾਲੀ ਰੁਮਾਂਟਕ ਸਥਿਤੀ ਵਿਚ ਵਿਚਰਦਾ ਮਨੁਖ ਵੀ ਅਕਸਰ ਤਨ ਮਨ ਵਿਚ ਝਰਨਾਹਟ ਫਿਰਦੀ ਮਲੂਮ ਕਰਦਾ ਹੈ, ਇਸ ਲਈ ਇਸ ਨੂੰ ਰੁਮਾਂਚਕ ਕਹਿ ਦਿੱਤਾ ਜਾਂਦਾ ਹੈ। ਪਰ ਆਮ ਤੌਰ 'ਤੇ ਇਹ ਘਚੋਲਾ ਸ਼ਬਦ ਦੀ ਬੇਸਮਝੀ ਕਾਰਨ ਪੈਦਾ ਹੋਇਆ ਹੈ। ਅਸਲ ਵਿਚ ਰੁਮਾਂਚ ਸ਼ਬਦ ਦੀ ਅੰਗਲੀ-ਸੰਗਲੀ ਵੀ 'ਰੋਮ' ਸ਼ਬਦ ਨਾਲ ਜਾ ਪੈਂਦੀ ਹੈ ਪਰ ਇਟਲੀ ਵਾਲੇ ਰੋਮ ਨਾਲ ਨਹੀਂ। ਇਥੇ ਇਸ਼ਾਰਾ ਸਾਡੇ ਸਾਰੇ ਸਰੀਰ ਤੇ ਉਗੇ 'ਰੋਮ' ਹੀ ਕਹਾਉਂਦੇ ਮਹੀਨ ਵਾਲਾਂ ਵੱਲ ਹੈ। "ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ" -ਗੁਰੂ ਅਰਜਨ ਦੇਵ। ਅਰਥਾਤ ਹੇ ਪ੍ਰਭੂ ਪਿਆਰੇ ਤੇਰੇ ਲੱਖ ਕਰੋੜ ਗੁਣ ਤੇਰੇ ਇਕ ਰੋਮ ਦੀ ਵਡਿਆਈ ਜਿੰਨੇ ਵੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤੇ ਵਾਲਾਂ ਜਾਂ ਉਨ ਲਈ ਰੋਮਾਵਲੀ ਸ਼ਬਦ ਵੀ ਆਇਆ ਹੈ, "ਧਨਿ ਧਨਿ ਮੇਘਾ ਰੋਮਾਵਲੀ" -ਭਗਤ ਨਾਮਦੇਵ। ਅਰਥਾਤ ਘਣੀ ਉਨ ਵਾਲੀ ਭੇਡ ਦੇ ਸਦਕੇ ਜਾਂਦਾ ਹਾਂ।

ਸੰਸਕ੍ਰਿਤ ਵਿਚ ਰੋਮ ਦਾ ਰੂਪ ਹੈ, 'ਰੋਮਨ' ਜਿਸ ਦੇ ਹੋਰ ਅਰਥ ਹਨ-ਪੰਛੀ ਦੇ ਲੂੰ, ਮੱਛੀ ਦੇ ਖੰਬੜੇ। ਇਸ ਦਾ ਅਰਥ ਉਨ ਤੇ ਬੂਰ ਵੀ ਹੈ। ਜਦ ਕੋਈ ਸਨਸਨੀਖੇਜ਼ ਘਟਨਾ ਵਾਪਰਦੀ ਹੈ ਤਾਂ ਇਹ ਵਾਲ ਅਰਥਾਤ ਰੋਮ ਖੜੇ ਹੋ ਜਾਂਦੇ ਹਨ। ਇਸੇ ਸਥਿਤੀ ਤੋਂ ਰੋਮਾਂਚਕ ਸ਼ਬਦ ਬਣਿਆ ਭਾਵ ਜੋ ਰੋਮ ਖੜੇ ਕਰ ਦੇਵੇ। ਰੋਮਾਂਚ=ਰੋਮ+ਅੰਚ। ਅੰਚ ਦਾ ਅਰਥ ਘੁੰਗਰਾਲੇ ਹੋਣਾ ਹੈ ਪਰ ਇਹ ਸ਼ਬਦਾਂਗ ਇਸ ਸ਼ਬਦ ਤੋਂ ਬਿਨਾਂ ਹੋਰ ਕਿਧਰੇ ਨਹੀਂ ਮਿਲਦਾ। ਉਂਜ ਇਸ ਸ਼ਬਦ ਦੀ ਆਮ ਸਮਝ ਸਰੀਰ ਦੇ ਮੁਸਾਮ ਹਨ ਜਿਨ੍ਹਾਂ ਵਿਚ ਕਿ ਇਹ ਰੋਮ ਉਗਦੇ ਹਨ। ਸ਼ਾਇਦ ਭਗਤ ਕਬੀਰ ਦੇ ਇਨ੍ਹਾਂ ਸ਼ਬਦਾਂ ਵਿਚ ਏਹੀ ਭਾਵ ਹੈ, "ਰੋਮ ਰੋਮ ਮਹਿ ਬਸਹਿ ਮੁਰਾਰਿ॥" ਅਸਲ ਵਿਚ 'ਲੂੰ' ਸ਼ਬਦ ਵੀ ਰੋਮ ਦਾ ਹੀ ਵਿਕਸਿਤ ਰੂਪ ਹੈ, ਇਥੇ 'ਰ' ਧੁਨੀ 'ਲ' ਵਿਚ ਬਦਲ ਗਈ ਹੈ। ਇਸ ਪ੍ਰਕਾਰ ਸੰਸਕ੍ਰਿਤ ਵਿਚ ਰੋਮਨ ਦਾ ਵਿਕਸਿਤ ਰੂਪ 'ਲੋਮਨ' ਹੋ ਗਿਆ। ਸੰਸਕ੍ਰਿਤ ਵਿਚ ਰੋਮਾਂਚ ਦਾ ਬਦਲਿਆ ਰੂਪ ਲੋਮਾਂਚ ਵੀ ਮਿਲਦਾ ਹੈ ਜਿਸ ਦਾ ਅਰਥ ਹੈ ਡਰ ਆਦਿ ਕਾਰਨ ਲੂੰਆਂ ਦਾ ਖੜੇ ਹੋ ਜਾਣਾ, ਕੰਬਣੀ, ਕਪਕਪੀ। ਰੋਮ ਤੋਂ ਰੋਮਕ ਬਣਦਿਆਂ ਇਸ ਦਾ ਇਕ ਰੂਪ ਰੌਂਗਟ ਵੀ ਹੋ ਗਿਆ। ਪਿਛੇ ਚਰਚਿਤ ਮੁਹਾਵਰੇ ਦਾ ਇਕ ਹੋਰ ਰੂਪ 'ਰੌਂਗਟੇ ਖੜੇ ਹੋ ਜਾਣਾ' ਵੀ ਮਿਲਦਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ 'ਲੂੰ ਕੰਡੇ ਖੜੇ ਹੋਣ' ਪਿਛੇ ਸਰੀਰ-ਵਿਗਿਆਨਕ ਤੇ ਕ੍ਰਮ-ਵਿਕਾਸੀ ਕਾਰਨ ਲੱਭੀਏ, ਮੁਹਾਵਰੇ ਵਿਚ ਵਰਤੇ ਗਏ 'ਕੰਡੇ' ਸ਼ਬਦ ਵੱਲ ਧਿਆਨ ਦੇਈਏ। ਕੀ ਇਥੇ ਭਾਵ ਲੂੰਆਂ ਦੇ ਕੰਡੇ ਦੀ ਤਰ੍ਹਾਂ ਖੜੇ ਹੋ ਜਾਣ ਤੋਂ ਹੈ? ਫਿਰ ਤਾਂ 'ਲੂੰ ਕੰਡੇ ਹੋਣਾ' ਮੁਹਾਵਰਾ ਹੋਣਾ ਚਾਹੀਦਾ ਸੀ। ਦਰਅਸਲ ਇਥੇ ਕੰਡੇ ਦਾ ਅਰਥ ਵੀ ਖੜੇ ਲੂੰ ਹੀ ਹੈ, ਭਾਵੇਂ ਕਿਸੇ ਪੰਜਾਬੀ ਕੋਸ਼ ਵਿਚ ਮੈਨੂੰ ਇਹ ਅਰਥ ਨਹੀਂ ਲੱਭੇ। ਅਸੀਂ ਇਕੋ ਅਰਥ ਲਈ ਵਰਤੇ ਜਾਂਦੇ ਦੋ ਵਖਰੇ ਵਖਰੇ ਸ਼ਬਦ ਜੋੜ ਕੇ ਆਮ ਹੀ ਦੁਰੁਕਤੀ ਬਣਾ ਲੈਂਦੇ ਹਾਂ ਜਿਵੇਂ ਚਿੱਠੀ ਪੱਤਰ, ਜਲ ਪਾਣੀ, ਰੋਟੀ ਟੁਕ ਆਦਿ। ਲੂੰ ਕੰਡੇ ਵੀ ਮੈਨੂੰ ਇਸੇ ਤਰ੍ਹਾਂ ਲਗਦਾ ਹੈ। ਇੰਜ ਲਗਦਾ ਹੈ, ਕੰਡੇ ਸ਼ਬਦ ਦੇ ਲੂੰ, ਵਾਲ ਹੋਣ ਵਾਲੇ ਅਰਥ ਪੰਜਾਬੀ ਵਿਚੋਂ ਅਲੋਪ ਹੋ ਗਏ ਹਨ। ਆਪਣੇ ਵਿਚਾਰ ਦੀ ਪੁਸ਼ਟੀ ਲਈ ਮੈਨੂੰ ਦੋ ਮਿਸਾਲਾਂ ਮਿਲੀਆਂ ਹਨ। ਸੰਸਕ੍ਰਿਤ ਵਿਚ ਕੰਟਕ ਅਤੇ ਮਰਾਠੀ ਵਿਚ ਕਾਂਟਾ ਸ਼ਬਦਾਂ ਦੇ ਅਰਥ 'ਵਾਲਾਂ ਦਾ ਖੜਾ ਹੋਣ' ਮਿਲਦਾ ਹੈ।

ਠੰਡੇ ਪਾਣੀ ਵਿਚੋਂ ਨਿਕਲਣ ਸਮੇਂ, ਕੋਈ ਪੁਰਾਣਾ ਗੀਤ ਜਾਂ ਭਾਵੁਕ ਅਨੁਭਵ ਯਾਦ ਆ ਜਾਣ ਨਾਲ ਸਾਡੇ ਲੂੰ ਕੰਡੇ ਖੜੇ ਹੋ ਜਾਂਦੇ ਹਨ, ਸਰੀਰ ਵਿਚ ਝੁਣਝੁਣੀ ਛਿੜ ਜਾਂਦੀ ਹੈ। ਡਰ ਦੇ ਮਾਰੇ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਰੋਮਾਂ ਦੇ ਹੇਠਾਂ ਮਹੀਨ ਪੱਠੇ ਹੁੰਦੇ ਹਨ। ਕਿਸੇ ਉਕਸਾਊ ਘਟਨਾ ਦੇ ਪ੍ਰਤੀਕਰਮ ਵਜੋਂ ਇਹ ਪੱਠੇ ਸੁੰਗੜ ਜਾਂਦੇ ਹਨ ਜਿਸ ਕਾਰਨ ਲੂੰ ਖੜੇ ਹੋ ਜਾਂਦੇ ਹਨ। ਖੜੇ ਵਾਲ ਜਾਨਵਰਾਂ ਨੂੰ ਗਰਮੀ ਸਰਦੀ ਤੋਂ ਬਚਾਉਂਦੇ ਹਨ। ਕਿਸੇ ਸ਼ਿਕਾਰੀ ਜਾਨਵਰ ਵਲੋਂ ਹਮਲੇ ਦੀ ਸਥਿਤੀ ਵਿਚ ਕਈ ਸ਼ਿਕਾਰ ਹੋਣ ਵਾਲੇ ਜਾਨਵਰਾਂ ਦੇ ਵਾਲ ਕੁਦਰਤੀ ਤੌਰ 'ਤੇ ਬਚਾਅ ਵਜੋਂ ਖੜੇ ਹੋ ਜਾਂਦੇ ਹਨ। ਇਹ ਖੜੇ ਵਾਲ ਉਸ ਜਾਨਵਰ ਨੂੰ ਵਡਰੂਪੀ ਤੇ ਡਰਾਉਣਾ ਬਣਾ ਦਿੰਦੇ ਹਨ, ਸਿੱਟੇ ਵਜੋਂ ਸ਼ਿਕਾਰੀ ਜਾਨਵਰ ਭਜ ਜਾਂਦਾ ਹੈ। ਕੰਡੇਰਨੇ ਦੇ ਕੰਡੇ ਵੀ ਇਹੀ ਬਚਾਉ ਦਾ ਕੰਮ ਕਰਦੇ ਹਨ। ਲੱਖਾਂ ਕਰੋੜਾਂ ਸਾਲ ਪਹਿਲਾਂ ਮਨੁਖ ਦੇ ਸਰੀਰ 'ਚ ਵੀ ਵੱਡੇ ਵੱਡੇ ਵਾਲ ਅਰਥਾਤ ਜੱਤ ਹੁੰਦੀ ਸੀ। ਪਰਾ-ਮਨੁਖ ਦੀ ਇਹ ਜੱਤ ਜਾਨਵਰ ਦੀ ਤਰ੍ਹਾਂ ਹੀ ਖੜੀ ਹੋ ਕੇ ਉਸ ਦੀ ਦਿਖ ਵਿਰਾਟ ਅਤੇ ਭਿਅੰਕਰ ਬਣਾ ਦਿੰਦੀ ਸੀ। ਕ੍ਰਮ-ਵਿਕਾਸ (ਐਵੋਲਿਊਸ਼ਨ) ਕਾਰਨ ਹੌਲੇ ਹੌਲੇ ਇਹ ਜੱਤ ਛੋਟੀ ਹੁੰਦੀ ਗਈ ਤੇ ਅਖੀਰ ਲੂੰ ਹੀ ਰਹਿ ਗਏ। ਜਿਨੈਟਿਕ ਕਾਰਨਾਂ ਕਰਕੇ ਅਜ ਵੀ ਇਹ ਲੂੰ ਖੜੇ ਹੁੰਦੇ ਹਨ ਪਰ ਇਹ ਆਪਣਾ ਮੁਢਲਾ ਪ੍ਰਕਾਰਜ ਖੋ ਬੈਠੇ ਹਨ।

ਇਕ ਵਿਚਾਰ ਹੈ ਕਿ 'ਰੋਮ' ਜਾਂ 'ਲੂੰ' ਸ਼ਬਦ ਦਾ ਧਾਤੂ 'ਰੁਹ' ਹੈ ਜਿਸ ਦਾ ਅਰਥ ਵਧਣਾ, ਚੜ੍ਹਨਾ ਹੈ। ਇਸ ਤੋਂ ਚੜ੍ਹਨ ਦੇ ਅਰਥਾਂ ਵਾਲੇ ਸ਼ਬਦ ਆਰੋਹਣ, ਆਰੋਹੀ (ਜਿਵੇਂ ਪਰਬਤ ਆਰੋਹਨ) ਬਣੇ ਹਨ। ਰੋਮ (ਵਾਲਾਂ) ਦੇ ਸਬੰਧ ਵਿਚ ਇਸ ਦਾ ਭਾਵ ਹੋਵੇਗਾ, ਉਹ ਚੀਜ਼ ਜੋ ਕਿਸੇ ਜਾਨਵਰ ਦੇ ਸਰੀਰ 'ਤੇ ਚੜ੍ਹੀ ਹੋਈ ਜਾਂ ਵਧੀ ਹੋਈ ਹੈ। ਪਰ ਇਹ ਵਿਵਾਦੀ ਮਾਮਲਾ ਹੈ, ਜੇ ਅਜਿਹਾ ਹੋਵੇ ਤਾਂ ਇਸ ਸ਼ਬਦ ਦੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਅਨੇਕਾਂ ਸੁਜਾਤੀ ਸ਼ਬਦ ਲੱਭਣਗੇ। ਪੰਜਾਬੀ ਦੇ ਕੁਝ ਹੋਰ ਸ਼ਬਦ ਵੀ ਇਸੇ ਪਿਛੋਕੜ ਤੋਂ ਬਣੇ ਹਨ। ਮਿਸਾਲ ਵਜੋਂ ਵੇਲੀ ਹੋਈ ਕਪਾਹ ਲਈ ਵਰਤਿਆ ਜਾਂਦਾ ਸ਼ਬਦ ਰੂੰ ਜਾਂ ਰੂਈਂ, ਲੂਈਂ, ਲੋਈ, ਅਲੂਆਂ (ਕਿਸ਼ੋਰ ਉਮਰ ਦਾ, ਜਿਸ ਦੀ ਮੱਸ ਨਹੀਂ ਫੁੱਟੀ)। ਗਰਦਨ ਤੇ ਵਾਲ ਹੋਣ ਦੇ ਭਾਵ ਤੋਂ ਲੂੰਬੜੀ ਸ਼ਬਦ ਬਣਿਆ।

## ਮਹਿਬੂਬ ਬਾਰੇ ਟਿੱਪਣੀਆਂ ਦੀ ਗੱਲ

ਪ੍ਰੋ. ਪੰਨੂ ਨੇ ਕਿਹਾ ਹੈ ਕਿ ਡਾ. ਗੁਰਤਰਨ ਸਿੰਘ ਨਾਲ ਮਹਿਬੂਬ ਸਾਹਿਬ ਦੀ ਦੋਸਤੀ ਨਹੀਂ ਸੀ, ਰਛਪਾਲ ਸਿੰਘ ਹੀ ਮਹਿਬੂਬ ਸਾਹਿਬ ਦਾ ਦੋਸਤ ਸੀ। ਜੇ ਰਛਪਾਲ ਸਿੰਘ ਉਨ੍ਹਾਂ ਦਾ ਦੋਸਤ ਸੀ ਤਾਂ ਫਿਰ ਜਦੋਂ ਪ੍ਰੋ. ਪੰਨੂ ਨੇ ਮਹਿਬੂਬ ਸਾਹਿਬ ਦੇ ਖਿਲਾਫ਼ ਲਿਖਿਆ ਉਸ ਦੀ ਤਕਲੀਫ਼ ਰਛਪਾਲ ਸਿੰਘ ਨੂੰ ਪਹਿਲਾਂ ਕਿਉਂ ਨਾ ਹੋਈ ਤੇ ਉਨ੍ਹਾਂ ਜਵਾਬ ਕਿਉਂ ਨਾ ਦਿੱਤਾ? ਹੁਣ ਰਛਪਾਲ ਸਿੰਘ ਦਾ ਜਦੋਂ ਨਾਂ ਆ ਗਿਆ, ਤਾਂ ਕੁਲਵਿੰਦਰ ਗਿੱਲ ਤੇ ਗੁਰਬਖਸ਼ ਸਿੰਘ ਵੀ ਮੂਹਰੇ ਆ ਗਏ। ਸਪੱਸ਼ਟ ਤੌਰ 'ਤੇ ਪ੍ਰੋ. ਪੰਨੂ ਦਾ ਨਾਂ ਤਾਂ ਅਜੇ ਵੀ ਨਹੀਂ ਆਇਆ।

ਰਛਪਾਲ ਸਿੰਘ ਨੇ ਲਿਖਿਆ, ਮਹਿਬੂਬ ਸਾਹਿਬ ਦੀ ਸ਼ਖਸੀਅਤ ਬਾਰੇ ਬਹਿਸ ਬੇਲੋੜੀ ਹੈ। ਉਨ੍ਹਾਂ ਤੋਂ ਪੁੱਛਣਾ ਬਣਦਾ ਹੈ ਕਿ ਇਹ ਬਹਿਸ ਬੇਲੋੜੀ ਕਿਉਂ? ਹਰਿੰਦਰ ਸਿੰਘ ਮਹਿਬੂਬ 'ਤੇ ਪ੍ਰੋ. ਪੰਨੂ ਨੇ ਦੋਸ਼ ਲਾਏ ਸਨ। ਡਾ. ਗੁਰਤਰਨ ਸਿੰਘ ਤਾਂ ਉਨ੍ਹਾਂ ਦੋਸ਼ਾਂ ਦੇ ਖਿਲਾਫ ਅਤੇ ਮਹਿਬੂਬ ਦੇ ਹੱਕ ਵਿਚ ਖੜ੍ਹੇ ਹਨ, ਉਹ ਮਹਿਬੂਬ ਸਾਹਿਬ ਬਾਰੇ ਸਪਸ਼ਟੀਕਰਨ ਹੀ ਦੇ ਰਹੇ ਹਨ। ਰਹੀ ਗੱਲ ਬਹਿਸ ਦੇ ਬੇਲੋੜੀ ਹੋਣ ਦੀ, ਇਹ ਤਾਂ ਸੱਚ ਤੇ ਝੂਠ ਦੀ ਲੜਾਈ ਹੈ, ਬਹਿਸ ਨਹੀਂ। ਹਾਂ ਇਸ ਨੂੰ ਬਹਿਸ ਤਾਂ ਕਿਹਾ ਜਾ ਸਕਦਾ ਹੈ ਜੇ ਡਾ. ਗੁਰਤਰਨ ਸਿੰਘ ਦਾ ਆਪਣਾ ਨਿੱਜੀ ਮਸਲਾ ਹੋਵੇ।

ਰਛਪਾਲ ਸਿੰਘ ਨੇ ਪਹਿਲੀ ਦਸੰਬਰ 2012 ਨੂੰ ਪੰਜਾਬ ਟਾਈਮਜ਼ ਵਿਚ ਮਹਿਬੂਬ ਸਾਹਿਬ ਦੇ ਭਤੀਜੇ ਸੁਖਵੀਰ ਸਿੰਘ ਸੁੱਖੀ ਦੀ ਛਪੀ ਟਿੱਪਣੀ ਬਾਰੇ ਕਿਹਾ ਹੈ ਕਿ ਇਹ ਸੁੱਖੀ ਨੇ ਨਹੀਂ ਡਾ. ਗੁਰਤਰਨ ਸਿੰਘ ਨੇ ਲਿਖੀ ਹੈ, ਨਾਲ ਹੀ ਸੁੱਖੀ ਦਾ ਫੋਨ ਨੰਬਰ ਦਿੱਤਾ ਹੋਇਆ ਸੀ, ਮੈਂ ਵੀ ਤੁਰੰਤ ਹੀ ਸੁੱਖੀ ਨੂੰ ਫੋਨ ਕੀਤਾ, ਸੁੱਖੀ ਨੇ ਮੰਨਿਆ ਕਿ ਉਹ ਟਿੱਪਣੀ ਸੁੱਖੀ ਨੇ ਖ਼ੁਦ ਦਿੱਤੀ ਹੈ, ਡਾ. ਗੁਰਤਰਨ ਸਿੰਘ ਨੇ ਨਹੀਂ। ਹਾਂ, ਜੇ ਉਹ ਟਿੱਪਣੀ ਸੁੱਖੀ ਨੇ ਨਹੀਂ ਦਿੱਤੀ ਤਾਂ ਉਹ ਅਖ਼ਬਾਰ ਵਿਚ ਲਿਖੇ ਕਿ ਉਹ ਟਿੱਪਣੀ ਉਸ ਨੇ ਨਹੀਂ ਲਿਖੀ।

-ਸੁਖਜੀਤ ਕੌਰ
ਫੋਨ: 91-84272-02207

## ਕਾਵਿ-ਜਗਤ

### ਐ ਸਾਲ ਨਵੇਂ

ਪਤਝੱੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।
ਹਰ ਘਰ ਵਿਚ ਸੁੱਖ ਵਰਤਾਵੀਂ ਐ ਸਾਲ ਨਵੇਂ।
ਨ੍ਹੇਰੇ ਨੂੰ ਧੋ ਚਾਨਣ ਰੰਗਾਂ ਕਰ ਦੇਵੀਂ,
ਹਰ ਖੂੰਜੇ ਇਕ ਦੀਪ ਚੁਮਖੀਆ ਧਰ ਦੇਵੀਂ
ਨ੍ਹੇਰੇ ਦੀ ਅਲਖ ਮੁਕਾਵੀਂ ਐ ਸਾਲ ਨਵੇਂ।
ਪੱਤਝੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।

ਤਕੜੇ ਕੋਲੋਂ ਖੋਹ ਕੇ ਲਾਠੀ ਭੰਨ ਦੇਵੀਂ,
ਸਿਰ ਉੱਚਾ ਕਰ ਜੀਣ ਦਾ ਸਭ ਨੂੰ ਵੱਲ ਦੇਵੀਂ,
ਡਿਗਿਆਂ ਨੂੰ ਉਠ ਖੜਾਵੀਂ ਐ ਸਾਲ ਨਵੇਂ।
ਪੱਤਝੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।

ਕਿਰਤ ਕਰਨ ਤੇ ਵੰਡ ਛਕਣ ਇਹ ਸਾਰੇ ਲੋਕ,
ਬੇਗਮਪੁਰ ਬਣ ਜਾਏ ਰਲ ਵਸਣ ਜੇ ਸਾਰੇ ਲੋਕ,
ਨੀਤਾਂ ਨੂੰ ਰੱਜ ਲਿਆਵੀਂ ਐ ਸਾਲ ਨਵੇਂ।
ਪੱਤਝੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।

ਇਹ ਧਰਮਾਂ ਵਾਲੇ ਮਸਲੇ, ਕੌਮਾਂ ਨਸਲਾਂ ਵਾਲੇ,
ਮੇਟ ਦਈਂ ਸਭ ਝਗੜੇ ਤੋਪਾਂ ਰਫਲਾਂ ਵਾਲੇ,
ਨਫਰਤ ਦਾ ਬੀਜ ਮੁਕਾਵੀਂ ਐ ਸਾਲ ਨਵੇਂ।
ਪੱਤਝੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।

ਗੀਤਾਂ ਦੇ ਮੁਖੜੇ ਦਈਂ, ਨਜ਼ਮਾਂ ਗਜ਼ਲਾਂ ਦਈਂ,
ਕਲਮ ਮੇਰੀ ਨੂੰ ਸੱਚ ਲਿਖਣ ਦੀਆਂ ਅਕਲਾਂ ਦਈਂ,
ਸ਼ਬਦਾਂ ਵਿਚ ਅਹਿਸਾਸ ਜਗਾਵੀਂ ਐ ਸਾਲ ਨਵੇਂ।
ਪੱਤਝੜ ਵਿਚ ਫੁੱਲ ਮਹਿਕਾਵੀਂ ਐ ਸਾਲ ਨਵੇਂ।

-ਹਰਜਿੰਦਰ ਢੇਸੀ

### ਗੁਰੂ ਗੋਬਿੰਦ ਸਿੰਘ

ਪਿਤਾ ਪੁੱਤਰਾਂ ਦਾ ਦਾਨੀ
ਛੇਵੀਂ ਮਾਂ ਵੀ ਧਰਮ ਤੋਂ ਵਾਰੀ।
ਸਵਾ ਲੱਖ ਨਾਲ ਇਕ ਲੜਾ ਕੇ
ਖੇਡੀ ਖੇਡ ਨਿਆਰੀ।
ਜਬਰ ਜ਼ੁਲਮ ਨਾਲ ਟੱਕਰ ਲਈ
ਤੇ ਫਿਰ ਦਿੱਤਾ ਜਵਾਬ ਕਰਾਰਾ।
ਤੂੰ ਗੱਲ ਕਰ ਬਾਜਾਂ ਵਾਲੇ ਦੀ
ਜੀਹਨੇ ਸਰਬੰਸ ਵਾਰ'ਤਾ ਸਾਰਾ।

ਭਾਵੇਂ ਉਮਰ ਤਾਂ ਛੋਟੀ ਸੀ
ਮੂੰਹੋਂ ਵੱਡੀ ਗੱਲ ਉਚਾਰੀ।
ਨੌਂ ਸਾਲ ਦੇ ਪੁੱਤਰ ਨੇ
ਪਿਤਾ ਨੂੰ ਦਿੱਤੀ ਰਾਇ ਪਿਆਰੀ।
ਚਾਂਦਨੀ ਚੌਕ 'ਚ ਜਾ ਕੇ ਜੀ
ਲਾਹ ਦਿਉ ਕੌਮ ਦਾ ਕਰਜ਼ਾ ਭਾਰਾ।
ਤੂੰ ਗੱਲ ਕਰ ਬਾਜਾਂ ਵਾਲੇ ਦੀ
ਜੀਹਨੇ ਸਰਬੰਸ ਵਾਰ'ਤਾ ਸਾਰਾ।

ਉਹ ਪਹੁੰਚ ਪੰਜਾਬ ਗਿਆ
ਦੁਨੀਆਂ ਭਰਦੀ ਪਈ ਹਟਕੋਰੇ।
ਹਥਿਆਰ ਫੜਾਏ ਹੱਥੀਂ
ਪੁੱਤ ਚਮਕੌਰ ਗੜ੍ਹੀ ਵਿਚ ਤੋਰੇ।
ਪਿੱਛੇ ਮੁੜ ਕੇ ਨਾ ਤੱਕਿਉ
ਤੇ ਕਰ ਦਿਉ ਵੈਰੀ ਪਾਰ ਉਤਾਰਾ।
ਤੂੰ ਗੱਲ ਕਰ ਬਾਜਾਂ ਵਾਲੇ ਦੀ
ਜੀਹਨੇ ਸਰਬੰਸ ਵਾਰ'ਤਾ ਸਾਰਾ।

ਮਾਂ ਪੁੱਤ ਵਿਛੜੇ ਸਰਸਾ ਨਦੀ 'ਤੇ
ਉਹਨੇ ਫਿਕਰ ਭੋਰਾ ਨਾ ਕੀਤਾ।
ਸਰਹਿੰਦ ਦੀਆਂ ਕੰਧਾਂ ਬੋਲਦੀਆਂ
ਤੇ ਸਭ ਨੇ ਜਾਮ ਸ਼ਹਾਦਤ ਪੀਤਾ।
ਲੈ ਲਿਆ ਬਦਲਾ ਬੰਦੇ ਬਹਾਦਰ
ਆ ਗਿਆ ਫੇਰ ਨਜ਼ਾਰਾ।
ਤੂੰ ਗੱਲ ਕਰ ਬਾਜਾਂ ਵਾਲੇ ਦੀ
ਜੀਹਨੇ ਸਰਬੰਸ ਵਾਰ'ਤਾ ਸਾਰਾ।

ਸਿੱਖ ਧਰਮ ਦਾ ਬੂਟਾ ਲਾਇਆ
ਤੇ ਸਾਡੇ ਸਿਰ ਸਜੀਆਂ ਦਸਤਾਰਾਂ।
ਸੌਣਾ ਕੰਡਿਆਂ 'ਤੇ ਤੁਰ ਕੇ
ਤੇ ਦਿੱਤੀਆਂ ਦੁਸ਼ਮਣ ਨੂੰ ਸੀ ਹਾਰਾਂ।
ਅੱਜ ਫੇਰ 'ਦੇਵ ਘੋਲੀਏ' ਨੂੰ
ਤਾਹੀਉਂ ਖਾਲਸਾ ਪੰਥ ਪਿਆਰਾ।
ਤੂੰ ਗੱਲ ਕਰ ਬਾਜਾਂ ਵਾਲੇ ਦੀ
ਜੀਹਨੇ ਸਰਬੰਸ ਵਾਰ'ਤਾ ਸਾਰਾ।

-ਦੇਵ ਘੋਲੀਆ ਖੁਰਦ
ਫੋਨ: 559-232-7764

---

### ਹਵਾ ਦੇ ਰਾਹੀਂ

ਹਵਾ ਦੇ ਰਾਹੀਂ ਚਾਰ-ਚੁਫੇਰੇ
ਗੱਲਾਂ ਜੁੜੀਆਂ।
ਜਿਵੇਂ ਸਮੇਂ ਦੇ ਨਾਲ ਚੱਲਦੀਆਂ ਘੜੀਆਂ।
ਦੁਨੀਆਂ 'ਤੇ ਲੋਕੋ
ਹਵਾ ਕਦੇ ਰੁਕਦੀ ਨਹੀਂ,
ਤਾਈਉਂ ਪਾਰ ਸਮੁੰਦਰੋਂ ਵੀ
ਤਾਂਘਾਂ ਬੜੀਆਂ।
ਇਨਸਾਨ ਵਾਂਗਰ,
ਮੌਸਮ ਵੀ ਖ਼ਰਾਬ ਕਰਦੇ,
ਕਿਤੇ ਬਹਾਰਾਂ ਉਜੜੀਆਂ
ਕਿਤੇ ਬਹਾਰਾਂ ਖਿੜੀਆਂ।

ਇਹ ਜੀਵਨ
ਆਪਣੇ ਆਪ ਤਾਂ ਚੱਲਦਾ ਨਈਂ,
ਆਸਾਂ ਤੇ ਖਾਹਿਸ਼ਾਂ ਵੀ
ਨਾਲ ਸਾਹਾਂ ਖੜੀਆਂ।
ਪੂਰਬ-ਪੱਛਮ, ਉਤਰ-ਦੱਖਣ
ਵੀ ਨੇੜੇ ਲਗਦੇ,
ਪਲ ਪਲ ਦਿੱਸਦੀਆਂ,
ਬੁਝਦੀਆਂ ਜਗਦੀਆਂ ਫੁੱਲਝੜੀਆਂ।

ਹੀਰੇ ਵਰਗਾ ਜੀਵਨ ਤੇ
ਲੋੜਾਂ ਮੂੰਹੋਂ ਬੋਲਦੀਆਂ,
ਪਰ ਕਿਸੇ ਕਿਸੇ ਦੀਆਂ
ਰੀਝਾਂ ਸੜੀਆਂ।
ਹਵਾ-ਪਾਣੀ-ਅੱਗ
ਜ਼ਿੰਦਗੀ ਵਾਸਤੇ 'ਕਮਲ',
ਪਾਣੀ ਨਾਲ ਗਰੀਬਾਂ ਦੀਆਂ
ਕੁੱਲੀਆਂ ਹੜ੍ਹੀਆਂ।

-ਕਮਲ ਬੰਗਾ ਸੈਕਰਾਮੈਂਟੋ
ਫੋਨ: 916-897-8570

## ਕਹਾਣੀ

# ਸ਼ੀਸ਼ਾ

***ਕਹਾਣੀਕਾਰ-ਨਾਵਲਕਾਰ ਗੁਰਦੇਵ ਸਿੰਘ ਰੁਪਾਣਾ ਨੇ ਪੰਜਾਬੀ ਸਾਹਿਤ ਜਗਤ ਨੂੰ ਬੇਹੱਦ ਸੂਖਮ-ਭਾਵੀ ਰਚਨਾਵਾਂ ਦਿੱਤੀਆਂ ਹਨ। ਉਸ ਦੀਆਂ ਰਚਨਾਵਾਂ ਵਿਚ ਸਹਿਜ ਤੇ ਸੰਤੁਲਨ ਗਜ਼ਬ ਦਾ ਹੁੰਦਾ ਹੈ। 'ਸ਼ੀਸ਼ਾ' ਨਾਂ ਦੀ ਕਹਾਣੀ ਵਿਚ ਵੀ ਜਿਵੇਂ ਉਹ ਵੰਡ ਵੇਲੇ ਦੀ ਹਿੰਸਾ ਬਿਆਨ ਕਰਦਾ ਹੈ ਅਤੇ ਜਿਸ ਤਰ੍ਹਾਂ ਇਸ ਹਿੰਸਾ ਨੂੰ ਵਡਿਆਉਣ ਵਾਲਿਆਂ ਬਾਰੇ ਦੱਸਦਾ ਹੈ, ਉਸ ਵਿਚ ਲੋਹੜੇ ਦਾ ਦਰਦ ਭਰਿਆ ਹੋਇਆ ਹੈ। ਇਹ ਕਹਾਣੀ ਉਨ੍ਹਾਂ 'ਵਖਤਾਂ ਮਾਰੇ' ਵਕਤਾਂ ਉਤੇ ਹੀ ਨਹੀਂ, ਹੁਣ ਤੱਕ ਵਡਿਆਈ ਜਾ ਰਹੀ ਹਿੰਸਾ ਵਾਲੇ ਦੌਰ ਉਤੇ ਵੀ ਤਿੱਖੀ ਚੋਟ ਕਰਦੀ ਹੈ। ਰੁਪਾਣਾ ਨੇ ਲੰਮਾ ਸਮਾਂ ਦਿੱਲੀ ਵਰਗੇ ਮਹਾਂਨਗਰ ਵਿਚ ਨੌਕਰੀ ਕੀਤੀ, ਹੁਣ ਨੌਕਰੀ ਤੋਂ ਵਿਹਲਾ ਹੋ ਕੇ ਉਹ ਆਪਣੇ ਪਿੰਡ ਰੁਪਾਣਾ ਰਹਿ ਰਿਹਾ ਹੈ ਤੇ ਨਵੀਆਂ ਰਚਨਾਵਾਂ ਰਚ ਰਿਹਾ ਹੈ। ਉਸ ਦੀਆਂ ਰਚਨਾਵਾਂ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਜੈ-ਜੈਕਾਰ ਹੁੰਦੀ ਹੈ ਅਤੇ ਇਨ੍ਹਾਂ ਵਿਚ ਪੰਜਾਬ ਪੂਰੇ ਜਜ਼ਬੇ ਨਾਲ ਬੋਲਦਾ ਪ੍ਰਤੀਤ ਹੁੰਦਾ ਹੈ। -ਸੰਪਾਦਕ***



**ਗੁਰਦੇਵ ਸਿੰਘ ਰੁਪਾਣਾ**

ਉਹ ਪਤਲਾ, ਤੰਦਰੁਸਤ ਸਰੀਰ ਵਾਲਾ, ਚਵ੍ਹੀ-ਪੰਝੀ ਸਾਲ ਦਾ ਜਵਾਨ ਸੀ। ਚਿਹਰੇ ਦਾ ਰੰਗ ਤਾਂਬੇ ਵਰਗਾ, ਜਿਸ ਕਰ ਕੇ ਹੋਰ ਵੀ ਸਿਹਤਮੰਦ ਲਗਦਾ ਸੀ। ਨਾਂ ਸੀ ਦਾਨੀ ਤੇ ਪੈਰਿਸ ਦਾ ਰਹਿਣ ਵਾਲਾ ਸੀ। ਸਾਹਿਤ ਦਾ ਵਿਦਿਆਰਥੀ। 'ਵੀਹਵੀਂ ਸਦੀ ਦਾ ਪੰਜਾਬੀ ਸਾਹਿਤ' ਦਾ ਵਿਸ਼ਾ ਲੈ ਕੇ ਪੀਐਚ.ਡੀ. ਕਰ ਰਿਹਾ ਸੀ। ਦਿੱਲੀ ਰਹਿ ਕੇ ਪੁਸਤਕਾਂ ਇਕੱਠੀਆਂ ਕਰਦਾ ਤੇ ਦਿੱਲੀ ਵਿਚ ਰਹਿੰਦੇ ਪੰਜਾਬੀ ਲੇਖਕਾਂ ਨੂੰ ਮਿਲਦਾ। ਮੇਰੇ ਨਾਲ ਮੁਲਾਕਾਤ ਵੀ ਇਸੇ ਸਿਲਸਿਲੇ ਵਿਚ ਹੋਈ। ਕੰਵਲ ਤੇ ਗੁਰਦਿਆਲ ਸਿੰਘ ਦੇ ਨਾਵਲ ਪੜ੍ਹਦਿਆਂ ਉਹਨੂੰ ਬਹੁਤ ਸਾਰੇ ਮਲਵਈ ਸ਼ਬਦਾਂ ਦੇ ਅਰਥ ਸਮਝ ਨਾ ਆਉਂਦੇ। ਕਿਸੇ ਡਿਕਸ਼ਨਰੀ ਵਿਚੋਂ ਵੀ ਨਾ ਲੱਭਦੇ। ਕਈ ਵਾਰ ਉਹ ਮੇਰੀ ਸਹਾਇਤਾ ਲੈ ਲੈਂਦਾ। ਦੋਸਤਾਂ ਵਿਚ ਬੈਠੇ, ਇਕ ਦਿਨ ਉਹਨੂੰ ਪਤਾ ਲੱਗਿਆ, ਕਿ ਮੈਂ ਕੁਝ ਦਿਨਾਂ ਵਾਸਤੇ ਆਪਣੇ ਪਿੰਡ (ਰੁਪਾਣਾ) ਜਾ ਰਿਹਾ ਹਾਂ, ਤਾਂ ਉਹਨੇ ਰੁਕ-ਰੁਕ ਕੇ ਬੋਲਦਿਆਂ ਕਿਹਾ, "ਆਪ ਜੀ ਦੇ ਨਾਲ ਜੇ ਮੈਂ ਚੱਲਾਂ ਤਾਂ...।" ਉਹ ਪੰਜਾਬ ਦੇ ਪਿੰਡ ਵੇਖਣਾ ਚਾਹੁੰਦਾ ਸੀ, ਲੋਕਾਂ ਨੂੰ ਮਿਲਣਾ ਚਾਹੁੰਦਾ ਸੀ, ਗੱਲਾਂ ਕਰਨਾ ਚਾਹੁੰਦਾ ਸੀ, ਪਰ ਕਿਸੇ ਉਤੇ ਬੋਝ ਬਣਨ ਤੋਂ ਝਿਜਕ ਰਿਹਾ ਸੀ। ਮੈਂ ਉਹਨੂੰ ਦੱਸਿਆ, "ਪਿੰਡ ਮੇਰੀ ਮਾਂ ਰਹਿੰਦੀ ਹੈ। ਬੋਝ ਵਾਲੀ ਕੋਈ ਗੱਲ ਨਹੀਂ। ਖਾਣ-ਪੀਣ 'ਤੇ ਕੋਈ ਖਰਚ ਨਹੀਂ ਆਵੇਗਾ, ਸਾਡਾ ਕਿਰਾਇਆ ਭਾੜਾ ਹੀ ਲੱਗੇਗਾ। ਉਹ ਜ਼ਰੂਰ ਚੱਲੇ।"

ਉਹਨੂੰ ਚਾਅ ਚੜ੍ਹ ਗਿਆ ਤੇ ਖੁਸ਼ੀ ਨਾਲ ਉਹਦਾ ਸਰੀਰ ਕੰਬ ਗਿਆ।

ਅਗਲੇ ਦਿਨ ਅਸੀਂ ਦਿੱਲੀ-ਫਿਰੋਜ਼ਪੁਰ ਵਾਲੀ ਬੱਸ ਵਿਚ ਸਵਾਰ ਹੋ ਗਏ। ਰਸਤੇ ਵਿਚ ਨਿੱਕੇ-ਨਿੱਕੇ ਵੇਰਵੇ ਪੁੱਛ-ਪੁੱਛ ਕੇ ਉਹਨੇ ਮੇਰਾ ਦਿਮਾਗ ਧੱਕ ਛੱਡਿਆ। ਮੈਂ ਖੁਸ਼ੀ-ਖੁਸ਼ੀ ਦੱਸਦਾ ਰਿਹਾ। ਦੱਸਦਾ ਕੀ ਰਿਹਾ, ਆਪਣੇ ਲੋਕਾਂ ਦਾ ਗੁਣ-ਗਾਨ ਕਰਦਾ ਰਿਹਾ। ਹਰ ਗੱਲ ਨੂੰ ਲਿਸ਼ਕਾ ਕੇ, ਹਰ ਵੇਰਵੇ ਵਿਚੋਂ ਆਪਣੇ ਲੋਕਾਂ ਦੀ ਸਿਫ਼ਤ-ਸਲਾਹ ਲੱਭਦਾ ਰਿਹਾ। ਇਹ ਉਸਤਤ-ਪੁਰਾਣ ਹੋਰ ਵੀ ਤਿੱਖਾ ਹੋ ਗਿਆ ਜਦੋਂ ਬੱਸ ਪੰਜਾਬ ਦੀ ਹੱਦ ਵਿਚ ਦਾਖਲ ਹੋ ਗਈ। ਪ੍ਰਸ਼ੰਸਾ ਕਰਦਾ ਮੈਂ ਉਤਸ਼ਾਹ ਨਾਲ ਨੱਕੋ-ਨੱਕ ਭਰਿਆ ਹੋਇਆ ਸਾਂ, ਕਿਉਂਕਿ ਦਾਨੀ ਸਭ ਕੁਝ ਮੰਨਦਾ ਜਾ ਰਿਹਾ ਸੀ। ਉਹਨੂੰ ਵਿਸ਼ਵਾਸ ਹੋ ਰਿਹਾ ਸੀ।

ਤਿੰਨ ਵਜੇ ਅਸੀਂ ਪਿੰਡ ਪੁੱਜ ਗਏ। ਅੱਡੇ ਤੋਂ ਪਹਿਲਾਂ ਅਸੀਂ ਸੂਏ ਦੇ ਪੁਲ ਉਤੇ ਉਤਰ ਗਏ। ਸਾਡਾ ਘਰ ਪਿੰਡ ਦੇ ਦੂਜੇ ਪਾਸੇ ਹੈ। ਅੱਡੇ ਤੋਂ ਉਤਰੀਏ ਤਾਂ ਸਾਰੇ ਪਿੰਡ ਵਿਚੋਂ ਦੀ ਲੰਘਣਾ ਪੈਂਦਾ ਹੈ। ਸੋਚ ਆਈ, ਪਰਦੇਸੀ ਬੰਦੇ ਨੂੰ ਵੇਖ ਕੇ ਲੋਕ ਅੱਖਾਂ ਪਾੜ-ਪਾੜ ਵੇਖਣਗੇ ਤੇ ਉਹਦੇ ਬਾਰੇ ਭਾਂਤ-ਭਾਂਤ ਦੇ ਸਵਾਲ ਕਰਨਗੇ। ਉਸ ਸਮੇਂ ਮੈਂ ਇਤਨਾ ਥੱਕਿਆ ਹੋਇਆ ਸਾਂ ਕਿ ਹੋਰ ਬੋਲਣ ਦੇ ਰੌਂਅ ਵਿਚ ਨਹੀਂ ਸਾਂ।

ਪੁਲ ਉਤੇ ਖੜੋ ਕੇ ਦਾਨੀ ਨੇ ਆਲੇ-ਦੁਆਲੇ ਵੇਖਿਆ। ਫੇਰ ਰੁਕ-ਰੁਕ ਕੇ ਬੋਲਿਆ, "ਆਪ ਜੀ ਦੀ ਕਹਾਣੀ 'ਹਵਾ' ਵਿਚ ਇਹ ਸੜਕ...ਹੈ?"

ਮੈਂ ਦੱਸਿਆ ਕਿ ਇਹੀ ਸੜਕ ਹੈ ਜਿਸ ਉਤੇ ਚਲਦਾ ਕਾਫ਼ਲਾ ਵੱਢਿਆ ਗਿਆ ਸੀ। ਬਚੇ-ਖੁਚੇ ਲੋਕ, ਉਸ ਥਾਂ ਆ ਕੇ ਬੈਠੇ ਸਨ ਤੇ ਪੁਲ ਦੀ ਜੜ੍ਹ ਵਿਚੋਂ ਨਿਕਲਦੀ ਸੜਕ, ਔਹ ਸਾਹਮਣੇ ਪਿੰਡ 'ਧਿਗਾਣੇ' ਤੱਕ ਜਾਂਦੀ ਹੈ, ਜਿਥੇ ਅੰਤ ਵਿਚ ਮਦਨ ਪਹੁੰਚਦਾ ਹੈ।

ਉਹਨੇ ਮੇਰਾ ਨਵਾਂ-ਨਵਾਂ ਛਪਿਆ ਨਾਵਲ 'ਗੋਰੀ' ਦੋ ਦਿਨ ਪਹਿਲਾਂ ਹੀ ਪੜ੍ਹਿਆ ਸੀ। ਪੁੱਛਣ ਲੱਗਾ, "ਗੋਰੀ...ਦੇਵ... ਮਿੱਠੋ... ਵੀ...ਏ... ਸੜਕ...ਤੋਂ ਲੱਭਦੇ...ਨੇ ਵੱਟੀਆਂ।"

ਦਾਨੀ ਦੀਆਂ ਇਨ੍ਹਾਂ ਗੱਲਾਂ ਨੇ ਮੇਰਾ ਥਕੇਵਾਂ ਲਾਹ ਦਿੱਤਾ ਤੇ ਮੈਂ ਫੇਰ ਗੱਲਾਂ ਕਰਨ ਦੇ ਮੂਡ ਵਿਚ ਹੋ ਗਿਆ।

ਅਸੀਂ ਸੂਏ ਦੀ ਪਟੜੀ 'ਤੇ ਚੱਲਣ ਲੱਗੇ। ਪਟੜੀ ਦੇ ਨਾਲ ਹੀ ਸਿਵੇ ਸਨ। ਸਿਵਿਆਂ ਕੋਲੋਂ ਰਾਹ ਉਤਰ ਕੇ ਫਿਰਨੀ ਵਿਚ ਜਾ ਪੈਂਦਾ ਹੈ। ਉਥੇ ਕਿਸੇ ਦਾ ਸਸਕਾਰ ਹੋ ਰਿਹਾ ਸੀ। ਸਿਵੇ ਨੂੰ ਅੱਗ ਲੱਗ ਚੁੱਕੀ ਸੀ ਤੇ ਲਾਟਾਂ ਨਿਕਲ ਰਹੀਆਂ ਸਨ। ਮੁਰਦੇ ਦੇ ਨਾਲ ਸਿਰਫ ਮਰਦ ਹੀ ਸਨ। ਸੋਚਿਆ, ਕੋਈ ਛੜਾ ਬੁੱਢਾ ਮਰ ਗਿਆ ਹੋਵੇਗਾ। ਪਟੜੀ ਤੋਂ ਲਹਿ ਕੇ ਅਸੀਂ ਉਨ੍ਹਾਂ ਬੰਦਿਆਂ ਵਿਚ ਰਲ ਗਏ। ਕਿਸੇ ਤੋਂ ਪਤਾ ਲੱਗਾ, ਬੂੜਾ ਵੈਲੀ ਚੱਲ ਵਸਿਆ ਸੀ।

"ਚਲੋ! ਕਈ ਮੁੰਡਿਆਂ ਦੀ ਜ਼ਿੰਦਗੀ ਬਚ ਗਈ", ਮੈਂ ਸੋਚਿਆ।

ਬੁੱਢਾ ਹੋਣ ਕਰ ਕੇ ਬੂੜਾ ਬਦਮਾਸ਼ੀ ਕਰਨੋਂ ਰਹਿ ਗਿਆ ਸੀ। ਹੁਣ ਉਹ ਨਵੇਂ ਜਵਾਨ ਹੋ ਰਹੇ ਮੁੰਡਿਆਂ ਨੂੰ ਆਪਣੇ ਰਾਹ 'ਤੇ ਪਾਉਣ ਲੱਗ ਪਿਆ ਸੀ। ਵੈਲੀ ਬਣਨ ਦੀਆਂ ਕਲਾਕਾਰੀਆਂ ਸਿਖਾਉਂਦਾ। ਜਿਵੇਂ ਬੁੱਢੀ ਹੋ ਕੇ ਨਾਚੀ ਸਕੂਲ ਖੋਲ੍ਹ ਲੈਂਦੀ ਹੈ, ਬੂੜੇ ਨੇ ਵੈਲੀ ਬਣਾਉਣ ਦਾ ਇਕ ਤਰ੍ਹਾਂ ਨਾਲ ਸਕੂਲ ਖੋਲ੍ਹ ਰੱਖਿਆ ਸੀ। ਉਹਦੀ ਸਿੱਖਿਆ ਵਿਚ ਆ ਕੇ ਕੋਈ ਮੁੰਡਾ ਸਕੂਲ ਛੱਡ ਦਿੰਦਾ, ਕੋਈ ਆਪਣੇ ਪਿਉ ਦੇ ਗਲ ਪੈ ਜਾਂਦਾ ਤਾਂ ਉਹਨੂੰ ਲੱਗਦਾ, ਉਹਦੀ ਫੀਸ ਆ ਗਈ ਸੀ। ਕਈ ਵਸਦੇ ਰਸਦੇ ਘਰ ਉਹਨੇ ਉਜਾੜੇ ਸਨ। ਕਿਸੇ ਦਾ ਭਲਾ ਸੋਚਣਾ ਤਾਂ ਕੀ, ਕਦੀ ਵਿਖਾਵੇ ਵਜੋਂ ਵੀ ਉਸ ਅਜਿਹਾ ਨਹੀਂ ਕੀਤਾ ਸੀ।

ਦੋ-ਚਾਰ ਬੰਦਿਆਂ ਨੇ ਬਲਦੇ ਸਿਵੇ ਵਿਚ ਡੱਕੇ ਸੁੱਟੇ ਤੇ ਗੱਲੀਂ ਪੈ ਗਏ।

"ਮੌਤ ਆਵੇ ਤਾਂ ਐਹੋ ਜੀ।"

"ਕੋਈ ਤਾਪ ਨ੍ਹੀਂ, ਕੋਈ ਸਰਵਾਹ ਨ੍ਹੀਂ।"

"ਇਕ ਦਿਨ ਵੀ ਬਿਮਾਰ ਨਹੀਂ ਹੋਇਆ।"

"ਇਕ ਦਿਨ ਤਾਂ ਵੱਡਾ ਹੁੰਦੈ-ਪੰਜ ਮਿੰਟ ਨ੍ਹੀਂ ਹੋਇਆ ਏਹ ਤਾਂ।"

"ਜਿਵੇਂ ਕੋਈ ਬਾਹਲੇ ਪੁੰਨ ਕੀਤੇ ਹੋਣ।"

"ਹਾਂ, ਜਿਵੇਂ ਬਾਹਲੇ ਪੁੰਨ ਕੀਤੇ ਹੋਣ, ਕੋਈ ਤਕਲੀਫ ਨ੍ਹੀਂ ਹੋਈ।"

ਦਾਨੀ ਨੇ ਮੈਨੂੰ ਪੁੰਨ ਬਾਰੇ ਪੁੱਛਿਆ। ਫੇਰ ਪੁੱਛਿਆ, ਮਰਨ ਵਾਲੇ ਨੇ ਬਹੁਤ ਪੁੰਨ ਕੀਤੇ ਸਨ? ਇਸ ਕਰ ਕੇ ਲੋਕ ਆਖ ਰਹੇ ਸਨ। ਸੰਖੇਪ ਵਿਚ ਤੇ ਧੀਮੀ ਆਵਾਜ਼ ਵਿਚ ਦਾਨੀ ਨੂੰ ਬੂੜੇ ਦੇ ਚਰਿੱਤਰ ਬਾਰੇ ਦੱਸਿਆ...ਘੋਰ ਪਾਪੀ ਬਣਾ ਕੇ 'ਜਿਵੇਂ ਪੁੰਨ ਕੀਤੇ ਹੋਣ' ਵਿਚ 'ਜਿਵੇਂ' ਦੀ ਰਮਜ਼ ਸਮਝਾਈ।

ਮੈਨੂੰ ਵੇਖ ਕੇ ਬੂੜੇ ਦਾ ਪੁੱਤਰ ਕਿਹਰੂ ਹੌਲੀ-ਹੌਲੀ ਸਾਡੇ ਕੋਲ ਨੂੰ ਹੋ ਗਿਆ। ਅਫਸੋਸ ਕਰਨ ਦੇ ਢੰਗ ਨਾਲ ਮੈਂ ਪੁੱਛ ਲਿਆ, "ਕੀ ਗੱਲ, ਬਿਮਾਰ ਹੋ ਗਿਆ ਸੀ ਤਾਇਆ?"

ਉਹ ਪਹਿਲਾਂ ਹੀ ਤਿਆਰ ਸੀ। ਵਾਰ ਵਾਰ ਦੱਸ ਕੇ ਉਹਦਾ ਚੰਗਾ ਅਭਿਆਸ ਹੋ ਚੁੱਕਿਆ ਸੀ, ਇਕਦਮ ਸ਼ੁਰੂ ਹੋ ਗਿਆ, "ਕੋਈ ਬਿਮਾਰ ਨਹੀਂ ਸੀ। ਚੰਗਾ ਭਲਾ। ਤਾਪ ਵੀ ਨਹੀਂ ਚੜ੍ਹਿਆ। ਨਾ ਜ਼ੁਕਾਮ ਨਾ ਬੁੱਲਾ। ਚੰਗੀ ਭਲੀ ਰੋਟੀ ਖਾਧੀ। ਵੱਡੀ ਰਾਤ ਤਾਈਂ ਮੁੰਡਿਆਂ ਨਾਲ ਧੂੰਏਂ 'ਤੇ ਬੈਠਾ ਰਿਹਾ। ਚੰਗਾ ਭਲਾ ਉਠ ਕੇ ਆਇਆ। ਆਪ ਈ ਬਾਰ ਬੰਦ ਕੀਤਾ। ਕੁੰਡਾ ਲਾਇਆ, ਸਵੇਰੇ ਮੈਂ ਚਾਹ ਦੀ ਗੜਵੀ ਦੇਣ ਗਿਆ। 'ਵਾਜ਼ ਦਿੱਤੀ ਤਾਂ ਬੋਲਿਆ ਨਾ। ਰਜਾਈ ਲਾਹ ਕੇ ਮੂੰਹ ਵੇਖਿਆ, ਅੱਖਾਂ ਮਿਚੀਆਂ ਹੋਈਆਂ, ਮੂੰਹ ਬੰਦ, ਜਮਾਂ ਸੁੱਤਾ ਲੱਗਿਆ। ਮਰੇ ਬੰਦੇ ਦੀਆਂ ਅੱਖਾਂ ਤੇ ਮੂੰਹ ਖੁੱਲ੍ਹੇ ਰਹਿ ਜਾਂਦੇ ਐ। ਪਰ ਨਹੀਂ, ਜਿਵੇਂ ਘੂਕ ਸੁੱਤਾ ਹੋਵੇ। ਮੈਂ ਚਾਹ ਵਾਲੀ ਗੜਵੀ ਮੋੜ ਕੇ ਚੁੱਲ੍ਹੇ 'ਚ ਅੱਗ 'ਤੇ ਰੱਖ ਦਿੱਤੀ, ਬਈ ਤੱਤੀ ਰਹੂ। ਚਾਹ ਉਹਨੂੰ ਆਦਤ ਸੀ, ਸੜਦੀ-ਸੜਦੀ ਪੀਂਦਾ ਹੁੰਦਾ ਸੀ। ਫੇਰ ਮੈਂ ਆਵਦੇ ਕੰਮ ਲੱਗ ਗਿਆ। ਪਿੰਡ 'ਚ ਵੀ ਇਕ-ਦੋ ਕੰਮ ਕਰ ਆਇਆ। ਆ ਕੇ ਵੇਖਿਆ ਤਾਂ ਗੜਵੀ ਉਵੇਂ ਚੁੱਲ੍ਹੇ 'ਚ ਪਈ। ਵੱਡੀਆਂ-ਵੱਡੀਆਂ ਘੁੱਪਾਂ ਚੜ੍ਹ ਆਈਆਂ ਸੀ। 'ਵਾਜ਼ਾਂ ਦਿੱਤੀਆਂ, ਇਕ-ਦੋ...ਪਰ ਬੋਲਣਾ ਕੀ ਸੀ? 'ਵਾਜ਼ ਵਿਚ ਹੁੰਦੀ ਤਾਂ ਬੋਲਦਾ ਨਾ...। ਬੋਲਣ ਵਾਲੀ ਚੀਜ਼ ਤਾਂ ਉਡ ਗਈ ਸੀ। ਰਜਾਈ ਲਾਹ ਕੇ ਮੂੰਹ ਨੰਗਾ ਕੀਤਾ। ਬਾਂਹ ਫੜ ਕੇ ਹਲੂਣੀ ਤਾਂ ਠੰਢੀ ਬਰਫ਼ ਵਰਗੀ। ਸੁੱਤੇ-ਸੁੱਤੇ ਦੇ ਪਰਾਣ ਪੰਖੇਰੂ ਹੋ ਗਏ, ਬੱਸ!" ਰੋਣ ਦੇ ਯਤਨ ਵਿਚ ਕਿਹਰੂ ਨੇ ਬੁੱਲ੍ਹ ਜਿਹੇ ਅਟੇਰੇ, ਪਰ ਰੋਣ ਨਹੀਂ ਨਿਕਲਿਆ।

ਦੂਜੇ ਪਾਸੇ ਕੋਈ ਧਰਮ ਸਿੰਘ ਦੀ ਮੌਤ ਨੂੰ ਯਾਦ ਕਰ ਰਿਹਾ ਸੀ, "ਦਿਨ-ਰਾਤ ਭਜਨ-ਬੰਦਗੀ ਕਰਨ ਵਾਲਾ, ਨਿਤਨੇਮੀ, ਪੰਜਾਂ ਬਾਣੀਆਂ ਦਾ ਪਾਠ ਕਰਨ ਪਿੱਛੋਂ ਮੂੰਹ ਜੂਠਾ ਕਰਦਾ। ਕਿਸੇ ਨੂੰ ਕੋਈ ਦੁੱਖ-ਤਕਲੀਫ ਹੁੰਦੀ, ਸਭ ਤੋਂ ਪਹਿਲਾਂ ਪੁੱਜਦਾ। ਕਿਸੇ ਦੇ ਕੰਡਾ ਵੱਜਿਆ ਧਰਮ ਸਿੰਘ ਤੋਂ ਜਰ ਨਾ ਹੁੰਦਾ, ਫਿਰ ਮਰਿਆ ਵੇਖ ਲਉ ਕਿਵੇਂ? ਛੇ ਮਹੀਨੇ ਅੱਡੀਆਂ ਰਗੜ-ਰਗੜ ਕੇ। ਇਕ ਪਾਸਾ ਮਾਰਿਆ ਗਿਆ, ਪਏ-ਪਏ ਦਾ ਸਰੀਰ ਗਲ ਗਿਆ, ਇਕ ਪਾਸੇ ਤੋਂ। ਮੁਸ਼ਕ ਮਾਰਿਆ ਕਰੇ, ਪਰ ਮੌਤ ਨੇ ਤਾਂ ਆਪਣੇ ਵਕਤ 'ਤੇ ਹੀ ਆਉਣਾ ਸੀ। ਬਹੁਤ ਨਰਕ ਭੋਗਿਆ ਵਿਚਾਰੇ ਨੇ। ਵੇਖ ਲਉ ਰੱਬ ਦੇ ਰੰਗ!"

ਧਰਮ ਸਿੰਘ ਦੀ ਮੌਤ ਬਾਰੇ ਸਾਰਿਆਂ ਨੇ ਕੁਝ ਕਿਹਾ। ਫੇਰ ਕੁਝ ਲੋਕ ਬੂੜੇ ਦੀ ਸੌਖੀ ਮੌਤ ਬਾਰੇ ਦੱਸਦੇ ਤੇ ਕੋਈ ਧਰਮ ਸਿੰਘ ਦੀ ਕਸ਼ਟਾਂ ਭਰੀ ਮੌਤ ਬਾਰੇ ਗੱਲ ਕਰਦਾ। ਇਕ ਤਰ੍ਹਾਂ ਨਾਲ 'ਗੁਰਮੁਖ' ਤੇ 'ਮਨਮੁਖ' ਦੀ ਮੌਤ ਦਾ ਮੁਕਾਬਲਾ ਹੋਣ ਲੱਗਾ ਪਿਆ। ਪੁੰਨ ਕਰਨ ਵਾਲਾ ਕਿੰਨਾ ਦੁਖੀ ਹੋ ਕੇ ਮਰਿਆ, ਤੇ ਪਾਪੀ ਦੀ ਮੌਤ ਕਿੰਨੀ ਸੁਖਾਲੀ ਸੀ। ਧਰਮ ਸਿੰਘ ਬਾਰੇ ਕਹਿ ਰਹੇ ਸਨ, 'ਕਿੰਨੇ ਪੁੰਨ ਕੀਤੇ ਸੀ' ਤੇ ਬੂੜੇ ਬਾਰੇ, 'ਜਿਵੇਂ ਪੁੰਨ ਕੀਤੇ ਹੋਣ।'

ਕਿਹਰੂ ਦੀ ਹਾਲਤ ਬੜੀ ਤਰਸਯੋਗ ਸੀ, ਉਹਦੇ ਪਿਊ ਦੀ ਸੁਖੀ ਮੌਤ ਲੋਕਾਂ ਨੂੰ ਚੁਭ ਰਹੀ ਸੀ। ਐਸੀ ਮੌਤ ਦੇ ਵੀ ਉਹਨੂੰ ਯੋਗ ਨਹੀਂ ਸਮਝ ਰਹੇ ਸਨ। ਪਿੱਪਲ ਦਾ ਮੁੱਢ ਵਿਚੋਂ ਲੈ ਕੇ ਉਹਨੇ ਖੇਸ ਦੀ ਬੁੱਕਲ ਮਾਰ ਲਈ ਤੇ ਇਉਂ ਖੜ੍ਹਾ ਹੋ ਗਿਆ, ਜਿਵੇਂ ਐਲਾਨ ਕਰਨਾ ਹੋਵੇ।

"ਅਸਲ 'ਚ ਉਹ ਪੁੰਨ ਤਾਰ ਗਿਆ ਬਾਪੂ ਨੂੰ...ਓਸ ਉਪਕਾਰ ਨੇ ਸਹਾਇਤਾ ਕੀਤੀ ਉਹਦੀ।"



ਕਿਹਰੂ ਨੇ ਕਿਹਾ ਤੇ ਲੋਕਾਂ ਦੇ ਚਿਹਰਿਆਂ ਵੱਲ ਵੇਖਣ ਲੱਗਾ।

ਸਾਰੇ ਚੁੱਪ ਹੋ ਗਏ, ਜਿਵੇਂ ਯਾਦ ਕਰਦੇ ਹੋਣ, ਕਿਹੜਾ ਉਪਕਾਰ ਸੀ ਜੋ ਲੋਕਾਂ ਤੋਂ ਚੋਰੀ-ਚੋਰੀ ਬੂੜੇ ਨੇ ਕਰ ਦਿੱਤਾ ਸੀ? ਜਿਸ ਨੇ ਉਹਦੀ ਮੌਤ ਇਤਨੀ ਆਸਾਨ ਕਰ ਦਿੱਤੀ? "ਇਥੋਂ ਦੀ ਕਾਫ਼ਲਾ ਲੰਘਿਆ ਸੀ ਰੌਲੇ ਵੇਲੇ।" ਕਿਹਰੂ ਨੇ ਦੱਸਿਆ, "ਤੀਹ ਦੁੱਧ ਪੀਂਦੇ ਬੱਚਿਆਂ ਦੀ ਮੁਕਤੀ ਕੀਤੀ ਸੀ ਬਾਪੂ ਨੇ। ਉਹੀ ਪੁੰਨ ਤਾਰ ਗਿਆ।"

ਦੇਸ਼ ਦੀ ਵੰਡ ਸਮੇਂ 1947 ਵਿਚ ਪਿੰਡ ਵਿਚੋਂ ਲੰਘਦੀ ਸੜਕ ਉਤੋਂ ਦੀ ਪੰਦਰਾਂ-ਵੀਹ ਮੀਲ ਲੰਮਾ ਕਾਫ਼ਲਾ ਲੰਘਿਆ। ਲੁਟੇਰੇ ਤੇ ਧਾੜਵੀ ਕਾਫ਼ਲੇ ਦੇ ਪਿੱਛੋਂ ਥੋੜ੍ਹੇ ਕੁ ਬੰਦਿਆਂ ਨੂੰ ਵੱਖ ਕਰ ਲੈਂਦੇ। ਲੁੱਟ ਮਾਰ ਕਰਦੇ, ਮਰਦਾਂ ਤੇ ਬੁੱਢੀਆਂ ਔਰਤਾਂ ਨੂੰ ਮਾਰ ਦਿੰਦੇ, ਜਵਾਨ ਤੀਵੀਆਂ ਨੂੰ ਉਧਾਲ ਕੇ ਲੈ ਜਾਂਦੇ। ਫਿਰ ਹੋਰ ਧਾੜਵੀ ਆ ਜਾਂਦੇ। ਇਹ ਸਿਲਸਿਲਾ ਚਲਦਾ ਰਿਹਾ। ਪਿੱਛੋਂ ਕਾਫ਼ਲਾ ਵੱਢਿਆ ਜਾ ਰਿਹਾ ਸੀ, ਅੱਗਿਉਂ ਤੁਰ ਰਿਹਾ ਸੀ। ਸੜਕ ਲਾਸ਼ਾਂ ਨਾਲ ਭਰ ਗਈ। ਬਿਮਾਰੀ ਫੈਲਣ ਦੇ ਡਰ ਤੋਂ ਅਗਲੇ ਦਿਨ ਲਾਸ਼ਾਂ ਸਮੇਟਣ ਲੱਗੇ ਤਾਂ ਪਿੰਡ ਦੀ ਜੂਹ ਵਿਚ ਕੁਝ ਦੁੱਧ ਪੀਂਦੇ ਬੱਚੇ ਜਿਉਂਦੇ ਲੱਭੇ। ਪਿੰਡ ਵਾਲੇ ਉਨ੍ਹਾਂ ਨੂੰ ਧਰਮਸ਼ਾਲਾ ਲੈ ਗਏ। ਹੁਣ ਚਿੰਤਾ ਬਣੀ ਕਿ ਇਨ੍ਹਾਂ ਬੱਚਿਆਂ ਦਾ ਕੀਤਾ ਕੀ ਜਾਏ? ਕੁਝ ਬੱਚੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਲੈ ਗਏ, ਫਿਰ ਵੀ ਤੀਹ ਬੱਚੇ ਰਹਿ ਗਏ ਜਿਨ੍ਹਾਂ ਦੀ ਉਮਰ ਕੁਝ ਮਹੀਨਿਆਂ ਦੀ ਹੀ ਸੀ। ਪੰਜ ਸੱਤ ਦਿਨਾਂ ਵਿਚ ਹੀ ਪਿੰਡ ਵਾਲੇ ਦੁਖੀ ਹੋ ਗਏ। ਕੌਣ ਸੰਭਾਲੇ ਬਿਗਾਨੇ ਬੱਚਿਆਂ ਨੂੰ? ਬੰਦੇ ਦਾ ਬੱਚਾ ਪਾਲਣਾ ਕੋਈ ਖੇਲ ਨਹੀਂ। ਵਿਚਾਰ ਹੋਣ ਲੱਗੀ। ਕੋਈ ਕਹੇ ਪਾਕਿਸਤਾਨ ਛੱਡ ਆਈਏ। ਕੋਈ ਕਿਸੇ ਯਤੀਮਖਾਨੇ ਦੀ ਗੱਲ ਕਰਦਾ, ਪਰ ਛੱਡ ਕੇ ਕੌਣ ਆਵੇ? ਖ਼ਤਰਨਾਕ ਹਾਲਾਤ ਵਿਚ ਕੋਈ ਜਾਨ ਖਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਸੀ।

"ਪਰ੍ਹਾਂ ਮੁਕਤੀ ਕਰੋ ਵਿਚਾਰਿਆਂ ਦੀ। ਪਾਕਿਸਤਾਨ 'ਚ ਕੌਣ ਇਨ੍ਹਾਂ ਵਾਸਤੇ ਪੂੜੇ ਲਈ ਬੈਠੈ।" ਬੂੜੇ ਨੇ ਸਲਾਹ ਦਿੱਤੀ।

"ਇਨੇ ਛੋਟੇ ਦੁੱਧ ਪੀਂਦੇ ਬੱਚਿਆਂ ਨੂੰ ਮਾਰੇਗਾ ਕੌਣ? ਕੋਈ ਨਹੀਂ ਮਾਰ ਸਕਦਾ ਜੇ ਕੋਈ ਮਾਰ ਸਕਦਾ ਹੁੰਦਾ ਤਾਂ ਉਹੀ ਨਾ ਮਾਰ ਜਾਂਦੇ ਜਿਨ੍ਹਾਂ ਨੇ ਬਾਕੀ ਕਾਫ਼ਲਾ ਵੱਢਿਆ ਸੀ, ਜਿਹੜੇ ਇਨ੍ਹਾਂ ਦੀਆਂ ਮਾਂਵਾਂ ਨੂੰ ਲੈ ਗਏ ਸਨ।" ਇਸ ਖਿਆਲ ਨਾਲ ਹੀ ਲੋਕਾਂ ਦਾ ਦਿਲ ਦਹਿਲ ਜਾਂਦਾ।

"ਲਿਆਉ! ਮੈਂ ਕਰਦਾਂ ਇਹ ਪੁੰਨ।" ਅੰਤ ਨੂੰ ਬੂੜੇ ਨੇ ਕਿਹਾ, "ਇਨ੍ਹਾਂ ਦਾ ਕੀ ਐ, ਇਕ-ਇਕ ਟੱਕ ਦੀ ਮਾਰ ਐ ਵਿਚਾਰੇ। ਸਾਰੀ ਉਮਰ ਰੁਲਦੇ ਫਿਰਨਗੇ ਮਾਂ-ਮਹਿਟਰ।"

ਬੂੜਾ, ਬੱਚਿਆਂ ਨੂੰ ਸੂਏ 'ਤੇ ਲੈ ਗਿਆ ਤੇ ਇਕ-ਇਕ ਟੱਕ ਲਾ ਕੇ ਸੂਏ ਵਿਚ ਸੁੱਟ ਦਿੱਤੇ।

ਇਹ ਪੁੰਨ ਸੀ, ਕਿਹਰੂ ਦੇ ਦੱਸਣ ਅਨੁਸਾਰ ਜਿਸ ਨੇ ਉਹਦੇ ਬਾਪੂ ਦੀ ਮੌਤ ਸੌਖੀ ਕਰ ਦਿੱਤੀ ਸੀ।

ਕਿਹਰੂ ਦੀ ਜ਼ਬਾਨੀ ਸੁਣ ਕੇ ਦਾਨੀ ਨੂੰ ਗੱਲ ਪੂਰੀ ਤਰ੍ਹਾਂ ਸਮਝ ਨਾ ਪਈ। ਮੇਰੇ ਕੋਲੋਂ ਦੁਬਾਰਾ ਸੁਣੀ।

"ਆਪ...ਜੀ...ਨੇ...ਵੇਖਿਆ...ਸੀ?" ਦਾਨੀ ਨੇ ਕਿਹਰੂ ਨੂੰ ਪੁੱਛਿਆ।

ਕਿਹਰੂ ਨੂੰ ਜਦ ਪਤਾ ਲੱਗਿਆ ਕਿ ਪੁੱਛਣ ਵਾਲਾ ਪਰਦੇਸੀ ਹੈ, ਉਹਨੇ ਪਰਦੇਸੀਆਂ ਨੂੰ ਸਮਝ ਆਉਣ ਵਾਲੇ ਅੰਦਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ, "ਹਾਂ, ਹਮ ਕੇ ਦੇਖਿਆ ਸੀ...ਹਮ ਤੇਰਾਂ ਬਰਸ ਕਾ ਸੀ ਉਸ ਟੈਮ। ਗੱਡੇ ਉਪਰ ਲੱਦ ਕੇ ਲੈ ਗਏ ਥੇ, ਹਮ ਬੱਚਿਆਂ ਕੋ।"

"ਕਿੰਨੇ...ਵੱਡੇ...ਸਨ...ਬੱਚੇ?" ਦਾਨੀ ਨੇ ਪੁੱਛਿਆ।

"ਨੀਕੇ-ਨੀਕੇ ਥੇ।" ਕਿਹਰੂ ਨੇ ਦੋਵਾਂ ਹੱਥਾਂ ਵਿਚ ਵਿੱਥ ਕਰ ਕੇ ਬੱਚਿਆਂ ਦੇ ਆਕਾਰ ਦੱਸੇ, "ਐਤਨੇ, ਐਤਨੇ...ਦੁੱਧ ਪੀਂਦੇ। ਇਹੀ ਪੁੰਨ ਨੇ ਤਾਰ ਦੀਤਾ।"

"ਤਲਵਾਰ...ਨਾਲ ਕੱਟ...ਦਿੱਤੇ...ਆਪ।"

ਕਿਹਰੂ ਨੇ ਹੱਥ ਦੀ ਤਲਵਾਰ ਬਣਾ ਕੇ ਉਪਰ ਥੱਲੇ ਵਾਰ ਕਰਨ ਵਾਂਗ ਕੀਤਾ, "ਬੱਸ-ਏਕ ਟੱਕ ਔਰ ਸਿਰ ਅੱਡ।"

ਦਾਨੀ ਦਾ ਜਿਸਮ ਧੁੜਧੁੜੀ ਨਾਲ ਕੰਬ ਗਿਆ। ਚਿਹਰੇ ਦਾ ਤਾਂਬੇ ਵਰਗਾ ਰੰਗ ਪੀਲਾ ਪੈ ਗਿਆ ਤੇ ਫਿਰ ਇਕਦਮ ਬੱਗਾ ਪੂਣੀ ਵਰਗਾ। ਮੈਨੂੰ ਤੁਰਨ ਵਾਸਤੇ ਇਸ਼ਾਰਾ ਕੀਤਾ। ਬੋਲ ਨਹੀਂ ਨਿਕਲਿਆ ਉਹਦਾ।

ਬੰਦਿਆਂ ਤੋਂ ਵੱਖ ਹੋ ਕੇ ਅਸੀਂ ਰਾਹ ਵਿਚ ਆ ਗਏ। ਉਹਨੇ ਆਪਣਾ ਅਟੈਚੀ ਧਰਤੀ ਉਤੇ ਰੱਖ ਦਿੱਤਾ ਤੇ ਅਟੈਚੀ ਵੱਲ ਇਉਂ ਵੇਖਣ ਲੱਗਾ ਜਿਵੇਂ ਖੋਲ੍ਹਣਾ ਚਾਹੁੰਦਾ ਹੋਵੇ। ਖੋਲ੍ਹਣ ਦਾ ਵਿਚਾਰ ਛੱਡ ਕੇ, ਉਹ ਆਪਣੇ ਚਿਹਰੇ ਉਤੇ ਹੱਥ ਫੇਰਨ ਲੱਗਿਆ। ਉਂਗਲਾਂ ਦੇ ਪੋਟਿਆਂ ਨਾਲ ਟੋਹਣ ਲੱਗਾ, ਜਿਵੇਂ ਚਿਹਰੇ ਦਾ ਬਦਲਿਆ ਰੰਗ, ਪੋਟਿਆਂ ਨਾਲ ਵੇਖ ਰਿਹਾ ਹੋਵੇ। ਫਿਰ ਇਕਦਮ ਮੂੰਹ ਦੂਜੇ ਪਾਸੇ ਕਰ ਕੇ ਬੈਠ ਗਿਆ। ਉਸ ਨੂੰ ਉਲਟੀ ਆ ਗਈ। ਸਹਾਰਾ ਦੇਣ ਵਾਸਤੇ ਮੈਂ ਉਹਦੇ ਮੋਢੇ ਫੜ ਲਏ। ਉਹਨੇ ਤਿੰਨ ਵਾਰ ਉਲਟੀ ਕੀਤੀ।

ਰਾਹ ਦੇ ਦੂਜੇ ਪਾਸੇ ਪੱਕਾ ਖਾਲ ਪਾਣੀ ਦਾ ਭਰਿਆ ਹੋਇਆ ਸੀ। ਸਹਾਰਾ ਦੇ ਕੇ ਉਹਨੂੰ ਉਥੇ ਬਿਠਾ ਦਿੱਤਾ। ਕੁਰਲੀ ਕੀਤੀ, ਰੁਮਾਲ ਨਾਲ ਮੂੰਹ ਪੂੰਝਿਆ ਤੇ ਮੈਥੋਂ ਮੁਆਫ਼ੀ ਮੰਗੀ, "ਮੈਨੂੰ ਅਫ਼ਸੋਸ ਹੈ...ਮੈਨੂੰ ਮਜ਼ਬੂਤ ਹੋਣਾ ਚਾਹੀਦਾ ਸੀ ਮੁਆਫ਼ੀ ਚਾਹੁੰਦਾ ਹਾਂ, ਬੰਦੇ ਨੂੰ ਕਮਜ਼ੋਰ ਨਹੀਂ ਹੋਣਾ ਚਾਹੀਦਾ...।" ਉਹ ਅਟਕ-ਅਟਕ ਕੇ ਬੋਲਿਆ।

ਮੇਰੀ ਮਾਂ ਨੂੰ ਜਦ ਪਤਾ ਲੱਗਿਆ, ਉਹ ਪਰਦੇਸੀ ਹੈ, ਆਪਣੇ ਪਰਿਵਾਰ ਤੇ ਦੇਸ ਤੋਂ ਦੂਰ ਹੈ, ਉਹਨੇ ਦਾਨੀ ਦਾ ਬਹੁਤ ਆਦਰ ਕੀਤਾ। ਮੂੰਹ ਹੱਥ ਧੋਣ ਵਾਸਤੇ ਪਾਣੀ ਗਰਮ ਕਰ ਕੇ ਦਿੱਤਾ। ਚਾਹ ਬਣਾ ਕੇ ਦਿੱਤੀ ਤੇ ਉਸ ਤੋਂ ਉਸ ਦੇ ਦੇਸ਼ ਬਾਰੇ ਗੱਲਾਂ ਪੁੱਛਦੀ ਰਹੀ, ਪਰ ਦਾਨੀ ਖੁੱਲ੍ਹ ਨਹੀਂ ਸੀ ਰਿਹਾ। ਉਹਦਾ ਚਿੱਤ ਖੁਸ਼ ਕਰਨ ਵਾਸਤੇ ਮੈਂ ਉਹਨੂੰ ਚਾਚੇ ਦੇ ਘਰ ਲੈ ਗਿਆ। ਚਾਚੇ ਦੇ ਪੁੱਤਰ ਨੇ ਵਿਸਕੀ ਪਿਆਈ, ਮੁਰਗੇ ਬਣਵਾਏ ਪਰ ਦਾਨੀ ਪਿਚਕਿਆ ਹੀ ਰਿਹਾ। ਜੋ ਉਹਨੂੰ ਪੁੱਛਿਆ ਜਾਂਦਾ, ਸੰਖੇਪ ਵਿਚ ਦੱਸ ਦਿੰਦਾ। ਜੋ ਉਹਨੂੰ ਦੱਸਿਆ ਜਾਂਦਾ, ਸੁਣ ਲੈਂਦਾ; ਆਪ ਕੁਝ ਨਾ ਪੁੱਛਦਾ। ਪੁੱਛਣ ਤੇ ਜਾਣਨ ਦਾ ਉਹਦਾ ਉਤਸ਼ਾਹ ਉੱਕਾ ਮਰ ਗਿਆ ਸੀ। ਰੋਟੀ ਵੀ ਉਹਨੇ ਥੋੜ੍ਹੀ ਕੁ ਖਾਧੀ। ਉਹਦੀ ਚੁੱਪ ਨੇ ਆਪਣੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਦੀ ਸਿਫ਼ਤ ਕਰਨ ਦਾ ਮੌਕਾ ਵੀ ਮੇਰੇ ਹੱਥੋਂ ਖੋਹ ਲਿਆ। ਮੈਂ ਤਾਂ ਦੱਸਣਾ ਚਾਹੁੰਦਾ ਸਾਂ ਕਿ ਬਿਨ ਬੁਲਾਏ ਮਹਿਮਾਨ ਦਾ ਵੀ ਕਿੰਨਾ ਸਵਾਗਤ ਹੁੰਦਾ ਹੈ, ਸਾਡੇ ਘਰਾਂ ਵਿਚ।

ਉਹਦਾ ਬਿਸਤਰਾ ਚੁਬਾਰੇ ਵਿਚ ਕਰ ਦਿੱਤਾ। ਉਤੇ ਰੋਸ਼ਨੀ ਦਾ ਚੰਗਾ ਪ੍ਰਬੰਧ ਸੀ। ਟਿਊਬ ਸੀ, ਟੇਬਲ ਲੈਂਪ ਵੀ ਸੀ, ਉਹਨੂੰ ਪੜ੍ਹਨ ਵਾਸਤੇ ਸੌਖ ਰਹਿਣੀ ਸੀ। ਉਹਨੇ ਮੈਨੂੰ ਵੀ ਉਥੇ ਹੀ ਸੌਣ ਵਾਸਤੇ ਕਿਹਾ। ਸੌਣ ਤੋਂ ਪਹਿਲਾਂ ਉਹਨੇ ਕੋਈ ਗੱਲ ਨਾ ਕੀਤੀ। ਚੁੱਪ-ਚਾਪ ਰਜਾਈ ਤਾਣ ਕੇ ਪੈ ਗਿਆ।

ਅੱਧੀ ਕੁ ਰਾਤ ਹੋਵੇਗੀ, ਉਹਦੀ ਆਵਾਜ਼ ਸੁਣ ਕੇ ਮੇਰੀ ਨੀਂਦ ਖੁੱਲ੍ਹ ਗਈ। ਰਜਾਈ ਦੀ ਝੀਤ ਵਿਚੋਂ ਵੇਖਿਆ, ਦਾਨੀ ਨੇ ਸਾਰੀਆਂ ਬੱਤੀਆਂ ਜਗਾ ਰੱਖੀਆਂ ਸਨ। ਮੰਜੇ ਉਤੇ ਬੈਠਾ ਫਰੈਂਚ ਵਿਚ ਗੱਲਾਂ ਕਰ ਰਿਹਾ ਸੀ। ਜਿਤਨੀ ਕੁ ਮੈਂ ਸਮਝ ਸਕਿਆ, 'ਪੈਂਤੀ ਸਾਲਾਂ ਬਾਅਦ ਵੀ ਉਹ ਕੰਮ ਪੁੰਨ ਦਾ ਲੱਗਦਾ ਸੀ, ਪੈਂਤੀ ਸਾਲਾਂ ਬਾਅਦ ਪੁੰਨ...ਤੋਬਾ-ਤੋਬਾ...ਮੇਰੀ ਬੱਚੀ ਤਿੰਨ ਮਹੀਨਿਆਂ ਦੀ ਹੈ-ਦੁੱਧ ਪੀਂਦੀ ਬੱਚੀ...ਛੋਟੀ ਬੱਚੀ...।'

ਫੇਰ ਉਹ ਮੰਜੇ ਉਤੇ ਡਿੱਗ ਪਿਆ ਤੇ ਇਉਂ

(ਬਾਕੀ ਅਗਲੇ ਸਫੇ 'ਤੇ)

# 2012, ਮੈਂ ਤੇ ਮੇਰੇ ਨਿੱਜੀ ਸਰੋਕਾਰ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਮੈਨੂੰ ਨਵਾਂ ਸਾਲ ਚੜ੍ਹਨ ਸਮੇਂ ਬੀਤੇ ਵਰ੍ਹੇ ਵਿਚ ਆਪਣੇ ਮਨ ਚਿੱਤ ਲਗਦੇ ਮਿੱਠੇ-ਕੌੜੇ ਸਰੋਕਾਰਾਂ ਉਤੇ ਝਾਤੀ ਮਾਰਨ ਦੀ ਆਦਤ ਹੈ। ਪੰਜਾਬ ਵਿਚ ਨਵੇਂ ਸਿਰਿਉਂ ਬਣੀ ਅਕਾਲੀ-ਭਾਜਪਾ ਸਰਕਾਰ ਵਿਚ ਮੇਰੇ ਮਿੱਤਰਾਂ-ਹਰਚਰਨ ਬੈਂਸ ਤੇ ਸਵਰਨ ਸਿੰਘ ਫਿਲੌਰ ਵਲੋਂ ਕ੍ਰਮਵਾਰ ਮੁਖ ਮੰਤਰੀ ਦੇ ਮੀਡੀਆ ਸਲਾਹਕਾਰ ਅਤੇ ਮੰਤਰੀ ਸਭਿਆਚਾਰ ਮਾਮਲੇ ਤੇ ਸੈਰ ਸਪਾਟਾ ਦੀ ਜ਼ਿੰਮੇਵਾਰੀ ਸੰਭਾਲਣ ਨਾਲ ਚੜ੍ਹਿਆ ਇਹ ਵਰ੍ਹਾ ਬੜੇ ਉਤਰਾਵਾਂ ਚੜ੍ਹਾਵਾਂ ਵਾਲਾ ਸੀ।

ਦੁਆਬੇ ਦੇ ਜਾਣੇ ਪਛਾਣੇ ਕਸਬਿਆਂ ਮਾਹਿਲਪੁਰ ਤੇ ਫਿਲੌਰ ਦੇ ਝਰੋਖੇ ਵਿਚੋਂ ਤੱਕਿਆਂ ਮੇਰੇ ਲਈ ਦਿੱਲੀ ਦੱਖਣ ਤੇ ਸਤ ਸਮੁੰਦਰ ਪਾਰ ਦਾ ਗਰਦ-ਓ-ਗੁਬਾਰ ਚੰਗੇ ਮੰਦੇ ਸੁਨੇਹੇ ਲੈ ਕੇ ਆਇਆ ਹੈ। ਆਪਣੇ ਮਿੱਤਰਾਂ ਤੇ ਸਾਹਿਤ ਸਭਿਆਚਾਰ ਵਿਚ ਮੱਲਾਂ ਮਾਰ ਕੇ ਸਫਲ ਉਮਰ ਭੋਗ ਕੇ ਕੂਚ ਕਰਨ ਵਾਲਿਆਂ ਦੀ ਸੂਚੀ ਬੜੀ ਲੰਮੀ ਹੈ। ਸੁਖਬੀਰ, ਕਰਤਾਰ ਸਿੰਘ ਦੁੱਗਲ, ਅਜਾਇਬ ਚਿੱਤਰਕਾਰ ਹੀ ਨਹੀਂ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਵਾਲੇ ਪਹਿਲੇ ਪੰਜਾਬੀ ਇੰਦਰ ਕੁਮਾਰ ਗੁਜਰਾਲ, ਪਹਿਲਵਾਨੀ ਰਾਹੀਂ ਫਿਲਮੀ ਦੁਨੀਆਂ ਵਿਚ ਛਾਏ ਦਾਰਾ ਸਿੰਘ, ਇਕ ਲੰਮਾ ਸਮਾਂ ਨਾਮਧਾਰੀ ਸੰਪਰਦਾਇ ਦੇ ਮੁਖੀ ਰਹੇ ਬਾਬਾ ਜਗਜੀਤ ਸਿੰਘ ਤੇ ਸਆਦਤ ਹਸਨ ਮੰਟੋ ਦੀ ਜਨਮ ਸ਼ਤਾਬਦੀ ਦੇ ਜਸ਼ਨਾਂ ਰਾਹੀਂ ਮੇਰੇ ਜੀਵਨ ਵਿਚ ਪ੍ਰਵੇਸ਼ ਕੀਤੇ ਕੇਰਲ ਦੇ ਸਾਬਕਾ ਰਾਜਪਾਲ ਤੇ ਮੰਟੋ ਫਾਊਂਡੇਸ਼ਨ ਦੇ ਪ੍ਰਧਾਨ ਜਸਟਿਸ ਐਸ. ਐਸ. ਕੰਗ ਅਤੇ ਉਰਦੂ ਅਫਸਾਨਾਨਿਗਾਰਾਂ ਇਸਮਤ ਚੁਗਤਾਈ ਦੀ ਬਾਂਹ ਫੜਨ ਵਾਲੇ ਸੀਨੀਅਰ ਐਡਵੋਕੇਟ ਹੀਰਾ ਲਾਲ ਸਿੱਬਲ ਦਾ ਤੁਰ ਜਾਣਾ ਦੁਖਦਾਈ ਹੋਣ ਦੇ ਬਾਵਜੂਦ ਤਸੱਲੀ ਵਾਲਾ ਹੈ। ਇੱਕ ਸਫਲ ਤੇ ਲੰਮਾ ਜੀਵਨ ਭੋਗ ਕੇ ਬਿਨਾਂ ਕੋਈ ਕਸ਼ਟ ਭੋਗੇ ਤੁਰ ਜਾਣਾ ਕਿਸੇ ਸੁਭਾਗੀ ਆਤਮਾ ਨੂੰ ਹੀ ਨਸੀਬ ਹੁੰਦਾ ਹੈ। ਬਹੁਤ ਮਾੜੀਆਂ ਘਟਨਾਵਾਂ ਨੂੰ ਚੰਗੇ ਦ੍ਰਿਸ਼ਟੀਕੋਣ ਤੋਂ ਦੇਖਣ ਵਾਲਾ ਮੇਰਾ ਸੁਭਾਅ ਆਪਣੇ ਹਾਸਾ ਵੰਡਣ ਵਾਲੇ ਮਿੱਤਰ ਜਸਪਾਲ ਭੱਟੀ ਦੇ ਅਚਾਨਕ ਤੇ ਬੇਮੌਕਾ ਚਲਾਣੇ ਵਿਚੋਂ ਵੀ ਆਸ ਦੀ ਕਿਰਨ ਲਭ ਰਿਹਾ ਹੈ, ਖਾਸ ਕਰਕੇ ਇਸ ਲਈ ਕਿ ਜਾਂਦੇ ਸਾਲ ਦੇ ਅੰਤਲੇ ਦਿਨਾਂ ਵਿਚ ਡਾ. ਦੀਵਾਨ ਸਿੰਘ ਕਾਲੇ ਪਾਣੀ ਦੀ ਵੱਡੀ ਨੂੰਹ ਚਰਨਜੀਤ ਕੌਰ ਤੇ ਛੋਟੇ ਪੁੱਤਰ ਦਵਿੰਦਰ ਢਿੱਲੋਂ ਦੇ ਚਲਾਣੇ ਉਤੇ ਉਨ੍ਹਾਂ ਦੇ ਪੋਤਰਿਆਂ ਨੂੰ ਮਿਲ ਕੇ ਤੇ ਉਨ੍ਹਾਂ ਦੀ ਉਨਤੀ ਸੁਣ ਕੇ। ਸ੍ਰੀਮਤੀ ਕਾਲੇ ਪਾਣੀ ਨੇ ਆਪਣੇ ਬੱਚਿਆਂ ਨੂੰ ਮੁਸ਼ਕਲਾਂ ਦੇ ਬਾਵਜੂਦ ਵਧੀਆ ਵਿਦਿਆ ਦੁਆ ਕੇ ਵੱਡੀਆਂ ਨੌਕਰੀਆਂ ਦੇ ਸਿਰ ਕੀਤਾ ਸੀ, ਡਾ. ਦੀਵਾਨ ਸਿੰਘ ਦੇ ਪੋਤਰਿਆਂ ਵਿਚੋਂ ਗੁਰਪ੍ਰਤਾਪ ਰੂਬੀ ਡਲਹੌਜ਼ੀ ਵਿਚ ਇੱਕ ਵੱਡਾ ਪਬਲਿਕ ਸਕੂਲ ਚਲਾ ਰਿਹਾ ਹੈ। ਪੁਨੀਤ ਕੈਲੀਫੋਰਨੀਆ ਦੀ ਇਕ ਵੱਡੀ ਅਮਰੀਕੀ ਕੰਪਨੀ ਵਿਚ ਇੰਜੀਨੀਅਰ ਹੈ, ਸੁਮੀਤ ਬਰਾਜ਼ੀਲ ਵਿਚ ਇਕ ਰਿਜ਼ਾਰਟ ਦਾ ਮਾਲਕ ਹੈ। ਆਸ ਹੈ ਕਿ ਭੱਟੀ ਦੀ ਔਲਾਦ ਵੀ ਇਸੇ ਤਰ੍ਹਾਂ ਸਫਲ ਤੇ ਚਮਤਕਾਰੀ ਜੀਵਨ ਸਿਰਜ ਲਵੇਗੀ।

ਨਵੇਂ ਸਾਲ ਦਾ ਸਵਾਗਤ ਕਰਨ ਤੋਂ ਪਹਿਲਾਂ ਮੈਂ ਜਪਾਨ ਦੀ 73 ਸਾਲਾਂ ਮਹਿਲਾ ਤਮਾਏ ਵਟਨਾਬੇ ਨੂੰ ਵੀ ਚੇਤੇ ਕਰਨਾ ਚਾਹੁੰਦਾ ਹਾਂ ਜਿਸ ਨੇ ਇਸ ਉਮਰੇ ਐਵਰੈਸਟ ਦੀ ਚੋਟੀ ਸਰ ਕਰਕੇ ਮੇਰੀ ਉਮਰਾ ਵਾਲਿਆਂ ਨੂੰ ਹੌਸਲਾ ਦਿੱਤਾ ਹੈ। ਮੇਰਾ ਕੰਧ ਟੱਪ ਕੇ ਗੁਲਾਬੀ ਫੁੱਲ ਤੋੜਨ ਵਾਂਗ ਪ੍ਰੇਮ ਪ੍ਰਕਾਸ਼ ਤੇ ਮਹਿੰਦਰ ਕੌਰ ਗਿੱਲ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦਾ ਸਾਹਿਤ ਰਤਨ ਸਨਮਾਨ ਹੁੰਝਣ ਉਤੇ ਵਧਾਈ ਦੇਣ ਨੂੰ ਵੀ ਜੀ ਕਰਦਾ ਹੈ ਤੇ ਦਰਸ਼ਨ ਬੁੱਟਰ ਨੂੰ ਸਾਹਿਤ ਅਕਾਡਮੀ ਸਨਮਾਨ ਦੀ ਦੌੜ ਵਿਚ ਸਾਥੀਆਂ ਨੂੰ ਪਿੱਛੇ ਛੱਡਣ ਵਿਚ ਸਫਲ ਹੋਣ ਉਤੇ ਵੀ। ਉਂਜ ਤਾਂ ਵੱਖ ਵੱਖ ਖੇਤਰਾਂ ਵਿਚ ਮੱਲੀ ਮਾਰਨ ਵਾਲੇ ਮਿੱਤਰਾਂ ਵਿਚ ਸੁਰਜੀਤ ਹਾਂਸ, ਸੁਰਿੰਦਰ ਗਿੱਲ, ਜਗਦੀਸ਼ ਸਿੰਘ ਵਰਿਆਮ ਤੇ ਸਤੀਸ਼ ਵਰਮਾ ਵੀ ਆਉਂਦੇ ਹਨ ਪਰ ਮੇਰਾ ਆਪਣੇ ਸੀਨੀਅਰ ਮਿੱਤਰ ਖੁਸ਼ਵੰਤ ਸਿੰਘ ਦਾ ਉਚੇਚਾ ਧੰਨਵਾਦ ਕਰਨਾ ਬਣਦਾ ਹੈ ਜਿਸ ਨੇ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਤਿਲ ਫੁੱਲ ਸਨਮਾਨ ਦਾ ਹੁੰਗਾਰਾ ਭਰ ਕੇ ਸਾਡਾ ਮਾਣ ਵਧਾਇਆ ਹੈ।

ਮੇਰੇ ਵਰਗੇ ਧੀਆਂ-ਭੈਣਾਂ ਵਾਲਿਆਂ ਲਈ 2013 ਨੂੰ ਜੀ ਆਇਆਂ ਕਹਿਣਾ ਓਨਾ ਚਿਰ ਸੰਭਵ ਨਹੀਂ ਜਦੋਂ ਤੱਕ ਅਸੀਂ 2012 ਦੀਆਂ ਅਤਿਅੰਤ ਦੁਖਦਾਈ ਘਟਨਾਵਾਂ ਬਾਰੇ ਨਹੀਂ ਸੋਚਦੇ। ਪਾਕਿਸਤਾਨ ਦੀ ਸਵਾਤ ਵਾਦੀ ਵਿਚ ਤਾਲਿਬਾਨ ਵਲੋਂ ਮਹਿਲਾ ਵਿੱਦਿਆ ਦਾ ਪ੍ਰਚਾਰ ਕਰਨ ਵਾਲੀ 14 ਸਾਲਾ ਮਲਾਲਾ ਨੂੰ ਸਿਰ ਵਿਚ ਗੋਲੀਆਂ ਮਾਰ ਕੇ ਫੱਟੜ ਕਰਨ ਦੀ ਜਿੰਨੀ ਨਿੰਦਿਆ ਹੋ ਸਕੇ ਘੱਟ ਹੈ। ਸਾਡੇ ਆਪਣੇ ਦੇਸ਼ ਵਿਚ ਇਕ ਭਰ ਜਵਾਨ ਮਹਿਲਾ ਦਾ ਅੱਧੀ ਦਰਜਨ ਦਰਿੰਦਿਆਂ ਵਲੋਂ ਵਹਿਸ਼ੀਆਨਾ ਬਲਾਤਕਾਰ ਤੇ ਅੰਮ੍ਰਿਤਸਰ ਵਿਚ ਇਕ ਪੁਲਿਸ ਅਫਸਰ ਦਾ ਇਸ ਲਈ ਕਤਲ ਕਿ ਉਹ ਆਪਣੀ ਧੀ ਦੀ ਇੱਜ਼ਤ ਦੀ ਰਾਖੀ ਕਰ ਰਿਹਾ ਸੀ-ਅਤਿਅੰਤ ਸ਼ਰਮਨਾਕ ਘਟਨਾਵਾਂ ਹਨ। ਦੇਖਣਾ ਤਾਂ ਇਹ ਹੈ ਕਿ ਨਵੇਂ ਸਾਲ ਵਿਚ ਦੋਸ਼ੀਆਂ ਨੂੰ ਯੋਗ ਸਜ਼ਾ ਮਿਲਦੀ ਹੈ ਜਾਂ ਪੀੜਤ ਪਰਿਵਾਰਾਂ ਨੂੰ ਨੌਕਰੀਆਂ ਤੇ ਪੈਸੇ ਦੇ ਮਾਇਆ ਜਾਲ ਨਾਲ ਭਰਮਾ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ। ਅਸੀਂ ਬਲੀ ਦਾ ਬੱਕਰਾ ਬਣੀਆਂ ਜਿੰਦਾਂ ਦਾ ਘਾਟਾ ਤਾਂ ਨਹੀਂ ਪੂਰ ਸਕਦੇ ਪਰ ਸਬਕ ਸਿਖਾਊ ਕਾਨੂੰਨ ਦੀ ਕਾਮਨਾ ਤਾਂ ਕਰ ਹੀ ਸਕਦੇ ਹਾਂ। ਹੈ ਤਾਂ ਇਹ ਵੀ ਮਾੜੀ ਘਟਨਾ ਵਿਚੋਂ ਰੋਸ਼ਨੀ ਲੱਭਣ ਦਾ ਯਤਨ ਪਰ ਮੈਂ ਆਪਣੇ ਸੁਭਾਅ ਦਾ ਕੀ ਕਰਾਂ! ਨਵੇਂ ਵਰ੍ਹੇ ਦਾ ਸਵਾਗਤ ਤਾਂ ਕਰਨਾ ਹੀ ਹੈ।

ਜਾਂਦੇ ਜਾਂਦੇ ਇਹ ਵੀ ਦਸ ਦਿਆਂ ਕਿ ਮੈਨੂੰ ਆਪਣੇ ਜੱਦੀ ਪਿੰਡ ਸੂਨੀ ਦੇ ਗਵਾਂਢ ਵਿਚ ਪੈਂਦੇ ਪਿੰਡ ਮਠ ਵਾਲੀ ਪੱਦੀ ਵਿਖੇ ਡਾ. ਸਾਧੂ ਸਿੰਘ ਹਮਦਰਦ ਨੂੰ ਉਨ੍ਹਾਂ ਦੀ ਜਨਮ ਭੋਂ ਵਿਚ ਚੇਤੇ ਕਰਨਾ ਵੀ ਬਹੁਤ ਚੰਗਾ ਲੱਗਿਆ ਹੈ। ਆਮੀਨ!

**ਅੰਤਿਕਾ:**

(ਰਘਵੀਰ ਸਿੰਘ ਟੇਰਕਿਆਨਾ ਦਾ 2012)
ਕਿਹੋ ਜਿਹੇ ਹਾਲਾਤ ਬਣੇ
ਮਹਿਫੂਜ਼ ਨਹੀਂ ਮੁਟਿਆਰਾਂ।
ਰੇਪ-ਕਾਂਡਾਂ ਦੀ ਗਿਣਤੀ ਵਧ ਗਈ
ਢਿੱਲੀਆਂ ਨੇ ਸਰਕਾਰਾਂ।
ਦੇਸ਼ ਦੇ ਅੰਦਰ ਕਈ ਮੁੱਦਿਆਂ 'ਤੇ
ਮੱਚੀਆਂ ਹਾਹਾਕਾਰਾਂ,
ਪੀ ਐਮ ਸਾਹਿਬ ਨੇ ਚੁੱਪ ਚੁਪੀਤੇ
ਕੱਢ ਲਿਆ ਵੀਹ ਸੌ ਬਾਰਾਂ।

# ਹਨੀ ਸਿੰਘ ਖਿਲਾਫ਼ ਉਠੇ ਗੁੱਸੇ ਸਬੰਧੀ ਪੈਦਾ ਹੁੰਦੇ ਕੁਝ ਸਵਾਲ


ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ

ਫੋਨ:91-98141-78883


ਪੰਜਾਬੀ ਗਾਇਕੀ ਵਿਚ ਨਵੇਂ ਤਜਰਬਿਆਂ ਦੇ ਨਾਂ 'ਤੇ ਗੰਦ ਪਰੋਸਣ ਵਾਲਿਆਂ ਵਿਚੋਂ ਸਭ ਤੋਂ ਮੋਹਰੀ ਹਨੀ ਸਿੰਘ ਬਾਰੇ ਦੇਸ਼-ਵਿਦੇਸ਼ ਵਿਚ ਪਿਆ ਰੌਲਾ ਬਹੁਤ ਕੁਝ ਸੋਚਣ ਲਈ ਮਜਬੂਰ ਕਰ ਰਿਹਾ ਹੈ। ਹਨੀ ਸਿੰਘ ਖਿਲਾਫ਼ ਗਾਣਿਆਂ ਜ਼ਰੀਏ ਔਰਤਾਂ ਦੀ ਬੇਪੱਤੀ ਕਾਰਨ ਦਰਜ ਹੋਇਆ ਮੁਕੱਦਮਾ, ਇਕਦਮ ਪੰਜਾਬ ਦੇ 'ਗ਼ੈਰਤਮੰਦਾਂ' ਦੀ ਜਾਗੀ ਜ਼ਮੀਰ ਤੇ ਮੀਡੀਏ ਵਿਚ ਉਸ ਖਿਲਾਫ਼ ਜਾਰੀ ਕੀਤੇ ਜਾ ਰਹੇ ਬਿਆਨ ਕਿੰਨਾ ਹੀ ਕੁਝ ਬਿਆਨ ਕਰ ਰਹੇ ਨੇ।

ਬਿਨਾਂ ਸ਼ੱਕ ਹਨੀ ਵਰਗੇ ਲੁੱਚ ਸਵਾਮੀਆਂ ਨੇ ਪੰਜਾਬੀ ਗਾਇਕੀ ਦਾ ਘਾਣ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ, ਜਿਹੜਾ ਰੌਲਾ ਉਸ ਦੇ ਗਾਉਣ 'ਤੇ ਅੱਜ ਪਿਐ, ਇਹ ਸਾਡੀ ਜਾਚੇ ਬਿਲਕੁਲ ਨਹੀਂ ਸੀ ਪੈਣਾ, ਜੇ ਦਿੱਲੀ ਵਿਚ ਔਰਤਾਂ ਦੇ ਹੱਕਾਂ ਲਈ ਲੋਕ ਰੋਹ ਪ੍ਰਚੰਡ ਨਾ ਹੋਇਆ ਹੁੰਦਾ। ਹੁਣ ਤੱਕ ਲੋਕ ਉਸ ਦੇ ਮਾੜੇ ਗਾਉਣ ਨੂੰ ਚੰਗਾ ਸਮਝ ਕੇ ਕਿਉਂ ਸੁਣਦੇ ਰਹੇ? ਹੁਣ ਤੱਕ ਲੋਕਾਂ ਇਹ ਕਿਉਂ ਨਾ ਸੋਚਿਆ ਕਿ ਇਹੋ ਜਿਹਿਆਂ ਦਾ ਵਿਰੋਧ ਕਰਨਾ ਚਾਹੀਦੈ, ਜਦੋਂ ਸ਼ੋਅ ਹੁੰਦੇ ਨੇ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦੈ।

ਕੋਈ ਤਿੰਨ ਸਾਲ ਪਹਿਲਾਂ ਅਸੀਂ ਹਨੀ ਸਿੰਘ ਦੀ ਮਾੜੀ ਜ਼ਹਿਨੀਅਤ ਬਾਰੇ ਲਿਖਿਆ ਸੀ ਕਿ ਉਸ ਵੱਲੋਂ 'ਚੂ..' ਨਾਂ ਹੇਠ ਅਜਿਹਾ ਗੀਤ ਪੇਸ਼ ਕੀਤਾ ਗਿਐ, ਜਿਸ ਨੂੰ 'ਯੂ ਟਿਊਬ' 'ਤੇ ਜਾ ਕੇ ਸੁਣਿਆਂ ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦੈ। ਸਾਨੂੰ ਪੰਦਰਾਂ-ਵੀਹ ਫੋਨ ਆਏ ਕਿ ਗਾਇਕੀ ਦੇ ਨਾਂ 'ਤੇ ਇੰਜ ਨਹੀਂ ਹੋਣਾ ਚਾਹੀਦਾ। ਸੋਚਣਾ ਬਣਦੈ ਕਿ ਜੋ ਕੁਝ ਅੱਜ ਹੋ ਰਿਹੈ, ਇਹ ਸਭ ਪਹਿਲਾਂ ਵੀ ਕੀਤਾ ਜਾ ਸਕਦਾ ਸੀ, ਪਰ ਪੰਜਾਬੀ ਭੇਡਾਂ ਵਾਂਗ ਰੀਸ




ਕਰਨ ਦੇ ਆਦੀ ਹੋਣ ਕਰਕੇ ਕਿਸੇ ਵੀ ਮਾਮਲੇ 'ਚ ਵਿਰੋਧ ਕਰਨ ਲਈ ਇੱਕ ਜਣੇ ਨੂੰ ਮੂਹਰੇ ਲੱਗਣਾ ਪੈਂਦੈ ਤੇ ਫੇਰ ਸਾਡੇ 'ਹਾਏ...ਹਾਏ...' ਕਰਨ ਲੱਗੇ ਬਹੁਤੀ ਦੇਰ ਨਹੀਂ ਲਾਉਂਦੇ।

ਪਿਛਲੇ ਦਸ ਕੁ ਦਿਨਾਂ ਵਿਚ ਹਨੀ ਸਿੰਘ ਬਾਰੇ ਨਵੀਆਂ-ਨਵੀਆਂ ਗੱਲਾਂ ਸੁਣਨ ਨੂੰ ਮਿਲੀਆਂ। ਪਹਿਲਾਂ ਇਕ ਗਾਣੇ ਦੀ ਗੱਲ ਹੋਈ ਕਿ ਉਹਨੇ 'ਮੈਂ ਹੂੰ ਬਲਾਤਕਾਰੀ' ਗਾਇਐ, ਤੇ ਉਹ ਵੀ ਉਸ ਵੇਲੇ ਜਦੋਂ ਪੂਰਾ ਭਾਰਤ ਸੜਕਾਂ 'ਤੇ ਉਤਰਿਆ ਹੋਇਐ ਕਿ ਦਿੱਲੀ ਦੇ ਬਲਾਤਕਾਰ ਕੇਸ ਦੇ ਦੋਸ਼ੀਆਂ ਨੂੰ ਫਾਹੇ ਲਾਇਆ ਜਾਵੇ। ਹਨੀ ਖਿਲਾਫ਼ ਲਖਨਊ ਦੇ ਗੋਮਤੀਨਗਰ ਥਾਣੇ 'ਚ ਮਾਮਲਾ ਦਰਜ ਕਰਾਇਆ ਗਿਆ, ਸਿੱਟੇ ਵਜੋਂ 31 ਦਸੰਬਰ ਦੀ ਰਾਤ ਨੂੰ ਗੁੜਗਾਓਂ ਦੇ ਜਿਸ ਹੋਟਲ ਵਿਚ ਉਸ ਦਾ ਸ਼ੋਅ ਹੋਣਾ ਸੀ, ਪ੍ਰਬੰਧਕਾਂ ਨੂੰ ਕੈਂਸਲ ਕਰਨਾ ਪਿਆ।

ਪਰ ਕਮਾਲ ਦੇਖੋ, ਹਨੀ ਦੇ ਪ੍ਰਬੰਧਕਾਂ ਨੇ ਸਪੱਸ਼ਟੀਕਰਨ 'ਚ ਕਿਹਾ, 'ਇਹ ਸ਼ੋਅ ਹੋਟਲ ਵਾਲਿਆਂ ਨੇ ਨਹੀਂ, ਸਗੋਂ ਅਸੀਂ ਖੁਦ ਕੈਂਸਲ ਕੀਤੈ, ਕਿਉਂਕਿ ਸਾਨੂੰ ਵੀ ਦੁੱਖ ਏ ਕਿ ਦਿੱਲੀ 'ਚ ਜਬਰ-ਜਨਾਹ ਦਾ ਕਾਂਡ ਵਾਪਰਿਐ...ਨਾਲ ਹੀ ਕਿਹਾ ਕਿ ਹਨੀ ਸਿੰਘ ਤਾਂ ਜੰਤਰ-ਮੰਤਰ ਜਾ ਕੇ ਇੱਕ ਮੋਮਬੱਤੀ ਵੀ ਬਾਲ ਸਕਦੈ, ਮ੍ਰਿਤਕ ਕੁੜੀ ਨੂੰ ਸ਼ਰਧਾਂਜਲੀ ਦੇਣ ਲਈ...।' ਜਵਾਬ ਵਿਚ ਉਸ ਦੇ ਪ੍ਰਬੰਧਕਾਂ ਨੂੰ ਘੇਰਨ ਵਾਲਾ ਕੋਈ ਨਹੀਂ ਸੀ ਕਿ ਸ਼ਰਧਾਂਜਲੀਆਂ ਮੋਮ ਪਿਘਲਾਉਣ ਨਾਲ ਨਹੀਂ, ਸਗੋਂ ਪੀੜਤ ਦੇ ਹੱਕ 'ਚ ਅਵਾਜ਼ ਬੁਲੰਦ ਕਰਨ ਨਾਲ ਦਿੱਤੀਆਂ ਜਾ ਸਕਦੀਆਂ ਨੇ, ਭਵਿੱਖ ਵਿਚ ਕਿਸੇ ਹੋਰ ਨਾਲ ਇਹ ਸਭ ਨਾ ਵਾਪਰੇ, ਇਸ ਲਈ ਸਰਕਾਰਾਂ 'ਤੇ ਦਬਾਅ ਬਣਾਉਣ ਨਾਲ ਦਿੱਤੀਆਂ ਜਾਂਦੀਆਂ ਨੇ ਤੇ ਇਸ ਹਨੀ ਸਿੰਘ ਨੇ ਇਸ ਤੋਂ ਪਹਿਲਾਂ 'ਕੰਡੋਮ' ਵਰਗੇ ਗਾਣੇ ਗਾ ਕੇ ਔਰਤ ਵਰਗ ਦੇ ਸਨਮਾਨ 'ਚ ਭਲਾ ਕਿਹੜਾ ਵਾਧਾ ਕੀਤੈ?

ਇਸ ਤੋਂ ਦੋ ਦਿਨ ਬਾਅਦ ਨਵੀਂ ਖ਼ਬਰ ਆ ਗਈ ਕਿ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ, ਜਿਹੜੀ ਕਹਿੰਦੀ ਏ ਕਿ ਜਬਰ-ਜਨਾਹ ਦੀਆਂ ਘਟਨਾਵਾਂ ਦਾ ਕਾਰਨ ਗਾਇਕੀ ਵਿਚਲੀ ਅਸ਼ਲੀਲਤਾ ਵੀ ਏ, ਸੀਨੀਅਰ ਸਿਟੀਜ਼ਨਾਂ ਦੇ ਪਿਛਲੇ ਸਾਲ ਹੋਏ ਇਕ ਸਮਾਗਮ ਵਿਚ ਹਨੀ ਨਾਲ ਸਟੇਜ 'ਤੇ ਠੁਮਕੇ ਲਾਉਂਦੀ ਰਹੀ ਸੀ। ਮੀਡੀਏ ਵਿਚ ਉਹ ਫੋਟੋ ਵੀ ਆ ਗਈ, ਜਿਸ ਵਿਚ ਹਨੀ ਤੇ ਸ਼ੀਲਾ ਇਕੱਠੇ ਸਨ। ਖੂਬ ਤੋਏ-ਤੋਏ ਹੋਈ ਮੁੱਖ ਮੰਤਰੀ ਦੀ ਤੇ ਹਨੀ ਸਿੰਘ ਖੁਦ ਨੂੰ ਬੇਕਸੂਰ ਠਹਿਰਾਉਂਦਿਆਂ ਕਹਿਣ ਲੱਗਾ, 'ਬਿਨਾਂ ਵਜ੍ਹਾ ਮੈਨੂੰ ਨਿਸ਼ਾਨਾ ਬਣਾਇਆ ਜਾ ਰਿਹੈ, ਇਹ ਸਭ ਮੇਰੀ ਇਕਦਮ ਹੋਈ ਚੜ੍ਹਤ ਕਰਕੇ ਕੀਤਾ ਜਾ ਰਿਹੈ, ਕਈ ਲੋਕ ਮੈਨੂੰ ਬਰਦਾਸ਼ਤ ਨਹੀਂ ਕਰ ਰਹੇ।'

ਕੌਮੀ ਪੱਧਰ ਦੇ ਚੈਨਲਾਂ ਨੂੰ ਨਵੀਂ ਖ਼ਬਰ ਮਿਲ ਗਈ ਤੇ ਉਨ੍ਹਾਂ ਹਨੀ ਸਿੰਘ ਦੀ ਸੋਚ 'ਤੇ ਸਵਾਲ ਕਰਨ ਦੀ ਥਾਂ ਉਸ ਦੇ ਗਾਣਿਆਂ ਨੂੰ ਸ਼ਾਮਲ ਕਰ-ਕਰ ਖ਼ਬਰਾਂ ਦਿੱਤੀਆਂ, 'ਆਖਰ ਫਸ ਗਏ ਹਨੀ ਸਿੰਘ', 'ਕਬ ਸੁਧਰੇਂਗੇ ਹਨੀ ਸਿੰਘ?' ਚੈਨਲਾਂ ਵਾਲਿਆਂ ਇਹ ਖ਼ਬਰਾਂ ਬਿਲਕੁਲ ਓਦਾਂ ਹੀ ਪੇਸ਼ ਕੀਤੀਆਂ, ਜਿਵੇਂ ਪੂਨਮ ਪਾਂਡੇ, ਸ਼ਰਲਿਨ ਚੋਪੜਾ, ਰਾਖੀ ਸਾਵੰਤ ਜਾਂ ਵੀਨਾ ਮਲਿਕ ਦੇ ਗਰਮਾ-ਗਰਮ ਬਿਆਨਾਂ ਦੀਆਂ ਪੇਸ਼ ਹੁੰਦੀਆਂ ਨੇ ਕਿ, 'ਅਸੀਂ ਕੱਪੜੇ ਲਾਹੁਣ ਤੋਂ ਪ੍ਰਹੇਜ਼ ਨਹੀਂ ਕਰਦੀਆਂ...।'

ਹੁਣ ਸਵਾਲ ਪੰਜਾਬੀਆਂ ਦੀ ਬੇਗ਼ੈਰਤੀ ਦਾ ਹੈ। ਲਖਨਊ ਦਾ ਰਹਿਣ ਵਾਲਾ ਇੱਕ ਗ਼ੈਰ ਪੰਜਾਬੀ ਹਨੀ ਦੇ ਗਾਣਿਆਂ ਖਿਲਾਫ਼ ਮਾਮਲਾ ਦਰਜ ਕਰਾ ਸਕਦਾ ਏ, ਪਰ ਪੰਜਾਬੀ ਸਿਰਫ਼ ਧਰਮ-ਕਰਮ ਦੇ ਮਾਮਲਿਆਂ 'ਚ ਹੀ ਸੜਕਾਂ 'ਤੇ ਕਿਉਂ ਉਤਰਦੇ ਨੇ? ਪੰਜਾਬੀਆਂ ਦੀ ਅੱਖ ਦੀ ਸ਼ਰਮ ਮਰ ਗਈ ਜਾਂ ਇਨ੍ਹਾਂ ਦੀ 'ਗ਼ੈਰਤਮੰਦੀ' ਦੇ ਕਿੱਸੇ ਹੀ ਝੂਠੇ ਨੇ?

ਜਦੋਂ ਲਖਨਊ ਤੋਂ ਪਟੀਸ਼ਨ ਦਾਖ਼ਲ ਹੋ ਗਈ ਤਾਂ ਪੰਜਾਬ ਤੋਂ ਵੀ ਸਿਲਸਿਲਾ ਸ਼ੁਰੂ ਹੋ ਗਿਆ। ਜਲੰਧਰ ਪ੍ਰੈਸ ਕਲੱਬ 'ਚ ਕਈ ਜਥੇਬੰਦੀਆਂ ਨੇ ਹਨੀ ਦਾ ਪੁਤਲਾ ਫੂਕਿਆ ਤੇ ਨਾਲ ਹੀ ਕਿਹਾ ਕਿ ਅਸੀਂ ਉਸ ਦਾ ਦੁਆਬਾ ਖੇਤਰ ਵਿਚ ਕੋਈ ਸ਼ੋਅ ਨਹੀਂ ਹੋਣ ਦੇਵਾਂਗੇ ਤੇ ਉਸ ਦੀਆਂ ਫ਼ਿਲਮਾਂ ਦਾ ਵੀ ਵਿਰੋਧ ਕਰਾਂਗੇ। ਉਨ੍ਹਾਂ ਦੇ ਮਨਾਂ 'ਚ ਉਠਿਆ ਭੂਚਾਲ ਕਿੰਨੀ ਕੁ ਦੇਰ ਉਨ੍ਹਾਂ ਨੂੰ ਆਪਣੇ ਕਹੇ 'ਤੇ ਖੜ੍ਹਾ ਰੱਖੇਗਾ, ਵਕਤ ਹੀ ਇਹਦੇ ਬਾਰੇ ਦੱਸੇਗਾ।

ਅਸੀਂ ਪਿਛਲੇ ਲੰਮੇ ਸਮੇਂ ਤੋਂ ਮਾੜਾ ਗਾਉਣ ਵਾਲਿਆਂ ਖਿਲਾਫ਼ ਲਾਮਬੰਦੀ ਦੀ ਗੱਲ ਕਰ ਰਹੇ ਹਾਂ ਪਰ ਪੰਜਾਬੀਆਂ ਨੂੰ ਸਮਝ ਨਹੀਂ ਆ ਰਹੀ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬੀਆਂ ਦੀ ਦੋਗਲੀ ਨੀਤੀ ਹੈ ਕਿ ਉਹ ਦਿਨੇ ਕੁਝ ਹੋਰ ਕਹਿੰਦੇ ਨੇ ਤੇ ਰਾਤੀਂ ਕੁਝ ਹੋਰ। ਉਹ ਸਮਾਜਿਕ ਵਿਗਾੜਾਂ ਖਿਲਾਫ਼ ਝੰਡਾ ਓਨੀ ਦੇਰ ਨਹੀਂ ਚੁੱਕਦੇ, ਜਿੰਨੀ ਦੇਰ ਉਨ੍ਹਾਂ ਦਾ ਆਪਣਾ ਨੁਕਸਾਨ ਨਹੀਂ ਹੁੰਦਾ। ਇਹ ਪੰਜਾਬੀ ਸਿਲੰਡਰ ਦੀ ਕੀਮਤ ਵਧਣ 'ਤੇ ਵੀ ਰੌਲਾ ਪਾ ਸਕਦੇ ਨੇ, ਬਿਜਲੀ 15 ਪੈਸੇ ਯੂਨਿਟ ਮਹਿੰਗੀ ਹੋਣ 'ਤੇ ਸੜਕਾਂ 'ਤੇ ਆਣ ਖਲੋਂਦੇ ਨੇ, ਪਰ ਇਨ੍ਹਾਂ ਨੂੰ ਸਭਿਆਚਾਰ ਦੀ ਕੋਈ ਚਿੰਤਾ ਨਹੀਂ।

ਹਨੀ ਸਿੰਘ ਵਰਗੇ ਲੋਕਾਂ ਬਾਰੇ ਜੋ ਕੁਝ ਅੱਜ ਕਿਹਾ ਜਾ ਰਿਹੈ, ਇਹ ਸਿਰਫ਼ ਪੰਦਰਾਂ-ਵੀਹ ਦਿਨ ਦੇ ਗੁੱਸੇ ਤੱਕ ਸੀਮਤ ਹੈ। ਦੋ ਮਹੀਨਿਆਂ ਤੱਕ ਉਹ ਕੋਈ ਗੀਤ ਗਾਵੇਗਾ ਤੇ ਇਹੀ ਪੰਜਾਬੀ ਉਹਨੂੰ ਮਾੜਾ ਕਹਿੰਦੇ-ਕਹਿੰਦੇ ਮੁੜ ਨੱਚਣ ਲੱਗ ਜਾਣਗੇ। ਸਭ ਤੋਂ ਵੱਡੀ ਗੱਲ ਇਹ ਕਿ ਹਨੀ ਸਿੰਘ ਪਿਛਲੇ ਕਾਫੀ ਸਮੇਂ ਤੋਂ ਕਹਿ ਰਿਹੈ, 'ਹੁਣ ਮੈਂ ਬਾਲੀਵੁੱਡ ਵੱਲ ਕਦਮ ਵਧਾ ਲਏ ਨੇ...।' ਤੇ ਸਾਨੂੰ ਯਾਦ ਰੱਖਣਾ ਚਾਹੀਦੈ ਕਿ ਬਾਲੀਵੁੱਡ ਵਿਚ ਕਦਰ ਹੀ ਸਿਰਫ਼ ਨੰਗਿਆਂ ਦੀ ਏ। ਬਾਲੀਵੁੱਡ ਤਾਂ ਪਿਛਲੇ ਇੱਕ ਦਹਾਕੇ ਤੋਂ ਨੋਟ ਸਿਰਫ਼ ਨੰਗੇ ਹੋਣ ਕਰਕੇ ਕਮਾ ਰਿਹੈ, ਜਦੋਂ ਸੰਨੀ ਲਿਓਨ ਨੂੰ ਹਿੰਦੀ ਫ਼ਿਲਮਾਂ ਵਿਚ ਲਿਆ ਜਾਂਦਾ ਹੋਵੇ, ਜਦੋਂ 'ਪਲੇਅ ਬੁਆਏ' ਮੈਗਜ਼ੀਨ ਦੇ ਕਵਰ 'ਤੇ ਨੰਗੀ ਫੋਟੋ ਛਪਵਾਉਣ ਵਾਲੀਆਂ ਕੁੜੀਆਂ ਨੂੰ ਬਾਲੀਵੁੱਡ ਵਿਚ ਕੰਮ ਮਿਲਦਾ ਹੋਵੇ, ਉਦੋਂ ਬਾਲੀਵੁੱਡ ਤੋਂ ਨੈਤਿਕਤਾ ਦੀ ਉਮੀਦ ਰੱਖਣੀ ਸਹੀ ਨਹੀਂ।

ਪੰਜਾਬੀਆਂ ਦੇ ਇਕਦਮ ਉਬਲੇ ਗੁੱਸੇ ਨੂੰ ਵੀ ਸਲਾਮ ਕਹਿਣੀ ਬਣਦੀ ਹੈ ਕਿ ਚਲੋ ਦੁੱਧ ਦੇ ਉਬਾਲ ਵਾਂਗ ਸਹੀ, ਇਹ ਇਕਦਮ ਭੜਕਦੇ ਤਾਂ ਹਨ ਹੀ। ਪਾਣੀ ਗਿੱਟੇ-ਗੋਡੇ, ਲੱਕ ਜਿੰਨਾ ਕੁਝ ਮਰਜ਼ੀ ਘੇਰ ਲਵੇ, ਪੰਜਾਬੀ ਸਿਰਫ਼ ਧੌਣ ਤੱਕ ਪਹੁੰਚਣ ਵੇਲੇ ਮਾੜਾ ਮੋਟਾ ਸੋਚਦੇ ਨੇ। ਦੇਰ-ਸਵੇਰ ਮਾੜਾ ਗਾਉਣ ਵਾਲੇ ਆਉਣਗੇ ਹੀ, ਵਿਸਾਖੀ ਦੇ ਸ਼ੋਆਂ ਮੌਕੇ ਕਈ ਅਜਿਹੇ ਕਲਾਕਾਰਾਂ ਤੁਹਾਡੇ ਸ਼ਹਿਰਾਂ ਵੱਲ ਆ ਰਹੇ ਨੇ, ਜਿਨ੍ਹਾਂ ਮਾੜਾ ਗਾਇਐ। ਉਨ੍ਹਾਂ ਨੂੰ ਥੋੜ੍ਹਾ ਸਬਕ ਸਿਖਾਓ ਤਾਂ ਅਸੀਂ ਮੰਨਾਂਗੇ ਕਿ ਇਹ 'ਗ਼ੈਰਤਬੰਦ' ਨਹੀਂ, 'ਗ਼ੈਰਤਮੰਦ' ਪੰਜਾਬੀ ਹੀ ਹਨ। ਜੇ ਹੁਣ ਵੀ ਮਾੜਿਆਂ ਖਿਲਾਫ਼ ਕੁਝ ਨਾ ਕੀਤਾ ਤਾਂ ਇਧਰਲੇ-ਉਧਰਲੇ ਪੰਜਾਬੀਆਂ ਵਿਚ ਕੋਈ ਫ਼ਰਕ ਨਹੀਂ ਰਹਿਣਾ।

# ਸ਼ੀਸ਼ਾ

*(ਪਿਛਲੇ ਸਫੇ ਤੋਂ ਜਾਰੀ)*

ਵਲਾਵੇਂ ਜਿਹੇ ਖਾਣ ਲੱਗ ਪਿਆ, ਜਿਵੇਂ ਸੱਪ ਵਿਸ ਘੋਲਦਾ ਹੈ। ਕਦੇ ਇਕ ਪਾਸੇ ਦੀ ਬਾਹੀ ਨਾਲ ਵੱਜਦਾ, ਕਦੇ ਦੂਜੇ ਨਾਲ। ਮੂੰਹ 'ਚੋਂ ਇਉਂ ਆਵਾਜ਼ ਆ ਰਹੀ ਸੀ ਜਿਵੇਂ ਦੰਦ ਪੀਹ ਰਿਹਾ ਹੋਵੇ। ਮੰਜੇ ਦੀਆਂ ਚੂਲਾਂ ਜਰਕ ਰਹੀਆਂ ਸਨ, ਜਿਵੇਂ ਕੋਈ ਉਤੇ ਘੋਲ ਕਰ ਰਿਹਾ ਹੋਵੇ। ਮੈਂ ਡਰ ਗਿਆ।

"ਜਾਗ ਗਏ?" ਹੌਸਲਾ ਕਰ ਕੇ ਆਵਾਜ਼ ਦਿੱਤੀ।

ਉਹ ਛਾਲ ਮਾਰ ਕੇ ਫਰਸ਼ ਉਤੇ ਖੜ੍ਹਾ ਹੋ ਗਿਆ। ਫਰਨ-ਫਰਨ ਕੰਬ ਰਿਹਾ ਸੀ। ਚਿਹਰਾ ਪੂਣੀ ਵਾਂਗ ਬੱਗਾ। ਉਹਨੇ ਕੰਸ ਤੋਂ ਸ਼ੀਸ਼ਾ ਚੁੱਕਿਆ ਤੇ ਇਕ ਹੱਥ ਵਿਚ ਫੜ ਕੇ ਵੇਖਣ ਲੱਗ ਪਿਆ, ਦੂਜਾ ਹੱਥ ਉਹ ਗਰਦਨ ਉਤੇ ਫੇਰ ਰਿਹਾ ਸੀ।

"ਦਾਨੀ ਕੀ ਗੱਲ ਹੈ?"

"ਮੇਰਾ ਦਿਲ ਸ਼ੀਸ਼ਾ ਦੇਖਣ ਨੂੰ ਕਰਦਾ ਸੀ-ਮੇਰੀ ਬੇਬੀ ਤਿੰਨ ਮਹੀਨਿਆਂ ਦੀ ਹੈ।"

"ਸਮਝ ਨਹੀਂ ਆਈ, ਮੈਨੂੰ ਸ਼ੀਸ਼ੇ ਦੀ ਸਮਝ ਨਹੀਂ ਆਈ।"

"ਮੈਨੂੰ ਵੀ ਨਹੀਂ ਆਈ-ਪਰ ਹਰ ਵਾਰ ਮੇਰਾ ਦਿਲ ਸ਼ੀਸ਼ਾ ਵੇਖਣ ਨੂੰ ਕਰਦਾ ਹੈ...ਨਹੀਂ ਤਾਂ ਮੈਂ ਠੀਕ ਨਹੀਂ ਰਹਿੰਦਾ...ਬਿਮਾਰ ਮਹਿਸੂਸ ਕਰਦਾ ਹਾਂ...ਮੈਨੂੰ ਬਹੁਤ ਅਫ਼ਸੋਸ ਹੈ...ਡਿਸਟਰਬ ਕੀਤਾ, ਮਜਬੂਰ ਹਾਂ ਮੈਂ।" ਉਹਨੇ ਵਾਰ-ਵਾਰ ਮੁਆਫ਼ੀ ਮੰਗੀ। ਮੈਂ ਵਾਰ-ਵਾਰ ਸ਼ੀਸ਼ਾ ਵੇਖਣ ਬਾਰੇ ਪੁੱਛਿਆ, ਪਰ ਉਹਨੂੰ ਆਪ ਪਤਾ ਨਹੀਂ ਸੀ, ਇਸ ਤਰ੍ਹਾਂ ਦੀ ਹਾਲਤ ਵਿਚ ਉਹ ਸ਼ੀਸ਼ਾ ਕਿਉਂ ਵੇਖਣਾ ਚਾਹੁੰਦਾ ਹੈ? ਫੇਰ ਪੁੱਛਣ ਲੱਗਾ, "ਉਹ ਆਦਮੀ (ਕਿਰਹੂ) ਜਿਸ ਕਾਫ਼ਲੇ ਦੀ ਗੱਲ ਸੁਣਾ ਰਿਹਾ ਸੀ, ਤੁਹਾਡੀ ਕਹਾਣੀ 'ਹਵਾ' ਵਿਚ ਉਸੇ ਕਾਫ਼ਲੇ ਦਾ ਜ਼ਿਕਰ ਹੈ?"

ਮੈਂ ਦੱਸਿਆ, ਉਹੀ ਕਾਫ਼ਲਾ ਸੀ।

"ਆਪ ਜੀ...ਨੇ...ਬੱਚਿਆਂ ਵਾਲੀ ਘਟਨਾ ਕਿਉਂ ਨਾ ਲਿਖੀ?" ਇਸ ਸਵਾਲ ਦੀ ਮੈਨੂੰ ਉਕਾ ਆਸ ਨਹੀਂ ਸੀ। ਦੱਸਣ ਨੂੰ ਬਹੁਤ ਦਲੀਲਾਂ ਦੇ ਸਕਦਾ ਸਾਂ, ਪਰ ਮੈਨੂੰ ਲੱਗਿਆ ਜਿਵੇਂ ਉਹ ਕਹਿ ਰਿਹਾ ਹੋਵੇ, 'ਤੁਸੀਂ ਸਿਰਫ਼ ਉਸਤਤ ਹੀ ਲਿਖ ਸਕਦੇ ਹੋ, ਆਪਣੇ ਲੋਕਾਂ ਦੀ।' ਮੈਂ ਇਤਨਾ ਹੀ ਕਹਿ ਦਿੱਤਾ, "ਧਿਆਨ ਨਹੀਂ ਰਿਹਾ।"

ਸਵੇਰੇ ਉਹ ਸਵਾ ਛੇ ਵਜੇ ਵਾਲੀ ਬੱਸ ਫੜ ਕੇ ਦਿੱਲੀ ਮੁੜ ਗਿਆ। ਮੇਰੇ ਬਹੁਤ ਜ਼ੋਰ ਦੇਣ 'ਤੇ ਵੀ ਨਾ ਰੁਕਿਆ।

## ਗਜ਼ਲ

ਦਹਿਸ਼ਤ ਦਾ ਨਾਚ ਨੱਚੇ ਹਰ ਪਾਸੇ,
ਚੁਫੇਰੇ ਹੀ ਦਿਸਦੇ ਲਹੂ ਦੇ ਪਿਆਸੇ।
ਖਾਮੋਸ਼ ਹੈ ਜੰਗਲ ਹਨ੍ਹੇਰੀ ਤੋਂ ਡਰ ਕੇ,
ਰੁੱਖਾਂ ਨੂੰ ਦਿੱਤੇ ਪੱਤਿਆਂ ਦਿਲਾਸੇ।
ਵੰਗਾਂ ਦਾ ਹੋਕਾ ਨਾ ਤੀਆਂ ਦੇ ਮੇਲੇ,
ਕਰ ਗਏ ਨੇ ਹਿਜਰਤ ਬਸਤੀ 'ਚੋਂ ਹਾਸੇ।
ਖੇਤਾਂ ਨੂੰ ਖਾ ਗਈ ਜੋ ਵਾੜ ਜੋ ਕੀਤੀ,
ਫਸਲਾਂ ਦੇ ਚਿਹਰੇ ਤਾਂ ਹੀ ਉਦਾਸੇ।
ਨਾਂ ਦੇ ਤਾਂ ਫਰਹਾਦ ਨੇ ਕਈ,
ਦਿਸੇ ਨਾ ਉਹ ਜੋ ਚੱਟਾਨਾਂ ਤਰਾਸ਼ੇ।

*-ਅਜੇ ਤਨਵੀਰ*

*ਫੋਨ: 559-309-2031*

# ਪੱਲੇ ਪਈ ਵਕਤ ਦੀ ਮਾਰ, ਸਮੁੰਦਰੋਂ ਪਾਰ...

ਬੂਟਾ ਸਿੰਘ ਦੀ ਆਸ ਨੂੰ ਬੂਰ ਪੈ ਗਿਆ ਸੀ। ਉਸ ਦੇ ਰਿਸ਼ਤੇਦਾਰ ਬਿੱਕਰ ਵੱਲੋਂ ਭਰੇ ਹੋਏ ਪੇਪਰ ਨਿਕਲ ਆਏ ਸਨ। ਹੁਣ ਉਹ ਚੰਡੀਗੜ੍ਹ ਤੇ ਦਿੱਲੀ ਵੱਲ ਇਉਂ ਤੁਰਿਆ ਰਹਿੰਦਾ ਜਿਵੇਂ ਢਾਬ ਵਾਲਾ ਖੇਤ ਹੋਵੇ। ਅਮਰੀਕਾ ਦੇ ਚਾਅ ਨਾਲ ਉਹ ਬਗੈਰ ਖੰਭਾਂ ਤੋਂ ਉਡਿਆ ਫਿਰਦਾ ਸੀ। ਜਦੋਂ ਘਰੋਂ ਤੁਰਨ ਲੱਗਦਾ ਤਾਂ ਮਾਂ ਦੇ ਬੁੱਢੇ ਹੱਥ ਗੁੜ ਮਸਾਂ ਤੋੜਦੇ, ਗੁੜ ਦੀ ਰੋੜੀ ਕੋਠੇ ਉਪਰ ਸੁੱਟ ਕੇ ਹੱਥ ਜੋੜਦੀ ਹੋਈ, ਇਕ ਰੋੜੀ ਬੂਟੇ ਦੇ ਮੂੰਹ ਵਿਚ ਪਾਉਂਦੀ ਤੇ ਅਸੀਸਾਂ ਦਿੰਦੀ, "ਪੁੱਤਰ ਜਿਹੜੇ ਕਾਰਜ ਨੂੰ ਚੱਲਿਆ ਏਂ, ਪਰਮਾਤਮਾ ਉਹ ਕਾਰਜ ਸਿਰੇ ਲਾ ਦੇਵੇ।" ਫਿਰ ਉਹ ਗਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਆਲੇ-ਦੁਆਲੇ ਦੇਖਦੀ, ਜੇ ਕੋਈ ਜਨਾਨੀ ਖਾਲੀ ਟੋਕਰੀ ਲਈ ਜਾਂ ਪਾਥੀਆਂ ਨਾਲ ਭਰੀ ਟੋਕਰੀ ਲਈ ਆਉਂਦੀ ਦਿਸਦੀ ਤਾਂ ਝੱਟ ਬੂਟੇ ਨੂੰ ਰੁਕਣ ਦਾ ਇਸ਼ਾਰਾ ਕਰ ਦਿੰਦੀ। ਫਿਰ ਆਲਾ-ਦੁਆਲਾ ਦੇਖਦੀ ਜੇ ਕੋਈ ਪਾਣੀ ਦੀ ਭਰੀ ਜਾਂ ਪਥਿਆਂ ਵਾਲੀ ਰੇਹੜੀ ਲਈ ਆਉਂਦਾ ਦੇਖ ਲੈਂਦੀ ਤਾਂ ਚੌਕ ਵਿਚ ਖੜ੍ਹੇ ਸਿਪਾਹੀ ਵਾਂਗ ਝੱਟ ਚੱਲਣ ਦਾ ਇਸ਼ਾਰਾ ਕਰ ਦਿੰਦੀ। ਬੂਟੇ ਦਾ ਸਕੂਟਰ ਬੂਹੇ ਤੋਂ ਲੰਘਾ ਕੇ ਫਿਰ ਹੱਥ ਜੋੜਦੀ, "ਪਰਮਾਤਮਾ, ਦਹਿਲੀਜ਼ ਟੱਪਣ ਸਮੇਂ ਹਰਾ ਮੱਥੇ ਲੱਗਿਆ ਹੈ, ਹੁਣ ਬੂਟੇ ਦਾ ਕੰਮ ਬਣ ਜਾਵੇ।" ਫਿਰ ਜਿਵੇਂ ਜਿਵੇਂ ਦਿਨ ਢਲਣ ਲੱਗਦਾ ਤਿਵੇਂ ਤਿਵੇਂ ਬੁੱਢੀ ਮਾਂ ਦਾ ਫਿਕਰ ਵਧਣ ਲੱਗ ਪੈਂਦਾ। ਉਹ ਕੰਮ ਕਰਦੀ ਬੂਹੇ ਵੱਲ ਦੇਖੀ ਜਾਂਦੀ। ਜਦ ਬੂਟਾ ਸਕੂਟਰ ਅੰਦਰ ਵਾੜਦਾ ਤਾਂ ਉਹ ਝੱਟ ਬੂਟੇ ਵੱਲ ਹੋ ਤੁਰਦੀ। ਪਿੱਤਲ ਦੇ ਗਿਲਾਸ 'ਚ ਪਾਣੀ ਭਰ ਲਿਆਉਂਦੀ। ਫਿਰ ਹਾਰੇ ਵਿਚੋਂ ਦੁੱਧ ਦਾ ਛੰਨਾ ਭਰ ਕੇ ਗੁੜ ਦੀ ਰੋੜੀ ਦਿੰਦੀ ਹੋਈ ਪੁੱਛਦੀ, "ਪੁੱਤ ਕਿਵੇਂ ਆ, ਕਾਗਤ ਬਣ ਗਏ?"

"ਹਾਂ ਬੀਬੀ, ਸਾਰੇ ਕਾਗਜ਼ ਤਿਆਰ ਹੋ ਗਏ।" ਐਤਕੀਂ ਇਹ ਕਹਿੰਦਿਆਂ ਬੂਟੇ ਦਾ ਗੱਚ ਭਰ ਆਇਆ।

"ਬੂਟੇ ਦੇ ਬਾਪੂ ਤੈਂ ਸੁਣਿਆ, ਬੂਟੇ ਦੇ ਕਾਗਤ ਬਣ ਗਏ। ਹੁਣ ਬੂਟਾ ਵੀ 'ਮਰੀਕਾ ਚਲਿਆ ਜਾਊ।" ਬੁੱਢੀ ਮਾਂ ਬਗੈਰ ਦੰਦਾਂ ਤੋਂ ਹੱਸਦੀ ਵੀ ਬੂਟੇ ਦੇ ਬਾਪੂ ਨੂੰ ਖੁਸ਼ਖਬਰੀ ਸੁਣਾਉਂਦੀ ਭੱਜੀ ਗਈ।

ਬਾਪੂ ਵਿਚਾਰਾ ਪਾਟੇ ਹੋਏ ਹੱਥਾਂ ਨਾਲ ਮੱਝ ਦਾ ਕਿੱਲਾ ਗੱਡ ਰਿਹਾ ਸੀ। ਕੰਮ ਕਰਦਿਆਂ ਬਾਪੂ ਦੇ ਹੱਥਾਂ 'ਤੇ ਮੋਟੀਆਂ ਤੇ ਡੂੰਘੀਆਂ ਤਰੇੜਾਂ ਪੈ ਚੁੱਕੀਆਂ ਸਨ। ਬੂਟੇ ਦੀ ਬੇਬੇ ਨੇ ਉਸ ਨੂੰ ਵੀ ਦੁੱਧ ਦਾ ਛੰਨਾ ਫੜਾਉਂਦਿਆਂ ਕਿਹਾ, "ਦੇਖ ਬੂਟੇ ਦੇ ਬਾਪੂ, ਆਪਾਂ ਤਾਂ ਸਾਰੀ ਜ਼ਿੰਦਗੀ ਮਰ-ਮਰ ਕੇ ਕੱਢ ਲਈ, ਜੇ ਬੂਟਾ ਚੱਲਿਆ ਜਾਵੇ, ਤਾਂ ਆਹ ਤੇਰੀਆਂ ਤਿੰਨੇ ਪੋਤੀਆਂ ਵੀ ਨੂੰਹ ਨਾਲ ਚਲੀਆਂ ਜਾਣੀਆਂ। ਕੱਲ੍ਹ ਨੂੰ ਇਨ੍ਹਾਂ ਦੇ ਵਿਆਹ ਦਾ ਫਿਕਰ ਵੀ ਨਹੀਂ ਰਹਿਣਾ। ਤੂੰ ਦਿਲ ਤਕੜਾ ਰੱਖੀਂ, ਹਰੇ ਰੰਗ ਦੀ ਗੋਲੀ ਖਾ ਲਈਂ। ਮੈਨੂੰ ਲੱਗਦਾ ਐਤਕੀਂ ਬੂਟਾ ਆਪਣਾ ਕੱਤਾ ਨਹੀਂ ਬੀਜਦਾ, ਪਹਿਲਾਂ ਹੀ ਚੱਲਿਆ ਜਾਊ। ਤੂੰ ਕਣਕ ਆਪੇ ਭਾੜੇ 'ਤੇ ਬਿਜਾ ਲਈਂ।"

"ਬੂਟੇ ਦੀ ਮਾਂ, ਘਰ ਖਾਲੀ ਹੋ ਜਾਊ...ਆਪਾਂ ਤਾਂ ਚਾਰ ਦਿਨ ਵੀ ਨਹੀਂ ਕੱਢਣੇ। ਫਿਰ ਕਿਸੇ ਨੇ ਆਪਣੇ ਕਾਨੀ ਵੀ ਨਹੀਂ ਲੱਗਣਾ।" ਬੂਟੇ ਦੇ ਬਾਪੂ ਨੇ ਪਰਨੇ ਦਾ ਮੈਲਾ ਲੜ ਅੱਖਾਂ 'ਤੇ ਫੇਰਦਿਆਂ ਗੱਲ ਮਸਾਂ ਸਿਰੇ ਲਾਈ।

"ਐਵੇਂ ਨਾ ਮਨ ਹੌਲਾ ਕਰ, ਬੂਟੇ ਨੂੰ ਛੇਤੀ ਸੱਦ ਲਿਆ ਕਰਾਂਗੇ।" ਬੂਟੇ ਦੀ ਮਾਂ ਨੇ ਖਾਲੀ ਛੰਨਾ ਫੜਦਿਆਂ ਉਤਰ ਦਿੱਤਾ।

ਬੂਟਾ ਸਿੰਘ ਮਾਂ ਦਾ ਇਕਲੌਤਾ ਪੁੱਤ ਸੀ। ਬਾਰਾਂ ਸਾਲਾਂ ਦੀ ਤਪੱਸਿਆ ਤੋਂ ਬਾਅਦ ਘਰ ਦੇ ਵਿਹੜੇ ਵਿਚ ਬੂਟਾ ਲੱਗਿਆ ਸੀ। ਦੋਹਾਂ ਲਈ ਬੂਟਾ ਅੱਖਾਂ ਦਾ ਤਾਰਾ ਸੀ। ਚਾਵਾਂ-ਲਾਡਾਂ ਨਾਲ ਬੂਟੇ ਨੂੰ ਪਾਲਿਆ। ਅੱਠ ਜਮਾਤਾਂ ਪੜ੍ਹ ਕੇ ਬਾਪੂ ਨਾਲ ਵਾਹੀ ਕਰਨ ਲੱਗ ਗਿਆ। ਮਾਂ ਦੇ ਖੁਆਏ ਘਿਉ ਤੇ ਪਿਲਾਏ ਹੋਏ ਦੁੱਧ ਨਾਲ ਬੂਟਾ ਭਲਵਾਨਾਂ ਵਰਗਾ ਲੱਗਦਾ। ਮਾਂ ਲਾਲ ਮਿਰਚਾਂ ਬੂਟੇ ਦੇ ਸਿਰ ਨਾਲ ਛੁਹਾ ਕੇ ਚੁੱਲ੍ਹੇ ਵਿਚੋਂ ਸੁੱਟਦੀ। ਕੰਨਾਂ ਦੀਆਂ ਜੜ੍ਹਾਂ ਵਿਚ ਕਾਲਾ ਟਿੱਕਾ ਲਾਉਣਾ ਕਦੇ ਨਾ ਭੁੱਲਦੀ। ਬੂਟੇ ਦੀ ਜਵਾਨੀ ਤੋਂ ਕੁੜੀਆਂ ਕੁਰਬਾਨ ਹੋਣ ਲਈ ਤਿਆਰ ਹੁੰਦੀਆਂ, ਪਰ ਮਾਂ ਦਾ ਪਹਿਰਾ ਬਾਰਡਰ 'ਤੇ ਖੜ੍ਹੇ ਫੌਜੀ ਨਾਲੋਂ ਵੀ ਵੱਧ ਸਖਤ ਸੀ।

ਫਿਰ ਮਾਂ ਨੇ ਬੂਟੇ ਦਾ ਰਿਸ਼ਤਾ ਪੱਕਾ ਕਰ ਦਿੱਤਾ। ਕੱਚਾ ਕੋਠਾ ਢਾਹ ਕੇ ਦੋ ਬੈਠਕਾਂ ਛੱਤ ਲਈਆਂ, ਮੂਹਰੇ ਵਰਾਂਡਾ ਤੇ ਖੱਬੀ ਨੁੱਕਰ ਵਿਚ ਰਸੋਈ ਛੱਤ ਲਈ। ਰਸੋਈ ਦੇ ਨਾਲ ਹੀ ਚੁੱਲ੍ਹਾ-ਚੌਂਕਾ ਬਣਾ ਲਿਆ। ਇਕ ਖੂੰਜੇ ਹਾਰਾ ਤੇ ਉਪਰ ਹਾਰੀ ਬਣਾ ਲਈ। ਥੱਲੇ ਦੁੱਧ ਕੜ੍ਹਦਾ ਰਹਿੰਦਾ ਤੇ ਉਪਰ ਦਾਲ ਰਿੱਜਦੀ ਰਹਿੰਦੀ। ਫਿਰ ਬੂਟੇ ਦੀ ਘਰਵਾਲੀ ਪਰੀਤੋ ਨੇ ਵਿਹੜੇ 'ਚ ਚੂੜਾ ਛਣਕਾ ਦਿੱਤਾ। ਬੂਟਾ ਤੇ ਪਰੀਤੋ ਹਾਣੋ-ਹਾਣੀ ਵਿਹੜੇ ਵਿਚ ਕਲੋਲਾਂ ਕਰਦੇ। ਬੇਬੇ ਬਾਪੂ ਦੋਹਾਂ ਨੂੰ ਦੇਖ-ਦੇਖ ਜਿਉਂਦੇ।

"ਬੂਟੇ ਦੇ ਬਾਪੂ, ਪਰੀਤੋ ਦਾ ਪੈਰ ਭਾਰਾ ਹੋ ਗਿਆ। ਮੈਂ ਪੋਤੇ ਜੰਮੇ ਤੋਂ 'ਖੰਡ ਪਾਠ ਕਰਾ ਕੇ ਲੋਹੜੀ ਵੰਡਣੀ ਐ।" ਬੂਟੇ ਦੀ ਮਾਂ ਨੇ ਗੋਹੇ ਦੀ ਅੱਗ 'ਤੇ ਗੁੱਗਲ ਧੂਪ ਪਾਉਂਦਿਆਂ ਕਿਹਾ।

"ਜਿਵੇਂ ਤੇਰੀ ਮਰਜ਼ੀ ਐ ਕਰ ਲਵੀਂ, ਮੈਂ ਤਾਂ ਪਹਿਲਾਂ ਹੀ ਮਿਸਤਰੀ ਨੂੰ ਕਹਿ ਕੇ ਬੰਮਲਿਆਂ ਵਿਚ ਕਿੱਲ ਲਵਾ ਲਏ ਸਨ ਕਿ ਕੱਲ੍ਹ ਨੂੰ ਪੋਤਾ ਹੋਏ ਤੋਂ ਨਿੰਮ ਕਿਵੇਂ ਬੰਨ੍ਹਾਂਗੇ।" ਬਾਪੂ ਨੇ ਆਪਣੀ ਅੰਦਰਲੀ ਖੁਸ਼ੀ ਸੁਣਾ ਦਿੱਤੀ।

ਪਰ ਦੋਹਾਂ ਦੀ ਆਸ 'ਤੇ ਪਾਣੀ ਫਿਰ ਗਿਆ ਜਦੋਂ ਪਰੀਤੋ ਨੇ ਧੀ ਨੂੰ ਜਨਮ ਦੇ ਦਿੱਤਾ; ਫਿਰ ਵੀ ਬੂਟੇ ਦੀ ਮਾਂ ਕਹਿੰਦੀ, "ਬੂਟੇ ਦੇ ਬਾਪੂ, ਕੋਈ ਨਾ; ਜੇ ਹਨੇਰੀ ਆਈ ਹੈ ਤਾਂ ਮਗਰੇ ਮੀਂਹ ਵੀ ਆ ਜਾਊ।" ਪਰ ਉਨ੍ਹਾਂ ਦੇ ਪੋਤੇ ਵਾਲੇ ਚਾਅ ਸੁੱਕੇ ਹੀ ਰਹੇ। ਥੋੜ੍ਹੇ-ਥੋੜ੍ਹੇ ਫਰਕ ਨਾਲ ਵਿਹੜੇ ਵਿਚ ਤਿੰਨ ਪੋਤੀਆਂ ਆ ਗਈਆਂ ਤੇ ਡਾਕਟਰਾਂ ਨੇ ਪੋਤੇ ਦੀ ਆਸ ਵੀ ਮੁਕਾ ਦਿੱਤੀ। ਫਿਰ ਉਹ ਧੀਆਂ ਨੂੰ ਪੁੱਤ ਸਮਝ ਕੇ ਦਿਨ ਕੱਢਣ ਲੱਗੇ। ਅਮਰੀਕਾ ਤੋਂ ਬਿੱਕਰ ਨੇ ਡਾਲਰਾਂ ਨਾਲ ਦਿਲਾਸੇ ਵੀ ਭੇਜੇ, ਪਰ ਇਹ ਸਭ ਕੁਝ ਪਲ ਭਰ ਲਈ ਹੁੰਦੇ। ਸਾਹਾਂ ਦੀ ਗਿਣਤੀ ਨਾਲ ਹੀ ਦਿਨ ਨਿਕਲਦੇ ਗਏ ਤੇ ਬਿੱਕਰ ਵੱਲੋਂ ਭਰੇ ਪੇਪਰ ਹੁਣ ਨਿਕਲ ਆਏ ਸਨ।

ਬੂਟੇ ਨੇ ਭੱਜ-ਨੱਠ ਕੇ ਸਾਰੇ ਪੇਪਰ ਤਿਆਰ ਕਰਵਾ ਲਏ। ਵੀਜ਼ਾ ਲੱਗ ਕੇ ਪਾਸਪੋਰਟ ਘਰ ਆ ਗਏ। ਪਰੀਤੋ ਨੇ ਵੀ ਲੋੜ ਮੁਤਾਬਕ ਖਰੀਦੋ-ਫਰਖੋਤ ਕਰ ਲਈ। ਗਿਣਤੀ ਦੇ ਦਿਨ ਝੱਟ ਆ ਗਏ। ਬੂਟੇ ਨੇ ਬਾਪੂ ਨੂੰ ਸਾਰਾ ਲੈਣਾ-ਦੇਣਾ ਸਮਝਾ ਦਿੱਤਾ। ਪੋਤੀਆਂ ਸਵੇਰ ਦੀਆਂ ਹੀ ਸੋਹਣੇ ਕੱਪੜੇ ਪਾਈ ਫਿਰਦੀਆਂ ਸਨ। ਵਿਹੜੇ ਵਿਚ ਉਡਦੀਆਂ ਤਿੱਤਲੀਆਂ ਨੇ ਬਿੰਦ-ਝੱਟ ਨੂੰ ਉਡ ਜਾਣਾ ਸੀ, ਦੂਰ ਸੱਤ ਸਮੁੰਦਰ ਪਾਰ। 'ਫਿਰ ਪਤਾ ਨਹੀਂ ਦੁਬਾਰਾ ਮੇਲ ਹੋਣਾ ਹੈ ਜਾਂ ਨਹੀਂ'-ਬਾਪੂ ਮੰਜੇ ਤੇ ਬੈਠਾ ਆਪਣੇ ਮਨ ਵਿਚ ਬੋਲ ਗਿਆ। ਤੁਰਨ ਦਾ ਸਮਾਂ ਆ ਗਿਆ। ਬੂਟੇ ਨੇ ਸਾਰੇ ਘਰ ਨੂੰ ਰੱਜ ਕੇ ਤੱਕਿਆ। ਮੱਝਾਂ ਦੇ ਪਿੰਡੇ 'ਤੇ ਹੱਥ ਫੇਰਿਆ। ਦੋਹਾਂ ਬਲਦਾਂ ਨੂੰ ਗਲ ਨਾਲ ਲਾਇਆ। ਹਰ ਚੀਜ਼ ਨਾਲ ਉਸ ਦਾ ਮੋਹ ਟੁੱਟਦਾ ਨਜ਼ਰੀਂ ਆਇਆ। ਉਸ ਨੂੰ ਲੱਗਿਆ ਕਿ ਅਮਰੀਕਾ ਜਾਣਾ ਉਸ ਦਾ ਸਭ ਤੋਂ ਬੇਵਕੂਫ ਸਮਝੌਤਾ ਹੈ। ਫਿਰ ਬੇਬੇ ਦੇ ਗਲ ਲੱਗ ਰੋ ਪਿਆ, "ਬੇਬੇ! ਮੈਂ ਨਹੀਂ ਜਾਣਾ ਤੁਹਾਨੂੰ ਛੱਡ ਕੇ। ਮੇਥੋਂ ਬਿਨਾਂ ਹੋਰ ਕੌਣ ਹੈ ਤੁਹਾਡਾ? ਮੇਰੇ ਕੋਲੋਂ ਪੈਰ ਨਹੀਂ ਪੁੱਟ ਹੋਣਾ।" ਬੂਟੇ ਦਾ ਰੋਣ ਉਚਾ ਹੁੰਦਾ ਗਿਆ।

"ਮੇਰਾ ਕਮਲਾ ਪੁੱਤ, ਦੇਖ ਕਿਵੇਂ ਕੁੜੀਆਂ ਵਾਂਗੂੰ ਰੋਂਦੈ। ਜੇ ਤੇਰਾ ਜੀਅ ਨਾ ਲੱਗਿਆ ਤਾਂ ਮੁੜ ਆਵੀਂ।" ਬੁੱਢੀਆਂ ਬਾਹਾਂ ਨੇ ਰੋਂਦੇ ਪੁੱਤ ਨੂੰ ਹਿੱਕ ਨਾਲ ਲਾਉਂਦਿਆਂ ਦਿਲਾਸਾ ਦਿੱਤਾ।

ਬੇਬੇ ਦੀ ਬੁੱਕਲ ਵਿਚੋਂ ਨਿਕਲ ਕੇ ਉਹ ਬਾਪੂ ਦੇ ਗਲ ਲੱਗ ਰੋ ਪਿਆ। ਬਾਪੂ ਨੇ ਦਿਲਾਸੇ ਦਾ ਹੱਥ ਮੋਢੇ 'ਤੇ ਰੱਖਦਿਆਂ ਵਿਛੋੜੇ ਦੀ ਚੀਸ ਅੰਦਰੇ ਹੀ ਦੱਬ ਲਈ। ਪਰੀਤੋ ਤੇ ਪੋਤੀਆਂ ਨੂੰ ਗਲ ਨਾਲ ਲਾ ਕੇ ਬੇਬੇ ਬਾਪੂ ਨੇ ਕੰਧਾਂ ਕੋਠੇ ਰੋਣ ਲਾ ਦਿੱਤੇ। ਪਰੀਤੋ ਨੂੰ ਜਿਥੇ ਭਰਾ-ਭਰਜਾਈ ਦੇ ਮਿਲਾਪ ਦੀ ਖੁਸ਼ੀ ਸੀ, ਉਥੇ ਮਾਪਿਆਂ ਵਰਗੇ ਸੱਸ-ਸਹੁਰੇ ਤੋਂ ਵਿਛੜਨ ਦਾ ਗਮ ਕਲੇਜਾ ਵੱਢ ਰਿਹਾ ਸੀ।

ਮੀਂਹ ਵਰਸਾਉਂਦੀਆਂ ਅੱਖਾਂ ਤੇ ਹਿਲਦੇ ਹੱਥਾਂ ਨੇ ਫਿਰਨੀ ਦਾ ਮੋੜ ਕੱਟ ਲਿਆ। ਉਚੀਆਂ ਇਮਾਰਤਾਂ ਤੇ ਚੌੜੀਆਂ ਸੜਕਾਂ ਨੇ ਬੂਟੇ ਦੇ ਚਾਅ ਹੋਰ ਗੂੜ੍ਹੇ ਕਰ ਦਿੱਤੇ। ਬਿੱਕਰ ਨੇ ਵੀ ਪਿਆਰ ਦੀ ਗਲਵੱਕੜੀ ਘੁੱਟ ਕੇ ਪਾਈ। ਇਕ ਮਹੀਨਾ ਤਾਂ ਪਿਆਰ ਦੀ ਗਲਵੱਕੜੀ ਢਿੱਲੀ ਨਾ ਹੋਣ ਦਿੱਤੀ, ਪਰ ਪਿੱਛੋਂ ਬਿੱਕਰ ਦੀ ਘਰਵਾਲੀ ਨੇ ਪਤਾ ਨਹੀਂ ਕੀ ਦੁੱਧ ਵਿਚ ਕੁਨੈਣ ਘੋਲ ਕੇ ਪਿਲਾ ਦਿੱਤੀ ਕਿ ਪਿਆਰ ਦੀਆਂ ਬਾਹਾਂ ਦਾ ਹਾਰ ਸ਼ਜ਼ਾਨਾਂ ਵਾਲੇ ਹਾਰ ਵਾਂਗ ਕੰਧ 'ਤੇ ਲਟਕਦਾ ਦਿਸਿਆ। ਬਿੱਕਰ ਨੇ ਵੀ ਮਜਬੂਰੀ ਭਰੀ ਅਰਜ਼ੀ ਬੂਟੇ ਨੂੰ ਸੁਣਾ ਦਿੱਤੀ। ਬੂਟੇ ਦਾ ਬੋਰੀਆ ਬਿਸਤਰਾ ਵੱਖ ਕਰ ਦਿੱਤਾ। ਬੂਟੇ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਜਦੋਂ ਬਿੱਕਰ ਨੇ ਕਹਿ ਦਿੱਤਾ, "ਆਪਣਾ ਕਰੋ ਤੇ ਖਾਵੋ।" ਬੇਗਾਨਾ ਦੇਸ਼। ਨਾ ਕੋਈ ਹੋਰ ਜਾਣ, ਨਾ ਪਛਾਣ। ਬੂਟੇ ਨੂੰ ਆਪਣੀ ਹਾਲਤ ਪਿੰਡ ਵਾਲੇ ਸੀਰੀ ਤੋਂ ਵੀ ਮਾੜੀ ਜਾਪੀ। ਬਿੱਕਰ ਘਰਵਾਲੀ ਤੋਂ ਚੋਰੀ ਬੂਟੇ ਦੀ ਮਦਦ ਕਰ ਜਾਂਦਾ। ਆਪਣਾ ਘਰ ਟੁੱਟਣ ਦਾ ਵਾਸਤਾ ਪਾਉਂਦਾ ਮੁਆਫ਼ੀ ਮੰਗ ਛੱਡਦਾ। ਬਿੱਕਰ ਨੇ ਹੀ ਬੂਟੇ ਨੂੰ ਟਰੱਕ ਦਾ ਲਾਇਸੈਂਸ ਦਿਵਾ ਦਿੱਤਾ। ਫਿਰ ਹੌਲੀ-ਹੌਲੀ ਗੱਡੀ ਲੀਹ 'ਤੇ ਆ ਗਈ। ਤਿੰਨੇ ਕੁੜੀਆਂ ਵੀ ਮੁਟਿਆਰ ਹੋ ਗਈਆਂ। ਬੂਟੇ ਦੇ ਸਿਰ ਜਿਵੇਂ ਅਸਮਾਨੀ ਬਿਜਲੀ ਡਿੱਗ ਪਈ ਹੋਵੇ ਜਦੋਂ ਪਿੰਡੋਂ ਕਿਸੇ ਮਿੱਤਰ ਨੇ ਦੱਸਿਆ ਕਿ ਬੂਟਿਆ, ਤੇਰੀ ਬੇਬੇ ਸੁਰਗਵਾਸ ਹੋ ਗਈ ਹੈ। ਬੂਟਾ ਰੋਂਦਾ ਕਰਲਾਉਂਦਾ ਪਿੰਡ ਪਹੁੰਚਿਆ। ਸਿਵਿਆਂ ਵਿਚ ਮਾਂ ਰਾਖ ਦੀ ਢੇਰੀ ਬਣੀ ਦੇਖੀ। ਰਾਖ ਦੀਆਂ ਮੁੱਠੀਆਂ ਭਰ ਭਰ ਮੱਥੇ ਨੂੰ ਲਾਉਂਦਾ, "ਮਾਂ ਮੈਂ ਮੁੜ ਆਇਆ ਹਾਂ। ਤੂੰ ਬੋਲ, ਬੋਲਦੀ ਕਿਉਂ ਨਹੀਂ? ਮੈਨੂੰ ਇਕੱਲਾ ਕਿਉਂ ਛੱਡ ਗਈ।" ਬੂਟੇ ਨੇ ਰੋਂਦਿਆਂ ਸਭ ਨੂੰ ਰੁਆ ਦਿੱਤਾ।

ਮਾਂ ਦੇ ਫੁੱਲ ਕੀਰਤਪੁਰ ਪਾ ਆਇਆ। ਮਾਂ ਨਾਲ ਜੁੜੀਆਂ ਯਾਦਾਂ ਲੱਭਦਾ ਫਿਰਦਾ। ਮਾਂ ਨੇ ਉਨ੍ਹਾਂ ਦੇ ਜਾਣ ਪਿੱਛੋਂ ਵੀ ਘਰ ਨੂੰ ਕਿੰਨਾ ਸੰਭਾਲ ਕੇ ਰੱਖਿਆ। ਘਰੋਂ ਸਕੂਟਰ ਕੱਢਦਾ ਤਾਂ ਭੁਲੇਖਾ ਪੈਂਦਾ, ਮਾਂ ਹੁਣੇ ਹੀ ਆਵੇਗੀ ਤੇ ਕਹੇਗੀ, "ਬੂਟਿਆ, ਰੁਕ ਮੈਂ ਗਲੀ ਵਿਚ ਦੇਖਦੀ ਹਾਂ, ਹਰਾ ਮੱਥੇ ਲੱਗਣ 'ਤੇ ਬਾਹਰ ਨਿਕਲੀਂ।" ਪਰ ਹੁਣ ਮਾਂ ਨੇ ਕਿਥੇ ਆਉਣਾ ਹੈ! ਬਾਪੂ ਕੋਲ ਬੈਠਦਾ, ਮਾਂ ਬਾਰੇ ਪੁੱਛਦਾ। ਬਾਪੂ ਦੀ ਸਿਹਤ ਬਾਰੇ ਪੁੱਛਦਾ। ਬਾਪੂ ਬੋਲਦਾ ਘੱਟ, ਬੱਸ, ਹੁੰਗਾਰਾ ਭਰੀ ਜਾਂਦਾ। ਜਦੋਂ ਬੂਟੇ ਦੇ ਜਾਣ ਦਾ ਸਮਾਂ ਨੇੜੇ ਆਇਆ ਤਾਂ ਬਾਪੂ ਕਹਿੰਦਾ, "ਬੂਟਿਆ, ਰੁਕ ਜਾਹ ਚਾਰ ਦਿਨ। ਮੇਰਾ ਵੀ ਸਹਿਜ ਪਾਠ ਕਰਵਾ ਜਾਈਂ, ਫਿਰ ਕਿਥੇ ਭਾੜਾ ਪੱਟ ਕੇ ਭੱਜਿਆ ਆਵੇਂਗਾ।"

"ਬਾਪੂ ਇਸ ਤਰ੍ਹਾਂ ਕਿਉਂ ਬੋਲਦਾ ਏਂ? ਤੈਨੂੰ ਕੁਝ ਨਹੀਂ ਹੁੰਦਾ।" ਬੂਟੇ ਨੇ ਬਾਪੂ ਨੂੰ ਬੁੱਕਲ ਵਿਚ ਲੈਂਦਿਆਂ ਕਿਹਾ।

"ਬੂਟਿਆ! ਬੇਬੇ ਤੇਰੀ ਤੇਰਾ ਰਾਹ ਤੱਕਦੀ ਤੁਰ ਗਈ। ਮੈਂ ਤੈਨੂੰ ਤੋਰ ਕੇ ਜਿਉਂਦਾ ਨਹੀਂ ਰਹਿ ਸਕਦਾ। ਤੂੰ ਮੈਨੂੰ ਕੀਰਤਪੁਰ ਆਪਣੀ ਮਾਂ ਕੋਲ ਛੱਡ ਕੇ ਹੀ ਜਾਈਂ।" ਬਾਪੂ ਦਾ ਗੱਚ ਭਰ ਆਇਆ।

ਬਾਪੂ ਨੇ ਮਾਮਲੇ ਦਾ ਸਾਰਾ ਹਿਸਾਬ-ਕਿਤਾਬ ਬੂਟੇ ਨੂੰ ਦੇ ਦਿੱਤਾ। ਕਿਸੇ ਦਾ ਇਕ ਰੁਪਏ ਨਹੀਂ ਸੀ ਦੇਣ ਵਾਲਾ। ਬਾਪੂ ਨੇ ਬੂਟੇ ਨੂੰ ਹਿਸਾਬ-ਕਿਤਾਬ ਦੇ ਕੇ ਆਪਣੇ ਸਾਹਾਂ ਦਾ ਹਿਸਾਬ ਵੀ ਮੁਕਾ ਲਿਆ। ਦਿਲ ਦਾ ਦੌਰਾ ਪੈਣ ਕਾਰਨ ਬਾਪੂ ਵੀ ਜਹਾਨੋਂ ਕੂਚ ਕਰ ਗਿਆ। ਬਾਪੂ ਦੀ ਆਖੀ ਹੋਈ ਇਕ-ਇਕ ਗੱਲ ਯਾਦ ਆ ਗਈ। ਬਾਪੂ ਦਾ ਕਿਰਿਆ-ਕਰਮ ਕਰ ਕੇ ਭਰੇ ਘਰ ਨੂੰ ਜਿੰਦਾ ਲਾ ਕੇ ਬੂਟਾ ਵਾਪਸ ਆ ਗਿਆ।

ਮਾਂ-ਬਾਪ ਦੇ ਵਿਛੋੜੇ ਦਾ ਦਰਦ ਦਿਲ 'ਤੇ ਰੱਖ ਕੇ ਬੂਟਾ ਕੰਮ ਤਾਂ ਕਰੀ ਜਾਂਦਾ ਪਰ ਸਰੀਰ ਚੌਵੀ ਘੰਟੇ ਚਿੰਤਾ ਦੀ ਚਿਤਾ ਉਤੇ ਮੱਚਦਾ ਰਹਿੰਦਾ। ਸੋਗਮਈ ਦਿਨ ਪਹਾੜਾਂ ਵਾਂਗ ਮੁੱਕਦਾ ਤਾਂ ਰਾਤ ਡੂੰਘੀ ਖੱਡ ਬਣ ਜਾਂਦੀ। ਦੁੱਖਾਂ ਦੇ ਗੇੜ ਨਾਲ ਸਮਾਂ ਲੰਘਿਆ ਤਾਂ ਵੱਡੀ ਧੀ ਦਾ ਵਿਆਹ ਕਰਨ ਬਾਰੇ ਸੋਚਣ ਲੱਗਾ। ਬਿੱਕਰ ਦੀ ਘਰਵਾਲੀ ਨੇ ਚਾਰ ਦਿਨ ਮਿੱਠੀਆਂ ਗੱਲਾਂ ਮਾਰ ਕੇ ਪਰੀਤੋ ਨੂੰ ਮਨਾ ਲਿਆ ਕਿ ਵੱਡੀ ਧੀ ਦਾ ਰਿਸ਼ਤਾ ਉਹਦੀ ਰਿਸ਼ਤੇਦਾਰੀ ਵਿਚੋਂ ਅਮਰੀਕਾ ਵਿਚ ਕੱਚੇ ਤੌਰ 'ਤੇ ਰਹਿ ਰਹੇ ਮੁੰਡੇ ਨਾਲ ਕਰ ਦੇਵੇ। ਬੂਟਾ ਤਾਂ ਇਸ ਰਿਸ਼ਤੇ ਬਾਰੇ ਮੰਨਦਾ ਨਹੀਂ ਸੀ, ਪਰ ਸਾਰਿਆਂ ਦੇ ਦਬਾਅ ਹੇਠ ਝੁਕ ਗਿਆ। ਵੱਡੀ ਧੀ ਆਪਣੇ ਘਰ ਗਈ। ਬੂਟੇ ਤੋਂ ਜਿੰਨਾ ਹੋ ਸਕਿਆ, ਉਸ ਨੇ ਧੀ-ਜਵਾਈ ਦਾ ਕੀਤਾ। ਧੀ ਸਿਟੀਜ਼ਨ ਹੋਣ ਕਰ ਕੇ ਜਵਾਈ ਨੂੰ ਵੀ ਗਰੀਨ ਕਾਰਡ ਮਿਲ ਗਿਆ। ਉਹ ਵੀ ਪਿੰਡ ਆਪਣੇ ਮਾਪਿਆਂ ਨੂੰ ਮਿਲ ਆਇਆ। ਬੂਟੇ ਦੀ ਦੂਜੀ ਧੀ ਦਾ ਰਿਸ਼ਤਾ ਪਹਿਲੇ ਜਵਾਈ ਨੇ ਆਪਣੇ ਮਾਮੇ ਦੇ ਨਸ਼ੇੜੀ ਪੁੱਤ ਨੂੰ ਕਰਵਾ ਦਿੱਤਾ। ਬੂਟੇ ਨੇ ਬਥੇਰਾ ਕਿਹਾ ਕਿ ਮੁੰਡਾ ਨਸ਼ੇੜੀ ਲੱਗਦਾ ਹੈ; ਅਗਿਉਂ ਜਵਾਈ ਕਹਿੰਦਾ, "ਡੈਡੀ ਜੀ, ਹੁਣ ਪੰਜਾਬ ਵਿਚੋਂ ਦੁੱਧ ਧੋਤਾ ਤਾਂ ਮਿਲਣੋਂ ਰਿਹਾ, ਜੇ ਮਾੜਾ-ਮੋਟਾ ਕਰਦਾ ਹੋਊ, ਆਪੇ ਇਥੇ ਜਾ ਕੇ ਹਟ ਜਾਊ।"

ਝੱਟ ਮੰਗਣਾ ਪੱਟ ਵਿਆਹ ਹੋ ਗਿਆ। ਦੂਜਾ ਜਵਾਈ ਵੀ ਆ ਗਿਆ। ਮਾਮੇ-ਭੂਆ ਦੇ ਪੁੱਤ ਸਾਢੂ ਬਣ ਗਏ। ਫਿਰ ਦੋਹਾਂ ਨੇ ਬੂਟੇ ਨੂੰ ਪਿੰਡ ਵਾਲੀ ਜ਼ਮੀਨ ਵੇਚਣ ਵਾਸਤੇ ਮਨਾ ਲਿਆ।

"ਦੇਖੋ ਡੈਡੀ ਜੀ, ਰੱਬ ਨਾ ਕਰੇ ਤੁਹਾਨੂੰ ਕੱਲ੍ਹ ਨੂੰ ਕੁਝ ਹੋ ਜਾਵੇ; ਫਿਰ ਵੀ ਇਹ ਜ਼ਮੀਨ ਸਾਨੂੰ ਹੀ ਮਿਲਣੀ ਹੈ। ਫਿਰ ਕਿਉਂ ਨਾ ਆਪਾਂ ਹੁਣ ਜ਼ਮੀਨ ਵੇਚ ਕੇ ਘਰ ਲੈ ਲਈਏ ਤੇ ਨਾਲੇ ਕੋਈ ਬਿਜਨੈਸ ਦੇਖ ਲਈਏ।" ਵੱਡੇ ਜਵਾਈ ਨੇ ਕਿਹਾ।

"ਪੁੱਤ, ਅਜੇ ਮੈਂ ਤੀਜੀ ਧੀ ਦਾ ਵਿਆਹ ਕਰਨੈਂ। ਜ਼ਮੀਨ ਨਾਲ ਜੱਟ ਤੁਰਿਆ ਫਿਰਦਾ ਹੈ। ਇਹ ਜ਼ਮੀਨ ਮੇਰੇ ਪਿਉ-ਦਾਦੇ ਦੀ ਨਿਸ਼ਾਨੀ ਹੈ ਮੇਰੇ ਕੋਲ। ਮੇਰੇ ਮਰੇ ਤੋਂ ਭਾਵ ਦੂਜੇ ਦਿਨ ਵੇਚ ਦਿਉ। ਵਸੀਅਤ ਬੇਸ਼ੱਕ ਹੁਣੇ ਕਰਵਾ ਲਵੋ, ਪਰ ਜ਼ਮੀਨ ਵੇਚਣ ਦਾ ਨਾਂ ਨਾ ਲਵੋ।" ਕਹਿੰਦਾ ਹੋਇਆ ਬੂਟਾ ਰੋ ਪਿਆ। ਦੋਹਾਂ ਧੀਆਂ ਦੀਆਂ ਵੋਟਾਂ ਜਵਾਈਆਂ ਵੱਲ ਭੁਗਤ ਗਈਆਂ ਤੇ ਪਿੰਡ ਲਿਜਾ ਕੇ ਬੂਟੇ ਤੋਂ ਕਾਗਜ਼ਾਂ 'ਤੇ ਘੁੱਗੀ ਮਰਵਾ ਲਈ। ਰੁਪਏ ਨੂੰ ਡਾਲਰਾਂ ਵਿਚ ਬਦਲ ਲਿਆ। ਤਿੰਨ ਵੰਡੀਆਂ ਪਾਉਣ ਦੀ ਥਾਂ ਦੋਹਾਂ ਜਵਾਈਆਂ ਨੇ ਡਾਲਰ ਵੰਡ ਲਏ। ਆਪੋ-ਆਪਣੇ ਘਰ ਲੈ ਲਏ, ਲਿੱਕਰ ਸਟੋਰ ਸਾਂਝਾ ਲੈ ਲਿਆ। ਬੂਟਾ ਵਿਚਾਰਾ ਪਰੀਤੋ ਤੇ ਛੋਟੀ ਧੀ ਨਾਲ ਅਪਾਰਟਮੈਂਟ ਵਿਚ ਹੀ ਰਹਿ ਰਿਹਾ ਸੀ।

ਜ਼ਮੀਨ ਵੇਚੀ ਦਾ ਗਮ ਬੂਟੇ ਨੂੰ ਮਰਨ ਬਰਾਬਰ ਕਰ ਗਿਆ। ਸੋਚਦਾ, ਤੀਜੀ ਧੀ ਦੇ ਹੱਥ ਪੀਲੇ ਕਰ ਦੇਵਾਂ। ਫਿਰ ਪਿੰਡ ਜਾ ਕੇ ਆਪਣੇ ਘਰ ਦੀ ਆਖਰੀ ਨਿਸ਼ਾਨੀ ਸਾਂਭ ਲਵਾਂ। ਦੋਹਾਂ ਧੀਆਂ ਤੇ ਜਵਾਈਆਂ ਨੇ ਵੀ ਬੂਟੇ ਨੂੰ ਚੱਲਿਆ ਹੋਇਆ ਕਾਰਤੂਸ ਹੀ ਸਮਝਿਆ। ਤੀਜੀ ਧੀ ਕਹਿੰਦੀ, "ਮੈਂ ਅਜੇ ਵਿਆਹ ਨਹੀਂ ਕਰਵਾਉਣਾ।" ਬੂਟਾ ਪਿੰਡ ਜਾ ਕੇ ਘਰ ਦੀਆਂ ਕੰਧਾਂ ਨਾਲ ਗੱਲਾਂ ਕਰ ਲੈਂਦਾ, ਮਾਂ ਦੀਆਂ ਯਾਦਾਂ ਨੂੰ ਗਲਵਫੜੀ ਵਿਚ ਲੈਂਦਾ ਹੋਇਆ ਬਾਪੂ ਦੇ ਹੁੰਗਾਰਿਆਂ ਦੀ ਉਡੀਕ ਕਰਦਾ ਰਹਿੰਦਾ। ਬੂਟੇ ਨੂੰ ਘਰੋਂ ਪੁੱਟੇ ਪੈਰ ਦੀ ਗਲਤੀ ਮੁੜ-ਮੁੜ ਮੁੱਠੀਆਂ ਮੀਚਣ ਲਾ ਦਿੰਦੀ। ਬੂਟੇ ਨੂੰ ਧੀਆਂ ਜੰਮਣ ਦਾ ਐਨਾ ਦੁੱਖ ਨਹੀਂ ਸੀ ਹੋਇਆ ਜਿੰਨਾ ਹੁਣ ਧੀਆਂ ਵਿਆਹ ਕੇ ਦੁੱਖ ਮਿਲਿਆ। ਬੂਟਾ ਸੋਚਦਾ, ਜੇ ਰੱਬ ਨੇ ਇਕ ਪੁੱਤ ਦਿੱਤਾ ਹੁੰਦਾ ਤਾਂ ਬੇਗਾਨੇ ਪੁੱਤ ਮੇਰੀ ਜ਼ਮੀਨ ਵੱਲ ਕਿਵੇਂ ਦੇਖ ਜਾਂਦੇ?

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

# ਅਤਿ ਤੇ ਖੁਦਾ ਦਾ ਵੈਰ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

ਕਹਾਵਤ ਹੈ ਕਿ 'ਅਤਿ ਤੇ ਖੁਦਾ ਦਾ ਵੈਰ ਹੁੰਦਾ।' ਅਤਿ ਜਾਂ ਆਖਰ ਚੁੱਕਣ ਵਾਲੇ ਨੂੰ ਪਤਾ ਨਹੀਂ ਹੁੰਦਾ ਕਿ ਅਤਿ ਕਿੰਨੀ ਭਿਆਨਕ ਹੁੰਦੀ ਹੈ। ਦੂਜੇ ਬੰਨੇ ਅਤਿ ਦਰਜੇ ਦੀ ਭਲਮਾਣਸੀ ਵੀ ਚੰਗੀ ਨਹੀਂ ਹੁੰਦੀ। ਮਿਸਾਲ ਸਭ ਦੇ ਸਾਹਮਣੇ ਹੈ-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ। ਉਨ੍ਹਾਂ ਦੀ ਭਲਮਾਣਸੀ ਦਾ ਫਾਇਦਾ ਗਲਤ ਕਿਸਮ ਦੇ ਲੋਕ ਉਠਾ ਰਹੇ ਹਨ। ਇਸ ਭਲਮਾਣਸੀ ਨੇ ਤਾਂ ਪ੍ਰਧਾਨ ਮੰਤਰੀ ਨੂੰ ਬੋਲਣ ਜੋਗਾ ਵੀ ਨਹੀਂ ਛੱਡਿਆ। ਡਰ ਹੈ ਕਿ ਇਸੇ ਵਜ੍ਹਾ ਕਰ ਕੇ ਉਨ੍ਹਾਂ ਨੂੰ ਇਕ ਦਿਨ ਬੇਇਜ਼ਤ ਹੋ ਕੇ ਅਹੁਦਾ ਛੱਡਣਾ ਪਵੇਗਾ।

ਅਤਿ ਦੀ ਗੁੰਡਾਗਰਦੀ ਦਾ ਕੀ ਹਸ਼ਰ ਹੋਵੇਗਾ? ਇਸ ਬਾਰੇ ਵੀ ਇਤਿਹਾਸ ਕੂਕ-ਕੂਕ ਕੇ ਬਿਆਨ ਕਰ ਰਿਹਾ ਹੈ। ਬੰਦਾ ਭਾਵੇਂ ਕਿੱਡੀ ਹਸਤੀ ਜਾਂ ਰੁਤਬੇ ਦਾ ਮਾਲਕ ਹੋਵੇ ਪਰ 'ਅਤਿ ਤੇ ਖੁਦਾ ਦਾ ਵੈਰ' ਵਾਲਾ ਸਿਧਾਂਤ ਸਭ ਲਈ ਬਰਾਬਰ ਵਰਤਦਾ ਹੈ। ਸ੍ਰੀਮਤੀ ਇੰਦਰਾ ਗਾਂਧੀ, ਉਨ੍ਹਾਂ ਦੇ ਦੋਹਾਂ ਪੁੱਤਰਾਂ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਬੱਸਾਂ ਤੇ ਘਰਾਂ ਵਿਚੋਂ ਕੱਢ ਕੱਢ ਕੇ ਬੇਦੋਸ਼ੇ ਤੇ ਬੇਹਥਿਆਰੇ ਗਰੀਬਾਂ, ਬਜ਼ੁਰਗਾਂ, ਬੀਬੀਆਂ ਅਤੇ ਬੱਚਿਆਂ ਨੂੰ ਮਾਰਨ ਵਾਲਿਆਂ ਦਾ ਹਸ਼ਰ ਸਭ ਨੇ ਅੱਖੀਂ ਵੇਖਿਆ ਹੈ। ਜੋ ਲੋਕ ਇਤਿਹਾਸ ਤੋਂ ਸਬਕ ਨਹੀਂ ਸਿੱਖਦੇ, ਉਹ ਇਤਿਹਾਸ ਦੁਹਰਾਉਂਦੇ ਰਹਿੰਦੇ ਹਨ। ਪੰਜਾਬ ਦੇ ਸ਼ਕਤੀਸ਼ਾਲੀ, ਪੜ੍ਹੇ-ਲਿਖੇ ਅਤੇ ਜਥੇ-ਜਲਾਲ ਵਾਲੇ ਮਰਹੂਮ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦਾ ਭਿਆਨਕ ਅਤੇ ਬੇਵਕਤ ਇੰਤਕਾਲ ਵੀ ਇਸੇ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ।

ਹੁਣ ਪੰਜਾਬ ਦਾ ਸਮੁੱਚਾ ਪ੍ਰਬੰਧ ਸਿਰਫ ਦੋ ਨੌਜਵਾਨ ਜੋ ਆਪਸ ਵਿਚ ਨੇੜਲੇ ਰਿਸ਼ਤੇਦਾਰ ਵੀ ਹਨ, ਚਲਾ ਰਹੇ ਸਨ। ਇਕ ਜਵਾਨੀ, ਦੂਜੇ ਅਥਾਹ ਧਨ-ਦੌਲਤ ਅਤੇ ਤੀਜੇ ਬੇਪਨਾਹ ਸਿਆਸੀ ਤਾਕਤ ਦਾ ਗਰੂਰ। ਇਹ ਜੋ ਮੂੰਹ ਆਵੇ, ਬੋਲੀ ਜਾਂਦੇ ਹਨ ਅਤੇ ਗੰਭੀਰ ਤੋਂ ਗੰਭੀਰ ਮਸਲੇ ਜਾਂ ਸਵਾਲ ਨੂੰ ਵੀ ਹਾਸੇ-ਮਜ਼ਾਕ ਦੇ ਠੁੱਡੇ ਮਾਰੀ ਜਾਂਦੇ ਹਨ। ਇਸ ਵਕਤ ਇਨ੍ਹਾਂ ਉਪਰ ਗੁਰੂ ਦੀ ਐਸੀ ਅਪਾਰ ਕਿਰਪਾ ਹੈ ਕਿ ਪੰਜਾਬ ਵਿਚ ਸਮੁੱਚਾ ਲੋਕ ਰਾਜ ਇਨ੍ਹਾਂ ਦਾ ਪਾਣੀ ਭਰਦਾ ਹੈ। ਲੋਕ ਭਲਾਈ ਵਾਲੇ, ਪੰਜਾਬ ਦੀਆਂ ਧੀਆਂ ਦੇ ਵੱਡੇ ਹਮਦਰਦ ਸ. ਬਲਵੰਤ ਸਿੰਘ ਰਾਮੂਵਾਲੀਆ ਜਿਹੜੇ ਕਦੀ ਬਾਦਲ ਦੀ ਰਾਜਨੀਤੀ ਤੇ ਰਾਜ ਪ੍ਰਬੰਧ ਨੂੰ ਭੰਡਣ ਤੇ ਨਿੰਦਣ ਵਾਸਤੇ ਧੂੰਆਂ-ਧਾਰ ਭਾਸ਼ਣ ਕਰਦੇ ਹੁੰਦੇ ਸਨ, ਅੱਜ ਆਪਣਾ ਇਖਲਾਕ ਤੇ ਅਣਖ ਛਿੱਕੇ ਟੰਗ ਕੇ ਇਨ੍ਹਾਂ 'ਯੋਧਿਆਂ' ਅੱਗੇ ਆਤਮ-ਸਮਰਪਣ ਕਰ ਚੁੱਕੇ ਹਨ। ਵਿਦੇਸ਼ੀਂ ਵੱਸਦੇ ਵੱਡੇ-ਵੱਡੇ ਧਨਾਢ ਸਿੱਖ ਸਰਦਾਰ ਚੌਧਰਾਂ, ਅਹੁਦੇਦਾਰੀਆਂ ਅਤੇ ਨਿੱਜੀ ਫਾਇਦੇ ਲੈਣ ਵਾਸਤੇ ਅਤੇ ਪੰਜਾਬ ਦੇ ਇਨ੍ਹਾਂ ਸ਼ਕਤੀਸ਼ਾਲੀ ਹੰਕਾਰੇ ਅਤੇ ਬੇਅਸੂਲੇ ਸਿਆਸੀ ਆਗੂਆਂ ਤੱਕ ਪਹੁੰਚ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਅੱਜ ਜਿਹੜੇ ਗੁਰੂ ਨਾਨਕ ਦੀ ਸਿੱਖੀ ਦੇ ਠੇਕੇਦਾਰ ਬਣੇ ਬੈਠੇ ਹਨ, ਉਨ੍ਹਾਂ ਨੂੰ ਘੱਟੋ-ਘੱਟ ਨਿਸ਼ਾਨ ਸਿੰਘ ਅਤੇ ਰਣਜੀਤ ਸਿੰਘ ਰਾਣੇ ਵਰਗੇ 'ਸੂਰਮਿਆਂ' ਨੂੰ ਤਾਂ ਸਿੱਖੀ ਵਿਚੋਂ ਬਰਖਾਸਤ ਕਰ ਦੇਣਾ ਚਾਹੀਦਾ ਹੈ ਤਾਂ ਕਿ ਦੁਨੀਆਂ ਵਿਚ ਸਿੱਖੀ ਬਾਰੇ ਇਹ ਪ੍ਰਭਾਵ ਬਣੇ ਕਿ ਗੁੰਡੇ ਅਤੇ ਬਦਮਾਸ਼ਾਂ ਲਈ ਸਿੱਖੀ ਵਿਚ ਕੋਈ ਥਾਂ ਨਹੀਂ।

ਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਵਰਗੇ ਵੱਡੇ ਵੱਕਾਰੀ ਅਹੁਦਿਆਂ 'ਤੇ ਬੈਠੇ ਬਜ਼ੁਰਗ, ਦਰਵੇਸ਼ ਅਤੇ ਦਾਨਿਸ਼ਮੰਦ ਸਿੱਖ ਸਰਦਾਰ ਆਪਣੀ ਨੈਤਿਕਤਾ ਅਤੇ ਜ਼ਿੰਮੇਵਾਰੀ ਨੂੰ ਢੱਠੇ ਖੂਹ 'ਚ ਸੁੱਟ ਕੇ ਹੋਰ ਪਾਸੇ ਤੁਰ ਪੈਣ ਤਾਂ ਫਿਰ ਕੀ ਹੋਵੇਗਾ ਭਲਾ? ਗੁਰੂ ਨਾਨਕ ਪਾਤਸ਼ਾਹ ਨੇ ਤਾਂ ਹੀ ਫਰਮਾਇਆ ਹੋਵੇਗਾ, ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥

ਸਭ ਨੂੰ ਯਾਦ ਹੋਵੇਗਾ ਕਿ ਕੁਝ ਸਾਲ ਪਹਿਲਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਕ ਮੰਨੇ-ਪ੍ਰਮੰਨੇ ਬਾਬੇ ਨੂੰ ਬਲਾਤਕਾਰ ਦੇ ਕੇਸ ਵਿਚੋਂ ਬਰੀ ਕਰ ਦਿੱਤਾ ਸੀ ਜਿਸ ਨੂੰ ਬਾਅਦ ਵਿਚ ਅਦਾਲਤ ਨੇ ਦੋਸ਼ੀ ਸਿੱਧ ਹੋ ਜਾਣ ਕਰ ਕੇ ਸਜ਼ਾ ਸੁਣਾ ਦਿੱਤੀ ਸੀ। ਹੁਣ ਜਦੋਂ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ 'ਤੇ ਬੈਠੇ ਮਹਾਂਪੁਰਸ਼ ਘੜੀ-ਮੁੜੀ ਹੋ ਰਹੇ ਵਿਸ਼ਵ ਕਬੱਡੀ ਕੱਪ ਮੌਕੇ ਬੀਬੀਆਂ ਸਮੇਤ ਆਪਣੇ ਪਰਿਵਾਰ ਨਾਲ ਮਹਿੰਗੀਆਂ ਅੱਧ-ਨੰਗੀਆਂ ਫਿਲਮੀ ਨਾਚੀਆਂ ਅਤੇ ਨਾਚਿਆਂ ਨਾਲ ਆਪਣਾ ਸ਼ਾਹੀ ਠਾਠ-ਬਾਠ ਵਾਲਾ ਮਨੋਰੰਜਨ ਕਰਨ ਤਾਂ ਕੀ ਮਹਿਸੂਸ ਨਹੀਂ ਹੁੰਦਾ ਕਿ ਇਸ ਤਰ੍ਹਾਂ ਦਾ ਸਭਿਆਚਾਰ ਗੁੰਡਾਗਰਦੀ ਨੂੰ ਹੋਰ ਹੱਲਾਸ਼ੇਰੀ ਦੇਵੇਗਾ? ਕੀ ਕਰਜ਼ਈ ਪੰਜਾਬ ਨੂੰ ਅਤੇ ਖਾਸ ਕਰ ਕੇ ਸੇਵਾਦਾਰ ਪੰਥਕ ਪਾਰਟੀ ਨੂੰ ਅਜਿਹੇ ਮਹਿੰਗੇ, ਲੱਚਰ ਅਤੇ ਬੇਹਯਾਈ ਵਾਲੇ ਸ਼ਾਹੀ ਮਨੋਰੰਜਨ ਜਚਦੇ ਹਨ?

ਕਾਂਗਰਸ ਪਾਰਟੀ ਵੀ ਆਪਣੀ ਹਕੂਮਤ ਦੌਰਾਨ ਰੱਜ ਕੇ ਬੁਰਛਾਗਰਦੀ ਕਰਦੀ ਰਹੀ ਹੈ ਪਰ ਅਕਾਲੀ ਦਲ ਤਾਂ ਪੰਜਾਬ ਵਿਚੋਂ ਸਭ ਤਰ੍ਹਾਂ ਦੀ ਗੰਦਗੀ ਅਤੇ ਬੁਰਾਈ ਖਤਮ ਕਰਨ ਲਈ 'ਰਾਜ ਨਹੀਂ, ਸੇਵਾ' ਦੇ ਨਾਅਰੇ ਨਾਲ ਹਕੂਮਤ ਕਰਨ ਦਾ ਵਾਅਦਾ ਕਰਦਾ ਹੈ। ਹੁਣ ਪਤਾ ਲੱਗ ਰਿਹਾ ਹੈ ਕਿ ਅਕਾਲੀ ਦਲ ਵਾਲੇ ਗੁੰਡਾਗਰਦੀ ਅਤੇ ਬੁਰਛਾਗਰਦੀ ਵਾਲੇ ਮਾਮਲੇ ਵਿਚ ਪਿਛਲੇ ਸਾਰੇ ਰਿਕਾਰਡ ਤੋੜ ਕੇ ਨਵੇਂ ਰਿਕਾਰਡ ਕਾਇਮ ਕਰਨ ਦੀ ਕੋਸ਼ਿਸ਼ ਵਿਚ ਹਨ। ਉਂਜ, ਇਕ ਗੱਲ ਪੱਕੀ ਹੈ ਕਿ ਗੁੰਡਿਆਂ ਬਦਮਾਸ਼ਾਂ ਦਾ ਆਪਣਾ ਤਾਂ ਭਿਆਨਕ ਅੰਤ ਹੁੰਦਾ ਹੀ ਹੈ, ਉਹ ਆਪਣੇ ਪਾਲਕਾਂ ਅਤੇ ਮਾਲਕਾਂ ਨੂੰ ਵੀ ਭਸਮ ਕਰ ਜਾਂਦੇ ਹਨ। ਇਸ ਦਾ ਸਬੂਤ ਪੁਰਾਣੇ ਤੋਂ ਪੁਰਾਣੇ ਅਤੇ ਨਵੇਂ ਤੋਂ ਨਵੇਂ ਇਤਿਹਾਸ ਦੇ ਕਿਸੇ ਵੀ ਪੰਨੇ ਤੋਂ ਮਿਲ ਜਾਵੇਗਾ। ਅਤਿ ਥੋੜ੍ਹੇ ਦਿਨਾਂ ਦੀ ਹੀ ਹੁੰਦੀ ਹੈ।

ਕਬੀਰ ਸਾਹਿਬ ਆਖਦੇ ਹਨ:
ਏ ਭੂਪਤਿ ਸਭਿ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ॥

# ਸਨੀ ਦਿਓਲ ਦਾ ਦਹਿਲਾ



ਫਿਲਮ 'ਮੁਹੱਲਾ ਅੱਸੀ' ਵਿਚ ਸਨੀ ਦਿਓਲ ਅਤੇ (ਸੱਜੇ, ਉਪਰ) ਫਿਲਮ ਦੀ ਹੀਰੋਇਨ ਸਾਕਸ਼ੀ ਤਨਵਰ। ਵਿਚਕਾਰ ਫਿਲਮ 'ਸਿੰਘ ਸਾਹਿਬ' ਵਿਚ ਇਸ ਤਰ੍ਹਾਂ ਦਾ ਨਜ਼ਰ ਆਵੇਗਾ ਸਨੀ। (ਹੇਠਾਂ) ਫਿਲਮ 'ਆਈ ਲਵ ਨਿਊ ਯੀਅਰ' ਵਿਚ ਦੀ ਹੀਰੋਇਨ ਤਨਿਸ਼ਠਾ ਚੈਟਰਜੀ।







ਸਨੀ ਦਿਓਲ ਫਿਲਮ 'ਸਿੰਘ ਸਾਹਿਬ-ਦਿ ਗ੍ਰੇਟ' ਨਾਲ ਫਿਰ ਚਰਚਾ ਵਿਚ ਹੈ। 'ਯਮਲਾ ਪਗਲਾ ਦੀਵਾਨਾ' ਤੋਂ ਬਾਅਦ ਉਸ ਦੀ ਕੋਈ ਫਿਲਮ ਨਹੀਂ ਆਈ ਹੈ। ਹੁਣ ਉਹ ਇਸ ਫਿਲਮ ਰਾਹੀਂ ਆਪਣਾ ਰਾਹ ਬਣਾ ਰਿਹਾ ਹੈ ਅਤੇ ਨਹਿਲੇ 'ਤੇ ਦਹਿਲਾ ਮਾਰਨ ਦੀ ਤਿਆਰੀ ਕੱਸ ਰਿਹਾ ਹੈ। ਇਸ ਫਿਲਮ ਦਾ ਡਾਇਰੈਕਟਰ ਅਨਿਲ ਸ਼ਰਮਾ ਹੈ। ਇਸ ਤੋਂ ਪਹਿਲਾਂ ਇਹ ਦੋਵੇਂ (ਸਨੀ ਅਤੇ ਅਨਿਲ) ਰਲ ਕੇ 'ਗਦਰ-ਏਕ ਪ੍ਰੇਮ ਕਥਾ' ਨਾਂ ਦੀ ਸਫਲ ਫਿਲਮ ਬਣਾ ਚੁੱਕੇ ਹਨ। ਫਿਲਮ ਦੀ ਹੀਰੋਇਨ ਅਮੀਸ਼ਾ ਪਟੇਲ ਵੱਲੋਂ ਇਹ ਫਿਲਮ ਅਚਾਨਕ ਛੱਡਣ ਤੋਂ ਬਾਅਦ ਹੁਣ ਨਵੀਂ ਹੀਰੋਇਨ ਦੀ ਤਲਾਸ਼ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਅਮੀਸ਼ਾ ਵੱਲੋਂ ਫਿਲਮ ਤੋਂ ਕਿਨਾਰਾ ਕਰਨ ਦੇ ਬਾਵਜੂਦ ਫਿਲਮ ਦੀ ਸ਼ੂਟਿੰਗ ਭੁਪਾਲ ਵਿਚ ਚੱਲ ਰਹੀ ਹੈ। ਸਨੀ ਦਿਓਲ ਖੁਦ ਇਸ ਫਿਲਮ ਵਿਚ ਵੱਧ ਦਿਲਚਸਪੀ ਲੈ ਰਿਹਾ ਹੈ। ਫਿਲਮ ਦੀ ਕਹਾਣੀ ਬਾਰੇ ਅਜੇ ਬਹੁਤਾ ਦੱਸਿਆ ਨਹੀਂ ਗਿਆ ਹੈ। ਇਸ ਫਿਲਮ ਵਿਚ ਸਨੀ ਕੁਲੈਕਟਰ ਦਾ ਕਿਰਦਾਰ ਨਿਭਾਅ ਰਿਹਾ ਹੈ ਅਤੇ ਫਿਲਮ ਭ੍ਰਿਸ਼ਟ ਨਿਜ਼ਾਮ ਉਤੇ ਤਿੱਖੀ ਚੋਟ ਹੈ। ਫਿਲਮ ਦੇ ਨਾਂ ਬਾਰੇ ਪੁੱਛਣ 'ਤੇ ਅਨਿਲ ਸ਼ਰਮਾ ਇੰਨਾ ਹੀ ਕਹਿੰਦਾ ਹੈ ਕਿ ਫਿਲਮ ਦੇ ਹੀਰੋ ਦੇ ਕਿਰਦਾਰ ਮੁਤਾਬਕ ਹੀ ਫਿਲਮ ਦਾ ਨਾਂ ਰੱਖਿਆ ਗਿਆ ਹੈ। ਚੇਤੇ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਵੱਖ ਵੱਖ ਅਦਾਕਾਰਾਂ ਦੇ ਪਿਛੋਕੜ ਨੂੰ ਆਧਾਰ ਬਣਾ ਕੇ ਫਿਲਮਾਂ ਬਣਾਉਣ ਦੀ ਰੀਤ ਚੱਲ ਪਈ ਹੈ। ਅਜਿਹੀਆਂ ਫਿਲਮਾਂ ਵਿਚ ਸਬੰਧਤ ਅਦਾਕਾਰ ਦੇ ਸੂਬੇ ਦੇ ਸਭਿਆਚਾਰ ਨੂੰ ਵੱਧ ਤੋਂ ਵੱਧ ਦਿਖਾਉਣ ਦਾ ਯਤਨ ਕੀਤਾ ਜਾਂਦਾ ਹੈ। ਇਸ ਨਾਲ ਸਬੰਧਤ ਸੂਬੇ ਵਿਚ ਫਿਲਮ ਚੱਲਣ ਦੀ ਰਤਾ ਕੁ ਗਰੰਟੀ ਹੋ ਜਾਂਦੀ ਹੈ ਅਤੇ ਜੇ ਫਿਲਮ ਫਲਾਪ ਵੀ ਹੋ ਜਾਵੇ ਤਾਂ ਵੀ ਫਿਲਮਕਾਰ ਦਾ ਖਰਚਿਆ ਹੋਇਆ ਪੈਸਾ ਡੁੱਬਦਾ ਨਹੀਂ, ਮੁੜ ਆਉਂਦਾ ਹੈ। ਸਨੀ ਦਿਓਲ ਦੀਆਂ ਦੋ ਫਿਲਮਾਂ 'ਮੁਹੱਲਾ ਅੱਸੀ' ਅਤੇ 'ਆਈ ਲਵ ਨਿਊ ਯੀਅਰ' ਰਿਲੀਜ਼ ਹੋਣ ਵਾਲੀਆਂ ਹਨ। ਇਹ ਦੋਵੇਂ ਫਿਲਮਾਂ 2012 ਵਿਚ ਰਿਲੀਜ਼ ਹੋਣੀਆਂ ਸਨ ਪਰ ਕੁਝ ਕਾਰਨਾਂ ਕਰ ਕੇ ਲੇਟ ਹੋ ਗਈਆਂ। ਇਨ੍ਹਾਂ ਫਿਲਮਾਂ ਤੋਂ ਸਨੀ ਨੂੰ ਬਹੁਤ ਆਸਾਂ ਹਨ। 'ਮੁਹੱਲਾ ਅੱਸੀ' ਵਿਚ ਉਸ ਦੀ ਹੀਰੋਇਨ ਸਾਕਸ਼ੀ ਤਨਵਰ ਹੈ ਅਤੇ 'ਆਈ ਲਵ ਨਿਊ ਯੀਅਰ' ਵਿਚ ਉਸ ਦੀ ਜੋੜੀ ਤਨਿਸ਼ਠਾ ਚੈਟਰਜੀ ਨਾਲ ਬਣੀ ਹੈ। ਉਸ ਦੀਆਂ ਅਗਲੀਆਂ ਫਿਲਮਾਂ 'ਬੁਈਆਜੀ ਸੁਪਰਹਿੱਟ', 'ਯਮਲਾ ਪਗਲਾ ਦੀਵਾਨਾ-2' ਅਤੇ 'ਘਾਇਲ ਰਿਟਰਨਜ਼' ਹਨ। ਸਨੀ ਦਿਓਲ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਫਿਲਮ 'ਬੇਤਾਬ' ਨਾਲ 1983 ਵਿਚ ਕੀਤਾ ਸੀ। ਇਸ ਫਿਲਮ ਵਿਚ ਅੰਮ੍ਰਿਤਾ ਸਿੰਘ ਉਸ ਦੀ ਹੀਰੋਇਨ ਸੀ। ਅੰਮ੍ਰਿਤਾ ਦੀ ਵੀ ਇਹ ਪਹਿਲੀ ਹੀ ਫਿਲਮ ਸੀ। ਇਹ ਫਿਲਮ ਬੜੀ ਹਿੱਟ ਸਾਬਤ ਹੋਈ ਅਤੇ ਸਨੀ ਰਾਤੋ-ਰਾਤ ਸਟਾਰ ਬਣ ਗਿਆ। ਮਗਰੋਂ ਵੀ ਉਹ ਪੈਸੇ ਪੱਖੋਂ ਕਾਮਯਾਬ ਅਦਾਕਾਰ ਸਾਬਤ ਹੋਇਆ। ਉਸ ਦੀਆਂ ਹਿੱਟ ਫਿਲਮਾਂ ਵਿਚ ਬਾਰਡਰ, ਗਦਰ, ਅਰਜੁਨ, ਦਾਮਿਨੀ, ਘਾਇਲ, ਤ੍ਰਿਦੇਵ, ਡਰ, ਜੀਤ, ਘਾਤਕ ਆਦਿ ਸ਼ਾਮਲ ਹਨ। ਉਹ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਪੁੱਤਰ ਹੈ।

# ਦੀਪਿਕਾ 27



ਰੇਖਾ ਵਾਂਗ ਆਪਣੇ ਸਉਲੇ ਰੰਗ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦੇਣ ਵਾਲੀ ਦੀਪਿਕਾ ਪਾਦੁਕੋਣ ਨੇ 5 ਜਨਵਰੀ ਨੂੰ ਆਪਣਾ 27ਵਾਂ ਜਨਮ ਦਿਨ ਮਨਾਇਆ। ਹੋਰਾਂ ਵਾਂਗ ਉਹ ਆਪਣੀ ਉਮਰ ਨਹੀਂ ਲੁਕਾਉਂਦੀ, ਸਗੋਂ ਆਖਦੀ ਹੈ ਕਿ ਲੋਕ ਕਿਸੇ ਦੀ ਉਮਰ ਨਹੀਂ, ਕੰਮ ਦੇਖਦੇ ਹਨ ਅਤੇ ਕੰਮ ਇਸ ਕੁੜੀ ਨੇ ਬਥੇਰਾ ਕੀਤਾ ਹੈ। 2013 ਵਿਚ ਦੀਪਿਕਾ ਦੀਆਂ ਪੰਜ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਇਨ੍ਹਾਂ ਵਿਚੋਂ ਇਕ 'ਕੂਚਾਦੱਈਆਂ' ਤਮਿਲ ਫਿਲਮ ਹੈ। 'ਰੇਸ 2', 'ਯਹ ਜਵਾਨੀ ਹੈ ਦੀਵਾਨੀ', 'ਚੇਨਈ ਐਕਸਪ੍ਰੈੱਸ' ਅਤੇ 'ਰਾਮ ਲੀਲਾ' ਹਿੰਦੀ ਫਿਲਮਾਂ ਹਨ। ਦੀਪਿਕਾ ਮਸ਼ਹੂਰ ਬੈਡਮਿੰਟਨ ਖਿਡਾਰੀ ਪ੍ਰਕਾਸ਼ ਪਾਦੁਕੋਣ ਦੀ ਧੀ ਹੈ ਅਤੇ ਉਸ ਨੇ ਆਪਣਾ ਕਰੀਅਰ ਮਾਡਲਿੰਗ ਤੋਂ ਆਰੰਭ ਕੀਤਾ ਸੀ। ਮਾਡਲਿੰਗ ਤਾਂ ਉਹਨੇ ਕਾਲਜ ਵਿਚ ਪੜ੍ਹਾਈ ਦੌਰਾਨ ਹੀ ਆਰੰਭ ਦਿੱਤੀ ਸੀ ਅਤੇ ਆਪਣੀ ਪ੍ਰਤਿਭਾ ਦੇ ਸਿਰ 'ਤੇ ਇਸ ਖੇਤਰ ਵਿਚ ਛੇਤੀ ਹੀ ਵਾਹਵਾ ਚੰਗੀ ਥਾਂ ਬਣਾ ਲਈ। 2006 ਵਿਚ ਕੰਨੜ ਫਿਲਮ ਐਸ਼ਵਰਿਆ ਨਾਲ ਉਸ ਨੇ ਫਿਲਮੀ ਦੁਨੀਆਂ ਵਿਚ ਪੈਰ ਧਰਿਆ। ਅਗਲੇ ਹੀ ਸਾਲ ਹਿੰਦੀ ਫਿਲਮ 'ਓਮ ਸ਼ਾਂਤੀ ਓਮ' ਨਾਲ ਉਸ ਦੀ ਬੱਲੇ ਬੱਲੇ ਹੋ ਗਈ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਬਚਨਾ ਐ ਹਸੀਨੋ, ਚਾਂਦਨੀ ਚੌਕ ਟੂ ਚਾਈਨਾ, ਬਿੱਲੂ, ਲਵ ਆਜ ਕੱਲ੍ਹ, ਮੈਂ ਔਰ ਮਿਸੇਜ਼ ਖੰਨਾ, ਕਾਰਤਿਕ ਕਾੱਲਿੰਗ ਕਾਰਤਿਕ, ਹਾਊਸਫੁੱਲ, ਦਮ ਮਾਰੋ ਦਮ, ਆਰੱਕਸ਼ਨ, ਦੇਸੀ ਬੁਆਇਜ਼ ਅਤੇ ਕੌਕਟੇਲ ਫਿਲਮਾਂ ਰਾਹੀਂ ਉਸ ਨੇ ਆਪਣਾ ਫਿਲਮੀ ਸਫਰ ਅੱਗੇ ਵਧਾਇਆ। ਦੀਪਿਕਾ ਦਾ ਨਾਂ ਪਹਿਲਾਂ ਅਦਾਕਾਰ ਰਣਬੀਰ ਕਪੂਰ ਨਾਲ ਅਤੇ ਫਿਰ ਕਿੰਗਫਿਸ਼ਰ ਵਾਲੇ ਵਿਜੈ ਮਾਲਿਆ ਦੇ ਮੁੰਡੇ ਸਿਧਾਰਥ ਨਾਲ ਜੁੜਿਆ। ਹੁਣ ਦੋਹਾਂ ਨਾਲ ਤੋੜ-ਵਿਛੋੜਾ ਹੋ ਚੁੱਕਾ ਹੈ।

# ਆਲੀਆ ਦੇ ਮਾਸੂਮ ਚਿਹਰੇ ਦੀ ਚਰਚਾ



ਸਟਾਰ ਘਰਾਣੇ ਦੀ ਧੀ ਆਲੀਆ ਭੱਟ ਨੂੰ ਤਾਂ ਪਤਾ ਹੀ ਨਹੀਂ ਹੋਣਾ ਕਿ ਸੰਘਰਸ਼ ਕੀ ਹੁੰਦਾ ਹੈ। 'ਸਟੂਡੈਂਟ ਆਫ ਦਾ ਯੀਅਰ' ਫਿਲਮ ਨਾਲ ਉਹ 2012 ਦੀ ਕਾਮਯਾਬ ਨਿੱਕੀ ਉਮਰ ਦੀ ਹਸੀਨ ਨਾਇਕਾ ਬਣ ਕੇ ਉਭਰੀ ਹੈ। ਪਹਿਲੀ ਫਿਲਮ ਸਫਲ ਹੋਣ ਨਾਲ ਆਲੀਆ ਨੂੰ ਅੱਗੇ ਵਧਣ ਲਈ ਹੌਸਲਾ ਮਿਲਿਆ ਹੈ। ਇਹ ਜ਼ਰੂਰ ਹੈ ਕਿ ਆਲੀਆ ਨੇ ਡਾਂਸ ਵਿਚ ਖੂਬ ਮੁਹਾਰਤ ਲਈ ਹੈ। ਆਧੁਨਿਕ ਹੀ ਨਹੀਂ, ਭਾਰਤ ਨਟਿਅਮ ਜਿਹੇ ਪੁਰਾਤਨ ਡਾਂਸ ਵੀ ਉਸ ਨੂੰ ਆਉਂਦੇ ਹਨ। ਆਲੀਆ ਲਈ ਸਰੀਰ ਦਿਖਾਵਾ ਕੋਈ ਵੱਡੀ ਗੱਲ ਨਹੀਂ। ਅਜਿਹਾ ਉਸ ਨੇ 'ਸਟੂਡੈਂਟ ਆਫ ਦਾ ਯੀਅਰ' ਵਿਚ ਦਿਖਾ ਦਿੱਤਾ ਹੈ। ਉਂਜ, ਆਲੀਆ ਨੂੰ ਵੀ ਸਕਰੀਨ ਟੈਸਟ ਦੇਣਾ ਪਿਆ ਸੀ। ਫਿਰ ਕਿਤੇ ਜਾ ਕੇ ਉਸ ਦੀ ਚੋਣ ਹੋਈ ਸੀ। ਆਲੀਆ ਦਾ ਮਾਸੂਮ ਚਿਹਰਾ ਹੀ ਉਸ ਦੀ ਖਾਸੀਅਤ ਹੈ। ਆਲੀਆ ਕੋਲ ਕਰਨ ਜੌਹਰ ਦੀ ਫਿਲਮ ਤੋਂ ਇਲਾਵਾ ਇਕ ਹੋਰ ਫਿਲਮ 'ਮਿਸਟਰ ਲਵ' ਵੀ ਹੈ।

# ਅਨੁਸ਼ਕਾ ਟੌਪ ਫਾਈਵ 'ਚ



ਅਨੁਸ਼ਕਾ ਸ਼ਰਮਾ ਨੇ ਪਿਛਲੇ ਕੁਝ ਸਮੇਂ ਤੋਂ ਖੁਦ ਨੂੰ ਸੁਰਖੀਆਂ ਤੋਂ ਲਗਾਤਾਰ ਦੂਰ ਰੱਖਿਆ ਹੈ। ਪਿਛਲੇ ਕੁਝ ਸਮੇਂ ਤੋਂ ਹੀ ਉਹ ਬੇਹੱਦ ਪਤਲੀ ਤੇ ਖੂਬਸੂਰਤ ਨਜ਼ਰ ਆਉਣ ਲੱਗੀ ਹੈ। ਯਸ਼ ਚੋਪੜਾ ਨੇ ਅਨੁਸ਼ਕਾ ਸ਼ਰਮਾ ਨੂੰ ਸ਼ਾਹਰੁਖ ਨਾਲ ਲੈ ਕੇ 'ਜਬ ਤਕ ਹੈ ਜਾਨ' ਫਿਲਮ ਬਣਾਈ। ਇਸ ਤੋਂ ਪਹਿਲਾਂ ਵੀ ਉਹ ਬਾਲੀਵੁੱਡ ਦੇ ਸਭ ਤੋਂ ਪ੍ਰਸਿੱਧ ਨਿਰਮਾਤਾਵਾਂ ਵਿਚੋਂ ਇਕ ਯਸ਼ਰਾਜ ਬੈਨਰ ਨਾਲ 'ਬੈਂਡ ਬਾਜਾ ਬਾਰਾਤ' ਤੇ 'ਲੇਡੀਜ਼ ਵਰਸਿਜ਼ ਰਿਕੀ ਬਹਿਲ' ਵਰਗੀਆਂ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ।

ਅੱਜਕਲ ਅਨੁਸ਼ਕਾ ਵਿਸ਼ਾਲ ਭਾਰਦਵਾਜ ਦੀ ਫਿਲਮ 'ਮਟਰੂ ਕੀ ਬਿਜਲੀ ਕਾ ਮੰਡੋਲਾ' ਦੇ ਪੋਸਟ ਪ੍ਰੋਡਕਸ਼ਨ ਤੇ ਇਸ ਦੇ ਪ੍ਰਚਾਰ ਵਿਚ ਰੁੱਝੀ ਹੋਈ ਹੈ। ਕੁਝ ਮਹੀਨੇ ਪਹਿਲਾਂ ਉਸ ਨੂੰ ਇਕ ਫਿਲਮ ਲਈ ਸਿਰਫ ਇਕ ਕਰੋੜ ਮਿਲ ਰਿਹਾ ਸੀ ਪਰ ਹੁਣ ਨਿਰਮਾਤਾ-ਨਿਰਦੇਸ਼ਕਾਂ ਨੇ ਉਸ ਦੀ ਕੀਮਤ ਵਧਾ ਕੇ ਢਾਈ ਕਰੋੜ ਕਰ ਦਿੱਤੀ ਹੈ। ਅਨੁਸ਼ਕਾ ਨੇ ਮੁੰਬਈ ਵਿਚ ਆਪਣਾ ਘਰ ਖਰੀਦ ਲਿਆ ਹੈ ਤੇ ਹੁਣ ਉਹ ਇੰਡਸਟਰੀ ਦੀਆਂ ਟੌਪ ਹੀਰੋਇਨਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਚੁੱਕੀ ਹੈ।

ਕਰੀਨਾ ਕਪੂਰ, ਕੈਟਰੀਨਾ ਕੈਫ, ਦੀਪਿਕਾ ਤੇ ਪ੍ਰਿਯੰਕਾ ਚੋਪੜਾ ਤੋਂ ਬਾਅਦ ਪੰਜਵੇਂ ਸਥਾਨ 'ਤੇ ਅਨੁਸ਼ਕਾ ਨੇ ਆਪਣਾ ਸਥਾਨ ਪੱਕਾ ਕਰ ਲਿਆ ਹੈ। ਇਸ ਤਰ੍ਹਾਂ ਉਹ ਟੌਪ ਫਾਈਵ ਵਿਚ ਸ਼ਾਮਲ ਹੋ ਚੁੱਕੀ ਹੈ। ਰਾਜ ਕੁਮਾਰ ਹੀਰਾਨੀ ਨੇ ਹੁਣੇ ਜਿਹੇ ਅਨੁਸ਼ਕਾ ਨੂੰ ਵਿਧੂ ਵਿਨੋਦ ਚੋਪੜਾ ਦੀ ਆਮਿਰ ਖਾਨ ਸਟਾਰਰ ਫਿਲਮ 'ਪੀ ਕੇ' ਲਈ ਵੀ ਸਾਈਨ ਕੀਤਾ ਹੈ। ਸ਼ਾਹਰੁਖ ਤੋਂ ਬਾਅਦ ਆਮਿਰ ਨਾਲ ਫਿਲਮ ਹਾਸਲ ਕਰ ਲੈਣਾ ਅਨੁਸ਼ਕਾ ਲਈ ਬਹੁਤ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਹੈ। ਫਰਹਾ ਖਾਨ ਵੀ ਆਪਣੀ ਅਗਲੀ ਫਿਲਮ ਸ਼ਾਹਰੁਖ ਅਤੇ ਅਨੁਸ਼ਕਾ ਨੂੰ ਲੀਡ ਜੋੜੇ ਦੇ ਤੌਰ 'ਤੇ ਲੈ ਕੇ ਸ਼ੁਰੂ ਕਰਨ ਦੀ ਯੋਜਨਾ ਬਣਾ ਚੁੱਕੀ ਹੈ। ਪਹਿਲਾਂ ਫਰਹਾ ਖਾਨ ਸ਼ਾਹਰੁਖ ਦੇ ਆਪੋਜ਼ਿਟ ਕਰੀਨਾ ਜਾਂ ਪ੍ਰਿਯੰਕਾ ਦੇ ਨਾਂ 'ਤੇ ਵਿਚਾਰ ਕਰ ਰਹੀ ਸੀ ਪਰ ਆਖਰੀ ਫੈਸਲਾ ਅਨੁਸ਼ਕਾ ਦੇ ਪੱਖ ਵਿਚ ਹੋਇਆ।

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

## ਲੜਕਾ ਅਤੇ ਲੜਕੀ ਗੁਰੂ ਦੀ ਬਖਸ਼ੀ ਬਰਾਬਰ ਦੀ ਦਾਤ ਹਨ
## 12 ਜਨਵਰੀ ਸ਼ਾਮ ਨੂੰ ਲੋਹੜੀ ਦਾ ਪ੍ਰੋਗਰਾਮ

## 13 ਜਨਵਰੀ ਨੂੰ ਮਾਘੀ ਸਬੰਧੀ ਵਿਸ਼ੇਸ਼ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਹਾਂਵਾਕ "ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨੁ" ਰਾਹੀਂ ਧੀਆਂ ਤੇ ਪੁੱਤਰਾਂ ਨੂੰ ਬਰਾਬਰ ਦਾ ਦਰਜਾ ਦੇਣ ਦਾ ਸੰਦੇਸ਼ ਦਿੱਤਾ ਸੀ। ਬਦਕਿਸਮਤੀ ਨਾਲ ਬਹੁਤੇ ਲੋਕ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਦੇ ਕੁਝ ਲੋਕ ਵੀ ਸ਼ਾਮਲ ਹਨ, ਲੜਕੀ ਨੂੰ ਲੜਕੇ ਦੇ ਬਰਾਬਰ ਦਰਜਾ ਨਹੀਂ ਦਿੰਦੇ। ਲੋਹੜੀ ਪੰਜਾਬ ਦਾ ਇੱਕ ਮਸ਼ਹੂਰ ਤਿਉਹਾਰ ਹੈ ਅਤੇ ਇਸ ਮੌਕੇ ਪੁੱਤਰ ਦੇ ਜਨਮ ਜਾਂ ਪੁੱਤਰ ਦੇ ਵਿਆਹ ਦੀ ਖੁਸ਼ੀ ਮਨਾਈ ਜਾਂਦੀ ਹੈ। ਬਹੁਤ ਹੀ ਘੱਟ ਪਰਿਵਾਰ ਲੜਕੀ ਦੇ ਜਨਮ ਜਾਂ ਲੜਕੀ ਦੇ ਵਿਆਹ ਤੇ ਲੋਹੜੀ ਦੀ ਖੁਸ਼ੀ ਮਨਾਉਂਦੇ ਹਨ। ਧੀਆਂ ਅਤੇ ਪੁੱਤਰ ਗੁਰੂ ਦੀ ਬਖਸ਼ੀ ਦਾਤ ਹਨ ਤੇ ਦੋਨਾਂ ਵਿਚ ਕੋਈ ਫਰਕ ਕਰਨਾ ਗੁਰੂ ਦੇ ਹੁਕਮ ਨੂੰ ਨਾ ਮੰਨਣ ਬਰਾਬਰ ਹੈ। ਦੋਨਾਂ ਨੂੰ ਬਰਾਬਰ ਸਮਝਦਿਆਂ ਗੁਰਦੁਆਰਾ ਸਾਹਿਬ ਵਿਖੇ ਲੋਹੜੀ ਦਾ ਤਿਓਹਾਰ 12 ਜਨਵਰੀ ਸਨਿਚਰਵਾਰ ਸ਼ਾਮ ਨੂੰ ਮਨਾਇਆ ਜਾਵੇਗਾ।

ਗੁਰਦੁਆਰਾ ਸੈਨ ਹੋਜ਼ੇ ਦੇ ਸੇਵਾਦਾਰਾਂ ਵਲੋਂ ਲੋਹੜੀ ਦੇ ਤਿਉਹਾਰ ਸਮੇਂ ਹਰ ਪਰਿਵਾਰ ਨੂੰ ਗੁਰੂ ਘਰ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ। ਜਿਨ੍ਹਾਂ ਪਰਿਵਾਰਾਂ ਵਿਚ ਲੜਕੀ ਜਾਂ ਲੜਕੇ ਨੇ ਜਨਮ ਲਿਆ ਹੈ, ਜਾਂ ਲੜਕੇ-ਲੜਕੀ ਦਾ ਵਿਆਹ ਕੀਤਾ ਗਿਆ ਹੈ, ਉਨ੍ਹਾਂ ਸਭਨਾਂ ਨੂੰ ਬੇਨਤੀ ਹੈ ਕਿ ਆਓ! ਸਾਰੇ ਰਲ ਕੇ ਖੁਸ਼ੀ ਮਨਾਈਏ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

### ਵਿਸ਼ੇਸ਼ ਲੰਗਰ

12 ਜਨਵਰੀ 2013 ਬਾਅਦ ਦੁਪਹਿਰ 3 ਤੋਂ 9 ਵਜੇ ਤੱਕ
ਗੰਨੇ ਦਾ ਤਾਜ਼ਾ ਰਸ: ਸੇਵਾ ਭਾਈ ਪ੍ਰੀਤਮ ਸਿੰਘ ਗਰੇਵਾਲ ਪਰਿਵਾਰ ਵਲੋਂ ਗੰਨੇ ਅਤੇ ਲੱਫਰ ਪਰਿਵਾਰ ਵਲੋਂ ਵੇਲਣੇ ਦੀ
ਮੱਕੀ ਦੀਆਂ ਛੱਲੀਆਂ ਦੇ ਸੇਵਾ: ਹਾਲਿਸਟਰ, ਸਿਲੀਨਸ ਤੇ ਗਿਲਰਾਏ ਦੀ ਸੰਗਤ ਵਲੋਂ
ਮੂੰਗਫਲੀ: ਭਾਈ ਰਘਵੀਰ ਸਿੰਘ ਗਾਖਲ (ਕਾਲਾ, ਗਰੌਸਰੀ ਸਟੋਰ ਵਾਲਾ) ਵਲੋਂ




### ਕੀਰਤਨ ਦੇ ਪ੍ਰੋਗਰਾਮਾਂ ਦਾ ਵੇਰਵਾ

ਜਨਵਰੀ 12 (ਸਨਿਚਰਵਾਰ) ਸ਼ਾਮ 3 ਤੋਂ 9 ਵਜੇ ਤੱਕ
3 ਤੋਂ 4 ਵਜੇ: ਖਾਲਸਾ ਸਕੂਲ ਦੇ ਬੱਚਿਆਂ ਵਲੋਂ ਕੀਰਤਨ
4 ਤੋ 5 ਵਜੇ: ਕੀਰਤਨ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ
5 ਤੋਂ 6:15 ਵਜੇ: ਨਾਮ ਸਿਮਰਨ/ਰਹਿਰਾਸ/ਅਰਦਾਸ
6:15 ਤੋਂ 7 ਵਜੇ: ਕੀਰਤਨ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ
7 ਤੋਂ 7:45 ਵਜੇ: ਕਥਾ
7:45 ਤੋਂ 8:45 ਵਜੇ: ਢਾਡੀ ਵਾਰਾਂ-ਅਨੰਦਪੁਰ ਸਾਹਿਬ ਅਕੈਡਮੀ ਦੇ ਬੱਚਿਆਂ ਵਲੋਂ
8:45 ਤੋਂ 9 ਵਜੇ: ਲੜਕੇ ਅਤੇ ਲੜਕੀਆਂ ਦੀ ਚੜ੍ਹਦੀ ਕਲਾ ਦੀ ਅਰਦਾਸ ਹੋਵੇਗੀ।

### 13 ਜਨਵਰੀ (ਐਤਵਾਰ)

ਗੰਨੇ ਦੇ ਰਸ ਵਾਲੀ ਖੀਰ ਵਰਤਾਈ ਜਾਏਗੀ
40 ਮੁਕਤਿਆਂ ਦੀ ਯਾਦ ਵਿਚ ਵਿਸ਼ੇਸ਼ ਕਥਾ/ਕੀਰਤਨ ਦਰਬਾਰ ਸਜਣਗੇ।




CHALI MUKTE- It refers to the band of 40 brave Sikhs who laid down their lives fighting near the dhab or lake of Khidrana in 1705 against a Mughal force in chase of Guru Gobind Singh Ji. Chali Mukte are remembered in Sikh history and in the Sikh ardas. Guru Gobind Singh, who had watched the battle from a nearby mound praised the martyrs' valour and blessed them as Chali Mukte, the "Forty Immortals".

Chali Mukte earned this title by sacrificing their lives for the Guru and who redeemed their past apostasy of having disowned the Guru and deserted him driven to desperation by the prolonged siege of Anandpur by the hill chiefs and Mughal forces by having their disclaimer torn by the Guru. They were led by Mai Bhago Ji and Mahan Singh Ji.

ਗੁਰੂ ਪਿਆਰੀ ਸਾਧ ਸੰਗਤ ਜੀ, ਆਓ ਸਾਰੇ ਸੰਗਤ ਨਾਲ ਰੱਲ ਕੇ ਲੋਹੜੀ ਦੇ ਤਿਉਹਾਰ ਨੂੰ ਇੱਕ ਵੱਖਰੇ ਤਰੀਕੇ ਨਾਲ ਮਨਾਈਏ ਅਤੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਅਪਨਾਉਣ ਲਈ ਅਰਦਾਸ ਵਿਚ ਸ਼ਾਮਲ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ। ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ www.thesikhgurdwarasj.org ਜਾਂ ਫੇਸ ਬੁੱਕ "San Jose Gurdwara" ਉਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: thesikhgurdwarasj.org